ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia



25 ਦਸੰਬਰ : ਕ੍ਰਿਸਮਿਸ ਮੁਬਾਰਕ

Free

ਸਾਲ : 6 ਅੰਕ : 12 Phone : 780 465 9118, 403 830 7007, 204 510 6284 : Fax: 780 465 0661, E-mail: info@nawidunia.com ਦਸੰਬਰ (December) 2015



ਐਡਮਿੰਟਨ 'ਚ ਵਧੇਗਾ ਪ੍ਰਾਪਰਟੀ ਟੈਕਸ

ਪੰਨਾ-3



ਤੇ ਪੰਜਾਬ ਸਿਸਕਦਾ ਰਿਹਾ

ਪੰਨਾ-7



ਰੰਗਮੰਚ ਵੱਡੇ ਸਮਾਜਕ ਉਦੇਸ਼ ਦੀ ਸਿੱਧੀ ਦਾ ਮਾਧਿਅਮ ਹੈ : ਅਜਮੇਰ ਔਲਖ

ਪੰਨਾ-27



'ਟਿੰਬਕਟੂ' ਪਰਦੇ 'ਤੇ ਲਿਖੀ ਕਵਿਤਾ

ਪੰਨਾ-45

# ਇਕ ਪੰਥ-ਦੋ ਰਾਗ

## ਸ਼੍ਰੋਮਣੀ ਅਕਾਲੀ ਦਲ ਦੇ ਵੋਟ ਬੈਂਕ ਪੰਥਕ ਹਲਕੇ 'ਤੇ ਕੈਪਟਨ ਦੀ ਨਜ਼ਰ | ਅਗਲੀ ਵਾਰ ਬਾਦਲ ਹੀ ਹੋਣਗੇ ਮੁੱਖ ਮੰਤਰੀ ਦੇ ਉਮੀਦਵਾਰ : ਸੁਖਬੀਰ

ਬਠਿੰਡਾ (ਨਦਬ) : ਸਿਆਸਤ ਦੇ ਨਜ਼ਰੀਏ ਨਾਲ 15 ਦਸੰਬਰ ਪੰਜਾਬ ਦਾ ਸਭ ਤੋਂ ਗਰਮ ਦਿਨ ਰਿਹਾ। ਕਾਂਗਸ ਅਤੇ ਅਕਾਲੀ ਦਲ, ਦੋਵਾਂ ਨੇ ਅਚਾਨਕ ਰਣਨੀਤੀ ਬਦਲਦੇ ਹੋਏ ਭਾਵਨਾਤਮ ਪੱਤੇ ਖੋਲ੍ਹ ਕੇ ਇਕ ਦੂਜੇ ਨੂੰ ਹੈਰਾਨ ਤਾਂ ਕੀਤਾ ਹੀ ਨਾਲ ਹੀ ਭਵਿੱਖ ਦਾ ਰੁਖ਼ ਵੀ ਸਾਫ਼ ਕਰ ਦਿੱਤਾ। ਕਾਂਗਰਸ ਨੇ ਸੁਖਬੀਰ ਬਾਦਲ ਦੀ ਚੁਨੌਤੀ 'ਤੇ ਬਠਿੰਡਾ ਵਿਚ ਵੱਡੀ ਰੈਲੀ ਤਾਂ ਕੀਤੀ ਹੀ, ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਵੋਟ ਬੈਂਕ ਵਿਚ ਪਾੜ ਲਾਉਣ ਦੀ ਕੋਸ਼ਿਸ਼ ਵੀ ਕੀਤੀ। ਇਸ ਲਈ ਉਨ੍ਹਾਂ ਨੇ ਗੁਰਬਾਣੀ ਦੀ ਪੋਥੀ ਨੂੰ ਹੱਥਾਂ 'ਚ ਲੈ ਕੇ ਕਈ ਤਰ੍ਹਾਂ ਦੀਆਂ ਕਸਮਾਂ ਖਾਧੀਆਂ ਅਤੇ ਵਾਅਦੇ ਕੀਤੇ।

ਦੂਜੇ ਪਾਸੇ ਕੈਪਟਨ ਦੇ ਸ਼ਹਿਰ ਪਟਿਆਲਾ ਵਿਚ ਇਕ ਨਵੇਂ ਦਾਅ ਪੇਚ ਤਹਿਤ ਸੁਖਬੀਰ ਬਾਦਲ ਨੇ ਕਿਹਾ ਕਿ ਇਸ ਵਾਰ ਵੀ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਹੀ ਹੋਣਗੇ। ਇਹ ਦਾਅ ਇਸ ਲਈ ਹੈਰਾਨ ਕਰਨ ਵਾਲਾ ਸੀ ਕਿਉਂਕਿ ਬਾਦਲ 2012 ਵਿਚ ਇਹ ਕਹਿ ਕੇ ਵੋਟ ਮੰਗ ਰਹੇ ਸਨ ਕਿ ਇਹ ਉਨ੍ਹਾਂ ਦੀ ਆਖ਼ਰੀ ਚੋਣ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਇਸ ਮੌਕੇ ਦੁਹਰਾਇਆ ਕਿ ਕਾਂਗਰਸ ਸਿੱਖਾਂ ਦੀ ਸਭ ਤੋਂ ਵੱਡੀ ਦੁਸ਼ਮਣ ਹੈ।




ਬਠਿੰਡਾ ਰੈਲੀ ਵਿਚ ਕੈਪਟਨ ਦੀ ਤਾਜਪੋਸ਼ੀ ਹੀ ਨਹੀਂ, ਚੋਣਾਂ ਦਾ ਆਗਾਜ਼ ਵੀ ਹੋਇਆ। ਪਹਿਲਾਂ ਕੈਪਟਨ ਪਹੁੰਚੇ ਫਿਰ ਸਾਬਕਾ ਪਾਰਟੀ ਮੁਖੀ ਪ੍ਰਤਾਪ ਸਿੰਘ ਬਾਜਵਾ। ਬਾਜਵਾ ਨੇ ਕਾਂਗਰਸ ਦਾ ਚਰਖਾ ਲੱਗਾ ਝੰਡਾ ਕੈਪਟਨ ਨੂੰ ਫੜਾ ਕੇ ਪਾਰਟੀ ਦੀ ਕਮਾਨ ਸੌਂਪੀ। ਕੈਪਟਨ ਨੇ ਵੀ ਬਾਜਵਾ ਨੂੰ ਸਿਰੋਪਾ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਵਾਅਦਿਆਂ ਦਾ ਪਿਟਾਰਾ ਖੋਲ੍ਹਿਆ ਤੇ ਸ਼੍ਰੋਮਣੀ ਅਕਾਲੀ ਦਲ 'ਤੇ ਦੋਸ਼ਾਂ ਦੀ ਝੜੀ ਲਾ ਦਿੱਤੀ।




ਬਠਿੰਡਾ ਤੋਂ ਸ਼ੁਰੂ ਕੀਤੀਆਂ ਸਦਭਾਵਨਾ ਰੈਲੀਆਂ ਦੀ ਸਮਾਪਤੀ ਚੋਣ ਰੈਲੀ ਦੇ ਰੂਪ ਵਿਚ ਹੋਈ। ਸੁਖਬੀਰ ਸਿੰਘ ਬਾਦਲ ਨੇ 2017 ਦੀਆਂ ਚੋਣਾਂ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਦਲ ਦਾ ਮੁੱਖ ਮੰਤਰੀ ਦਾ ਉਮੀਦਵਾਰ ਦੱਸਿਆ। ਨਾਲ ਹੀ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਲਗਾਤਾਰ ਦੋ ਵਾਰ ਕਾਂਗਰਸ ਨੂੰ ਹਰਾ ਚੁੱਕੇ ਹਨ। ਹੁਣ ਹੈਟ੍ਰਿਕ ਲਾਉਣ ਜਾ ਰਹੇ ਹਨ।

# ਦਹਿਸ਼ਤਵਾਦ ਲਈ ਸਿਰਫ਼ ਮੁਸਲਮਾਨਾਂ ਨੂੰ ਦੋਸ਼ ਦੇਣਾ ਠੀਕ ਨਹੀਂ: ਮਲਾਲਾ

ਬਰਮਿੰਘਮ (ਨਦਬ) : ਨੋਬਲ ਪੁਰਸਕਾਰ ਵਿਜੇਤਾ ਮਲਾਲਾ ਯੂਸੁਫ਼ਜ਼ਈ ਨੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਦੌੜ ਵਿਚ ਸ਼ਾਮਲ ਡੋਨਾਲਡ ਟ੍ਰਮਪ ਦੇ ਅਮਰੀਕਾ ਵਿਚ ਮੁਸਲਮਾਨਾਂ ਦੇ ਦਾਖ਼ਲੇ 'ਤੇ ਪਾਬੰਦੀ ਲਾਉਣ ਦੇ ਬਿਆਨ ਦੀ ਨਿੰਦਾ ਕੀਤੀ ਹੈ। ਮਲਾਲਾ ਨੇ ਕਿਹਾ ਕਿ ਟ੍ਰਮਪ ਦੀ ਟਿੱਪਣੀ ਘ੍ਰਿਣਨਾ ਨਾਲ ਭਰੀ ਹੋਈ ਹੈ। ਮਲਾਲਾ ਮੁਤਾਬਕ 'ਦਹਿਸ਼ਤਵਾਦ' ਲਈ ਸਿਰਫ਼ ਮੁਸਲਮਾਨਾਂ ਨੂੰ ਜ਼ਿੰਮੇਵਾਰ ਠਹਿਰਾਉਣ ਨਾਲ ਮੁਸਲਿਮ ਨੌਜਵਾਨਾਂ ਵਿਚ ਕੱਟੜਵਾਦ ਨੂੰ ਹੋਰ ਉਤਸ਼ਾਹ ਮਿਲੇਗਾ। ਉਨ੍ਹਾਂ ਕਿਹਾ ਕਿ ਅਜਿਹੀਆਂ ਟਿੱਪਣੀਆਂ ਨੂੰ ਸੁਣਨਾ ਬੇਹੱਦ ਦੁਖਦਾਇਕ ਹੈ ਜੋ ਨਫ਼ਰਤ ਨਾਲ ਅਤੇ ਪੂਰੀ ਤਰ੍ਹਾਂ ਦੂਸਰਿਆਂ ਨਾਲ ਭੇਦਭਾਵ ਦੀ ਸੋਚ ਨਾਲ ਭਰੀਆਂ ਹੋਈਆਂ ਹਨ।































**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licenced & Insured
- Pine Shake Replacement
- Roof Top Snow removel
- FREE Estimates




5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



**Supreme Pizza**
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton
780 485 1213 or 780 485 1231

Try Us Tonight For Best Deal
In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche

**GROVER PROFESSIONAL ACCOUNTING & TAX SERVICES**

*Neha Grover*



*Neha Grover*

- *Bookkeeping*
- *G.S.T.*
- *Payrolls*
- *Corporate & Professional Taxes*
- *E-files*

203, 3476 - 93 Street, Edmonton, AB, T6E 6A4
Tel: 780-465-7085 ; Fax: 780-465-7086
Email : groveraccounting@gmail.com

**A-WIN Insurance**

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

**A-WIN: MAKING LIFE EASY**

Who We Are
Western Canada's
Biggest Brokers Team designed to serve Canadians' with solutions for your personal and professional insurance needs.

When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them

What we Offer
- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

What Our Customers Are Saying...

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੌਂਡੋਮਿਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ







ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਗੱਲਬਾਤ ਕਰ ਸਕਦੇ ਹਾਂ
We Provide Service In English, Punjabi and Hindi

Discounts up to 60%
Payment Options available

Edmonton : 780-465-6900
Calgary : 403-775-2100

**ADVANCE DRIVING SCHOOL LTD.**
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

780 660 4090



**ALPHA Tent Rentals**
All Events Big or Small
We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354





# ਜ਼ਿਮਨੀ ਚੋਣ ਦੇ ਕਈ ਉਮੀਦਵਾਰ ਰਾਜਨੀਤੀ ਤੇ ਸਮਾਜ ਸੇਵਾ ਤੋਂ ਸੱਖਣੇ !



ਐਡਮਿੰਟਨ (ਨਦਬ) : ਐਡਮਿੰਟਨ ਦੇ ਵਾਰਡ ਨੰਬਰ 12 ਤੋਂ 22 ਫ਼ਰਵਰੀ 2016 ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਵਿਚ 22 ਦੇ ਕਰੀਬ ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਨ੍ਹਾਂ ਵਿਚੋਂ ਕੁਝ ਇਕ ਨੂੰ ਛੱਡ ਕੇ 90 ਫ਼ੀਸਦੀ ਉਮੀਦਵਾਰ ਰਾਜਨੀਤੀ ਤੇ ਸਮਾਜ ਸੇਵਾ ਤੋਂ ਸੱਖਣੇ ਹਨ। ਕੌਂਸਲ ਦੀ ਇਸ ਵਾਰਡ ਵਿਚ ਬਹੁਤੀ ਵੱਸੋਂ ਦੱਖਣ ਏਸ਼ਿਆਈ ਲੋਕਾਂ ਦੀ ਹੋਣ ਕਰ ਕੇ ਉਮੀਦਵਾਰ ਵੀ ਬਹੁਤੇ ਭਾਰਤੀ ਤੇ ਪਾਕਿਸਤਾਨੀ ਮੂਲ ਦੇ ਹਨ।

ਜ਼ਿਕਰਯੋਗ ਹੈ ਕਿ ਇਸ ਵਾਰਡ ਤੋਂ ਅਮਰਜੀਤ ਸੋਹੀ ਕੌਂਸਲਰ ਸਨ ਪਰੰਤੂ ਫ਼ੈਡਰਲ ਮਿਨਸਟਰ ਬਣਨ ਕਰ ਕੇ ਇਸ ਵਾਰਡ ਤੋਂ ਬਤੌਰ ਕੌਂਸਲਰ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਪਿਆ ਸੀ। ਕਿਉਂਕਿ ਮੌਜੂਦਾ ਕੌਂਸਲ ਦੀ ਮਿਆਦ ਵਿਚ ਕਰੀਬ ਇਕ ਸਾਲ ਰਹਿੰਦਾ ਹੋਣ ਕਰ ਕੇ ਸਿਟੀ ਆਫ਼ ਐਡਮਿੰਟਨ ਵਲੋਂ ਇਸ ਵਾਰਡ ਵਿਚ ਜ਼ਿਮਨੀ ਚੋਣ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਚਾਹਵਾਨ ਉਮੀਦਵਾਰ 25 ਜਨਵਰੀ ਦੀ ਦੁਪਹਿਰ ਤਕ ਆਪਣੇ ਕਾਗ਼ਜ਼ ਦਾਖ਼ਲ ਕਰਵਾ ਸਕਦੇ ਹਨ। ਚੋਣ ਮੈਦਾਨ ਵਿਚ ਉਤਰਣ ਵਾਲੇ ਉਮੀਦਵਾਰਾਂ ਵਿਚ ਸਭ ਤੋਂ ਪਹਿਲਾ ਨਾਮ ਬਲਰਾਜ ਮਿਨਹਾਸ ਦਾ ਆਉਂਦਾ ਹੈ। ਜੋ ਪਿਛਲੇ ਲੰਮੇ ਸਮੇਂ ਤੋਂ ਐਡਮਿੰਟਨ ਦੀ ਟੈਕਸੀ ਇੰਡਸਟਰੀ ਨੂੰ ਇਸ ਮੁਕਾਮ ਤਕ ਲਿਆਉਣ ਤੇ ਇਸ ਨੂੰ ਬਚਾਉਣ ਲਈ ਜੀਅ ਤੋੜ ਮਿਹਨਤ ਕਰ ਰਹੇ ਹਨ। ਜਦੋਂ ਵੀ ਕੋਈ ਟੈਕਸੀ ਇੰਡਸਟਰੀ 'ਤੇ ਭੀੜ ਬਣੀ ਹੈ ਤਾਂ ਬਲਰਾਜ ਮਿਨਹਾਸ ਸਭ ਤੋਂ ਪਹਿਲਾਂ ਮੂਹਰਲੀ ਕਤਾਰ ਵਿਚ ਖੜੇ ਹੋਏ ਹਨ।

ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਤੋਂ ਰਾਜਨੀਤੀ 'ਚ ਗਰਮ ਹੋਏ ਅਤੇ ਪੋਲੀਟੀਕਲ ਸਾਇੰਸ ਦੇ ਪੋਸਟ ਗ੍ਰੈਜੂਏਟ ਨੀਲ ਸਿੰਘ ਵੀ ਚੋਣ ਮੈਦਾਨ ਵਿਚ ਹਨ। ਨੀਲ ਸਿੰਘ ਜਿੱਥੇ ਇਕ ਨੌਜਵਾਨ ਉਮੀਦਵਾਰ ਹਨ ਉਥੇ ਹੀ ਰਾਜਨੀਤੀ ਅਤੇ ਲੋਕ ਮਸਲਿਆਂ ਦੀ ਸਮਝ ਰਖਦੇ ਹਨ। ਪੰਜ ਸਾਲ ਤੋਂ ਏਸ਼ੀਅਨ ਟ੍ਰਿਬਿਊਨ ਅਖ਼ਬਾਰ ਅਤੇ ਹਾਰਮੋਨੀ ਟੀ.ਵੀ. ਸ਼ੋਅ ਰਾਹੀਂ ਕੰਮ ਕਰਦੇ ਆ ਰਹੇ ਜੱਜ ਸ਼ਰਮਾ ਵੀ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਹਨ। ਉਹ ਇਸ ਸਮੇਂ ਇੰਡੋ-ਕਨੇਡੀਅਨ ਮੀਡੀਆ ਕਲੱਬ ਅਲਬਰਟਾ ਦੇ ਮੌਜੂਦਾ ਪ੍ਰਧਾਨ ਵੀ ਹਨ। ਐਡਮਿੰਟਨ ਵਿਚ ਪਿਛਲੇ 10 ਸਾਲ ਤੋਂ ਰਹਿੰਦੇ ਜਗਤ ਸਿੰਘ ਸ਼ੇਰੋਂ ਵਲੋਂ ਇਸ ਵਾਰਡ ਤੋਂ ਕੌਂਸਲਰ ਦੀ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ। ਐਡਮਿੰਟਨ ਪੁਲੀਸ ਵਿਚ ਪਿਛਲੇ 24 ਸਾਲਾਂ ਤੋਂ ਨੌਕਰੀ ਕਰਦੇ ਆ ਰਹੇ ਪੱਪੀ ਪੰਧੇਰ ਵੀ ਚੋਣ ਮੈਦਾਨ ਵਿਚ ਹਨ। ਪੁਲੀਸ ਵਿਚ ਹੀ ਪਿਛਲੇ 23 ਸਾਲ ਤੋਂ ਨੌਕਰੀ ਰਹੇ ਮਹਿੰਦਰ ਬੰਗਾ ਵੀ ਚੋਣ ਮੈਦਾਨ ਵਿਚ ਹਨ। ਮਹਿੰਦਰ ਬੰਗਾ ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਕੰਮਾਂ 'ਚ ਜਿੱਥੇ ਵੱਧਚੜ੍ਹ ਕੇ ਹਿੱਸਾ ਲੈ ਰਹੇ ਹਨ, ਉਥੇ ਹੀ ਪਿਛਲੇ ਸੱਤ ਸਾਲਾਂ ਤੋਂ ਪੂਸ਼ਾ ਨਾਂਅ ਦੀ ਸੰਸਥਾ ਦੇ ਸਰਗਰਮ ਮੈਂਬਰ ਹੁੰਦਿਆਂ ਉਹ ਵੱਖ-ਵੱਖ ਸਮੇਂ 'ਤੇ ਸੌਕਰ ਕੈਂਪ ਲਗਾ ਕੇ ਨੌਜਵਾਨਾਂ ਬੱਚਿਆਂ ਅਤੇ ਨੌਜਵਾਨਾਂ ਨੂੰ ਚੰਗੀ ਸੇਧ ਵੀ ਦੇ ਰਹੇ ਹਨ। ਪੀ.ਸੀ. ਪਾਰਟੀ ਦੇ ਸਰਗਰਮ ਮੈਂਬਰ ਅਰੁਣਦੀਪ ਸੰਧੂ ਵੀ ਇਸ ਸੀਟ ਤੋਂ ਆਪਣੀ ਕਿਸਮਤ ਅਜਮਾ ਰਹੇ ਹਨ। ਈ.ਟੀ.ਐਸ. 20 ਸਾਲ ਤੋਂ ਨੌਕਰੀ ਕਰ ਰਹੀ ਪ੍ਰੀਤ ਸੰਘੇੜਾ ਵੀ ਚੋਣ ਮੈਦਾਨ ਵਿਚ ਨਿੱਤਰੀ ਹੋਈ ਹੈ। ਆਪਣਾ ਖ਼ੁਦ ਦਾ ਬਿਜ਼ਨਸ ਕਰ ਰਹੇ ਸੈਮ ਝੱਜ, ਟਰਾਂਸਪੋਰਟ ਕਾਰੋਬਾਰੀ ਸਟੀਵ ਤੂਰ, ਐਡਮਿੰਟਨ ਸਿਟੀ 'ਚ ਕੰਮ ਕਰਦੇ ਇਰਫ਼ਾਨ ਚੌਧਰੀ, ਦਾਨੀਸਾ ਭਾਲੂ ਅਤੇ ਸਕੂਲ ਟਰੱਸਟੀ ਲੌਰਾ ਥਿਬਰਟ ਵੀ ਵਾਰਡ ਨੰ. 12 ਤੋਂ ਚੋਣ ਮੈਦਾਨ ਵਿਚ ਹਨ।

ਹੁਣ ਵੇਖਣਾ ਇਹ ਹੋਵੇਗਾ ਕਿ ਕੌਂਸਲਰ ਦੀ ਇਸ ਸੀਟ ਤੋਂ ਹੋਰ ਉਮੀਦਵਾਰ ਵੀ ਚੋਣ ਮੈਦਾਨ ਵਿਚ ਉਤਰਦੇ ਹਨ ਜਾਂ ਫਿਰ ਇਨ੍ਹਾਂ 22 ਉਮੀਦਵਾਰਾਂ ਵਿਚ ਹੀ ਚੋਣ ਮੁਕਾਬਲਾ ਹੋਵੇਗਾ। ਪ੍ਰਤੱਖ ਰੂਪ ਵਿਚ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਚੋਣ ਵਿਚ ਉਹ ਉਮੀਦਵਾਰ ਹੀ ਜੇਤੂ ਬਣ ਕੇ ਉਭਰੇਗਾ ਜਿਹੜਾ ਲੋਕਾਂ ਦੀਆਂ ਪ੍ਰੇਸ਼ਾਨੀਆਂ, ਮੁਸ਼ਕਲਾਂ ਤੇ ਮਸਲਿਆਂ ਨੂੰ ਹੱਲ ਕਰਦਾ ਰਿਹਾ ਹੋਵੇਗਾ। ਇਹ ਤਾਂ ਅਜੇ ਭਵਿੱਖ ਦੇ ਗਰਭ ਵਿਚ ਹੀ ਹੈ ਕਿ ਅਜਿਹਾ ਕਿਹੜਾ ਉਮੀਦਵਾਰ ਹੈ।

# ਐਡਮਿੰਟਨ 'ਚ ਵਧੇਗਾ ਪ੍ਰਾਪਰਟੀ ਟੈਕਸ

ਐਡਮਿੰਟਨ (ਨਦਬ) – ਐਡਮਿੰਟਨ ਵਿਚ ਪ੍ਰਾਪਰਟੀ ਟੈਕਸਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ ਪਰ ਇਹ ਵਾਧਾ ਪਹਿਲੇ ਅਨੁਮਾਨ ਨਾਲੋਂ ਕਾਫ਼ੀ ਘੱਟ ਹੋਵੇਗਾ। 4.9 ਫ਼ੀਸਦੀ ਪ੍ਰਾਪਰਟੀ ਟੈਕਸ ਦੀਆਂ ਕਿਆਸਰਾਈਆਂ ਦੇ ਉਲਟ ਸਾਲ 2016 ਲਈ ਪ੍ਰਾਪਰਟੀ ਟੈਕਸ 3.4 ਫ਼ੀਸਦੀ ਤੈਅ ਕੀਤਾ ਗਿਆ ਹੈ। ਮੇਅਰ ਡੋਨ ਇਵਸਨ ਨੇ ਆਖਿਆ ਕਿ ਐਡਮਿੰਟਨ ਵਾਸੀਆਂ ਦੇ ਮੁਸ਼ਕਲ ਆਰਥਕ ਹਾਲਾਤ ਨੂੰ ਦੇਖਦੇ ਹੋਏ ਟੈਕਸ ਨੂੰ ਕਾਊਂਸਿਲ ਨੇ ਸਖ਼ਤ ਮਿਹਨਤ ਕੀਤੀ ਹੈ। ਟੈਕਸਾਂ ਵਿਚ ਵਾਧੇ ਨਾਲ ਇਕੱਠੀ ਕੀਤੀ ਜਾਣ ਵਾਲੀ ਰਕਮ ਦੇ 2.6 ਫ਼ੀਸਦੀ ਹਿੱਸੇ ਨਾਲ ਮੁੱਖ ਸੇਵਾਵਾਂ ਲਈ ਫ਼ੰਡ ਮੁਹੱਈਆ ਕਰਵਾਏ ਜਾਣਗੇ ਅਤੇ ਆਬਾਦੀ ਦੇ ਵਾਧੇ ਅਤੇ ਮਹਿੰਗਾਈ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਬਾਕੀ 0.8 ਫ਼ੀਸਦੀ ਨੂੰ ਐਲ.ਆਰ.ਟੀ. ਦੇ ਵਿਸਥਾਰ ਹਿੱਤ ਖ਼ਰਚ ਕੀਤਾ ਜਾਵੇਗਾ, ਜਿਸ ਨੂੰ ਐਡਮਿੰਟਨ ਵਾਸੀ ਆਪਣਾ ਪੂਰਾ ਸਮਰਥਨ ਦਿੰਦੇ ਹਨ। ਇਵਸਨ ਨੇ ਆਖਿਆ ਕਿ ਐਲ.ਆਰ.ਟੀ. ਐਕਸਟੈਂਸ਼ਨ ਪ੍ਰੋਜੈਕਟ 'ਤੇ ਖ਼ਰਚ ਕੀਤੀ ਜਾਣ ਵਾਲੀ 1.8 ਬਿਲੀਅਨ ਰਕਮ ਨਾਲ ਸ਼ਹਿਰ ਨੂੰ ਮਾੜੇ ਆਰਥਕ ਹਾਲਾਤ ਵਿਚੋਂ ਬਾਹਰ ਕੱਢਣ ਵਿਚ ਮੱਦਦ ਮਿਲੇਗੀ। ਉਨ੍ਹਾਂ ਆਖਿਆ ਕਿ ਐਲ.ਆਰ.ਟੀ. 'ਤੇ ਖ਼ਰਚ ਕੀਤੇ ਜਾਣ ਵਾਲੇ ਪੈਸੇ ਨਾਲ ਬਹੁਤ ਸਾਰੀਆਂ ਨਵੀਆਂ ਨੌਕਰੀਆਂ ਪੈਦਾ ਕਰਨ ਵਿਚ ਮੱਦਦ ਮਿਲੇਗੀ ਜੋ ਕਿ ਸ਼ਹਿਰ ਲਈ ਬਹੁਤ ਅਹਿਮ ਗੱਲ ਹੈ। ਇਵਸਨ ਨੇ ਆਖਿਆ ਕਿ ਬਜਟ ਤਿਆਰ ਕਰਨ ਸਮੇਂ ਕਾਊਂਸਿਲ ਨੇ ਜ਼ਰੂਰੀ ਗੱਲਾਂ ਨੂੰ ਧਿਆਨ ਵਿਚ ਰੱਖਿਆ। ਸ਼ਹਿਰ ਦੇ ਵੱਖ-ਵੱਖ ਵਿਭਾਗਾਂ ਨੂੰ ਅਨੁਮਾਨ ਮੁਤਾਬਕ ਫ਼ੰਡ ਮੁਹੱਈਆ ਕਰਵਾਉਣ ਦੇ ਤਿੰਨ ਸਾਲਾ ਬਜਟ ਸਾਈਕਲ ਦਾ ਇਹ ਪਹਿਲਾ ਸਾਲ ਹੈ। ਪ੍ਰਾਪਰਟੀ ਟੈਕਸ ਵਿਚ ਵਾਧੇ ਸਬੰਧੀ ਜਾਰੀ ਕੀਤੀ ਇਕ ਪ੍ਰੈਸ ਰਿਲੀਜ਼ ਵਿਚ ਆਖਿਆ ਗਿਆ ਕਿ ਪ੍ਰਵਾਨਤ ਬਜਟ ਵਿਚ ਬਹੁਤੇ ਐਡਮਿੰਟਨ ਵਾਸੀਆਂ ਲਈ ਕਈ ਮੁੱਖ ਸੇਵਾਵਾਂ 6 ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਮੁਹਈਆ ਕਰਵਾਉਣ ਦਾ ਪ੍ਰਬੰਧ ਕੀਤਾ ਗਿਆ ਹੈ। 4,01,000 ਕੀਮਤ ਵਾਲੇ ਇਕ ਆਮ ਘਰ ਨੂੰ ਸਾਲਾਨਾ 76 ਡਾਲਰ ਪ੍ਰਾਪਰਟੀ ਟੈਕਸ ਅਦਾ ਕਰਨਾ ਪਵੇਗਾ। ਪਿਛਲੇ ਸਾਲ ਹਫ਼ਤੇ ਕਾਊਂਸਿਲ ਨੇ 2016-18 ਲਈ ਯੁਟਿਲਟੀਜ਼ ਬਜਟ ਮਨਜ਼ੂਰ ਕੀਤਾ ਜਿਸ ਤਹਿਤ ਰਹਾਇਸ਼ੀ ਗਾਹਕਾਂ ਨੂੰ ਹਰੇਕ ਮਹੀਨੇ ਕੂੜਾ ਇਕੱਠਾ ਕਰਨ ਲਈ 2.31 ਡਾਲਰ ਅਤੇ ਸੀਵਰੇਜ ਲਈ 1 ਡਾਲਰ ਦੇਣਾ ਪਵੇਗਾ।




EmbroidMe®

ਕਾਰੋਬਾਰ ਦੇ ਪ੍ਰਚਾਰ 'ਚ ਤੁਹਾਡੇ ਦੋਸਤ !

your promotional marketing partner

- sports team apparel
- business and corporate branding
- promotional products
- thousands of products available

ਆਪਣੇ ਬਰੈਂਡ ਪ੍ਰਮੋਸ਼ਨ ਅਤੇ ਪ੍ਰਚਾਰ ਨਾਲ ਸਬੰਧਤ ਹਰੇਕ ਤਰ੍ਹਾਂ ਦੀਆਂ ਵਸਤਾਂ ਲਈ ਅੱਜ ਹੀ ਸੰਪਰਕ ਕਰੋ




780.328.2020 | 5017-52 Ave, Beaumont   EmbroidMe-EdmontonSE.com   more than just embroidery

Services Provided

We also do Braces

Cosmetic and Preventive Dentistry including:

- > Check Ups and Cleanings
- > Fillings
- > TMJ
- > Implants
- > Teeth Whitening
- > Teeth Straightening-Invisalign
- > Sports and Night Gaurds
- > Crowns and Bridges
- > Partial and Full Dentures
- > Wisdom Teeth Extractions
- > Root Canal Therapy

Open 7 days a week including evenings and weekends !

Clinic Hours:
- Mondays and Wednesdays 12-8
- Tuesdays and Thursdays 9-8
- Fridays 9-5
- Saturdays and Sundays 9-4

Maple DENTAL CLINIC

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।



Dr. Amritpal Singh

Accepting New Patients

Appointments @

780-440-5001

4444-36 Ave NW Edmonton, AB T6L 3S1



Dr. Sandeep Dhaliwal

# ਸਾਊਦੀ ਅਰਬ ਚੋਣਾਂ 'ਚ ਔਰਤਾਂ ਨੇ ਪਹਿਲੀ ਵਾਰ 17 ਜਿੱਤਾਂ ਨਾਲ ਰਚਿਆ ਇਤਿਹਾਸ



ਰਿਆਧ, (ਨਦਬ) – ਸਾਊਦੀ ਅਰਬ ਨਗਰ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਪਹਿਲੀ ਵਾਰ ਚੋਣ ਲੜ ਰਹੀਆਂ ਔਰਤਾਂ ਵਿੱਚੋਂ 17 ਨੇ ਜਿੱਤ ਦਾ ਝੰਡਾ ਲਹਿਰਾ ਕੇ ਮਰਦਾਂ ਨੂੰ ਚੁਣੌਤੀ ਦਿੱਤੀ ਹੈ। ਇਨ੍ਹਾਂ ਔਰਤਾਂ ਨੇ ਵੱਖ-ਵੱਖ ਨਗਰ ਪ੍ਰੀਸ਼ਦਾਂ ਵਿੱਚ ਆਪਣੀ ਹੈਸੀਅਤ ਦਰਸਾ ਦਿੱਤੀ ਹੈ।

ਸਲਮਾ ਬਿੰਤ ਹਿਜ਼ਬ ਅਲ-ਓਤੇਬੀ ਨੇ ਪਵਿੱਤਰ ਸ਼ਹਿਰ ਮੱਕਾ ਦੀ ਮਦਰੱਕਾ ਪ੍ਰੀਸ਼ਦ ਵਿੱਚ ਜਿੱਤ ਹਾਸਲ ਕੀਤੀ ਹੈ। ਚੋਣ ਕਮਿਸ਼ਨ ਦੇ ਮੁਖੀ ਓਸਾਮਾ ਅਲ-ਬਾਰ ਨੇ ਦੱਸਿਆ ਕਿ ਉਸ ਨੇ ਸੱਤ ਮਰਦਾਂ ਤੇ ਦੋ ਔਰਤਾਂ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਜੇਦਾਹ ਵਿੱਚ ਲਾਮਾ ਅਲ-ਸੁਲੇਮਾਨ, ਅਲ-ਜਾਅਫ਼ ਖ਼ਿੱਤੇ ਵਿੱਚ ਹਿਨੁਫ ਅਲ-ਹਾਜ਼ਮੀ, ਤਾਬੁਕ ਵਿੱਚ ਮੋਨਾ ਅਲ-ਅਮੇਰੀ ਅਤੇ ਫਦੀਲਾ ਅਲ-ਅਤਾਵੀ ਨੇ ਜਿੱਤ ਹਾਸਲ ਕੀਤੀ ਹੈ।

ਚੋਣ ਕਮਿਸ਼ਨ ਮੁਤਾਬਕ ਰਾਜਧਾਨੀ ਰਿਆਦ ਤੇ ਹੋਰ ਵੱਡੇ ਇਲਾਕਿਆਂ ਦੇ ਨਤੀਜੇ ਭਲਕੇ ਆਉਣ ਦੀ ਆਸ ਹੈ। ਔਰਤ ਉਮੀਦਵਾਰਾਂ ਨੇ ਕੰਮਕਾਜੀ ਔਰਤਾਂ ਦੇ ਬੱਚਿਆਂ ਲਈ ਵੱਧ ਨਰਸਰੀਆਂ ਖੋਲ੍ਹਣ, ਯੂਥ ਸੈਂਟਰ ਤੇ ਹੋਰ ਕਈ ਗੱਲਾਂ ਨੂੰ ਚੋਣ ਮੁੱਦਾ ਬਣਾਇਆ ਸੀ। ਸਾਊਦੀ ਅਰਬ ਵਿੱਚ ਔਰਤਾਂ ਨੂੰ ਵਧੇਰੇ ਅਧਿਕਾਰ ਨਹੀਂ ਦਿੱਤੇ ਗਏ ਹਨ ਅਤੇ ਉਨ੍ਹਾਂ ਦੇ ਡਰਾਈਵਿੰਗ ਕਰਨ ਸਮੇਤ ਹੋਰ ਕਈ ਪਾਬੰਦੀਆਂ ਹਨ।

ਇਹ ਆਖਰੀ ਦੇਸ਼ ਸੀ, ਜਿਥੇ ਇਕੱਲੇ ਮਰਦਾਂ ਨੂੰ ਵੋਟਾਂ ਪਾਉਣ ਦਾ ਹੱਕ ਸੀ। 12 ਦਸੰਬਰ ਨੂੰ ਵੋਟਾਂ ਵੇਲੇ ਮਰਦਾਂ ਅਤੇ ਔਰਤਾਂ ਦੇ ਵੱਖੋ ਵੱਖਰੇ ਪੋਲਿੰਗ ਸਟੇਸ਼ਨ ਬਣਾਏ ਗਏ ਸਨ। ਕੁਲ 6440 ਉਮੀਦਵਾਰਾਂ ਵਿੱਚੋਂ 900 ਔਰਤਾਂ ਮੈਦਾਨ ਵਿੱਚ ਸਨ। ਚੋਣ ਪ੍ਰਚਾਰ ਦੌਰਾਨ ਔਰਤਾਂ ਨੂੰ ਕਿਸੇ ਮਰਦ ਵੋਟਰ ਨਾਲ ਸਿੱਧੇ ਮਿਲਣ ਦੀ ਖੁੱਲ੍ਹ ਨਹੀਂ ਦਿੱਤੀ ਗਈ। ਕਈ ਮਹਿਲਾ ਉਮੀਦਵਾਰਾਂ ਨੇ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਕੀਤਾ, ਪਰ ਕਈਆਂ ਨੂੰ ਪ੍ਰਚਾਰ ਕਰਨ ਦੇ ਅਯੋਗ ਠਹਿਰਾ ਦਿੱਤਾ ਗਿਆ। ਵਰਨਣ ਯੋਗ ਹੈ ਕਿ ਔਰਤਾਂ ਲਈ ਸੁਲਤਾਨ ਅਬਦੁੱਲਾ ਨੇ ਚਾਰ ਸਾਲ ਪਹਿਲਾਂ ਐਲਾਨ ਕੀਤਾ ਸੀ ਕਿ ਉਹ 2015 ਤੋਂ ਵੋਟਿੰਗ ਅਮਲ ਵਿੱਚ ਹਿੱਸਾ ਲੈ ਸਕਣਗੀਆਂ।

# ਸੁਸਾਈਡ ਜੀਨ ਥੈਰੇਪੀ ਨਾਲ ਪ੍ਰੋਸਟੇਟ ਕੈਂਸਰ ਦਾ ਇਲਾਜ

ਲੰਡਨ, (ਨਦਬ) – ਅਮਰੀਕੀ ਖੋਜ ਕਰਤਾਵਾਂ ਨੇ ਖਤਰਨਾਕ ਪ੍ਰੋਸਟੇਟ ਕੈਂਸਰ ਦੇ ਇਲਾਜ ਦਾ ਨਵਾਂ ਤਰੀਕਾ ਲੱਭਣ ਦਾ ਦਾਅਵਾ ਕੀਤਾ ਹੈ। ਇਸ ਨੂੰ 'ਸੁਸਾਈਡ ਜੀਨ ਥੈਰੇਪੀ' ਦਾ ਨਾਮ ਦਿੱਤਾ ਗਿਆ ਹੈ। ਹਿਊਸਟਨ ਮੈਥਾਡਿਸਟ ਹਸਪਤਾਲ ਦੇ ਖੋਜਕਰਤਾਵਾਂ ਨੇ ਇਹ ਸਫਲਤਾ ਹਾਸਲ ਕੀਤੀ ਹੈ। ਸਾਲ 1999 ਤੋਂ 2003 ਤੱਕ ਚੱਲੇ ਕਲੀਨੀਕਲ ਟਰਾਇਲ ਵਿੱਚ 66 ਪ੍ਰੋਸਟੇਟ ਕੈਂਸਰ ਪੀੜਤਾਂ ਨੇ ਹਿੱਸਾ ਲਿਆ ਸੀ। ਇਨ੍ਹਾਂ ਨੂੰ ਆਰਮ-ਏ ਅਤੇ ਆਰਮ-ਬੀ ਨਾਮ ਨਾਲ ਦੋ ਗਰੁੱਪਾਂ 'ਚ ਵੰਡਿਆ ਗਿਆ ਸੀ।ਆਰਮ-ਏ ਗਰੁੱਪ ਦੇ ਪੀੜਤਾਂ ਦਾ ਸਿਰਫ ਰੇਡੀਓਥੈਰੇਪੀ ਨਾਲ, ਜਦ ਕਿ ਜ਼ਿਆਦਾ ਖਤਰਨਾਕ ਸ਼੍ਰੇਣੀ ਵਾਲੇ ਆਰਮ-ਬੀ ਦੇ ਕੈਂਸਰ ਪੀੜਤਾਂ ਦਾ ਇਲਾਜ ਰੇਡੀਏਸ਼ਨ ਤੇ ਹਾਰਮੋਨਲ ਥੈਰੇਪੀ ਦੋਵਾਂ ਤਰੀਕਿਆਂ ਨਾਲ ਕੀਤਾ ਗਿਆ। ਖੋਜ ਕਰਤਾਵਾਂ ਨੇ ਏਡੀਨੋਵਾਇਰਸ ਦੀ ਵਰਤੋਂ ਕੀਤੀ, ਜੋ ਸਿੱਧੇ ਟਿਊਮਰ ਸੈਲ ਵਿੱਚ ਐਜ਼ਾਇਮ ਥਾਈਸਿਡਾਇਨ ਕਿਨਾਸੇ (ਟੀਕੇ) ਨੂੰ ਪੈਦਾ ਕਰਨ ਵਿੱਚ ਸਮਰੱਥ ਹੈ। ਹਪਰਸ ਵਾਇਰਸ ਜੀਨ ਵਲੋਂ ਟੀਕੇ ਦੀ ਉਤਪਤੀ ਸ਼ੁਰੂ ਕਰਨ ਨਾਲ ਪੀੜਤਾਂ ਨੂੰ ਹਪਰਸ ਰੋਕੂ ਦਵਾਈ ਵਲਾਸੀਕਲੋਵਿਰ ਦਿੱਤਾ ਗਿਆ।

# 38 ਫੀਸਦੀ ਕੈਨੇਡੀਅਨਾਂ ਨੇ ਘਰ ਖਰਚ ਚਲਾਉਣ ਲਈ ਕੀਤੀ ਜੱਦੋ-ਜਹਿਦ



ਓਟਵਾ, (ਨਦਬ) – ਸਰਵੇਖਣ ਅਨੁਸਾਰ ਲਗਭਗ 40 ਫੀ ਸਦੀ ਕੈਨੇਡੀਅਨਾਂ ਨੂੰ ਪਿਛਲੇ 12 ਮਹੀਨਿਆਂ ਦੌਰਾਨ ਘਰ ਖਰਚ ਚਲਾਉਣ ਲਈ ਕਿਸੇ ਨਾ ਕਿਸੇ ਤਰ੍ਹਾਂ ਦੀ ਆਰਥਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਘਰਾਂ ਦੀਆਂ ਕੀਮਤਾਂ ਕਾਰਨ ਉਨ੍ਹਾਂ ਲੋਕਾਂ ਉੱਤੇ ਆਰਥਕ ਪੱਖੋਂ ਦਬਾਅ ਵੱਧ ਰਿਹਾ ਹੈ ਜਿਨ੍ਹਾਂ ਕੋਲ ਆਪਣੇ ਘਰ ਹਨ।ਮੈਨੂਲਾਈਫ ਬੈਂਕ ਆਫ ਕੈਨੇਡਾ ਵੱਲੋਂ ਕਰਜ਼ੇ ਸਬੰਧੀ ਕਰਵਾਏ ਗਏ ਸਰਵੇਖਣ ਦੀ ਰਿਪੋਰਟ ਜਾਰੀ ਕੀਤੀ ਗਈ। ਇਸ ਵਿੱਚ ਦਰਸਾਇਆ ਗਿਆ ਕਿ 38 ਫੀਸਦੀ ਲੋਕਾਂ ਨੂੰ ਪਿਛਲੇ ਸਾਲ ਤੰਗੀ ਦਾ ਸ਼ਿਕਾਰ ਹੋਣਾ ਪਿਆ ਤੇ ਲਾਈਨ ਆਫ ਕ੍ਰੈਡਿਟ ਵਧਾ ਕੇ, ਉੱਤੇ ਬਿਆਜ ਉੱਤੇ ਰਕਮ ਫੜ੍ਹ ਕੇ ਜਾਂ ਫਿਰ ਆਪਣੇ ਕਿਸੇ ਪਰਿਵਾਰਕ ਮੈਂਬਰ ਤੋਂ ਉਧਾਰ ਰਕਮ ਲੈ ਕੇ ਆਪਣੇ ਇਨ੍ਹਾਂ ਖਰਚਿਆਂ ਨੂੰ ਪੂਰਾ ਕਰਨਾ ਪਿਆ। ਮੈਨੂਲਾਈਫ ਬੈਂਕ ਆਫ ਕੈਨੇਡਾ ਦੇ ਪ੍ਰੈਜ਼ੀਡੈਂਟ ਤੇ ਸੀਈਓ ਰਿੱਕ ਲਨੀ ਨੇ ਇੱਥੇ ਨਿਊਜ਼ ਰਿਲੀਜ਼ ਵਿੱਚ ਆਖਿਆ ਕਿ ਬਹੁਤੇ ਕੈਨੇਡੀਅਨਾਂ ਲਈ ਵੱਡੀ ਚੁਣੌਤੀ ਇਹ ਹੈ ਕਿ ਉਨ੍ਹਾਂ ਦੀ ਆਮਦਨ ਤਾਂ ਹਰ ਮਹੀਨੇ ਇੱਕੋ ਜਿਹੀ ਹੀ ਰਹਿੰਦੀ ਹੈ ਪਰ ਉਨ੍ਹਾਂ ਦੇ ਖਰਚੇ ਹਰ ਮਹੀਨੇ ਵੱਧਦੇ ਘਟਦੇ ਰਹਿੰਦੇ ਹਨ। ਹਾਲਾਂਕਿ ਬਹੁਤੇ ਕੈਨੇਡੀਅਨਾਂ ਨੂੰ ਆਪਣੇ ਰੋਜ਼ਮਰ੍ਹਾ ਦੇ ਬਿੱਲਾਂ ਦੀ ਅਦਾਇਗੀ ਕਰਨ ਵਿੱਚ ਵੀ ਪਸੀਨੇ ਛੁੱਟ ਗਏ ਪਰ ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਕਿ 73 ਫੀਸਦੀ ਘਰਾਂ ਦੇ ਮਾਲਕਾਂ ਦਾ ਕਹਿਣਾ ਹੈ ਕਿ ਉਹ ਇਸ ਤਰ੍ਹਾਂ ਦੇ ਅਣਕਿਆਸੇ ਖਰਚਿਆਂ, ਜਿਵੇਂ ਕਿ ਫਰਨੇਸ ਬਦਲਣਾ ਜਾਂ ਕਾਰ ਦੀ ਮੁਰੰਮਤ ਕਰਵਾਉਣਾ, ਨੂੰ ਚੰਗੀ ਤਰ੍ਹਾਂ ਸਾਂਭਣ ਦੇ ਸਮਰੱਥ ਹਨ। ਪਰ ਔਖੇ ਦਿਨਾਂ ਲਈ ਕੈਨੇਡੀਅਨਾਂ ਦੀ ਬਚਤ ਦਾ ਪੱਧਰ ਇਹੋ ਦਰਸਾਉਂਦਾ ਹੈ ਕਿ ਜੇ ਉਹ ਸੋਚਦੇ ਹਨ ਕਿ ਐਮਰਜੰਸੀ ਵਾਲੇ ਹਾਲਾਤ ਨਾਲ ਨਜਿੱਠਣ ਲਈ ਉਹ ਪੂਰੀ ਤਰ੍ਹਾਂ ਤਿਆਰ ਹਨ ਤਾਂ ਇਹ ਸਚ ਨਹੀਂ ਹੈ। ਐਮਰਜੰਸੀ ਲਈ ਸ਼ਾਇਦ ਹੀ ਚਾਰਾਂ ਵਿਚੋਂ ਇੱਕ ਘਰ ਮਾਲਕ ਨੇ 5000 ਡਾਲਰ ਦੀ ਬਚਤ ਕਰ ਰੱਖੀ ਹੋਵੇਗੀ। ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿਚੋਂ ਤਾਂ ਅੱਧੇ ਨਾਲੋਂ ਜ਼ਿਆਦਾ ਨੇ ਇਹੋ ਆਖਿਆ ਹੈ ਕਿ ਉਨ੍ਹਾਂ ਕੋਲ 1000 ਡਾਲਰ ਜਾਂ ਇਸ ਤੋਂ ਘੱਟ ਹੀ ਐਮਰਜੰਸੀ ਵਾਸਤੇ ਹੋਵੇਗਾ। ਕਈ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਅਜਿਹੀ ਕੋਈ ਬਚਤ ਕੀਤੀ ਹੋਈ ਹੈ ਜਾਂ ਨਹੀਂ। ਕੈਨੇਡੀਅਨਾਂ ਦੇ ਔਖੇ ਵੇਲੇ ਲਈ ਤਿਆਰ ਰਹਿਣ ਬਾਰੇ ਇਹੋ ਜਿਹੀ ਹੀ ਰਾਇ ਮੈਨੂਲਾਈਫ ਦੇ ਪ੍ਰੋਡਕਟ, ਮਾਰਕਿਟਿੰਗ ਤੇ ਬਿਜ਼ਨਸ ਡਿਵੈਲਪਮੈਂਟ ਬਾਰੇ ਵਾਈਸ ਪ੍ਰੈਜ਼ੀਡੈਂਟ ਜੇਸਨ ਡੈਲੀ ਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸੇ ਵੀ ਤਰ੍ਹਾਂ ਦੀ ਹੰਗਾਮੀ ਵਿੱਤੀ ਸਥਿਤੀ ਨਾਲ ਸਿੱਝਣ ਲਈ ਬਹੁਤੇ ਕੈਨੇਡੀਅਨ ਪੂਰੀ ਤਰ੍ਹਾਂ ਤਿਆਰ ਨਹੀਂ ਹਨ। ਕਿਸੇ ਤਰ੍ਹਾਂ ਦੀ ਬਚਤ ਜਾਂ ਘੱਟ ਕੀਮਤ ਵਾਲੀ ਕ੍ਰੈਡਿਟ ਲਾਈਨ ਤੋਂ ਬਿਨਾਂ ਕੁੱਝ ਕੈਨੇਡੀਅਨ ਆਪਣੇ ਅਣਕਿਆਸੇ ਖਰਚਿਆਂ ਨੂੰ ਪੂਰਾ ਕਰਨ ਲਈ ਵੱਧ ਵਿਆਜ ਉੱਤੇ ਕਰਜ਼ਾ ਚੁੱਕਦੇ ਹਨ ਤੇ ਜਾਂ ਫਿਰ ਉਧਾਰ ਲੈਂਦੇ ਹਨ। 38 ਫੀਸਦੀ ਘਰਾਂ ਦੇ ਮਾਲਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਲੋਕਲ ਹਾਊਸਿੰਗ ਮਾਰਕਿਟ ਉਮੀਦ ਨਾਲੋਂ ਕਿਤੇ ਵੱਧ ਮਹਿੰਗੀ ਹੈ। ਹਰ ਦੋ ਜਾਂ ਤਿੰਨ ਕੈਨੇਡੀਅਨਾਂ ਨੂੰ ਲੱਗਦਾ ਹੈ ਕਿ ਅਗਲੇ ਸਾਲ ਘਰਾਂ ਦੀਆਂ ਕੀਮਤਾਂ ਵਿੱਚ ਮੁੜ ਵਾਧਾ ਹੋਵੇਗਾ। ਟੋਰਾਂਟੋ, ਮਾਂਟਰੀਅਲ, ਐਡਮੰਟਨ ਤੇ ਕੈਲਗਰੀ ਵਿੱਚ ਰਹਿਣ ਵਾਲੇ ਕੈਨੇਡੀਅਨਾਂ ਨੂੰ ਨਹੀਂ ਲੱਗਦਾ ਕਿ ਉਨ੍ਹਾਂ ਦੀ ਹਾਊਸਿੰਗ ਮਾਰਕਿਟ ਕਫਾਇਤੀ ਹੈ।



# ਲਾਪਤਾ ਤੇ ਕਤਲ ਹੋਈਆਂ ਐਬੋਰੀਜਨਲ ਔਰਤਾਂ ਸਬੰਧੀ ਜਾਂਚ ਸ਼ੁਰੂ

ਓਟਵਾ, (ਨਦਬ) - ਲਾਪਤਾ ਅਤੇ ਕਤਲ ਕੀਤੀਆਂ ਗਈਆਂ ਐਬੋਰੀਜਨਲ ਔਰਤਾਂ ਦੇ ਸਬੰਧ ਵਿੱਚ ਲਿਬਰਲ ਸਰਕਾਰ ਵੱਲੋਂ ਕੌਮੀ ਜਾਂਚ ਦਾ ਪਹਿਲਾ ਪੜਾਅ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਨਿਆਂ ਮੰਤਰੀ ਜੋਡੀ ਵਿਲਸਨ-ਰੇਅਬੋਲਡ ਨੇ ਦਿੱਤੀ। ਓਟਵਾ ਵਿੱਚ ਇੱਕ ਨਿਊਜ਼ ਕਾਨਫਰੰਸ ਦੌਰਾਨ ਰੇਅਬੋਲਡ ਨੇ ਆਖਿਆ ਕਿ ਪਹਿਲੇ ਪੜਾਅ ਵਿੱਚ ਪ੍ਰਭਾਵਤ ਪਰਿਵਾਰਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇਗਾ ਤਾਂ ਕਿ ਜਾਂਚ ਦੀ ਰੂਪ-ਰੇਖਾ ਤੇ ਟੀਚਾ ਨਿਰਧਾਰਤ ਕੀਤਾ ਜਾ ਸਕੇ।

ਅਗਲੇ ਦੋ ਮਹੀਨਿਆਂ ਵਿੱਚ ਸਰਕਾਰ ਦੇਸ਼ ਭਰ ਦੇ ਹੋਰਨਾਂ ਪਰਿਵਾਰਾਂ, ਐਬੋਰੀਜਨਲ ਕਮਿਊਨਿਟੀ ਸੰਸਥਾਵਾਂ ਤੇ ਮੂਹਰਲੀ ਕਤਾਰ ਵਾਲੇ ਕਾਮਿਆਂ ਨਾਲ ਵੀ ਉਨ੍ਹਾਂ ਦੀ ਰਾਇ ਜਾਨਣ ਵਾਸਤੇ ਗੱਲਬਾਤ ਕਰੇਗੀ। ਇੰਡੀਜੇਨਸ ਤੇ ਉੱਤਰੀ ਮਾਮਲਿਆਂ ਬਾਰੇ ਮੰਤਰੀ ਕੈਰੋਲੀਨ ਬੈਨੈਟ ਦਾ ਕਹਿਣਾ ਹੈ ਕਿ ਪਹਿਲੇ ਪੜਾਅ ਵਿੱਚ ਤਾਂ ਜਾਂਚ ਦੀ ਸਿਰਫ ਰੂਪ-ਰੇਖਾ ਹੀ ਤਿਆਰ ਕੀਤੀ ਜਾਵੇਗੀ ਤੇ ਦੂਜੇ ਪੜਾਅ ਵਿੱਚ ਜਾਂਚ ਦਾ ਕੰਮ ਸ਼ੁਰੂ ਹੋਵੇਗਾ। ਉਨ੍ਹਾਂ ਆਖਿਆ ਕਿ ਅਗਲੇ ਸਾਲ ਬਹਾਰ ਦੇ ਮੌਸਮ ਤੱਕ ਜਾਂਚ ਸ਼ੁਰੂ ਹੋਣ ਦੀ ਉਨ੍ਹਾਂ ਨੂੰ ਪੂਰੀ ਉਮੀਦ ਹੈ। ਜਿਵੇਂ ਜਿਵੇਂ ਜਾਂਚ ਅੱਗੇ ਵਧੇਗੀ ਤਿਉਂ ਤਿਉਂ ਕੈਨੇਡੀਅਨਾਂ ਨੂੰ ਵੀ ਉਸ ਬਾਰੇ ਪਤਾ ਲੱਗਦਾ ਰਹੇਗਾ। ਇਸ ਤੋਂ ਇਲਾਵਾ ਵੈੱਬਸਾਈਟ ਤੇ ਸੋਸ਼ਲ ਮੀਡੀਆ ਰਾਹੀਂ ਵੀ ਗੱਲਬਾਤ ਜਾਰੀ ਰੱਖੀ ਜਾਵੇਗੀ। ਬੈਨੈਟ ਨੇ ਆਖਿਆ ਕਿ ਸਰਕਾਰ ਜਾਂਚ ਲਈ ਬਿਹਤਰੀਨ ਰੂਪ-ਰੇਖਾ ਤਿਆਰ ਕਰਨਾ ਚਾਹੁੰਦੀ ਹੈ ਤੇ ਫਿਰ ਉਸ ਦੇ ਦਮ ਉੱਤੇ ਕੀਤੀ ਜਾਣ ਵਾਲੀ ਠੋਸ ਕਾਰਵਾਈ ਸਦਕਾ ਇਸ ਤਰ੍ਹਾਂ ਦੀ ਤ੍ਰਾਸਦੀ ਤੋਂ ਉਭਰਿਆ ਜਾ ਸਕੇਗਾ। ਜਿਨ੍ਹਾਂ ਨੂੰ ਅਸੀਂ ਗੁਆ ਚੁੱਕੇ ਹਾਂ ਉਨ੍ਹਾਂ ਦੀ ਯਾਦ ਵਿੱਚ ਅਸੀਂ ਇਸ ਜਾਂਚ ਨੂੰ ਨੇਪਰੇ ਚਾੜ੍ਹ ਕੇ ਹੀ ਸਾਹ ਲਵਾਂਗੇ।

ਹਾਊਸ ਆਫ ਕਾਮਨਜ਼ ਵਿੱਚ ਪ੍ਰਸਨ ਕਾਲ ਦੌਰਾਨ ਬੈਨੈਟ ਨੇ ਆਖਿਆ ਕਿ ਸਰਕਾਰ ਚਾਹੁੰਦੀ ਹੈ ਕਿ ਲਾਪਤਾ ਜਾਂ ਮਾਰੀਆਂ ਗਈਆਂ ਔਰਤਾਂ ਦੇ ਪਰਿਵਾਰ ਇਸ ਜਾਂਚ ਲਈ ਸੇਧ ਦੇਣ ਵਿੱਚ ਮਦਦ ਕਰਨ। ਇਸ ਦੌਰਾਨ ਵਿਲਸਨ-ਰੇਅਬੋਲਡ ਨੇ ਆਖਿਆ ਕਿ ਪਰਿਵਾਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਪੱਖ ਨੂੰ ਸੁਣਿਆ ਜਾਵੇ, ਉਹ ਚਾਹੁੰਦੇ ਹਨ ਕਿ ਜਲਦ ਤੋਂ ਜਲਦ ਉਨ੍ਹਾਂ ਨੂੰ ਇਨਸਾਫ ਮਿਲੇ। ਇਸ ਤੋਂ ਅਸੀਂ ਇਹ ਵੀ ਜਾਨਣਾ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਨ ਪਿੱਛੇ ਅਸਲ ਕਾਰਨ ਕੀ ਹਨ, ਸਾਂਝੇ ਤੌਰ ਉੱਤੇ ਅਸੀਂ ਇਸ ਦਾ ਹੱਲ ਲੱਭਣ ਲਈ ਕੀ ਕਰ ਸਕਦੇ ਹਾਂ ? ਲਿਬਰਲਾਂ ਨੇ ਇਸ ਸਬੰਧੀ ਜਾਂਚ ਉੱਤੇ 40 ਮਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਹੈ।

ਇਸ ਤੋਂ ਪਹਿਲਾਂ ਦਿਨ ਵੇਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਆਖਿਆ ਸੀ ਕਿ ਇਸ ਮਾਮਲੇ ਸਬੰਧੀ ਜਾਂਚ ਲਿਬਰਲ ਸਰਕਾਰ ਦੀ ਮੁੱਖ ਤਰਜੀਹ ਹੈ। ਐਬੋਰੀਜਨਲ ਮੁਖੀਆਂ ਤੇ ਆਗੂਆਂ ਨਾਲ ਮੁਲਾਕਾਤ ਦੌਰਾਨ ਟਰੂਡੋ ਨੇ ਇਹ ਵੀ ਆਖਿਆ ਸੀ ਕਿ ਅਸੀਂ ਇਸ ਜਾਂਚ ਨੂੰ ਆਪਣੀ ਤਰਜੀਹ ਇਸ ਲਈ ਬਣਾਇਆ ਹੈ ਕਿਉਂਕਿ ਇਸ ਕੌਮੀ ਤ੍ਰਾਸਦੀ ਨੂੰ ਝੱਲਣ ਵਾਲਿਆਂ ਨੇ ਪਹਿਲਾਂ ਹੀ ਲੰਮਾਂ ਸਮਾਂ ਇੰਤਜ਼ਾਰ ਕੀਤਾ ਹੈ। ਜ਼ਿਕਰਯੋਗ ਹੈ ਕਿ 2014 ਵਿੱਚ ਆਰਸੀਐਮਪੀ ਵੱਲੋਂ ਕੀਤੇ ਗਏ ਮੁਲਾਂਕਣ ਵਿੱਚ ਪਾਇਆ ਗਿਆ ਕਿ 1980 ਤੋਂ ਲੈ ਕੇ ਹੁਣ ਤੱਕ 1,181 ਐਬੋਰੀਜਨਲ ਔਰਤਾਂ ਦਾ ਜਾਂ ਤਾਂ ਕਤਲ ਹੋ ਚੁੱਕਿਆ ਹੈ ਤੇ ਜਾਂ ਫਿਰ ਉਹ ਲਾਪਤਾ ਹਨ। ਇਹ ਵੀ ਸਾਹਮਣੇ ਆਇਆ ਕਿ 164 ਲਾਪਤਾ ਹਨ ਤੇ 1,017 ਦਾ ਕਤਲ ਹੋ ਚੁੱਕਿਆ ਹੈ।

# ਐਬੋਰੀਜਨਲ ਕੈਨੇਡੀਅਨਾਂ ਦੇ ਕਤਲ ਦੀ ਦਰ ਛੇ ਫੀ ਸਦੀ ਵੱਧ

ਓਟਵਾ (ਨਦਬ) - ਸਟੈਟੇਸਟਿਕਸ ਕੈਨੇਡਾ ਦੇ ਨਵੇਂ ਅੰਕੜਿਆਂ ਅਨੁਸਾਰ 2014 ਵਿੱਚ ਗੈਰ ਐਬੋਰਿਜਨਲ ਕੈਨੇਡੀਅਨਾਂ ਦੀ ਥਾਂ ਐਬੋਰੀਜਨਲ ਕੈਨੇਡੀਅਨਾਂ ਦੇ ਕਤਲ ਦੀ ਦਰ ਮੁਕਾਬਲਤਨ ਛੇ ਫੀ ਸਦੀ ਜ਼ਿਆਦਾ ਰਹੀ। ਦੂਜੇ ਪਾਸੇ ਜੇ ਵੇਖਿਆ ਜਾਵੇ ਤਾਂ ਇਸ ਐਬੋਰੀਜਨੀਲ ਕੈਨੇਡੀਅਨਾਂ ਦੀ ਅਬਾਦੀ ਸਿਰਫ ਪੰਜ ਫੀ ਸਦੀ ਹੀ ਹੈ। ਕੈਨੇਡੀਅਨ ਹੋਮੀਸਾਈਡ ਰਿਪੋਰਟ ਵਿੱਚ ਸਾਹਮਣੇ ਆਇਆ ਕਿ ਹੁਣ ਕਤਲ ਦੀਆਂ ਸ਼ਿਕਾਰ ਹੋਈਆਂ ਐਬੋਰੀਜਨਲ ਔਰਤਾਂ ਦੀ ਪਛਾਣ 1980 ਤੋਂ 2013 ਤੱਕ ਪੁਲੀਸ ਰਿਕਾਰਡ ਵਿੱਚ ਉਪਲਬਧ ਹੈ। ਕੁੱਲ ਮਿਲਾ ਕੇ 20 14 'ਚ ਕੈਨੇਡੀਅਨ ਪੁਲੀਸ ਵੱਲੋਂ 516 ਕਤਲਾਂ ਦੀ ਰਿਪੋਰਟ ਦਰਜ ਕੀਤੀ ਗਈ। ਇਨ੍ਹਾਂ ਵਿਚੋਂ 117 ਲੋਕ ਜਾਂ 23 ਫੀ ਸਦੀ ਮਾਰੇ ਗਏ ਲੋਕਾਂ ਨੂੰ ਪੁਲੀਸ ਨੇ ਐਬੋਰੀਜਨਲ ਦੱਸਿਆ। ਇਹ ਵੀ ਪਤਾ ਲੱਗਿਆ ਕਿ ਐਬੋਰੀਜਨਲ ਪੁਰਸ਼ ਗੈਰ ਐਬੋਰੀਜਨਲ ਪੁਰਸ਼ਾਂ ਦੇ ਮੁਕਾਬਲੇ ਸੱਤ ਫੀ ਸਦੀ ਵੱਧ ਕਤਲ ਦਾ ਸ਼ਿਕਾਰ ਹੁੰਦੇ ਹਨ ਤੇ ਹਾਈ ਰਿਸਕ ਗਰੁੱਪ ਹਨ।

# ਤਲਵਿੰਦਰ ਨੂੰ ਸਮਰਪਤ 21 ਹਜ਼ਾਰ ਦਾ ਪੁਰਸਕਾਰ ਦੇਣ ਦਾ ਐਲਾਨ

ਚੰਡੀਗੜ੍ਹ- ਕੌਮਾਂਤਰੀ ਪੰਜਾਬੀ ਇਲਮ, ਚੰਡੀਗੜ੍ਹ ਵਲੋਂ ਥੰਡਰ ਜ਼ੋਨ ਮੁਹਾਲੀ ਵਿਖੇ ਉੱਘੇ ਕਹਾਣੀਕਾਰ ਤਲਵਿੰਦਰ ਦੀ ਯਾਦ ਵਿਚ ਇਕ ਸਮਾਗਮ ਕਰਵਾਇਆ ਗਿਆ। ਉੱਘੇ ਸ਼ਾਇਰ ਅਤੇ 'ਹੁਣ' ਦੇ ਪ੍ਰਬੰਧਕੀ ਸੰਪਾਦਕ ਰਵਿੰਦਰ ਸਹਿਰਾਅ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਸ਼ਾਇਰ ਦਰਸ਼ਨ ਬੁੱਟਰ, ਸਿਰੀ ਰਾਮ ਅਰਸ਼ ਅਤੇ ਦੁਆਬਾ ਕਾਲਜਿਜ਼ ਆਫ਼ ਗਰੁੱਪ ਦੇ ਚੇਅਰਮੈਨ ਸ਼੍ਰੀ ਮਨਜੀਤ ਸਿੰਘ ਪ੍ਰਧਾਨਗੀ ਮੰਡਲ ਵਿਚ ਬਿਰਾਜ਼ਮਾਨ ਸਨ। ਸਵਾਗਤੀ ਸ਼ਬਦ ਬੋਲਦਿਆਂ ਇਲਮ ਦੇ ਜਨਰਲ ਸਕੱਤਰ ਅਤੇ 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ ਨੇ ਕਿਹਾ ਕਿ ਤਲਵਿੰਦਰ ਦਾ ਪੰਜਾਬੀ ਕਹਾਣੀ ਦੇ ਖੇਤਰ ਵਿਚ ਨਿੱਗਰ ਯੋਗਦਾਨ ਹੋਣ ਦੇ ਨਾਲ ਨਾਲ ਜਥੇਬੰਧਕ ਕਾਰਜਾਂ ਵਿਚ ਵੀ ਇਤਿਹਾਸਕ ਯੋਗਦਾਨ ਸੀ। ਕਹਾਣੀਕਾਰ ਦੀਪ ਦਵਿੰਦਰ ਨੇ ਤਲਵਿੰਦਰ ਬਾਰੇ ਕਿਹਾ ਕਿ ਉਸ ਕੋਲੋਂ, ਉਸ ਦਾ ਰਾਹ ਦਸੇਰਾ ਹੀ ਨਹੀਂ ਸਗੋਂ ਦੋਹਾਂ ਪੰਜਾਬਾਂ ਦਾ ਪੁਲ ਗੁਆਚ ਗਿਆ ਹੈ। ਤਲਵਿੰਦਰ ਦੇ ਬਚਪਨ ਦੇ ਸਾਥੀ ਸ਼ ਮਨਜੀਤ ਸਿੰਘ ਨੇ ਕਿਹਾ ਕਿ ਤਲਵਿੰਦਰ ਸਕੂਲ ਸਮੇਂ ਤੋਂ ਹੀ ਇਕ ਚੰਗਾ ਵਿਦਿਆਰਥੀ ਸੀ, ਹਰ ਕੰਮ ਨੂੰ ਉਸ ਨੇ ਪੂਰੀ ਇਮਾਨਦਾਰੀ ਤੇ ਨਿਸ਼ਠਾ ਨਾਲ ਨਿਭਾਇਆ ਅਤੇ ਉਸ ਦੀ ਸੋਚ ਨੂੰ ਬਚਾਇਆ ਜਾਏਗਾ।



ਉਨ੍ਹਾਂ ਨੇ ਤਲਵਿੰਦਰ ਦੀ ਯਾਦ ਵਿਚ ਇਲਮ ਵਲੋਂ ਹਰ ਸਾਲ ਕਰਵਾਏ ਜਾਣ ਵਾਲੇ ਸਮਾਗਮ ਵਿਚ ਆਪਣੇ ਵਲੋਂ ਇਕ ਵਧੀਆ ਕਹਾਣੀਕਾਰ ਨੂੰ 21 ਹਜ਼ਾਰ ਰੁਪਏ ਦਾ ਇਨਾਮ ਦੇਣ ਦਾ ਵੀ ਐਲਾਨ ਕੀਤਾ। ਰਵਿੰਦਰ ਸਹਿਰਾਅ ਨੇ ਅਪਣੇ ਭਾਵੁਕ ਸ਼ਬਦਾਂ ਵਿਚ ਕਿਹਾ ਕਿ ਭਾਵੇਂ ਉਹ ਤਲਵਿੰਦਰ ਨੂੰ ਚਾਰ ਪੰਜ ਵਾਰ ਹੀ ਮਿਲੇ ਹਨ ਪਰ ਇਕ ਕਹਾਣੀਕਾਰ ਅਤੇ ਮਾਂ ਬੋਲੀ ਸਬੰਧੀ ਕਾਰਜਾਂ ਕਰਕੇ, ਉਸ ਦੀ ਦਿਲ ਅੰਦਰ ਡੂੰਘੀ ਛਾਪ ਹੈ।

ਇਸ ਉਪਰੰਤ ਕਵੀ ਦਰਬਾਰ ਹੋਇਆ, ਜਿਸ ਵਿਚ ਗੋਵਰਧਨ ਗੱਬੀ, ਗੁਰਮਿੰਦਰ ਸਿੱਧੂ, ਜਗਦੀਪ ਸਿੱਧੂ, ਸੁਸ਼ੀਲ ਦੁਸਾਂਝ, ਦਰਸ਼ਨ ਬੁੱਟਰ, ਅਮਰਜੀਤ ਘੁੰਮਣ, ਬਲਵਿੰਦਰ ਸੰਧੂ, ਜੈਨਇੰਦਰ ਚੌਹਾਨ, ਸਿਰੀ ਰਾਮ ਅਰਸ਼, ਦਵਿੰਦਰ ਦਮਨ, ਜਸਵੰਤ ਦਮਨ ਅਤੇ ਤਾਰਨ ਗੁਜ਼ਰਾਲ, ਮਨਜੀਤ ਇੰਦਰਾ ਆਦਿ ਸ਼ਾਇਰਾਂ ਨੇ ਆਪੋ-ਆਪਣਾ ਕਲਾਮ ਪੇਸ਼ ਕੀਤਾ।

ਆਖਰ ਵਿਚ ਨੌਜਵਾਨ ਗਾਇਕ ਅਮਾਨ ਤੇ ਸਾਥੀਆਂ ਨੇ ਸਾਫ਼ ਸੁਥਰੀ ਗਾਇਕੀ ਦੀ ਪ੍ਰਤਿਨਿਧਤਾ ਕਰਦਾ ਅਪਣਾ ਗਾਇਨ ਪੇਸ਼ ਕਰਦੇ ਹੋਏ ਸਮਾਗਮ ਨੂੰ ਸਿਖਰ 'ਤੇ ਪਹੁੰਚਾਇਆ। ਇਸ ਮੌਕੇ ਪ੍ਰੇਮ ਗੋਰਖੀ, ਕਮਲ ਦੁਸਾਂਝ, ਪ੍ਰੋਥਕੁਲਵੰਤ, ਤਰਲੋਚਨ ਤਰਨਤਾਰਨ, ਰਾਜ ਕੁਲਵੰਤ, ਅਜ਼ਲ ਦੁਸਾਂਝ ਅਤੇ ਅਦਬ ਦੁਸਾਂਝ, ਨੇ ਉਚੇਚੇ ਤੌਰ 'ਤੇ ਸਮਾਗਮ ਵਿਚ ਸ਼ਿਰਕਤ ਕੀਤੀ

ਡਰਾਈਵਰਾਂ ਦੀ ਲੋੜ



ਏ.ਕੇ. ਨਿੱਝਰ ਟਰੱਕਿੰਗ ਲਿਮ. ਕੰਪਨੀ ਨੂੰ ਲੌਂਗ ਹਾਲ, ਸੈਂਡ ਐਂਡ ਗਰੈਵਲ ਟਰੱਕਾਂ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ। ਵਧੀਆ ਤਨਖ਼ਾਹ।

ਸੰਪਰਕ : 780-271-5061

Email : v.nijjar@yahoo.ca

Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705

908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

ਨਵੀਂ ਦੁਨੀਆ

# ਸ਼ਾਨਦਾਰ ਰਿਹਾ 'ਆਵਾਜ਼ ਚੰਡੀਗੜ੍ਹ' ਦਾ ਪਹਿਲਾ ਯੁਵਾ ਉਤਸਵ

ਚੰਡੀਗੜ੍ਹ-ਸਥਾਨਕ ਕਲਾ ਭਵਨ, ਸੈਕਟਰ 16 ਵਿਖੇ ਟਰਾਈਸਿਟੀ ਦੇ ਵਿਦਿਆਰਥੀਆਂ ਵਲੋਂ ਬਣਾਈ ਗਈ ਸੰਸਥਾ 'ਆਵਾਜ਼ ਚੰਡੀਗੜ੍ਹ' ਵਲੋਂ ਆਪਣਾ ਪਹਿਲਾ 'ਯੁਵਾ ਸਾਹਿਤਕ ਅਤੇ ਸਭਿਆਚਾਰਕ ਉਤਸਵ-2015' ਕਰਵਾਇਆ ਗਿਆ। ਉਤਸਵ ਵਿਚ ਪੰਜਾਬ ਕਲਾ ਪ੍ਰੀਸ਼ਦ ਦੀ ਚੇਅਰਪਰਸਨ ਸ਼੍ਰੀਮਤੀ ਹਰਜਿੰਦਰ ਕੌਰ ਮੁੱਖ ਮਹਿਮਾਨ ਅਤੇ ਸ਼੍ਰੀਮਤੀ ਚੰਦਰਲੇਖਾ ਖੋਸਲਾ ਅਤੇ ਮਨਮੋਹਨ ਦਾਊਂ ਵਿਸ਼ੇਸ ਮਹਿਮਾਨ ਵਜੋਂ ਹਾਜ਼ਰ ਹੋਏ।

ਸਕੂਲੀ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਾਹਿਤਕ ਅਤੇ ਸਭਿਆਚਾਰਕ ਹਸਤੀਆਂ ਦੀ ਭਰਪੂਰ ਹਾਜ਼ਰੀ ਵਿਚ ਹੋਏ ਇਸ ਸਾਨਦਾਰ ਸਮਾਗਮ ਦੀ ਸ਼ੁਰੂਆਤ ਕਰਦਿਆਂ ਸੰਸਥਾ ਦੇ ਪ੍ਰਧਾਨ ਦਾਨਿਸ਼ ਨੇ ਆਪਣੇ ਜਨਰਲ ਸਕੱਤਰ ਅਜ਼ਲ ਦੁਸਾਝ ਨੂੰ ਸਭਨਾਂ ਨੂੰ 'ਜੀ ਆਇਆਂ' ਕਹਿਣ ਲਈ ਬੁਲਾਇਆ। ਅਜ਼ਲ ਦੁਸਾਂਝ ਨੇ ਸੰਖੇਪ ਸ਼ਬਦਾਂ ਵਿਚ ਸਵਾਗਤੀ ਸ਼ਬਦ ਬੋਲਦਿਆਂ 'ਆਵਾਜ਼ ਚੰਡੀਗੜ੍ਹ' ਦੇ ਉਦੇਸ਼ਾਂ ਦੀ ਚਰਚਾ ਕੀਤੀ ਅਤੇ ਕਿਹਾ ਕਿ ਅਜੋਕੇ ਮੁਕਾਬਲੇਬਾਜ਼ੀ ਦੇ ਦੌਰ ਵਿਚ ਵਿਦਿਆਰਥੀਆਂ ਅਤੇ ਨੌਜਵਾਨਾਂ ਅੱਗੇ ਫੈਲ ਰਹੇ ਧੁੰਦਲਕੇ ਨੂੰ ਦੂਰ ਕਰਨ ਦੇ ਮਕਸਦ ਨਾਲ ਹੀ ਇਹ ਸੰਸਥਾ ਬਣਾਈ ਗਈ ਹੈ।

ਉਪਰੰਤ ਸਿਥਾਰਥ ਕਾਂਸਲ ਅਤੇ ਸ਼ਿਵਮ ਧਵਨ ਨੇ ਆਪਣੀ ਗਾਇਨ ਪੇਸ਼ਕਾਰੀ ਨਾਲ ਹਾਜ਼ਰੀਨ ਨੂੰ ਸਰਸ਼ਾਰ ਕੀਤਾ। ਫਿਰ ਵਾਰੀ ਆਈ ਨ੍ਰਿਤ ਦੀ। ਨ੍ਰਿਤ ਪੇਸ਼ਕਾਰੀਆਂ ਵਿਚ ਵਰਿੰਦਾ, ਸ਼੍ਰੀਗੀਆ ਅਤੇ ਲਕਸ਼ੈ ਨੇ ਦਰਸ਼ਕਾਂ ਨੂੰ ਆਪਣੀ ਕਲਾ ਰਾਹੀਂ ਪੂਰੀ ਤਰ੍ਹਾਂ ਮੰਤਰ ਮੁਗਧ ਕਰੀ ਰਖਿਆ। ਇਸ ਉਤਸਵ ਦਾ ਮੁਖ ਆਕਰਸ਼ਣ ਬਾਲ ਮਨਾਂ ਨੂੰ ਵਿਗਿਆਨਿਕ ਵਿਧੀਆਂ ਰਾਹੀਂ ਸਮਝਣ ਵਾਲੀ ਪ੍ਰਸਿਧ ਲੇਖਕਾ ਦਾਥ ਹਰਸ਼ਿੰਦਰ ਕੌਰ ਦਾ ਕੁੰਜੀਵਤ ਭਾਸ਼ਣ ਰਿਹਾ। ਆਪਣੇ ਭਾਸ਼ਣ ਵਿਚ ਡਾ ਹਰਸ਼ਿੰਦਰ ਕੌਰ ਨੇ ਬੇਹੱਦ ਦਿਲਚਸਪ ਉਦਾਹਰਣਾਂ ਦਿੰਦਿਆਂ ਇਹ ਪ੍ਰਮਾਣਤ ਕੀਤਾ ਕਿ ਬੱਚੇ ਆਪਣੀ ਮਾਂ-ਭਾਸ਼ਾ ਵਿਚ ਹੀ ਬੇਹਤਰ ਸਿੱਖਿਆ ਹਾਸਲ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਅੱਜ ਲੋੜ ਬੱਚਿਆਂ ਦੀ ਰੂਚੀ ਮੁਤਾਬਕ ਵਿਦਿਆ ਦੇਣ ਦੀ ਹੈ। ਉਨਾਂ ਮਾਪਿਆਂ ਨੂੰ ਸਲਾਹ ਦਿੱਤੀ ਕਿ ਮੁਕਾਬਲੇਬਾਜ਼ੀ ਦੀ ਅੰਨ੍ਹੀ ਦੌੜ ਵਿਚ ਪੈਣ ਦੀ ਥਾਂ ਬਾਲ ਮਨਾਂ ਨੂੰ ਸਮਝ ਕੇ ਸਿਹਤਮੰਦ ਸਮਾਜ ਦੀ ਸਿਰਜਣਾ ਵਿਚ ਯੋਗਦਾਨ ਪਾਇਆ ਜਾਵੇ।




ਯੁਵਾ ਉਤਸਵ ਦੇ ਦੂਸਰੇ ਦੌਰ ਵਿਚ ਰਿਤੂ ਰਾਗ, ਅਸਾਵਰੀ ਅਤੇ ਅਤੇ ਉਰਵੀ ਸ਼ਰਮਾ ਨੇ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਨਾਲ ਭਵਿੱਖ ਦੀ ਸ਼ਾਇਰੀ ਦੀ ਕਨਸੋਅ ਦਿੱਤੀ। ਉਪਰੰਤ ਭਾਅ ਜੀ ਗੁਰਸ਼ਰਨ ਸਿੰਘ ਦੇ ਲਿਖੇ ਅਤੇ ਅਜ਼ਲ ਦੁਸਾਂਝ ਵਲੋਂ ਨਿਰਦੇਸ਼ਤ ਨਾਟਕ 'ਰਾਹਤ' ਨੇ ਇਸ ਉਤਸਵ ਦੀ ਸਾਰਥਕਤਾ 'ਤੇ ਮੋਹਰ ਲਾ ਦਿੱਤੀ। ਇਸ ਨਾਟਕ ਵਿਚ ਤਿੱਖੇ ਵਿਅੰਗ ਰਾਹੀਂ ਦਰਸਾਇਆ ਗਿਆ ਕਿ ਹਕੂਮਤ ਅਤੇ ਅਫ਼ਸਰਸ਼ਾਹੀ ਵਲੋਂ ਕਿਵੇਂ ਲੋਕਾਂ ਨੂੰ ਮੂਰਖ ਬਣਾਇਆ ਜਾਂਦਾ ਹੈ। ਨਾਟਕ ਦੇ ਸਾਰੇ ਪਾਤਰਾਂ ਨੂੰ ਅਦਾਕਾਰਾਂ ਨੇ ਜੀਵੰਤ ਬਣਾ ਦਿੱਤਾ ਤੇ ਦਰਸ਼ਕਾਂ ਦੀ ਤਾੜੀਆਂ ਨੇ ਇਸ ਨਾਟਕ ਦੀ ਸਫ਼ਲਤਾ ਦੀ ਇਬਾਰਤ ਲਿਖ ਦਿੱਤੀ। ਨਾਟਕ ਤੋਂ ਬਾਅਦ ਸਮਾਗਮ ਦੌਰਾਨ ਵੱਖ ਵੱਖ ਪੇਸ਼ਕਾਰੀਆਂ ਦੇਣ ਵਾਲੇ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਵੰਡੇ ਗਏ। ਮੁਖ ਮਹਿਮਾਨ ਸ਼੍ਰੀਮਤੀ ਹਰਜਿੰਦਰ ਕੌਰ ਨੇ ਆਪਣੀ ਤਕਰੀਰ ਵਿਚ 'ਆਵਾਜ਼ ਚੰਡੀਗੜ੍ਹ' ਦੀ ਸਮੁੱਚੀ ਟੀਮ ਨੂੰ ਮੁਬਾਰਕਵਾਦ ਦਿੰਦਿਆਂ ਇਸ ਗੱਲ 'ਤੇ ਬੇਹੱਦ ਖੁਸ਼ੀ ਜਾਹਰ ਕੀਤੀ ਕਿ ਇਨ੍ਹਾਂ ਬੱਚਿਆਂ ਦਾ ਇਹ ਸੰਜੀਦਾ ਤਰੱਦਦ ਦੱਸਦਾ ਹੈ ਕਿ ਸਭ ਕੁੱਝ ਖ਼ਤਮ ਨਹੀਂ ਹੋਇਆ, ਲੋੜ ਪ੍ਰਤਿਭਾ ਨੂੰ ਪਛਾਣ ਕੇ ਮੌਕੇ ਦੇਣ ਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲਿਆਂ ਨੂੰ ਪੰਜਾਬ ਕਲਾ ਪ੍ਰੀਸ਼ਦ ਸਦਾ ਹੀ ਉਤਸ਼ਾਹਿਤ ਕਰਦੀ ਰਹੇਗੀ। ਆਵਾਜ਼ ਚੰਡੀਗੜ੍ਹ ਵਲੋਂ ਧੰਨਵਾਦੀ ਸ਼ਬਦ ਰਿਸ਼ਮ ਨੇ ਕਹੇ ਤੇ ਦਸਿਆ ਕਿ ਅਗਲੇ ਸਾਲ ਫਿਰ ਇਸੇ ਤਰ੍ਹਾਂ ਦਾ ਸਮਾਗਮ ਰਚਾਇਆ ਜਾਵੇਗਾ। ਸਮਾਗਮ ਵਿਚ ਤਾਰਨ ਗੁਜਰਾਲ, ਮਨਜੀਤ ਇੰਦਰਾ, ਸ਼ਾਮ ਸਿੰਘ ਅੰਗਸੰਗ, ਸੁਸ਼ੀਲ ਦੁਸਾਂਝ, ਸਰਦਾਰਾ ਸਿੰਘ ਚੀਮਾ, ਜਗਦੀਪ ਸਿੱਧੂ, ਕਮਲ ਦੁਸਾਂਝ, ਦੀਪਕ ਸ਼ਰਮਾ, ਮਨਦੀਪ, ਬਲਵਿੰਦਰ ਸਿੰਘ ਉਤਮ, ਅਮਰ ਗਿਰੀ ਅਤੇ ਹੋਰ ਉੱਘੀਆਂ ਹਸਤੀਆਂ ਸ਼ਾਮਲ ਸਨ।

## 'ਸਾਲ ਦਾ ਐਥਲੀਟ' ਖ਼ਿਤਾਬ ਲਵਪ੍ਰੀਤ ਕੌਰ ਦਿਓ ਦੇ ਨਾਂ ਰਿਹਾ

ਕੈਲਗਰੀ (ਨਦਬ)-ਲਵਪ੍ਰੀਤ ਕੌਰ ਦਿਓ ਨੇ 'ਇੰਟਰਨੈਸ਼ਨਲ ਡੇ ਆਫ਼ ਪਰਸਨ ਵਿੱਧ ਡਿਸਏਬਲਟੀ ਕੈਲਗਰੀ' ਵੱਲੋਂ ਕਰਵਾਏ ਮੁਕਾਬਲੇ ਵਿੱਚ 20 ਕਿਲੋਮੀਟਰ ਸਾਈਕਲ ਚਲਾ ਕੇ 'ਐਥਲੀਟ ਆਫ ਦਿ ਯੀਅਰ' ਦਾ ਖ਼ਿਤਾਬ ਜਿੱਤ ਕੇ ਪੂਰੀ ਤਰ੍ਹਾਂ ਤੰਦਰੁਸਤ ਲੋਕਾਂ ਲਈ ਚੁਣੌਤੀ ਖੜੀ ਕਰ ਦਿੱਤੀ ਹੈ। ਲਵਪ੍ਰੀਤ ਦੇ ਪਿਤਾ ਹਰਦਿਆਲ ਸਿੰਘ ਦੇ ਦੱਸਣ ਮੁਤਾਬਕ ਲਵਪ੍ਰੀਤ ਨੂੰ ਢਾਈ ਕੁ ਸਾਲ ਦੀ ਉਮਰ ਤੋਂ ਸੈਰੇਵਲ ਪਾਲਸੀ ਦੀ ਸ਼ਿਕਾਇਤ ਹੈ ਪਰ ਉਸ ਨੇ ਕਦੇ ਵੀ ਇਸ ਨੂੰ ਆਪਣੇ ਜੀਵਨ-ਰਾਹ ਵਿੱਚ ਅੜਿੱਕਾ ਨਹੀਂ ਬਣਨ ਦਿੱਤਾ। ਉਹ ਸੈਰੇਵਲ ਪਾਲਸੀ ਜਾਗਰੂਕਤਾ ਵਾਸਤੇ ਫੰਡ ਇਕੱਠਾ ਕਰਨ ਲਈ ਹਮੇਸ਼ਾਂ ਤਤਪਰ ਰਹਿੰਦੀ ਹੈ। ਪੰਜਾਬੀ ਭਾਈਚਾਰੇ ਨੂੰ ਲਵਪ੍ਰੀਤ ਦੀ ਇਸ ਪ੍ਰਾਪਤੀ 'ਤੇ ਬੇਹੱਦ ਮਾਣ ਹੈ। ਪਰਿਵਾਰ ਨੂੰ ਆਪਣੇ ਸੱਜਣਾਂ-ਮਿੱਤਰਾਂ ਤੇ ਹੋਰ ਲੋਕਾਂ ਤੋਂ ਵਧਾਈਆਂ ਮਿਲ ਰਹੀਆਂ ਹਨ। ਲਵਪ੍ਰੀਤ ਦਿਓ ਨੇ ਹਾਈ ਸਕੂਲ ਬੜੀ ਸਫ਼ਲਤਾ ਨਾਲ ਪਾਸ ਕੀਤਾ। ਉਸ ਤੋਂ ਬਾਅਦ ਕੰਪਿਊਟਰ ਟ੍ਰੇਨਿੰਗ ਲੈ ਕੇ ਪਾਰਟ ਟਾਈਮ ਹੁਣ ਨੌਕਰੀ ਵੀ ਕਰ ਰਹੀ ਹੈ। ਆਪਣੇ ਰੋਜ਼ਾਨਾ ਜ਼ਿੰਦਗੀ ਦੇ ਸਾਰੇ ਕੰਮ ਬਿਨਾਂ ਕਿਸੇ ਮੁਸ਼ਕਲ ਤੋਂ ਕਰਦੀ ਹੈ। ਲਵਪ੍ਰੀਤ ਨੂੰ 'ਅੰਬੈਸਟਰ ਆਫ਼ ਦਾ ਈਵੈਂਟ' ਚੁਣਿਆ ਗਿਆ ਹੈ। ਇੰਟਰਨੈਸ਼ਨਲ ਡੇ ਆਫ਼ ਪਰਸਨ ਵਿੱਧ ਡਿਸਏਬਲਟੀ ਦਸੰਬਰ 20 15 ਯੂਨਾਈਟਿਡ ਨੇਸ਼ਨਜ਼ ਵੱਲੋਂ ਮਨਾਇਆ ਗਿਆ ਹੈ। ਇਸ ਦਿਨ ਲਵਪ੍ਰੀਤ ਨੂੰ 'ਐਥਲੀਟ ਆਫ਼ ਦਾ ਈਅਰ' ਨੋਮੀਨੇਟ ਕਰਕੇ ਐਵਾਰਡ ਨਾਲ ਸਨਮਾਨਿਆ ਗਿਆ ਹੈ। ਲਵਪ੍ਰੀਤ ਦਿਓ ਦੇ ਦੱਸਣ ਮੁਤਾਬਕ ਉਸ ਨੇ ਸਾਰੀ ਟ੍ਰੇਨਿੰਗ ਆਪਣੇ ਉਸਤਾਦ ਡਾਨ (ਡਾਨ ਸੌਰਸਡਾਹਲ) ਤੋਂ ਪ੍ਰਾਪਤ ਕੀਤੀ ਹੈ ਅਤੇ ਉਸ ਦੇ ਪ੍ਰੇਰਨਾ ਅਤੇ ਸਖਤ ਮਿਹਨਤ ਕਰਵਾਉਣ ਕਰਕੇ 'ਸੈਰੇਵਲ ਪਾਲਸੀ ਆਫ਼ ਅਲਬਰਟਾ' (ਕੈਲਗਰੀ) ਅਤੇ ਕੈਨੇਡਾ ਦਾ ਨਾਮ ਸਾਰੀ ਦੁਨੀਆ ਵਿੱਚ ਰੌਸ਼ਨ ਕੀਤਾ ਹੈ।



# ਕਿਸਾਨਾਂ ਦੇ ਐਤਕੀਂ ਤਿਓਹਾਰ ਵੀ ਫਿੱਕੇ

## ਸਰਕਾਰ ਨੇ ਸਿਰਫ਼ 20 ਫ਼ੀਸਦੀ ਮੁਆਵਜ਼ਾ ਵੰਡਿਆ

ਬਠਿੰਡਾ (ਨਦਬ) : ਕਪਾਹ ਪੱਟੀ ਵਿਚ ਚਿੱਟੇ ਮੱਛਰ ਦੇ ਡੰਬੇ ਕਿਸਾਨ ਮੁਆਵਜ਼ੇ ਦੇ ਚੈੱਕ ਉਡੀਕ ਰਹੇ ਹਨ ਜਦੋਂ ਕਿ ਅਫ਼ਸਰ ਵਿਧਾਇਕਾਂ ਤੇ ਵਜ਼ੀਰਾਂ ਦਾ ਰਾਹ ਤੱਕ ਰਹੇ ਹਨ। ਵੀਆਈਪੀਜ਼ ਦੀ ਝਾਕ ਵਿੱਚ ਸਿਰਫ਼ 20 ਫੀਸਦੀ ਮੁਆਵਜ਼ਾ ਹੀ ਵੰਡਿਆ ਗਿਆ ਹੈ। ਨਰਮੇ ਕਪਾਹ ਦੇ ਖਰਾਬੇ ਕਾਰਨ ਐਤਕੀਂ ਕਿਸਾਨਾਂ ਦੇ ਤਿਉਹਾਰ ਵੀ ਫਿੱਕੇ ਹੀ ਹਨ। ਉਪਰੋਂ ਮੁਆਵਜ਼ਾ ਰਾਸ਼ੀ ਵੀ ਹਾਲੇ ਤਕ ਨਹੀਂ ਮਿਲੀ ਹੈ। ਪੰਜਾਬ ਸਰਕਾਰ ਨੇ ਪਹਿਲੀ ਅਕਤੂਬਰ ਨੂੰ ਕਪਾਹ ਪੱਟੀ ਲਈ 643।58 ਕਰੋੜ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਸੀ, ਜਿਸ 'ਚੋਂ ਲੰਘੇ 22 ਦਿਨਾਂ ਵਿੱਚ ਸਿਰਫ਼ 125 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਪ੍ਰਸ਼ਾਸਨਿਕ ਅਧਿਕਾਰੀ ਤਰਕ ਦਿੰਦੇ ਹਨ ਕਿ ਖ਼ਰਾਬੇ ਦੀ ਮੁਆਵਜ਼ਾ ਰਾਸ਼ੀ ਤਿਆਰ ਕਰਨ ਦਾ ਕੰਮ ਵੱਡਾ ਹੈ, ਜਿਸ ਵਾਸਤੇ ਕੁਝ ਦਿਨ ਤਾਂ ਲੱਗਣੇ ਹੀ ਸਨ। ਨਾਲ ਹੀ ਪੰਜਾਬ ਦੀ ਵਿਗੜੀ ਅਮਨ ਕਾਨੂੰਨ ਦੀ ਵਿਵਸਥਾ ਦੀ ਗੱਲ ਵੀ ਕਰਦੇ ਹਨ। ਪੰਜਾਬ ਸਰਕਾਰ ਨੇ ਆਪਣੇ ਵਿਧਾਇਕਾਂ ਤੇ ਵਜ਼ੀਰਾਂ ਨੂੰ ਮੁਆਵਜ਼ਾ ਰਾਸ਼ੀ ਦੇ ਚੈੱਕ ਵੰਡਣ ਦੀ ਜ਼ਿੰਮੇਵਾਰੀ ਦਿੱਤੀ ਸੀ ਪਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਉੱਠਣ ਮਗਰੋਂ ਹਾਕਮ ਧਿਰ ਦੇ ਵਿਧਾਇਕ ਪਿੰਡਾਂ ਵਿੱਚ ਵੜਨ ਤੋਂ ਭੈਅ ਖਾਂਦੇ ਹਨ। ਕਿਸਾਨ ਧਿਰਾਂ ਦਾ ਕਹਿਣਾ ਹੈ ਕਿ ਅਫ਼ਸਰਸ਼ਾਹੀ ਵਿਧਾਇਕਾਂ ਤੇ ਵਜ਼ੀਰਾਂ ਦੀ ਉਡੀਕ ਵਿੱਚ ਮੁਆਵਜ਼ਾ ਨਹੀਂ ਵੰਡ ਰਹੀ ਹੈ। ਜਾਣਕਾਰੀ ਅਨੁਸਾਰ ਸਰਕਾਰ ਨੇ ਕਪਾਹ ਪੱਟੀ ਦੇ 9 ਜ਼ਿਲ੍ਹਿਆਂ ਵਿੱਚ ਖਰਾਬ ਹੋਈ 8।30 ਲੱਖ ਏਕੜ ਫ਼ਸਲ ਲਈ 643।58 ਕਰੋੜ ਦੀ ਰਾਸ਼ੀ ਜਾਰੀ ਕੀਤੀ ਸੀ। ਬਠਿੰਡਾ ਵਿਚ ਨਰਮੇ ਦੇ 2,77,254 ਏਕੜ ਰਕਬੇ ਦੇ ਖ਼ਰਾਬੇ ਵਾਸਤੇ 221।96 ਕਰੋੜ ਦਾ ਮੁਆਵਜ਼ਾ ਜਾਰੀ ਕੀਤਾ ਸੀ, ਜਿਸ ਵਿਚੋਂ ਸਿਰਫ਼ 30 ਕਰੋੜ ਰੁਪਏ ਵੰਡੇ ਗਏ ਹਨ। ਜ਼ਿਲ੍ਹਾ ਮਾਲ ਅਫ਼ਸਰ ਅਵਤਾਰ ਸਿੰਘ ਨੇ ਕਿਹਾ ਕਿ ਲਾਅ ਐਂਡ ਆਰਡਰ ਕਰਕੇ ਮੁਆਵਜ਼ਾ ਰਾਸ਼ੀ ਵੰਡਣ ਵਿੱਚ ਅੜਿੱਕਾ ਪਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਡਿਪਟੀ ਕਮਿਸ਼ਨਰ ਨੇ ਐਸ.ਡੀ.ਐਮਜ਼ ਨੂੰ ਮੁਆਵਜ਼ਾ ਵੰਡ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ ਹੈ। ਜਾਣਕਾਰੀ ਅਨੁਸਾਰ ਜ਼ਿਲ੍ਹਾ ਮਾਨਸਾ ਵਿਚ 1,52,988 ਏਕੜ ਖਰਾਬੇ ਬਦਲੇ 116।97 ਕਰੋੜ ਜਾਰੀ ਹੋਏ ਹਨ, ਜਿਸ 'ਚੋਂ ਕਰੀਬ 11 ਕਰੋੜ ਰੁਪਏ ਵੰਡੇ ਗਏ ਹਨ। ਡਿਪਟੀ ਕਮਿਸ਼ਨਰ ਭੁਪਿੰਦਰ ਸਿੰਘ ਰਾਏ ਨੇ ਕਿਹਾ ਕਿ ਜ਼ਿਲ੍ਹੇ ਵਿੱਚ 25 ਫੀਸਦੀ ਰਾਸ਼ੀ ਵੰਡੀ ਗਈ ਹੈ ਅਤੇ ਦੋ ਹਫ਼ਤਿਆਂ ਵਿਚ ਬਾਕੀ ਰਾਸ਼ੀ ਵੰਡ ਦਿੱਤੀ ਜਾਵੇਗੀ। ਜ਼ਿਲ੍ਹਾ ਮੁਕਤਸਰ ਵਿਚ ਨੁਕਸਾਨੇ 1,19,030 ਏਕੜ ਰਕਬੇ ਲਈ 95.18 ਕਰੋੜ ਰੁਪਏ ਦਾ ਮੁਆਵਜ਼ਾ ਮਿਲਿਆ ਹੈ। ਹਲਕਾ ਲੰਬੀ ਵਾਲੀ ਮਲੋਟ ਤਹਿਸੀਲ ਨੂੰ ਮਿਲੇ 56 ਕਰੋੜ 'ਚੋਂ 25 ਫੀਸਦੀ ਮੁਆਵਜ਼ਾ ਵੰਡਿਆ ਗਿਆ ਹੈ। ਉਂਜ ਜ਼ਿਲ੍ਹੇ ਵਿਚ ਸਿਰਫ਼ 20 ਫੀਸਦੀ ਮੁਆਵਜ਼ਾ ਵੰਡਿਆ ਗਿਆ ਹੈ। ਫਾਜ਼ਿਲਕਾ ਲਈ 172।82 ਕਰੋੜ ਰੁਪਏ ਜਾਰੀ ਕੀਤੇ ਗਏ। ਡੀ.ਸੀ ਫਾਜ਼ਿਲਕਾ ਰਵਿੰਦਰ ਸਿੰਘ ਨੇ ਦੱਸਿਆ ਕਿ 40 ਫੀਸਦੀ ਮੁਆਵਜ਼ਾ ਵੰਡ ਦਿੱਤਾ ਗਿਆ ਹੈ। ਬਰਨਾਲਾ ਜ਼ਿਲ੍ਹੇ ਨੂੰ 10.59 ਕਰੋੜ, ਸੰਗਰੂਰ ਨੂੰ 13.66 ਕਰੋੜ, ਫਰੀਦਕੋਟ ਨੂੰ 11.69 ਕਰੋੜ ਅਤੇ ਮੋਗਾ ਨੂੰ 57 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਰਿਲੀਜ਼ ਹੋਈ ਸੀ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਹੱਥ ਖਾਲੀ ਹਨ ਅਤੇ ਉਹ ਨਿੱਤ ਪਟਵਾਰੀਆਂ ਕੋਲ ਗੇੜੇ ਮਾਰ ਰਹੇ ਹਨ। ਸਰਕਾਰ ਨੇ ਕਿਸਾਨ ਧਿਰਾਂ ਨਾਲ ਮੀਟਿੰਗ ਦੌਰਾਨ ਮਜ਼ਦੂਰਾਂ ਨੂੰ 64 ਕਰੋੜ ਦਾ ਮੁਆਵਜ਼ਾ ਦੇਣ ਦੀ ਗੱਲ ਮੰਨੀ ਸੀ ਪਰ ਇਹ ਰਾਸ਼ੀ ਵੀ ਹਾਲੇ ਤਕ ਜਾਰੀ ਨਹੀਂ ਹੋਈ ਹੈ। ਸੂਤਰਾਂ ਨੇ ਦੱਸਿਆ ਕਿ ਅਫ਼ਸਰ ਹਾਕਮ ਧਿਰ ਦੇ ਵਿਧਾਇਕਾਂ ਦੀ ਉਡੀਕ ਵਿੱਚ ਹਨ ਤਾਂ ਜੋ ਉਨ੍ਹਾਂ ਦੇ ਹੱਥੋਂ ਮੁਆਵਜ਼ੇ ਦੇ ਚੈੱਕ ਵੰਡਾਏ ਜਾ ਸਕਣ।

ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਵਿਧਾਇਕਾਂ ਦੀ ਉਡੀਕ ਛੱਡ ਕੇ ਅਧਿਕਾਰੀ ਫੌਰੀ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਵੰਡਣ। ਉਨ੍ਹਾਂ ਕਿਹਾ ਕਿ ਅਸਲ ਵਿੱਚ ਸਰਕਾਰ ਦੀ ਨੀਅਤ ਸਾਫ ਨਹੀਂ ਹੈ ਅਤੇ ਉਹ ਆਨੀ ਬਹਾਨੀ ਮੁਆਵਜ਼ਾ ਲਟਕਾਉਣਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਅਮਨ ਕਾਨੂੰਨ ਦਾ ਤਾਂ ਬਹਾਨਾ ਹੀ ਹੈ।

## ਸ਼ੇਰਗਿੱਲ ਪਰਿਵਾਰ ਨੂੰ ਸਦਮਾ, ਮਾਤਾ ਦਵਿੰਦਰ ਕੌਰ ਸ਼ੇਰਗਿੱਲ ਦਾ ਦਿਹਾਂਤ

ਕੈਲਗਰੀ, (ਨਦਬ)-ਪੰਜਾਬੀ ਮੀਡੀਆ ਕਲੱਬ ਕੈਲਗਰੀ ਦੇ ਪ੍ਰਧਾਨ ਜਗਪ੍ਰੀਤ ਸਿੰਘ ਸ਼ੇਰਗਿੱਲ ਦੇ ਮਾਤਾ ਦਵਿੰਦਰ ਕੌਰ ਸ਼ੇਰਗਿੱਲ (67) ਪਤਨੀ ਹਰਸੁੱਖਵੰਤ ਸਿੰਘ ਸ਼ੇਰਗਿੱਲ ਅਚਾਨਕ ਅਕਾਲ ਚਲਾਣਾ ਕਰ ਗਏ। ਮਿਲੀ ਜਾਣਕਾਰੀ ਅਨੁਸਾਰ ਮਾਤਾ ਦਵਿੰਦਰ ਕੌਰ ਸ਼ੇਰਗਿੱਲ ਪਿਛਲੇ ਸਮੇਂ ਤੋਂ ਬਿਮਾਰ ਸਨ । ਕੁਝ ਦਿਨ ਪਹਿਲਾਂ ਹੀ ਉਹ ਪੰਜਾਬ ਤੋਂ ਕੈਲਗਰੀ ਆਏ ਸਨ। ਮਾਤਾ ਜੀ ਬਹੁਤ ਹੀ ਨਿੱਘੇ ਸੁਭਾਅ ਕਰਕੇ ਜਾਣੇ ਜਾਂਦੇ ਸਨ ਅਤੇ ਉਹ ਗੁਰੂ ਮਹਾਰਾਜ 'ਤੇ ਭਰੋਸਾ ਰੱਖਦੇ ਸਨ। ਉਨ੍ਹਾਂ ਦੀ ਸਿਹਤ ਹੁਣ ਜ਼ਿਆਦਾ ਖਰਾਬ ਹੋਣ ਕਰਕੇ ਹਸਪਤਾਲ ਦਾਖਲ ਕਰਵਾਇਆ ਹੋਇਆ ਸੀ। ਅਚਾਨਕ ਉਹ ਬਿਮਾਰੀ ਦੀ ਤਾਬ ਨਾ ਝੱਲਦੇ ਹੋਏ ਸਦੀਵ ਵਿਛੋੜਾ ਦੇ ਗਏ। ਮਾਤਾ ਜੀ ਦਾ ਪਿਛਲਾ ਪਿੰਡ ਫੋਲੜੀਵਾਲ ਜ਼ਿਲ੍ਹਾ ਜਲੰਧਰ ਸੀ। ਉਨਾਂ ਦੀ ਬੇਵਕਤੀ ਮੌਤ 'ਤੇ ਸੰਸਦ ਮੈਂਬਰ ਦਰਸ਼ਨ ਸਿੰਘ ਕੰਗ, ਸਾਬਕਾ ਸੰਸਦ ਮੈਂਬਰ ਦਵਿੰਦਰ ਸ਼ੋਰੀ, ਕੈਬਨਿਟ ਮੰਤਰੀ ਇਰਫਾਨ ਸਾਬੀਰ ਅਤੇ ਅਦਾਰਾ 'ਨਵੀਂ ਦੁਨੀਆ' ਅਤੇ ਪੰਜਾਬੀ ਮੀਡੀਆ ਕਲੱਬ ਕੈਲਗਰੀ ਦੇ ਸਮੂਹ ਮੈਂਬਰਾਂ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

## ਸੁਖਮਹਿੰਦਰ ਸਿੰਘ ਬਾਜਵਾ ਨਹੀਂ ਰਹੇ

ਐਡਮਿੰਟਨ (ਨਦਬ) : ਪਿਛਲੇ ਲੰਮੇ ਸਮੇਂ ਤੋਂ ਐਡਮਿੰਟਨ ਵਿਚ ਰਹਿ ਰਹੇ ਸੁਖਮਹਿੰਦਰ ਸਿੰਘ ਬਾਜਵਾ ਸੰਖੇਪ ਜਿਹੀ ਬਿਮਾਰੀ ਪਿਛੋਂ ਅਕਾਲ ਚਲਾਣਾ ਕਰ ਗਏ। ਮਿਲਾਪੜੇ ਸੁਭਾਅ ਦੇ ਸ੍ਰੀ ਬਾਜਵਾ ਲੋਕ ਭਲਾਈ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਉਹ ਆਪਣੇ ਪਿਛੇ ਆਪਣੀ ਪਤਨੀ ਅਮਰਜੀਤ ਬਾਜਵਾ, ਲੜਕੀ ਗੋਲਡੀ, ਪੁੱਤਰ ਰਮਨ ਤੇ ਰਾਜਾ ਬਾਜਵਾ, ਪੋਤੇ ਰੋਹਿਤ, ਪੋਤੀ ਐਨਾ ਨੂੰ ਛੱਡ ਗਏ ਹਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਰਬਿੰਦਰ ਸਹਿਰਾਅ ਨਾਲ 780-431-1692 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ 'ਨਵੀਂ ਦੁਨੀਆ' ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਸ਼ਾਮਲ ਹੁੰਦਾ ਹੈ।



# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ



## ਤੇ ਪੰਜਾਬ ਸਿਸਕਦਾ ਰਿਹਾ

ਪੰਜਾਬੀਆਂ ਨੇ ਇਕ ਵਾਰ ਫਿਰ ਪ੍ਰੋ. ਪੂਰਨ ਸਿੰਘ ਦਾ ਇਕ ਕਾਵਿ-ਕਥਨ ਝੂਠਾ ਨਹੀਂ ਸਾਬਤ ਹੋਣ ਦਿੱਤਾ ਕਿ 'ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ'। ਪੰਜਾਬ ਵਿਚ ਪਿਛਲੇ ਦਿਨੀਂ ਵਾਪਰੀਆਂ ਕੁਝ ਮੰਦਭਾਗੀਆਂ ਘਟਨਾਵਾਂ ਨੇ ਪੰਜਾਬੀਆਂ ਅੱਗੇ ਇਕ ਵਾਰ ਫਿਰ ਨਵੀਂ ਚੁਣੌਤੀ ਖੜੀ ਕਰ ਦਿੱਤੀ ਸੀ। ਪਰ ਪੰਜਾਬੀਆਂ ਨੇ ਸਬਰ, ਸਿਆਣਪ ਅਤੇ ਸੰਜਮ ਤੋਂ ਕੰਮ ਲੈਂਦਿਆਂ ਮਹਿਗੇ ਮੁੱਲ ਤਾਰ ਕੇ ਸਥਾਪਤ ਕੀਤੇ ਅਮਨ-ਚੈਨ ਨੂੰ ਆਂਚ ਨਹੀਂ ਆਉਣ ਦਿੱਤੀ। ਨਿਰਸੰਦੇਹ ਲੋਕਾਂ ਦੇ ਆਪਮੁਹਾਰੇ ਰੋਹ ਕਾਰਨ ਕੁਝ ਦਿਨ ਸੜਕਾਂ 'ਤੇ ਆਵਾਜਾਈ ਵਿਚ ਵਿਘਨ ਪੈਂਦਾ ਰਿਹਾ, ਬੰਦ ਕਾਰਨ ਕਾਰੋਬਾਰ ਪ੍ਰਭਾਵਿਤ ਹੋਣੋ ਨਹੀਂ ਬਚ ਸਕੇ ਤੇ ਆਮ ਲੋਕਾਂ ਦੇ ਮਨਾਂ ਅੰਦਰ ਤੌਖ਼ਲੇ ਵੀ ਪੈਦਾ ਹੋਏ ਪਰ ਕੁੱਲ ਮਿਲਾ ਕੇ ਪ੍ਰਸਥਿਤੀ ਨੇ ਕੋਈ ਵੱਡਾ ਅਣਸੁਖਾਂਵਾਂ ਮੋੜ ਨਹੀਂ ਕੱਟਿਆ, ਅਜਿਹਾ ਮੋੜ ਜਿਸ ਕਾਰਨ ਕਈ ਦਹਾਕੇ ਪੰਜਾਬ ਨੂੰ ਦਹਿਸ਼ਤਵਾਦ ਦਾ ਸੰਤਾਪ ਭੋਗਣਾ ਪਿਆ ਸੀ। ਸਮੂਹ ਪੰਜਾਬੀ ਇਕਜੁੱਟ ਰਹੇ। ਸਮੂਹ ਪੰਜਾਬੀਆਂ ਨੇ ਮਹਾਨ ਬਾਣੀ ਦੇ ਪੱਤਰਿਆਂ ਦੀ ਬੇਅਦਬੀ ਦਾ ਇਕੋ ਜਿਹਾ ਮਾਤਮ ਮਨਾਇਆ। ਕੀ ਹਿੰਦੂ, ਕੀ ਮੁਸਲਮਾਨ ਸਭ ਨੇ ਇਕ ਜ਼ੁਬਾਨ ਹੋ ਕੇ ਕਿਹਾ ਜਿਨ੍ਹਾਂ ਨੇ ਵੀ ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ ਦੀ ਬੇਅਦਬੀ ਕਰਨ ਦੀ ਘਿਨਾਉਣੀ ਹਰਕਤ ਕੀਤੀ ਹੈ ਉਹ ਬਖ਼ਸ਼ੇ ਨਹੀਂ ਜਾਣੇ ਚਾਹੀਦੇ। ਉਨ੍ਹਾਂ ਦੀ ਸ਼ਨਾਖਤ ਕੀਤੀ ਜਾਵੇ ਤੇ ਉਨ੍ਹਾਂ ਦੀਆਂ ਕਰਤੂਤਾਂ ਲਈ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

ਬਰਗਾੜੀ ਕਾਂਡ ਦੀਆਂ ਗੂੰਜਾਂ ਕਈ ਦਿਨ ਮੀਡੀਆ ਵਿਚ ਸੁਣਾਈ ਦਿੰਦੀਆਂ ਰਹੀਆਂ। ਘਟਨਾਵਾਂ ਦਾ ਸਿਲਸਿਲਾ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋਣ ਨਾਲ ਸ਼ੁਰੂ ਹੋਇਆ। ਫਿਰ ਪਵਿੱਤਰ ਗ੍ਰੰਥ ਦੇ ਪੰਨੇ ਜ਼ਖ਼ਮੀ ਕਰਨ ਦੀਆਂ ਵਾਰਦਾਤਾਂ ਸਾਹਮਣੇ ਆਈਆਂ। ਫਲਸਰੂਪ ਉਤੇਜਨਾ ਦਾ ਮਾਹੌਲ ਪੈਦਾ ਹੋ ਗਿਆ। ਸਿੱਖ ਹਿਰਦਿਆਂ ਦਾ ਵਲੂੰਧਰੇ ਜਾਣਾ ਸੁਭਾਵਿਕ ਹੀ ਸੀ। ਭੜਕੇ ਹੋਏ ਲੋਕ ਸੜਕਾਂ ਉਪਰ ਆ ਗਏ। ਹਫ਼ਤਾ ਭਰ ਸੜਕਾਂ 'ਤੇ ਜਾਮ ਲੱਗੇ ਰਹੇ। ਇਕ ਪਾਸੇ ਲੋਕਾਂ ਵਲੋਂ ਰੋਸ ਪ੍ਰਗਟਾਇਆ ਜਾ ਰਿਹਾ ਸੀ ਦੂਜੇ ਪਾਸੇ ਨਾਲੋ-ਨਾਲ ਪੰਜਾਬ ਦੇ ਵੱਖ-ਵੱਖ ਕੋਨਿਆਂ ਵਿਚੋਂ ਬੇਅਦਬੀ ਦੀਆਂ ਹੋਰ ਘਟਨਾਵਾਂ ਵਾਪਰਣ ਦੀਆਂ ਖ਼ਬਰਾਂ ਵੀ ਆ ਰਹੀਆਂ ਸਨ। ਸਾਫ਼ ਪਤਾ ਲੱਗ ਰਿਹਾ ਸੀ ਕਿ ਇਹ ਸਭ ਕੁਝ ਬਲਦੀ 'ਤੇ ਤੇਲ ਪਾਉਣ ਲਈ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਬਹਿਬਲ ਕਲਾਂ ਵਿਚ ਪੁਲੀਸ ਦੀ ਗੋਲੀ ਨਾਲ ਦੋ ਸਿੰਘ ਸ਼ਹੀਦ ਵੀ ਹੋ ਗਏ ਸਨ। ਅਸਲ ਦੋਸ਼ੀਆਂ ਨੂੰ ਫੜਨ ਦੀ ਮੰਗ ਜ਼ੋਰ ਫੜਨ ਲੱਗੀ ਤਾਂ ਦੋ ਨੌਜਵਾਨਾਂ ਨੂੰ ਬਰਗਾੜੀ ਵਾਲੀ ਘਟਨਾ ਲਈ ਬਗ਼ੈਰ ਪੁਖਤਾ ਸਬੂਤਾਂ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਲੋਕਾਂ ਦੇ ਦਬਾਅ ਅੱਗੇ ਝੁਕਦਿਆਂ ਮਗਰੋਂ ਸਰਕਾਰ ਨੇ ਇਨ੍ਹਾਂ ਦੀ ਬਿਨਾਂ ਸ਼ਰਤ ਰਿਹਾਈ ਦੇ ਹੁਕਮ ਦੇ ਦਿੱਤੇ। ਕੁਝ ਹੋਰ ਥਾਵਾਂ ਦੀਆਂ ਘਟਨਾਵਾਂ ਵਿਚ ਬੇਅਦਬੀ ਦੇ ਜ਼ਿੰਮੇਵਾਰ ਜਿਹੜੇ ਵਿਅਕਤੀ ਫੜੇ ਗਏ ਉਹ ਸਿੱਧੇ-ਅਸਿੱਧੇ ਢੰਗ ਨਾਲ ਗੁਰੂ ਘਰਾਂ ਨਾਲ ਹੀ ਸੰਬੰਧਤ ਨਿਕਲੇ। ਬੜੀ ਅਜੀਬ ਜਿਹੀ ਸਥਿਤੀ ਬਣ ਗਈ। ਇਸ ਸਾਰੀ ਹਲਚਲ ਦਾ ਜੋ ਤੱਤ-ਨਿਚੋੜ ਸਾਹਮਣੇ ਆਇਆ ਹੈ ਉਹ ਇਹ ਹੈ ਕਿ ਪੰਜਾਬ ਦੇ ਹਾਲਾਤ ਜਾਣਬੁੱਝ ਕੇ ਵਿਗਾੜੇ ਜਾ ਰਹੇ ਸਨ ਤਾਂ ਕਿ ਕਿਸਾਨੀ ਦਾ ਧਿਆਨ ਉਨ੍ਹਾਂ ਦੀਆਂ ਗੰਭੀਰ ਆਰਥਕ ਸਮੱਸਿਆਵਾਂ, ਜਿਵੇਂ ਕਿ ਚਿੱਟੇ ਮੱਛਰ ਦੁਆਰਾ ਨਰਮਾ ਪੱਟੀ ਦੀ ਬਰਬਾਦੀ, ਕੀਟਨਾਸ਼ਕਾਂ ਦੀ ਸਪਲਾਈ ਵਿਚ ਹੋਈ ਵਿਆਪਕ ਹੇਰਾ-ਫੇਰੀ ਆਦਿ ਤੋਂ ਹਟਾ ਕੇ ਧਾਰਮਕ ਮਾਮਲਿਆਂ ਜਾਂ ਸੰਕਟਾਂ ਵੱਲ ਲਗਾ ਦਿੱਤਾ ਜਾਵੇ ਤੇ ਲਗਭਗ ਇੰਜ ਹੀ ਵਾਪਰਿਆ ਤੇ ਪੂਰਾ ਪੰਜਾਬ ਸਭ ਪਾਸਿਉਂ ਧਿਆਨ ਹਟਾ ਕੇ ਗੁਰੂ ਦੀ ਬੇਅਦਬੀ ਕਾਰਨ ਸਿਸਕਦਾ ਰਿਹਾ।

ਇਹ ਠੀਕ ਹੈ ਕਿ ਸਿੱਖ ਧਰਮ ਵਿਚ ਰਾਜਨੀਤੀ ਨੂੰ ਧਰਮ ਨਾਲੋਂ ਅਲੱਗ ਨਹੀਂ ਰੱਖਿਆ ਜਾਂਦਾ ਪਰ ਇਸ ਸੁਮੇਲ ਦੀ ਵੀ ਇਕ ਸੀਮਾ ਤੇ ਮਰਿਆਦਾ ਹੋਣੀ ਚਾਹੀਦੀ ਹੈ। ਮਨੁੱਖਤਾ ਦਾ ਮਾਰਗ ਦਰਸ਼ਨ ਕਰਨ ਵਾਲੀ ਬਾਣੀ ਨੂੰ ਸਿਆਸਤ ਦੇ ਬਿਲਕੁਲ ਨੀਵੇਂ ਧਰਾਤਲ 'ਤੇ ਘਸੀਟਣ ਦੀ ਕੋਸ਼ਿਸ਼ ਕਰਨਾ ਉਚਿਤ ਨਹੀਂ ਹੈ। ਇਸ ਕੋਸ਼ਿਸ਼ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਵੇ ਥੋੜ੍ਹੀ ਹੈ।

## ਤੇ ਰਾਮੂਵਾਲੀਆ ਦਲ ਬਦਲਦਾ ਰਿਹਾ

ਵੋਟ-ਰਾਜਨੀਤੀ ਪੰਜਾਬੀਆਂ ਦਾ ਮਨਭਾਉਂਦਾ ਖੇਤਰ ਹੈ। ਇਸ ਖੇਤਰ 'ਚ ਕਲਾ-ਬਾਜ਼ੀਆਂ ਲਾਉਣਾ ਉਨ੍ਹਾਂ ਨੂੰ ਖ਼ੂਬ ਪਸੰਦ ਹੈ। ਉਨ੍ਹਾਂ ਲਈ ਆਪਣੇ ਪੱਖ ਵਿਚ ਜਾਂ ਆਪਣੇ ਚਹੇਤਿਆਂ ਦੇ ਪੱਖ ਵਿਚ ਵੋਟਾਂ ਭੁਗਤਾਉਣਾ ਇਕ ਉਤਮ ਕਾਰਜ ਹੈ, ਅਜਿਹਾ ਕਰਦਿਆਂ ਹੋਇਆ ਉਹ ਪਾਰਟੀਆਂ ਜਾਂ ਸਿਆਸਤਦਾਨਾਂ ਦੇ ਰਾਜਸੀ ਪ੍ਰੋਗਰਾਮਾਂ 'ਤੇ ਨੀਤੀਆਂ ਦੀ ਵੀ ਘੱਟ ਹੀ ਪ੍ਰਵਾਹ ਕਰਦੇ ਹਨ। ਉਹ ਗ਼ਲਤ ਲੋਕਾਂ ਦੇ ਅੱਗੇ ਆ



ਜਾਣ ਦਾ ਦੁਖਾਂਤ ਤਾਂ ਹੱਸ ਕੇ ਭੋਗ ਲੈਂਦੇ ਹਨ। ਪਰ ਵੋਟਾਂ ਦੌਰਾਨ ਉਨ੍ਹਾਂ ਦੀ ਬਾਜ਼ ਅੱਖ ਵੋਟਾਂ ਤੋਂ ਉਰ੍ਹੇ-ਪਰ੍ਹੇ ਨਹੀਂ ਹੁੰਦੀ। ਪੰਜਾਬੀ ਰਾਜਨੀਤ ਦੇ ਖੇਤਰ ਵਿਚ ਨਵੇਂ-ਨਵੇਂ ਕੀਰਤੀਮਾਨ ਸਥਾਪਤ ਕਰ ਰਹੇ ਹਨ। ਕੈਨੇਡਾ ਦੀ ਸੰਸਦ ਵਿਚ ਇਨ੍ਹਾਂ ਨੇ ਪੰਜਾਬ ਤੋਂ ਵੀ ਬਹੁਤੇ ਪੰਜਾਬੀ ਦਾਖ਼ਲ ਕਰਨ ਵਿਚ ਸਫ਼ਲਤਾ ਹਾਸਲ ਕਰਨ ਲਈ ਹੈ। ਨਵੀਨਤਮ ਕੀਰਤੀਮਾਨ, ਜੋ ਪੰਜਾਬੀਆਂ ਦੇ ਹਿੱਸੇ ਆਇਆ ਹੈ, ਉਹ ਹੈ ਬਲਵੰਤ ਸਿੰਘ ਰਾਮੂਵਾਲੀਆ ਦਾ ਉਤਰ ਪ੍ਰਦੇਸ਼ ਦੀ ਸਰਕਾਰ ਵਿਚ ਕੈਬਨਿਟ ਮੰਤਰੀ ਦਾ ਅਹੁਦਾ ਹਾਸਲ ਕਰਨਾ। ਇਕ ਦਲ 'ਚੋਂ ਦੂਜੇ ਦਲ ਵਿਚ ਟਪੂਸੀ ਮਾਰਦੇ ਸਿਆਸਤਦਾਨਾਂ ਨੂੰ ਤਾਂ ਲੋਕ ਚਿਰ ਤੋਂ ਦੇਖਦੇ ਆ ਰਹੇ ਸਨ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਸਿਆਸਤਦਾਨ ਇਕ ਸੂਬੇ ਦੀ ਰਾਜਨੀਤੀ ਵਿਚੋਂ ਟਪੂਸੀ ਮਾਰ ਕੇ ਕਿਸੇ ਦੂਜੇ ਸੂਬੇ ਦੀ ਰਾਜਨੀਤੀ ਵਿਚ ਪਹੁੰਚ ਗਿਆ। ਐਨੀ ਉਚੀ ਤੇ ਲੰਮੀ ਛਾਲ ਲਈ ਬੜੀ ਤਾਕਤ ਚਾਹੀਦੀ ਹੈ। ਬਾਪੂ ਕਰਨੈਲ ਸਿੰਘ ਪਾਰਸ ਦੀਆਂ ਖਵਾਈਆਂ ਖੁਰਾਕਾਂ ਅਜੇ ਤਕ ਅਸਰ ਦਿਖਾ ਰਹੀਆਂ ਹਨ ਤੇ ਰਾਮੂਵਾਲੀਆ ਅੱਖ ਦੇ ਫੋਰ 'ਚ ਸਿਆਸੀ ਰੰਗ ਬਦਲ ਲੈਂਦਾ ਹੈ। ਦੁਹਰਾਉਣ ਦੀ ਲੋੜ ਨਹੀਂ, ਸਭ ਜਾਣਦੇ ਹਨ ਕਿ ਰਾਮੂਵਾਲੀਅ ਅਮੀਰ-ਵਜ਼ੀਰ ਬਣਨ ਦੇ ਚੱਕਰ 'ਚ ਕਿੰਨੀ ਮੌਕਾਪ੍ਰਸਤੀ ਵਰਤਦਾ ਆਇਆ ਹੈ। ਹੁਣ ਵੀ ਉਸ ਦਾ ਉਤਰ ਪ੍ਰਦੇਸ਼ 'ਚ ਕੈਬਨਿਟ ਮੰਤਰੀ ਬਣਨਾ ਇਸ ਕਰਕੇ ਨਹੀਂ ਅੱਖਰਦਾ ਕਿ ਉਸ ਨੇ ਬੜੀ ਔਖੀ ਘੜੀ ਬਾਦਲਾਂ ਦਾ ਸਾਥ ਛੱਡ ਦਿੱਤਾ ਹੈ, ਸਗੋਂ ਇਸ ਕਰ ਕੇ ਬੁਰਾ ਲਗਦਾ ਹੈ ਕਿ ਉਸ ਨੇ ਸਿਰੇ ਦੀ ਮੌਕਾਪ੍ਰਸਤੀ ਦਿਖਾਈ ਹੈ। ਉਸ ਨੇ ਜੇ ਸਿਰਫ਼ ਬਾਦਲਾਂ ਦਾ ਸਾਥ ਹੀ ਛੱਡਿਆ ਹੁੰਦਾ ਤਾਂ ਉਸ ਦੇ ਇਸ ਕਦਮ ਦਾ ਲੋਕਾਂ ਨੇ ਸਵਾਗਤ ਕਰਨਾ ਸੀ ਪਰ ਇਹ ਕਦਮ ਇਸ ਕਰ ਕੇ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ ਕਿਉਂਕਿ ਉਸ ਨੇ ਅਜਿਹਾ ਕਾਰਨਾਮਾ ਬਹੁਤ ਵੱਡੇ ਨਿੱਜੀ ਲਾਭ ਨੂੰ ਮੁੱਖ ਰੱਖ ਕੇ ਕੀਤਾ ਹੈ।

ਰਾਮੂਵਾਲੀਆ ਨੇ ਆਪਣੇ ਫ਼ੈਸਲੇ ਦੇ ਪੱਖ ਵਿਚ ਇਹ ਤਰਕ ਦਿੱਤਾ ਹੈ ਕਿ ਮੁਲਾਇਮ ਸਿੰਘ ਯਾਦਵ ਦਾ ਰਿਣ ਉਤਾਰਨ ਲਈ ਯੂ.ਪੀ. ਵਿਚ ਕੈਬਨਿਟ ਮੰਤਰੀ ਬਣਿਆ ਹੈ ਤੇ ਉਹ ਯੂ.ਪੀ. ਸਰਕਾਰ ਵਿਚ ਯੂ.ਪੀ. ਵਸਦੇ ਸਿੱਖਾਂ ਦਾ ਭਰੋਸਾ ਪੈਣਾ ਕਰੇਗਾ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੋ ਖ਼ੁਦ ਹੀ ਭਰੋਸੇਮੰਦ ਨਹੀਂ ਰਿਹਾ ਉਹ ਦੂਜਿਆਂ ਲਈ ਲੋਕਾਂ ਦਾ ਭਰੋਸਾ ਕੀ ਜਿੱਤ ਸਕੇਗਾ? ਜ਼ਾਹਰ ਹੈ ਕਿ ਰਾਮੂਵਾਲੀਆ ਦਾ ਇਹ ਤਰਕ ਬੇਬੁਨਿਆਦ ਹੈ। ਪੰਜਾਬ ਵਿਚ ਬਾਦਲਾਂ ਦਾ ਸਿਆਸੀ ਭਵਿੱਖ ਖਤਰੇ ਵਿਚ ਹੈ। ਪੰਜਾਬ ਸਕਰਾਰ ਦੀਆਂ ਜੜ੍ਹਾਂ ਖੋਖਲੀਆਂ ਹੋ ਚੁੱਕੀਆਂ ਹਨ। ਪੰਜਾਬ ਦੇ ਲੋਕ ਇਸ ਸਰਕਾਰ ਨੂੰ ਚਲਦਾ ਕਰਨ ਲਈ ਉਤਾਵਲੇ ਹਨ। ਅਕਾਲੀ ਦਲ (ਬ) ਦੀ ਡਿੱਗਦੀ ਸ਼ਾਖ ਨੂੰ ਭਾਂਪ ਕੇ ਰਾਮੂਵਾਲੀਆ ਇਸ ਪਾਰਟੀ ਨਾਲੋਂ ਨਾਤਾ ਤੋੜ ਕੇ ਪੱਤਰਾ ਵਾਚ ਗਿਆ ਹੈ। ਨਿਰਸੰਦੇਹ ਉਹ ਵੋਟ-ਰਾਜਨੀਤੀ ਨੂੰ ਕੁਝ ਹੋਰ ਪ੍ਰਦੂਸ਼ਿਤ ਕਰ ਗਿਆ ਹੈ।

## ਕਾਰੋਬਾਰ ਜਾਂ ਸਰਕਾਰ

ਬਾਦਲਾਂ ਨੇ ਪੰਜਾਬ ਵਿਚ ਆਪਣਾ ਕਾਰੋਬਾਰ ਚਲਾਉਣਾ ਹੈ ਜਾਂ ਆਪਣੀ ਸਰਕਾਰ? ਇਸ ਸਵਾਲ ਉਪਰ ਉਚ ਅਦਾਲਤ ਵਿਚ ਇਕ ਕੇਸ ਵੀ ਲੱਗਾ ਹੋਇਆ ਹੈ। ਬਾਦਲ ਪਰਿਵਾਰ ਇਸ ਸਮੇਂ ਦੇਸ਼ ਦਾ ਵੱਡਾ ਕਾਰੋਬਾਰੀ ਪਰਿਵਾਰ ਹੈ। ਪੰਜਾਬ ਦੀ ਨਿੱਜੀ ਟਰਾਂਸਪੋਰਟ ਉਪਰ ਇਸ ਦੀ ਲਗਭਗ ਅਜਾਰੇਦਾਰੀ ਹੀ ਹੈ। ਇਸ ਦੀਆਂ ਤਿੰਨ ਵੱਡੀਆਂ ਕੰਪਨੀਆਂ ਹਨ।

ਇਸ ਟਰਾਂਸਪੋਰਟ ਕਾਰੋਬਾਰੀ ਪਰਿਵਾਰ ਦੀ ਆਪਣੀ ਹੀ ਸਰਕਾਰ ਹੋਣ ਕਰ ਕੇ, ਸਰਕਾਰੀ ਤਰਜੀਹਾਂ ਅਤੇ ਰਿਆਇਤਾਂ ਦਾ ਝੁਕਾਅ



ਬਾਦਲ ਦੀਆਂ ਕੰਪਨੀਆਂ ਵੱਲ ਹੀ ਰਹਿੰਦਾ ਹੈ। ਇਸ ਸਥਿਤੀ ਵਿਚ ਸਰਕਾਰੀ ਖੇਤਰ ਦੀ ਟਰਾਂਸਪੋਰਟ ਨੂੰ ਬੇਹੱਦ ਨੁਕਸਾਨ ਪਹੁੰਚਿਆ ਹੈ। ਇਹ ਸਰਕਾਰੀ ਵਿਤਕਰੇ ਤੇ ਅਣਗਹਿਲੀ ਦਾ ਸ਼ਿਕਾਰ ਹੋ ਕੇ ਰਹਿ ਗਈ। ਦਰਅਸਲ, ਇਹ ਮਾਮਲਾ ਸਰਕਾਰੀ ਖ਼ਜ਼ਾਨੇ ਨੂੰ ਅਸਿੱਧੇ ਢੰਗ ਨਾਲ ਚੂਨਾ ਲਾਉਣ ਦਾ ਹੈ। ਜੇਕਰ ਸਰਕਾਰ ਖ਼ੁਦ ਸਰਕਾਰੀ ਖੇਤਰ ਦੀ ਟਰਾਂਸਪੋਰਟ ਨੂੰ ਪਿੱਛੇ ਰੱਖ ਕੇ, ਨਿੱਜੀ ਖੇਤਰ ਦੀ ਟਰਾਂਸਪੋਰਟ ਨੂੰ ਜਾਂ ਅਪਾਣੀ ਬਿਲਕੁਲ ਨਿੱਜੀ ਟਰਾਂਸਪੋਰਟ ਨੂੰ ਹੁਲਾਰਾ ਦਿੰਦੀ ਹੈ ਤਾਂ ਇਸ ਨਾਲ ਸਪੱਸ਼ਟ ਤੌਰ 'ਤੇ ਸਰਕਾਰੀ ਆਮਦਨ ਘਟਦੀ ਹੈ।

ਬਾਦਲਾਂ ਦੀ ਟਰਾਂਸਪੋਰਟ ਤਾਂ ਸਬੱਬ ਨਾਲ ਹੀ ਚਰਚਾ ਵਿਚ ਹੈ। ਇਸ ਪਰਿਵਾਰ ਦੇ ਕਈ ਹੋਰ ਕਾਰੋਬਾਰਾਂ ਦਾ ਹਿਸਾਬ-ਕਿਤਾਬ ਵੀ ਬੜਾ ਲੰਮਾ ਚੌੜਾ ਹੈ। ਹੋਟਲ ਸਨਅਤ ਵਿਚ ਵੀ ਇਸ ਨੇ ਪੈਰ ਪਸਾਰੇ ਹੋਏ ਹਨ ਤੇ ਕਈ ਚੈਨਲ (ਟੀ.ਵੀ.) ਇਨ੍ਹਾਂ ਦੇ ਕਬਜ਼ੇ ਹੇਠ ਹਨ। ਨਿੱਜੀ ਕਾਰੋਬਾਰਾਂ ਦੀ ਸੁਰੱਖਿਆ ਹਿੱਤ ਬਾਦਲ ਪਰਿਵਾਰ ਬਹੁਤ ਸੰਵੇਦਨਸ਼ੀਲ ਹੈ। ਇਸੇ ਕਰ ਕੇ ਬਾਦਲ ਪਰਿਵਾਰ ਕਿਸੇ ਵੀ ਕੀਮਤ 'ਤੇ ਸਿਆਸੀ ਤਾਕਤ ਆਪਣੇ ਹੱਥੋਂ ਨਹੀਂ ਜਾਣ ਦੇਣਾ ਚਾਹੁੰਦਾ।

ਖ਼ੈਰ ਇਹ ਇਕ ਚੰਗੀ ਗੱਲ ਹੈ ਕਿ ਬਾਦਲਾਂ ਦੇ ਨਿੱਜੀ ਕਾਰੋਬਾਰ ਦਾ ਮਾਮਲਾ ਲੋਕ ਕਚਹਿਰੀ ਵਿਚੋਂ ਨਿਕਲ ਕੇ ਨਿਆਂ ਪਾਲਿਕਾ ਕੋਲ ਪਹੁੰਚ ਗਿਆ ਹੈ। ਇਹ ਨਿਤਾਰਾ ਹੋ ਹੀ ਜਾਣਾ ਚਾਹੀਦਾ ਹੈ ਕਿ ਕੀ ਸਿਆਸੀ ਸੱਤਾ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਹੋਣੀ ਵਾਜਬ ਹੈ, ਜਿਨ੍ਹਾਂ ਦੇ ਆਪਣੇ ਵੱਡੇ-ਵੱਡੇ ਕਾਰੋਬਾਰ ਵੀ ਹੋਣ। ਕੀ ਅਜਿਹਾ ਹੋਣ ਨਾਲ ਸਿਆਸੀ ਸੱਤਾ ਦਾ ਦੁਰਉਪਯੋਗ ਹੋਣ ਦੀਆਂ ਸੰਭਾਵਨਾਵਾਂ ਖ਼ਤਰਨਾਕ ਹੱਦ ਤਕ ਨਹੀਂ ਵੱਧ ਜਾਣਗੀਆਂ?

## ਛੇਕੜਲੀ ਗੱਲ

ਉਹ ਦੋਵੇਂ ਚੰਡੀਗੜ੍ਹ ਤੋਂ ਲੁਧਿਆਣੇ ਆ ਰਹੇ ਸਨ, ਕਾਰ ਰਾਹੀਂ।

ਇਕ ਨੇ ਸਹਿਜ ਸੁਭਾਵਿਕ ਹੀ ਦੂਜੇ ਨੂੰ ਕਿਹਾ, "ਮਾਸਟਰ, ਰਾਹ 'ਚ ਇਕ ਦੁਕਾਨ ਆਊ, ਉਥੋਂ ਸਾਰੀਆਂ ਕਿਤਾਬਾਂ ਮਿਲ ਜਾਂਦੀਆਂ, ਕਾਮਰੇਡਾਂ ਵਾਲੀਆਂ ਸਾਰੀਆਂ ਕਿਤਾਬਾਂ।"

ਮਾਸਟਰ ਨੂੰ ਇਹ ਗੱਲ ਜ਼ਰਾ ਚੁਭ ਗਈ, ਉਹ ਸੋਚਣ ਲੱਗਾ, ਇਹ ਵੀ ਭਲਾ ਕੀ ਗੱਲ ਹੋਈ, ਕਾਮਰੇਡਾਂ ਵਾਲੀਆਂ ਸਾਰੀਆਂ ਕਿਤਾਬਾਂ! ਕਿਤਾਬਾਂ ਭਲਾ ਕੋਈ ਵੰਡੀਆਂ ਹੁੰਦੀਆਂ ਨੇ। ਸੋਚਦਿਆਂ-ਸੋਚਦਿਆਂ ਉਹਨੇ ਵੀ ਮੋੜ ਦੇਣ ਲਈ ਕਹਿ ਦਿੱਤਾ, "ਉਸ ਦੁਕਾਨ ਤੋਂ ਅੱਗੇ ਇਕ ਹੋਰ ਦੁਕਾਨ ਵੀ ਆਊ, ਉਥੋਂ ਵੀ ਸਾਰੀਆਂ ਕਿਤਾਬਾਂ ਮਿਲ ਜਾਂਦੀਆਂ, ਜਥੇਦਾਰਾਂ ਵਾਲੀਆਂ ਸਾਰੀਆਂ ਕਿਤਾਬਾਂ।"

ਪਹਿਲਾ ਜਣਾ ਹੱਸਦਿਆਂ ਕਹਿਣ ਲੱਗਾ, "ਕਾਮਰੇਡ, ਕਿਉਂ ਝੂਠ ਬੋਲਦੈਂ, ਜਥੇਦਾਰ ਤਾਂ ਕਿਤਾਬਾਂ ਪੜ੍ਹਦੇ ਈ ਨਹੀਂ... ਜਥੇਦਾਰਾਂ ਦੀਆਂ ਕਿਤਾਬਾਂ ਤਾਂ ਹੁੰਦੀਆਂ ਈ ਨਹੀਂ...।"

# *Adolescents' Use of Alcohol, Tobacco and Illicit Drugs in Relation to Prenatal Alcohol Exposure*

**Manuela Pfinder**



Aims: The study aimed to investigate (a) the association between low to moderate prenatal alcohol exposure (PAE) and the use of alcohol, tobacco and illicit drugs in adolescence and (b) whether the associations are modified by gender and ethnicity. Methods: The subjects of the study were 5922 children and adolescents, aged from 11 to 17 years, enrolled in the cross-sectional German Health Interview and Examination Survey for Children and Adolescents (the KiGGS study). Information on PAE is based on parental self-report questionnaires. Use of alcohol, tobacco and illicit drugs was assessed through self-report questionnaires for adolescents. Results: Low to moderate PAE was associated with an increased risk of drinking alcohol (adjusted odds ratio (OR) 1.73, 95% confidence interval (CI) 1.34, 2.18) and also of illicit drug use (adjusted OR 1.62, 95% CI 1.23, 2.14). The associations between PAE and the use of alcohol, tobacco and illicit drugs differed according to gender and ethnicity. Gender-stratified analyses resulted in adverse effects of PAE on drinking alcohol, smoking and illicit drug use in females; however, in German males, the associations disappeared. Stronger associations between PAE and the outcome measures were found in non-Germans. Conclusions: Our findings indicate that low to moderate levels of maternal alcohol intake during pregnancy are a risk factor for use of alcohol, tobacco and illicit drugs by the offspring, with stronger associations in females and non-Germans.

Frequency analyses were applied in order to examine the sample characteristics and multiple logistic regression analyses were performed to examine the association between PAE and the use of alcohol, tobacco and illicit drugs. Model 1 was adjusted for gender, age, ethnicity, SES, quality of life within the family, paternal smoking, school failure, friends who smoke and maternal smoking during pregnancy.

50.5% were male and 49.5% were female. The mean age was 14.3 years. Of the adolescents in the sample, 26.2% had a low SES, 48.2% had a middle SES, 25.0% had a high SES and 18.7% had a non-German ethnic background. The prevalence of paternal smoking was 52.5% and 43.8% of the children and adolescents reported having friends who smoke. The need to repeat a class was experienced by 15.3%. Exposure to tobacco smoke during pregnancy was reported by 16.1%, with 4.1% smoking regularly during pregnancy. PAE was reported by 14.2%. The prevalence of psychoactive substance use was the following: 21.1% reported drinking, 18.1% smoking and 7.4% illicit drug use.



# UNDERSTANDING YOUR CREDIT REPORT

As credit has become more and more abundant in our society, your credit report, and your credit rating has become more important in your daily life. Your credit rating affects all aspects of your financial activities when it comes to borrowing money. Your credit rating also has the ability to affect the job you get, the apartment you rent, and even the ability to open a bank account.

Your credit report itself is simply a listing of all of your mortgage and consumer debt. Here in Canada, the two main credit reporting agencies are Trans Union and Equifax. Both agencies have a credit history file on anyone who has ever borrowed money. Every time you borrow money, or make a payment on a loan or credit card, the lender then reports the information about the transaction to these two agencies. In addition to credit information, you will also find liens and judgments on your credit report as well as your address and possibly your work history. The accumulation of all of this information is called your credit report.

The information on your credit report varies based on your creditors and what they have reported about you. Potential lenders and others, such as employers, view your credit history as a reflection of your character. Whether we like it or not, our financial habits have a lot to say about the way in which we choose to live our lives.

The credit score, or “beacon score”, is a number which gives mortgage lenders an idea of your lending risk.

Credit scores range from 300 to 900, the higher your credit score the better. The mortgage products and interest rate that you will qualify for are often determined by your credit score.

One thing that many people do not know is that you have the legal right to obtain a copy of your credit report. A mortgage broker can help you obtain a copy of this report and go through it with you to verify that all of the information is true and correct.

The good news is that your credit report is a working document. This means that you have the ability over time, to repair any damaged credit and increase your credit score. It’s a great idea to seek help, if you feel your credit rating might be scarred in some way. Give me a call today for a free consultation.



DOMINION LENDING CENTRES Mortgage Force

**Sunny Vig**
Mortgage Broker/Franchise Owner
(780)-466-9898 Ext. 203
(780)-270-2727

# ਅਸਹਿਣਸ਼ੀਲਤਾ ਦਾ ਟਾਕਰਾ ਕਰਨ ਲਈ ਫਿਰਕਾਪ੍ਰਸਤੀ, ਅੱਤਵਾਦ ਤੇ ਵੰਡਵਾਦ ਦਾ ਵਿਰੋਧ ਜ਼ਰੂਰੀ




ਮੰਗਤ ਰਾਮ ਪਾਸਲਾ
+91-98141-82998


ਦੇਸ਼ ਅਤੇ ਪੰਜਾਬ ਵਿਚ ਚਲ ਰਹੇ ਅਜੋਕੇ ਘਟਨਾਕ੍ਰਮ ਬਾਰੇ ਆਮ ਲੋਕਾਂ ਅਤੇ ਖਾਸ ਤੌਰ 'ਤੇ ਜਮਹੂਰੀ ਹਲਕਿਆਂ ਵਿਚ ਡੂੰਘੀ ਚਿੰਤਾ ਪਾਈ ਜਾ ਰਹੀ ਹੈ। ਮੋਦੀ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ 'ਧਰਮ ਨਿਰਪਖਤਾ' ਤੇ 'ਅਸਹਿਨਸ਼ੀਲਤਾ' ਵਰਗੇ ਸ਼ਬਦਾਂ ਦੇ ਅਰਥ ਜਾਣਬੁੱਝ ਕੇ ਸਿਆਸੀ ਮੰਤਵਾਂ ਦੀ ਪੂਰਤੀ ਲਈ ਬਦਲੇ ਜਾ ਰਹੇ ਹਨ। ਜਿਥੇ ਸੰਘ ਨੇਤਾ ਧਰਮ ਨਿਰਪਖਤਾ ਨੂੰ ਹਿੰਦੂ ਵਿਰੋਧਤਾ ਦਾ ਨਾਂਅ ਦੇ ਰਹੇ ਹਨ, ਉਥੇ ਗਊ ਮਾਸ ਦੇ ਝੂਠੇ ਇਲਜ਼ਾਮ ਹੇਠ ਨਿਰਦੋਸ਼ ਲੋਕਾਂ ਦੀਆਂ ਵਹਿਸ਼ੀ ਹਤਿਆਵਾਂ, ਵਿਰੋਧੀ ਵਿਚਾਰ ਰੱਖਣ ਵਾਲੇ ਲੋਕਾਂ ਦੇ ਮੂੰਹ ਨੂੰ ਕਾਲਖ ਮਲਣ ਅਤੇ ਘਟ ਗਿਣਤੀਆਂ ਖਾਸ ਕਰ ਮੁਸਲਮਾਨਾਂ ਵਿਰੁਧ ਕੀਤੇ ਜਾ ਰਹੇ ਦੁਸ਼ਪ੍ਰਚਾਰ ਤੇ ਨਿੱਤ ਵਾਪਰਦੀਆਂ ਫ਼ਿਰਕੂ ਹਿੰਸਕ ਘਟਨਾਵਾਂ ਦੇ ਬਾਵਜੂਦ ਨਰਿੰਦਰ ਮੋਦੀ ਵਿਦੇਸ਼ਾਂ ਵਿਚ "ਸਭ ਅੱਛਾ" ਕਹਿ ਕੇ ਭਾਰਤ ਅੰਦਰ ਕਿਸੇ ਵੀ ਤਰ੍ਹਾਂ ਦੀ ਅਸਹਿਨਸ਼ੀਲਤਾ ਦੇ ਮਾਹੌਲ ਦੇ ਹੋਣ ਦਾ ਖੰਡਨ ਕਰ ਰਿਹਾ ਹੈ। ਦਰਜਨਾਂ ਬੁਧੀਜੀਵੀਆਂ, ਲੇਖਕਾਂ ਤੇ ਵਿਗਿਆਨੀਆਂ ਵਲੋਂ ਇਸ ਦਮ ਘੁਟਵੇਂ ਮਾਹੌਲ ਦੇ ਵਿਰੋਧ ਵਿਚ ਆਪਣੇ ਸਨਮਾਨ ਵਾਪਸ ਕਰਨ ਦੀ ਇਕ ਸ਼ਲਾਘਾਯੋਗ ਕਾਰਵਾਈ ਨੇ ਸੰਘ ਪਰਿਵਾਰ ਦੇ ਗਲਤ ਵਿਵੇਕ ਨੂੰ ਝੰਜੋੜਾ ਦੇਣ ਦੀ ਥਾਂ ਉਲਟਾ, ਟੀ. ਵੀ. ਦੀਆਂ ਬਹਿਸਾਂ ਵਿਚ, ਭਾਜਪਾ ਆਗੂ ਤੇ ਸੰਘ ਦੇ ਬੁਲਾਰੇ ਉਨ੍ਹਾਂ ਬੁੱਧੀਜੀਵੀਆਂ ਬਾਰੇ ਅਤਿ ਘਟੀਆ ਸ਼ਬਦਾਵਲੀ ਦਾ ਪ੍ਰਯੋਗ ਕਰ ਰਹੇ ਹਨ। ਦੇਸ਼ ਵਿਦੇਸ਼ ਤੋਂ ਪੈ ਰਹੀਆਂ ਲਾਹਨਤਾਂ ਤੇ ਬਿਹਾਰ ਚੋਣਾਂ ਅੰਦਰ ਨਰਿੰਦਰ ਮੋਦੀ ਦੀ ਕਮਾਨ ਹੇਠ ਭਾਜਪਾ ਦੀ ਲੱਕ ਤੋੜਵੀਂ ਹਾਰ ਦੇ ਬਾਵਜੂਦ ਫ਼ਿਰਕੂ ਤੱਤ ਆਪਣੇ ਜ਼ਹਿਰੀਲੇ ਪ੍ਰਚਾਰ ਤੋਂ ਪਿਛਾਂਹ ਨਹੀਂ ਹੱਟ ਰਹੇ। ਇਹ ਸਭ ਕੁਝ ਆਰ.ਐਸ.ਐਸ. ਦੀ ਦੇਸ਼ ਨੂੰ ਇਕ ਧਰਮ ਅਧਾਰਤ 'ਹਿੰਦੂ ਰਾਸ਼ਟਰ' ਬਣਾਉਣ ਦੀ ਸੋਚੀ ਸਮਝੀ ਯੋਜਨਾ ਅਧੀਨ ਕੀਤਾ ਜਾ ਰਿਹਾ ਹੈ। ਨਰਿੰਦਰ ਮੋਦੀ ਦੀ ਸਰਕਾਰ ਆਰ.ਐਸ.ਐਸ. ਦੀ ਇਸ ਸਾਜਿਸ਼ ਨੂੰ ਸਿਰੇ ਚਾੜ੍ਹਨ ਦਾ ਇਕ ਸਾਧਨ ਮਾਤਰ ਬਣ ਚੁੱਕੀ ਹੈ।

ਇਸ ਅਸ਼ਾਂਤ ਵਾਤਾਵਰਣ ਦਾ ਅਸਰ ਬਾਕੀ ਰਾਜਾਂ ਵਾਂਗ ਪੰਜਾਬ ਅੰਦਰ ਹੋਣਾ ਵੀ ਲਾਜ਼ਮੀ ਹੈ। ਪਿਛਲੇ ਦਿਨੀਂ ਸਿੱਖਾਂ ਅੰਦਰ ਕੁਝ ਗਰਮ ਦਲੀਏ ਤੱਤਾਂ ਵਲੋਂ ਇਤਰਾਜ਼ਯੋਗ ਭੜਕਾਊ ਕਾਰਵਾਈਆਂ ਕੀਤੀਆਂ ਗਈਆਂ। ਬਹਾਨਾ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਦੀ ਬੇਅਦਬੀ ਦਾ ਬਣਾਇਆ ਗਿਆ ਹੈ। ਹਰ ਮਨੁੱਖੀ ਹਿਰਦਾ ਗੁਰੂ ਗ੍ਰੰਥ ਸਾਹਿਬ ਜਾਂ ਕਿਸੇ ਵੀ ਧਰਮ ਦੀ ਧਾਰਮਕ ਪੋਥੀ ਦਾ ਅਨਾਦਰ ਹੁੰਦਿਆਂ ਦੇਖ ਕੇ ਵਲੂੰਧਰਿਆ ਜਾਂਦਾ ਹੈ। ਅਜਿਹੇ ਕੁਕਰਮ ਦਾ ਜਮਹੂਰੀ ਵਿਧੀ ਨਾਲ ਵਿਰੋਧ ਵੀ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਭੜਕਾਊ ਕਾਰਵਾਈਆਂ ਕੋਈ ਵੀ ਵੱਖਵਾਦੀ ਸੰਗਠਨ ਜਾਂ ਸਰਕਾਰੀ ਖੁਫ਼ੀਆਂ ਏਜੰਸੀਆਂ ਦਾ ਕੋਈ ਹੱਥਠੋਕਾ ਹੀ ਕਰ ਸਕਦਾ ਹੈ। ਪ੍ਰੰਤੂ ਇਸ ਬੇਅਦਬੀ ਦੀ ਆੜ ਹੇਠਾਂ ਕੁਝ ਸ਼ਰਾਰਤੀ ਲੋਕਾਂ ਵੱਲੋਂ ਹਥਿਆਰਬੰਦ ਹੋ ਕੇ ਹੁਲ੍ਹੜਬਾਜ਼ੀ ਕਰਨਾ, ਖਾਲਿਸਤਾਨ ਦੇ ਨਾਅਰੇ ਲਾਉਣੇ ਤੇ ਦੂਸਰੇ ਫਿਰਕੇ ਦੇ ਲੋਕਾਂ ਨਾਲ ਟਕਰਾਅ ਦੀ ਹੱਦ ਤੱਕ ਚਲੇ ਜਾਣਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਇਕ ਧਰਮ ਦੇ ਅਨੁਆਈ ਵਲੋਂ ਕੀਤੀ ਕੋਈ ਵੀ ਅਣਸੁਖਾਵੀਂ ਕਾਰਵਾਈ ਦੂਸਰੇ ਫ਼ਿਰਕੇ ਵਿਚਲੇ ਸ਼ਰਾਰਤੀ ਲੋਕਾਂ ਨੂੰ ਮੋੜਵੀਂ ਕਾਰਵਾਈ ਕਰਨ ਦਾ ਬਹਾਨਾ ਦੇ ਦਿੰਦੀ ਹੈ। ਇਸ ਢੰਗ ਨਾਲ ਪੈਦਾ ਹੋਏ ਤਨਾਅ ਨਾਲ ਸਾਡੀਆਂ ਆਪਸ ਵਿਚਲੀਆਂ ਸਮਾਜਿਕ ਸਦਭਾਵਨਾ ਦੀਆਂ ਪਿਆਰ ਭਰੀਆਂ ਤੰਦਾਂ ਤਾਰ-ਤਾਰ ਹੋ ਜਾਂਦੀਆਂ ਹਨ ਤੇ ਇਕ ਦੂਸਰੇ ਪ੍ਰਤੀ ਨਿਰਮੂਲ ਸ਼ੰਕੇ ਪੈਦਾ ਕਰ ਦਿੰਦੀਆਂ ਹਨ। ਸਭ ਤੋਂ ਵਧ ਨੁਕਸਾਨ ਹੁੰਦਾ ਹੈ ਕਿਰਤ ਕਰਨ ਵਾਲੇ ਲੋਕਾਂ ਦੀ ਏਕਤਾ ਤੇ ਯਕਯਹਿਤੀ ਦਾ, ਜੋ ਆਪਣੀ ਰੋਟੀ-ਰੋਜ਼ੀ ਲਈ ਮੌਜੂਦਾ ਹਾਕਮਾਂ ਵਿਰੁੱਧ ਹੱਕੀ ਲੜਾਈਆਂ ਲੜ ਰਹੇ ਹੁੰਦੇ ਹਨ। ਉਂਝ ਵੀ ਫ਼ਿਰਕੂ ਆਧਾਰ ਉਪਰ ਸਮਾਜ ਅੰਦਰ ਪੈਦਾ ਹੋਈ ਬਦਅਮਨੀ ਸਭ ਲਈ ਹੀ ਹਾਨੀਕਾਰਕ ਹੈ। ਦੇਸ਼ ਦੇ ਰਾਜ ਭਾਗ ਉਪਰ ਬਿਰਾਜਮਾਨ ਰਾਜਸੀ ਧਿਰਾਂ, ਜੋ ਦੇਸ਼ ਦੇ ਲੋਕਾਂ ਦੀ ਅੰਨ੍ਹੀਂ ਲੁੱਟ-ਖਸੁੱਟ ਕਰ ਰਹੀਆਂ ਹਨ ਤੇ ਵਿਦੇਸ਼ੀ ਲੁਟੇਰਿਆਂ ਨੂੰ ਇਸ 'ਸੋਨੇ ਦੀ ਚਿੜੀ' ਦੇ ਰਹਿੰਦੇ ਖੂੰਹਦੇ ਖੰਭ ਨੋਚਣ ਲਈ ਖੁਲ੍ਹੇ ਸੱਦੇ ਦੇ ਰਹੀਆਂ ਹਨ, ਇਨ੍ਹਾਂ ਤਣਾਅਪੂਰਨ ਪ੍ਰਸਥਿਤੀਆਂ ਤੋਂ ਡਾਢੀਆਂ ਪ੍ਰਸੰਨ ਹਨ। ਕਿਸੇ ਵੀ ਇਤਰਾਜ਼ਯੋਗ ਬਿਆਨ ਦੇਣ ਵਾਲੇ ਵਿਅਕਤੀ ਵਿਰੁੱਧ ਕੋਈ ਸਖ਼ਤ ਕਨੂੰਨੀ ਕਾਰਵਾਈ ਕਰਨ ਦੀ ਥਾਂ ਸਿਰਫ਼ ਪੱਲਾ ਛੁਡਾਅ ਕੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਦਾ ਡਰਾਮਾ ਕੀਤਾ ਜਾਂਦਾ ਹੈ। ਖਾਲਿਸਤਾਨ ਜਾਂ ਵੱਖਵਾਦ ਦੇ ਮੁੱਦੇ 'ਤੇ ਪੰਜਾਬ ਵਿਚਲੇ ਸ਼ਰਾਰਤੀ ਤੱਤਾਂ ਨੂੰ ਬਹੁਤੀ ਜਨਤਕ ਹਮਾਇਤ ਨਹੀਂ ਮਿਲੀ। ਇਹ ਪੰਜਾਬ ਦੇ ਲੋਕਾਂ ਦੀ ਫ਼ਿਰਕੂ ਸਦਭਾਵਨਾ ਦੀ ਸਿਹਤਮੰਦ ਪ੍ਰੰਪਰਾ, ਪਿਛਲੇ ਅੱਤਵਾਦ ਦੇ ਕਾਲੇ ਦਿਨਾਂ ਦੌਰਾਨ ਹੋਏ ਕੌੜੇ ਤਜ਼ਰਬੇ ਤੇ ਪੰਜਾਬ ਦੀਆਂ ਖੱਬੇਪੱਖੀ ਤੇ ਜਮਹੂਰੀ ਸ਼ਕਤੀਆਂ ਦੀਆਂ ਲੋਕ ਮੁੱਦਿਆਂ ਉਪਰ ਅਧਾਰਤ ਅਤੇ ਕੇਂਦਰੀ ਤੇ ਸੂਬਾਈ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਦੇ ਵਿਰੋਧ ਵਿਚ ਕੀਤੀਆਂ ਜਨਤਕ ਸਰਗਰਮੀਆਂ ਦਾ ਲਾਜ਼ਮੀ ਸਿੱਟਾ ਕਿਹਾ ਜਾ ਸਕਦਾ ਹੈ। ਪ੍ਰੰਤੂ ਅਕਾਲੀ ਦਲ-ਭਾਜਪਾ ਸਰਕਾਰ, ਤੇ ਖਾਸਕਰ ਬਾਦਲ ਪਰਿਵਾਰ ਵਲੋਂ ਲਗਭਗ ਪਿਛਲੇ 8 ਸਾਲਾਂ ਤੋਂ ਲੋਕਾਂ ਦੀ ਕੀਤੀ ਜਾ ਰਹੀ ਬੇਕਿਰਕ ਲੁਟ ਖਸੁਟ ਤੋਂ ਦੁਖੀ ਜਨ ਸਮੂਹਾਂ ਦੇ ਸਰਕਾਰ ਵਿਰੋਧੀ ਜ਼ਜ਼ਬੇ ਦਾ ਲਾਹਾ ਕੁਝ ਸ਼ਰਾਰਤੀ ਲੋਕਾਂ ਨੇ ਵੀ ਇਕ ਹੱਦ ਤੱਕ ਜ਼ਰੂਰ ਉਠਾਇਆ ਹੈ, ਜਿਨ੍ਹਾਂ ਦਾ ਸ਼ੱਕੀ ਰੋਲ ਲੋਕਾਂ ਨੇ ਅੱਤਵਾਦ ਦੇ ਕਾਲੇ ਦੌਰ ਦੌਰਾਨ ਆਪਣੇ ਅੱਖੀਂ ਡਿੱਠਾ ਹੈ। 'ਸਰਬਤ ਖਾਲਸਾ' ਦੇ ਨਾਮ ਉਪਰ ਕੀਤੇ ਇਕੱਠ ਵਿਚ ਪਾਸ ਕੀਤੇ ਗਏ ਮਤੇ ਕਿਸੇ ਧਾਰਮਕ ਕੁਰੀਤੀਆਂ ਕਰਨ ਵਾਲੇ ਦੋਸ਼ੀਆਂ ਉਪਰ ਉਂਗਲ ਧਰਨ ਦੀ ਥਾਂ ਵੱਖਵਾਦੀ ਰਾਜਨੀਤੀ ਨੂੰ ਹਵਾ ਦੇਣ ਵਾਲੇ ਜ਼ਿਆਦਾ ਜਾਪਦੇ ਹਨ। ਵੱਖ-ਵੱਖ ਦੋਸ਼ਾਂ ਵਿਚ ਸਜ਼ਾ ਭੁਗਤ ਰਹੇ ਜਾਂ ਸੰਗੀਨ ਅਪਰਾਧਾਂ ਵਿਚ ਕਾਨੂੰਨੀ ਤੌਰ 'ਤੇ ਨਾਮਜ਼ਦ ਹੋਏ ਵਿਅਕਤੀਆਂ ਨੂੰ ਉਚ ਧਾਰਮਿਕ ਅਹੁਦਿਆਂ ਉਪਰ ਚੁਣ ਕੇ ਉਨ੍ਹਾਂ ਨੂੰ ਸਿੱਖ ਜਨ ਸਮੂਹਾਂ ਦੀ ਅਗਵਾਈ ਦੇਣ ਦਾ ਜ਼ਿੰਮਾ ਦੇਣਾ ਪੰਜਾਬ ਨੂੰ ਫਿਰ ਤੋਂ ਹਿੰਸਾ ਤੇ ਵੱਖਵਾਦ ਦੀ ਅੱਗ ਵਿਚ ਝੋਕਣ ਦੇ ਤੁੱਲ ਹੈ।




ਧਰਮ ਤੇ ਸਿਆਸਤ ਨੂੰ ਰਲਗਡ ਕਰਕੇ ਜਾਂ ਕਹਿ ਲਓ ਧਰਮ ਦੀ ਓਟ ਹੇਠ ਰਾਜਨੀਤਕ ਲਾਭ ਲੈਣ ਦੇ ਜਿਸ ਹਥਿਆਰ ਦੀ ਵਰਤੋਂ ਸ. ਪ੍ਰਕਾਸ਼ ਸਿਘ ਬਾਦਲ ਤੇ ਉਨ੍ਹਾਂ ਦੇ ਸਹਿਯੋਗੀ ਕਰਦੇ ਆਏ ਹਨ, ਉਸੇ ਹਥਿਆਰ ਨਾਲ ਲੋਕਾਂ ਵਿਚੋਂ ਛਾਂਗੇ ਹੋਏ ਕਥਿਤ ਸਿੱਖ ਆਗੂ ਲੋਕਾਂ ਨੂੰ ਆਪਣੇ ਪਿੱਛੇ ਲਾਮਬੰਦ ਕਰਨ ਦਾ ਯਤਨ ਕਰ ਰਹੇ ਹਨ। ਮੋਦੀ ਸਰਕਾਰ ਵੀ ਖੁਲ੍ਹੇ ਰੂਪ ਵਿਚ ਬਹੁ ਗਿਣਤੀ ਹਿੰਦੂ ਧਰਮ ਦੇ ਚਿੰਨ੍ਹਾਂ ਤੇ ਮਾਨਤਾਵਾਂ ਦੀ ਵਰਤੋਂ ਆਪਣੇ ਰਾਜਨੀਤਕ ਹਿੱਤਾਂ ਨੂੰ ਬੜ੍ਹਾਵਾ ਦੇਣ ਲਈ ਕਰ ਰਹੀ ਹੈ ਤੇ ਆਰ.ਐਸ. ਐਸ. ਵਰਗੀ ਫ਼ਿਰਕੂ ਸੰਸਥਾ ਤੋਂ ਮਾਰਗ ਦਰਸ਼ਨ ਹਾਸਲ ਕਰ ਰਹੀ ਹੈ। ਮੂਲ ਨੁਕਸ, ਜਿਸਦਾ ਸਭ ਜਮਹੂਰੀ ਤੇ ਧਰਮ ਨਿਰਪੱਖ ਸ਼ਕਤੀਆਂ ਤੇ ਪੰਜਾਬ ਅੰਦਰ ਖਾਸ ਕਰ ਸਿੱਖ ਧਰਮ ਨਾਲ ਸਬੰਧਿਤ ਬੁੱਧੀਜੀਵੀਆਂ ਤੇ ਵਿਚਾਰਵਾਨਾਂ ਨੂੰ ਵਿਰੋਧ ਕਰਨਾ ਚਾਹੀਦਾ ਹੈ, ਉਹ ਹੈ-ਧਰਮ ਤੇ ਰਾਜਨੀਤੀ ਦਾ ਰਲੇਵਾਂ। ਕਿਸੇ ਸਮੇਂ ਅਜਿਹਾ ਕਰਨਾ ਸ਼ਾਇਦ ਸਮਾਜਿਕ ਵਿਕਾਸ ਤੇ ਲੋਕ-ਦੁਸ਼ਮਣ ਤਾਕਤਾਂ ਦਾ ਟਾਕਰਾ ਕਰਨ ਲਈ ਲਾਹੇਵੰਦ ਰਿਹਾ ਹੋਵੇ। ਪ੍ਰੰਤੂ ਅੱਜ ਜਦੋਂ ਪੂੰਜੀਵਾਦੀ ਪ੍ਰਬੰਧ ਅੰਦਰ ਸਮਾਜਿਕ ਵੰਡ ਸਪਸ਼ਟ ਰੂਪ ਵਿਚ ਜਮਾਤੀ ਰੂਪ ਅੰਦਰ ਦੇਖੀ ਜਾ ਸਕਦੀ ਹੈ ਤੇ ਇਕ ਧਰਮ ਦੇ ਪੈਰੋਕਾਰ ਆਪਣੇ ਹੀ ਸਹਿਧਰਮੀਆਂ ਨੂੰ ਦਬਾਉਣ ਤੇ ਲੁੱਟਣ ਦਾ ਧੰਦਾ ਕਰ ਰਹੇ ਹਨ, ਤਦ 'ਧਰਮ ਤੇ ਰਾਜਨੀਤੀ' ਨੂੰ ਰਲਗੱਡ ਕਰਨ ਦਾ ਨਤੀਜਾ ਹਮੇਸ਼ਾਂ ਲੁਟੇਰੀਆਂ ਧਿਰਾਂ ਦੇ ਹੱਕ ਵਿਚ ਹੀ ਨਿਕਲਦਾ ਹੈ। ਧਰਮ ਤੇ ਰਾਜਨੀਤੀ ਨੂੰ ਇਕਮਿਕ ਕਰਨ ਵਾਲੇ ਸਾਰੇ ਧਰਮਾਂ ਦੇ ਲੋਕਾਂ ਨੇ ਵੇਲਾ ਵਿਹਾ ਚੁਕੇ ਧਾਰਮਿਕ ਚਿੰਨ੍ਹਾਂ, ਪ੍ਰੰਪਰਾਵਾਂ, ਰਹੁ ਰੀਤਾਂ ਤੇ ਧਾਰਮਿਕ ਰਿਵਾਜ਼ਾਂ ਨੂੰ ਸਥੂਲ ਬਣਾ ਕੇ ਧਰਮ ਵਿਚਲੀਆਂ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਪਿਛਾਂਹ ਧੱਕ ਦਿੱਤਾ ਹੈ। ਜੇਕਰ ਸਿੱਖ ਧਰਮ ਦੇ ਇਤਿਹਾਸ ਨੂੰ ਹੀ ਦੇਖੀਏ ਤਾਂ ਸੌਖਿਆਂ ਹੀ ਸਮਝ ਪੈਂਦੀ ਹੈ ਕਿ ਸਿੱਖਾਂ ਲਈ 5 ਕਕਾਰਾਂ ਦੀ ਰਵਾਇਤ, ਗੁਰੂ ਗ੍ਰੰਥ ਸਾਹਿਬ ਵਰਗੇ ਉਚ ਪਾਏ ਦੇ ਧਾਰਮਿਕ ਗ੍ਰੰਥ ਨੂੰ ਗੁਰੂ ਦਾ ਦਰਜਾ ਦੇਣ, 'ਸਰਬਤ ਖਾਲਸਾ' ਵਰਗੇ ਸਮੂਹਿਕ ਇਕੱਠ ਬੁਲਾਉਣ ਦੇ ਮਨਸ਼ੇ ਅਤੇ ਅੰਮ੍ਰਿਤ ਛਕਣ ਦੀ ਪਰੰਪਰਾ ਰਾਹੀਂ ਨਿਮਾਣੇ ਲੋਕਾਂ ਵਿਚ ਸਵੈਮਾਨ ਦੀ ਭਾਵਨਾ ਭਰਕੇ ਆਪਣੇ ਹੱਕਾਂ ਲਈ ਜੂਝਣ ਦੀ ਸ਼ਕਤੀ ਪੈਦਾ ਕਰਨ ਦੀ ਸੰਕੇਤਕ ਵਿਧੀ ਤੇ ਹੋਰ ਬਹੁਤ ਸਾਰੀਆਂ ਧਾਰਮਿਕ ਰਹੁ ਰੀਤਾਂ ਉਸ ਸਮੇਂ ਦੀਆਂ ਲੋੜਾਂ ਤੇ ਹਾਲਾਤ ਨੂੰ ਸਨਮੁੱਖ ਰੱਖ ਕੇ ਬਣਾਈਆਂ ਗਈਆਂ ਸਨ। ਅੱਜ ਦੇ ਵਿਗਿਆਨਕ ਯੁੱਗ ਵਿਚ ਸਮੇਂ ਤੇ ਹਾਲਤਾਂ ਦੀ ਤਬਦੀਲੀ ਨਾਲ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਚੀਜ਼ਾਂ ਵੇਲਾ ਵਿਹਾ ਚੁੱਕੀਆਂ ਹਨ। ਪ੍ਰੰਤੂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਮੀਰ ਗਰੀਬ ਦੀ ਲੜਾਈ ਵਿਚ ਨਿਰਧਨ ਲੋਕਾਂ ਸੰਗ ਖੜ੍ਹਨ, ਦੀਨ, ਦੁਖੀਆਂ ਦੀ ਬੰਦ ਖਲਾਸੀ ਲਈ ਹਰ ਕੁਰਬਾਨੀ ਕਰਨ, ਜਾਤ-ਪਾਤ ਤੇ ਊਚ-ਨੀਚ ਵਰਗੀਆਂ ਸਮਾਜਿਕ ਲਾਹਨਤਾਂ ਤੋਂ ਛੁਟਕਾਰਾ ਹਾਸਲ ਕਰਨ, ਕਿਰਤ ਕਰਨ, ਵਹਿਮਾਂ, ਭਰਮਾਂ ਤੇ ਰੱਬ ਦੇ ਨਾਮ ਉਤੇ ਠੱਗਣ ਵਾਲੇ ਪਾਖੰਡਾਂ ਦਾ ਪਰਦਾਫਾਸ਼ ਕਰਨ ਵਰਗੀਆਂ ਐਸੀਆਂ ਜੀਵਨ ਸੇਧਾਂ ਹਨ, ਜਿਨ੍ਹਾਂ ਦੀ ਮਹੱਤਤਾ ਅੱਜ ਦੇ ਸਮੇਂ ਵਿਚ ਹੋਰ ਵੀ ਵੱਧ ਗਈ ਹੈ। ਇਨ੍ਹਾਂ ਉਸਾਰੂ ਪੱਖਾਂ ਵਲ ਧਿਆਨ ਦੇਣ ਤੇ ਸਿੱਖ ਧਰਮ ਵਿਚ ਆਈਆਂ ਕੁਰਹਿਤਾਂ, ਜਿਨ੍ਹਾਂ ਵਿਰੁੱਧ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਭ ਗੁਰੂਆਂ ਅਤੇ ਭਗਤੀ ਲਹਿਰ ਤੇ ਸਮਾਜਿਕ ਲਹਿਰਾਂ ਦੇ ਹੋਰ ਅਨੇਕਾਂ ਸਿਰਜਣਹਾਰਿਆਂ ਨੇ ਬਾਰ ਬਾਰ ਅਵਾਜ਼ ਬੁਲੰਦ ਕੀਤੀ ਹੈ, ਦਾ ਤਿਆਗ ਕਰਨ ਦੀ ਥਾਂ ਸਿੱਖ ਧਰਮ ਨੂੰ ਵੀ ਉਸ ਤੋਂ ਪਹਿਲੇ ਧਰਮਾਂ ਵਿਚ ਪ੍ਰਚਲਤ ਕਮਜ਼ੋਰੀਆਂ ਵਾਲੇ ਰਾਹੇ ਤੋਰ ਦਿੱਤਾ ਹੈ, ਜਿਨ੍ਹਾਂ ਦੇ ਵਿਰੋਧ ਵਿਚ ਇਸ ਆਧੁਨਿਕ ਧਰਮ ਨੇ ਜਨਮ ਲਿਆ ਸੀ। ਅਖਾਉਤੀ ਮਹਾਪੁਰਸ਼ਾਂ, ਪ੍ਰਚਾਰਕਾਂ ਤੇ ਆਪੂੰ ਬਣੇ ਬੈਠੇ ਬਾਬਿਆਂ ਦੇ ਥਾਂ-ਥਾਂ ਉਸਰੇ ਹੋਏ ਡੇਰੇ ਕਮਾਈ ਦੇ ਸਾਧਨ ਮਾਤਰ ਬਣ ਗਏ ਹਨ।

ਕੁਝ ਰਾਜਸੀ ਆਗੂ ਆਪਣੇ ਸੌੜੇ ਰਾਜਸੀ ਮਨੋਰਥਾਂ ਲਈ ਇਨ੍ਹਾਂ ਡੇਰਿਆਂ ਦੀ ਸ਼ਰਨ ਵੀ ਲੈਂਦੇ ਹਨ ਤੇ ਮੋੜਵੇਂ ਰੂਪ ਵਿਚ ਹਰ ਕਿਸਮ ਦੀ ਸਰਕਾਰੀ ਸਹਾਇਤਾ ਵੀ ਪ੍ਰਦਾਨ ਕਰਦੇ ਹਨ। ਜਦੋਂ ਕੋਈ ਸਿੱਖ ਧਾਰਮਿਕ ਨੇਤਾ ਅਜੋਕੇ ਸਮਿਆਂ ਵਿਚ ਸਿੱਖ ਧਰਮ ਵਰਗੇ ਮਾਨਵਵਾਦੀ, ਅਗਾਂਹਵਧੂ, ਬਰਾਬਰਤਾ ਤੇ ਆਜ਼ਾਦੀ ਦੀਆਂ ਸਿਖਿਆਵਾਂ ਨਾਲ ਲਬਰੇਜ਼ ਧਰਮ ਦਾ ਪਸਾਰਾ ਨਾਂ ਹੋਣ ਦੀ ਦੁਹਾਈ ਦਿੰਦਾ ਹੈ, ਤਦ ਉਹ ਸਾਰਾ ਦੋਸ਼ ਬੱਚਿਆਂ ਦੇ ਮਾਪਿਆਂ ਜਾਂ ਮੌਜੂਦਾ ਪਦਾਰਥਕ ਹਾਲਤਾਂ ਉਪਰ ਦੇ ਕੇ ਆਪ ਸਾਰੇ ਦੋਸ਼ਾਂ ਤੋਂ ਸੁਰਖਰੂ ਹੋ ਜਾਂਦਾ ਹੈ। ਇਹ ਸੱਚ ਹੈ ਕਿ ਸਿੱਖ ਧਰਮ ਮੂਲ ਰੂਪ ਵਿਚ ਪੰਜਾਬ ਵਿਚ ਵਸਦੇ ਲੋਕਾਂ ਦੇ ਇਕ ਹਿੱਸੇ ਨੂੰ ਹੀ ਆਪਣੇ ਕਲਾਵੇ ਵਿਚ ਲੈ ਸਕਿਆ ਹੈ। ਬਦੇਸ਼ਾਂ ਵਿਚ ਵਸ ਰਹੇ ਸਿੱਖਾਂ ਦੀਆਂ ਤੰਦਾਂ ਵੀ ਪੰਜਾਬ ਨਾਲ ਹੀ ਜੁੜੀਆਂ ਹੋਈਆਂ ਹਨ। ਹੋਰ ਗੁਆਂਢੀ ਸੂਬਿਆਂ, ਹੋਰਨਾਂ ਧਰਮਾਂ, ਕੌਮਾਂ ਜਾਂ ਬਰਾਦਰੀਆਂ ਵਿਚੋਂ ਸਿੱਖ ਧਰਮ ਗ੍ਰਹਿਣ ਕਰਨ ਵਾਲੇ ਲੋਕਾਂ ਦੀ ਗਿਣਤੀ ਉਗਲਾਂ ਉਪਰ ਗਿਣੇ ਜਾਣ ਜਿੰਨੀ ਹੈ। ਇਹ ਪੱਖ ਪੂਰਾ ਕਰਨ ਲਈ ਕਈ ਵਾਰ ਸਿੱਖ ਨੇਤਾ ਸੰਘ ਪ੍ਰਚਾਰਕਾਂ ਵਾਗੂੰ ਜ਼ਿਆਦਾ ਬੱਚੇ ਪੈਦਾ ਕਰਨ ਵਰਗਾ ਨਾਕਸ ਤੇ ਹਾਸੋਹੀਣਾ ਉਪਦੇਸ਼ ਵੀ ਦਿੰਦੇ ਹਨ। ਅਸਲ ਵਿਚ ਸਿੱਖ ਧਰਮ ਦਾ ਪਸਾਰਾ ਔਖੇ ਸਮਿਆਂ ਵਿਚ ਵੀ ਦਰਦਮੰਦਾਂ ਦੀ ਰਾਖੀ ਵਿਚ ਨਿਤਰਨ ਤੇ ਲਾਮਿਸਾਲ ਕੁਰਬਾਨੀਆਂ ਕਰਨ ਸਮੇਂ ਹੋਇਆ। ਹੁਣ ਜਦੋਂ ਕੁਝ ਲੋਕਾਂ ਨੇ ਧਰਮ ਤੇ ਰਾਜਨੀਤੀ ਨੂੰ ਰਲਗੱਡ ਕਰਕੇ ਧਰਮ ਨੂੰ ਰਾਜਨੀਤਕ ਲਾਹਾ ਲੈਣ ਦਾ ਇਕ ਸਾਧਨ ਮਾਤਰ ਹੀ ਬਣਾ ਲਿਆ ਹੈ, ਤਦ ਮੁੱਢਲੇ ਦੌਰ ਦੇ ਮੂਲ ਸਿਧਾਂਤਾਂ ਨੂੰ ਤਿਆਗ ਕੇ ਸਿੱਖ ਧਰਮ ਦਾ ਪਸਾਰਾ ਸੰਭਵ ਹੀ ਨਹੀਂ ਹੈ। ਜੇਕਰ ਰੂਪਕ ਪੱਖ ਤੋਂ ਅਜਿਹਾ ਵਾਪਰ ਵੀ ਜਾਂਦਾ ਹੈ ਤੇ ਅਮਲੀ ਨਜ਼ਰੀਏ ਤੋਂ ਧਰਮ ਪਿਛਲਖੁਰੀ ਤੁਰਿਆ ਜਾਂਦਾ ਹੈ, ਤਦ ਇਸਦਾ ਕੋਈ ਬਹੁਤਾ ਲਾਭ ਨਹੀਂ ਹੋਣ ਵਾਲਾ। ਲੋੜ ਸਿੱਖ ਧਰਮ ਵਿਚਲੀਆਂ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਅਪਨਾਉਣ ਤੇ ਅਮਲ ਕਰਨ ਦੀ ਹੈ।

ਦੇਸ਼ ਤੇ ਪੰਜਾਬ ਵਿਚ ਚਲ ਰਹੇ ਮੌਜੂਦਾ ਫ਼ਿਰਕੂ ਜ਼ਹਿਰ ਨਾਲ ਪਰਦੂਸ਼ਤ ਅਸਹਿਨਸ਼ੀਲਤਾ ਵਾਲੇ ਮਾਹੌਲ ਵਿਚ ਹਰ ਸਹੀ ਸੋਚਣੀ ਵਾਲੀ ਧਿਰ ਦਾ ਫਰਜ਼ ਬਣਦਾ ਹੈ ਕਿ ਉਹ ਹਰ ਰੰਗ ਦੀ ਫ਼ਿਰਕਾਪ੍ਰਸਤੀ, ਅੱਤਵਾਦ ਤੇ ਵੰਡਵਾਦ ਦਾ ਡਟਵਾਂ ਵਿਰੋਧ ਕਰੇ।

ਧਰਮ ਅਤੇ ਰਾਜਨੀਤੀ ਨੂੰ ਰਲਗੱਡ ਕਰਨ ਦੀ ਖੇਡ ਵਿਰੁਧ ਆਵਾਜ਼ ਬੁਲੰਦ ਕਰਕੇ ਧਰਮ ਵਿਚ ਰਾਜਨੀਤਕ ਦਖਲ ਨੂੰ ਵੀ ਰੋਕਿਆ ਜਾਵੇ ਤੇ ਕਿਸੇ ਧਰਮ ਜਾਂ ਡੇਰੇ ਨੂੰ ਵੀ ਕਿਸੇ ਇਕ ਰਾਜਨੀਤਕ ਪਾਰਟੀ ਦੇ ਹੱਕ ਵਿਚ ਆਪਣੇ ਅਨੁਆਈਆਂ ਨੂੰ ਹਦਾਇਤਾਂ ਕਰਨ ਤੋਂ ਸਖ਼ਤੀ ਨਾਲ ਵਰਜਿਆ ਜਾਵੇ।

ਆਰਥਿਕ, ਸਮਾਜਿਕ ਤੇ ਰਾਜਨੀਤਕ ਭਾਵ ਹਰ ਰੰਗ ਦੀ ਲੁੱਟ-ਖਸੁੱਟ ਤੇ ਜ਼ਬਰ ਦਾ ਮੁਕਾਬਲਾ ਵਿਸ਼ਾਲ ਲੋਕਾਂ ਦੀ ਲਹਿਰ ਖੜੀ ਕਰਕੇ ਕੀਤਾ ਜਾਵੇ, ਜਿਸ ਵਿਚ ਸਾਰੇ ਧਰਮਾਂ, ਜਾਤਾਂ ਤੇ ਤਰਕਸ਼ੀਲ ਵਿਚਾਰਾਂ ਦੇ ਲੋਕਾਂ ਦਾ ਸ਼ਾਮਿਲ ਹੋਣਾ ਜ਼ਰੂਰੀ ਹੈ।

ਲੋਕਾਂ ਅੰਦਰ ਵਿਗਿਆਨਕ ਵਿਚਾਰਧਾਰਾ ਦਾ ਪਸਾਰਾ ਕੀਤਾ ਜਾਵੇ ਤਾਂ ਕਿ ਪਿਛਾਖੜੀ, ਹਨ੍ਹੇਰਬਿਰਤੀ, ਵਹਿਮ ਪ੍ਰਸਤੀ ਤੇ ਕਿਸਮਤਵਾਦੀ ਵਿਚਾਰਾਂ ਤੋਂ ਜਨ ਸਮੂਹਾਂ ਨੂੰ ਮੁਕਤ ਕੀਤਾ ਜਾ ਸਕੇ।

ਮੌਜੂਦਾ ਸਰਕਾਰਾਂ ਦੀਆਂ ਲੋਕਾਂ ਵਿਰੋਧੀ ਤੇ ਸਾਮਰਾਜ ਨਿਰਦੇਸ਼ਤ ਨਵ ਉਦਾਰਵਾਦੀ ਆਰਥਿਕ ਨੀਤੀਆਂ ਜੋ ਬੇਕਾਰੀ, ਮਹਿੰਗਾਈ, ਭੁੱਖਮਰੀ ਤੇ ਗਰੀਬੀ ਪੈਦਾ ਕਰਨ ਲਈ ਜ਼ਿੰਮੇਵਾਰ ਹਨ, ਦੇ ਖਿਲਾਫ਼ ਵਿਸ਼ਾਲ ਜਨਤਕ ਲਾਮਬੰਦੀ ਰਾਹੀਂ ਡਟਵਾਂ ਵਿਰੋਧ ਕਰਦਿਆਂ ਹੋਇਆਂ ਹਰ ਸਰਕਾਰੀ ਜ਼ਬਰ ਦਾ ਟਾਕਰਾ ਲੋਕ ਏਕਤਾ ਰਾਹੀਂ ਕੀਤਾ ਜਾਵੇ।

ਮੌਜੂਦਾ ਤਣਾਅਪੂਰਨ ਤੇ ਅਸਹਿਨਸ਼ੀਲਤਾ ਵਾਲੇ ਮਾਹੌਲ ਵਿਚੋਂ ਇਸ ਢੰਗ ਨਾਲ ਹੀ ਬਾਹਰ ਨਿਕਲਿਆ ਜਾ ਸਕਦਾ ਹੈ ਅਤੇ ਸਮਾਜਿਕ ਪਰਿਵਰਤਨ ਦਾ ਨਿਸ਼ਾਨਾ ਪ੍ਰਾਪਤ ਕੀਤਾ ਜਾ ਸਕਦਾ ਹੈ।

(ਲੇਖਕ ਸੀ.ਪੀ.ਐਮ ਪੰਜਾਬ ਦੇ ਮੌਜੂਦਾ ਸਕੱਤਰ ਹਨ)

# ELECT

# Neil Singh

## From Ward-12



***Neil Singh** is standing as a candidate in the Edmonton Ward 12 City Council By-Election.*

*Neil Singh operates and co-owns a family business within a important Albertan sector Oil and Gas valving industry. Singh is a community and political activist who has worked on many political campaigns provincial and federal in Southeast Edmonton. Singh is very involved in community work such as helping at local Sanatan Society of Alberta Temple , The Masonic Fountain of Alberta , and Shriners Childrens Hospital. Singh has a Bachelor of Arts in Political Science and is a proud member of the Ellerslie Community League although is not a board member at present. He advocates for having safe communities that include many various aspects such maintaining our infrastructure through accessible streets and sidewalks, timely emergency response, and a proactive crime prevention. Although Singh believes there are various bylaws that are in place by city council that are hurting both Edmontonian families and local businesses economically that need to be reformed or eliminated.*

**780-246-1717 Email: neilsingh1717@gmail.com**


# ਮੋਢਾ ਸੀ.ਬੀ.ਆਈ. ਦਾ ਤੇ ਨਿਸ਼ਾਨਾ ਕੇਜਰੀਵਾਲ



ਨਵੀਂ ਦਿੱਲੀ, (ਨਦਬ) : ਸੀਬੀਆਈ ਵੱਲੋਂ ਅੱਜ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਪ੍ਰਮੁੱਖ ਸਕੱਤਰ ਦੇ ਦਫ਼ਤਰ 'ਤੇ ਛਾਪਾ ਮਾਰਿਆ ਤੇ ਉਨ੍ਹਾਂ ਤੋਂ ਪੁੱਛ-ਪੜਤਾਲ ਕੀਤੀ। ਇਸ ਨਾਲ 'ਆਪ' ਤੇ ਸਰਕਾਰ ਵਿਚਾਲੇ ਨਵੀਂ ਲੜਾਈ ਸ਼ੁਰੂ ਹੋ ਗਈ ਹੈ। ਇਸ ਛਾਪੇ ਬਾਰੇ ਸ੍ਰੀ ਕੇਜਰੀਵਾਲ ਨੇ ਕਿਹਾ ਹੈ ਕਿ ਉਨ੍ਹਾਂ ਦੇ ਦਫ਼ਤਰ 'ਤੇ ਛਾਪਾ ਮਾਰਿਆ ਗਿਆ ਹੈ, ਜਦ ਕਿ ਸੀਬੀਆਈ ਤੇ ਰਾਜ ਸਭਾ ਵਿੱਚ ਵਿੱਤ ਮੰਤਰੀ ਅਰੁਣ ਜੇਤਲੀ ਨੇ ਦਾਅਵਾ ਕੀਤਾ ਹੈ ਕਿ ਛਾਪੇ ਸ੍ਰੀ ਕੇਜਰੀਵਾਲ ਦੇ ਦਫ਼ਤਰ ਵਿੱਚ ਨਹੀਂ ਮਾਰੇ ਗਏ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਅਸਲ ਵਿੱਚ ਪ੍ਰਮੁੱਖ ਸਕੱਤਰ ਰਜਿੰਦਰ ਕੁਮਾਰ ਦੀ ਆੜ ਵਿੱਚ ਇਹ ਛਾਪੇ ਉਨ੍ਹਾਂ ਦੇ ਖ਼ਿਲਾਫ਼ ਹਨ। ਇਥੇ ਅੱਜ ਸ਼ਾਮ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ,' ਮੈਂ ਆਪਣੇ ਦਫ਼ਤਰ ਵਿੱਚ ਮਾਰੇ ਗਏ ਛਾਪਿਆਂ ਤੋਂ ਹੈਰਾਨ ਹਾਂ।' ਉਨ੍ਹਾਂ ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੁਣੌਤੀ ਦੇ ਦਿੱਤੀ, 'ਮੈਂ ਸੀਬੀਆਈ ਤੋਂ ਨਹੀਂ ਡਰਦਾ। ਮੋਦੀ ਜੀ ਮੇਰੀ ਤੁਹਾਨੂੰ ਚਿਤਾਵਨੀ ਹੈ ਕਿ ਤੁਸੀਂ ਕਿਸੇ ਹੋਰ ਨੂੰ ਤਾਂ ਡਰਾ ਸਕਦੇ ਹੋ ਪਰ ਮੈਨੂੰ ਨਹੀਂ। ਮੈਂ ਆਪਣੇ ਆਖਰੀ ਸਾਹ ਤੱਕ ਲੜਨ ਦਾ ਦਮ ਰੱਖਦਾ ਹਾਂ। ਹੈਰਾਨੀ ਦੀ ਗੱਲ ਹੈ ਕਿ ਜਦੋਂ ਮੋਦੀ ਸਿਆਸੀ ਤੌਰ 'ਤੇ ਸਾਡੇ ਤੋਂ ਧੋਬੀ ਪਟਕਾ ਖਾ ਗਏ ਤਾਂ ਹੋਛੀਆਂ ਹਰਕਤਾਂ 'ਤੇ ਉਤਰ ਆਏ। ਉਹ ਮਨੋਰੋਗੀ ਤੇ ਡਰਪੋਕ ਹਨ।' ਇਸ ਦੌਰਾਨ ਸੀਬੀਆਈ ਦੇ ਤਰਜਮਾਨ ਨੇ ਕਿਹਾ ਹੈ ਕਿ ਛਾਪਾ ਸਿਰਫ਼ ਪ੍ਰਮੁੱਖ ਸਕੱਤਰ ਦੇ ਦਫ਼ਤਰ 'ਤੇ ਮਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਰਜਿੰਦਰ ਕੁਮਾਰ ਨਾਲ ਸਬੰਧਤ ਦਿੱਲੀ ਤੇ ਉਤੱਰ ਪ੍ਰਦੇਸ਼ ਦੀਆਂ 14 ਥਾਵਾਂ 'ਤੇ ਕਾਰਵਾਈ ਕੀਤੀ ਗਈ ਹੈ।

ਏਜੰਸੀ ਨੇ ਇਨ੍ਹਾਂ ਥਾਵਾਂ ਤੋਂ 2.4 ਲੱਖ ਰੁਪਏ ਨਕਦ ਸਣੇ 16 ਲੱਖ ਰੁਪਏ ਬਰਾਮਦ ਕੀਤੇ ਗਏ ਹਨ। ਏਜੰਸੀ ਨੇ ਕਿਹਾ ਹੈ ਕਿ ਪ੍ਰਿੰਸੀਪਲ ਸਕੱਤਰ ਤੇ ਹੋਰ ਅਧਿਕਾਰੀਆਂ, ਜਿਨ੍ਹਾਂ ਨੇ ਕੁੱਝ ਸਾਲਾਂ ਤੋਂ ਅਹੁਦੇ ਦੀ ਦੁਰਵਰਤੋਂ ਕੀਤੀ ਹੈ, ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਕਿਹਾ ਕਿ ਸਾਲ 2007-08 ਦੌਰਾਨ ਇਨ੍ਹਾਂ ਨੇ ਆਪਣੀਆਂ ਚਹੇਤੀਆਂ ਕੰਪਨੀਆਂ ਨੂੰ 9.5 ਕਰੋੜ ਰੁਪਏ ਦੇ ਠੇਕੇ ਦਿੱਤੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਦਫ਼ਤਰ 'ਤੇ ਛਾਪੇ ਦੀਆਂ ਰਿਪੋਰਟਾਂ ਬੇਬੁਨਿਆਦ ਹਨ।

ਦੂਜੇ ਪਾਸੇ ਭਾਜਪਾ ਨੇ ਕਿਹਾ ਹੈ ਕਿ ਸ੍ਰੀ ਕੇਜਰੀਵਾਲ ਨੇ ਸ੍ਰੀ ਮੋਦੀ ਦੀ ਸ਼ਾਨ ਵਿੱਚ ਜੋ ਕੁੱਝ ਕਿਹਾ ਹੈ ਉਸ ਲਈ ਮੁਆਫੀ ਮੰਗਣ। ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਦਾਅਵਾ ਕੀਤਾ ਕਿ ਕੇਜਰੀਵਾਲ ਦੇ ਦਫ਼ਤਰ ਵੱਲ ਏਜੰਸੀ ਨੇ ਦੇਖਿਆ ਤੱਕ ਨਹੀਂ। ਰਾਜ ਸਭਾ ਵਿੱਚ ਸ੍ਰੀ ਜੇਤਲੀ ਨੇ ਕਿਹਾ ਕਿ ਸੀਬੀਆਈ ਨੇ ਸ੍ਰੀ ਕੇਜਰੀਵਾਲ ਦੇ ਦਫ਼ਤਰ 'ਤੇ ਛਾਪੇ ਨਹੀਂ ਮਾਰੇ ਤੇ ਇਹ ਕਾਰਵਾਈ ਦਿੱਲੀ ਸਰਕਾਰ ਦੇ ਕਥਿਤ ਭ੍ਰਿਸ਼ਟ ਅਧਿਕਾਰੀ ਖ਼ਿਲਾਫ਼ ਹੈ।


# PUBLICATIONS

## OF

# Progressive Peoples' Foundation of Edmonton

## ABOUT THE BOOKS

**-1-**




**"Ghadr Movement and India's Anti-Imperialist Struggle"**
places the Ghadr in the perspective of nationalist, anti-colonialist struggles, and connects it with other contemporary revolutionary movements around the world.
This book comprises of 26 articles, authored by some well-known writers, journalists, jurists and academics, from Canada, USA and India. Tracing Ghadr Party's unique and inspiring story, this volume features patriotic and loyal eyewitness accounts from newspapers, memoirs of the contemporaries, and some autobiographies of the Ghadrites, printed on both sides of the Atlantic.
[Hardcover: 586 pages; • First Published: October, 2013; Price: CAD $10:00; Language: English; • ISBN: 978-93-82413-57-8]

**-2-**




**"Saheed Kartar Singh Sarabha and martyrs of 1915"**
marks the sacrifices of 1915 martyrs and calls for mobilizing resistance to imperialism by waging an unending struggle particularly against sectarian and divisive politics.
This book comprises of 18 articles – 13 in Panjabi & 5 in English.
[Paperback: 176 pages; First published October 2015 Price: CAD $5:00; Language: Panjabi & English; • ISBN: 978-93-84306-69-4]

## Both publications are available for sale

## Contact:

## 780-200-2872; 780-906-4497; 780-440-2766

# A-WIN Insurance

## What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ,
ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ,
ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ
ਮੈਡੀਕਲ ਇੰਸ਼ੋਰੈਂਸ

ਹਰ ਤਰ੍ਹਾਂ ਦੀ **ਇੰਸ਼ੋਰੈਂਸ** ਲਈ ਫ਼ੋਨ ਕਰੋ

Quick Quotes When You Need Them



Discounts up to 60% Payment Options available

**Western Canada's**

Biggest Brokers Team, designed to serve Canadian's with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.







A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ
ਵਿਚ ਗੱਲਬਾਤ ਕਰ ਸਕਦੇ ਹਾਂ।
We Provide Services In English, Punjabi, Hindi & Urdu.

PROVIDING PEACE OF MIND
100 YEAR & BEYOND
SMI
SASKATCHEWAN MUTUAL INSURANCE COMPANY

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਪੁਨੀਤ ਚੱਠਾ, ਹਰਪ੍ਰੀਤ ਗਿੱਲ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ



For all your **Real Estate** needs

# NIRMAL (SONY) GILL

BUY OR SELL

Century 21 A.L.L. Stars Realty Ltd.
MLS REALTOR

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ
ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ

780-937-9067

Office: 780-434-4700
Email : nirmalgill@live.com



3229 22 st. Edmonton



13039 165 Ave. Edmonton



16520 131 st. Edmonton




*In Wildrose: This Beautiful 2 story 2012 built Town House with single car attached Garage on sale. Very low condo fee. Fully landscape front & back. Main floor has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.*



# Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873



# DRIVING SCHOOL LTD.

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ
ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu




Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com



Do it Once Do it Right !!!

# unitech CONSTRUCTION

ਘਰਾਂ ਤੇ ਕਾਰੋਬਾਰਾਂ ਦੀ ਸੁੰਦਰ ਦਿੱਖ ਲਈ ਸੰਪਰਕ ਕਰੋ :
ਰਾਜ

780.860.1975
bhardwaj75@gmail.com

| DESIGN | CONSTRUCTION | RENOVATION |
|---|---|---|
| Hardscapes | Rough to Final Grades | Water Features |
| Greenscapes | Fence & Deck | Renovations |
| | Concrete | |



# Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.



Harinder Dhaliwal

All kind of Stucco
Acrylic & Rain Screen (780) 297-9165



EconoLodge BY CHOICE HOTELS

# Red Deer Econo Lodge Inn & Suites

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3



# $299,900

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਅਮਰੀਕਾ 'ਚ 10 ਸਾਲ ਦੀਆਂ ਬੱਚੀਆਂ ਦਾ ਹੋ ਰਿਹੈ ਵਿਆਹ

ਨਿਊ ਯਾਰਕ (ਨਦਬ) : ਅਮਰੀਕਾ ਵਿਚ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ। ਇੱਥੇ ਸੈਂਕੜੇ ਅਜਿਹੀਆਂ ਬੱਚੀਆਂ ਦਾ ਵਿਆਹ ਹੋ ਰਿਹਾ ਹੈ, ਜਿਨ੍ਹਾਂ ਦੀ ਉਮਰ 18 ਸਾਲ ਤੋਂ ਵੀ ਘੱਟ ਹੈ। ਇਨ੍ਹਾਂ ਵਿਚੋਂ ਅਜਿਹੇ ਵੀ ਬੱਚੇ ਸ਼ਾਮਲ ਹਨ, ਜੋ ਸਿਰਫ਼ 10 ਤੋਂ 12 ਸਾਲ ਦੇ ਹਨ। ਅਜਿਹੇ ਸਮੇਂ ਵੱਡਾ ਸਵਾਲ ਹੈ ਕਿ ਅਮਰੀਕਾ ਵਰਗੇ ਆਧੁਨਿਕ ਸੋਚ ਵਾਲੇ ਮੁਲਕ ਵਿਚ ਅਜਿਹਾ ਕਿਉਂ ਹੋ ਰਿਹਾ ਹੈ। ਇੱਥੇ ਤਾਂ ਕਾਨੂੰਨ ਨੂੰ ਲੈ ਕੇ ਸਖ਼ਤੀ ਵੀ ਹੈ। ਦਰਅਸਲ, ਅਮਰੀਕਾ ਵਿਚ ਤਕਰੀਬਨ ਹਰ ਸੂਬਾ ਵਿਆਹ ਲਈ ਘੱਟੋ ਘੱਟ ਉਮਰ 18 ਸਾਲ ਹੀ ਮੰਨਦਾ ਹੈ, ਪਰ ਸਾਰੇ ਸੂਬੇ ਅਜਿਹੇ ਮਸਲੇ ਨੂੰ ਛੋਟ ਵੀ ਦਿੰਦੇ ਹਨ, ਜਿਸ ਤਹਿਤ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਵਿਆਹ ਹੋ ਸਕਦਾ ਹੈ।

ਇਸ ਦਾ ਲੋਕ ਲਾਹਾ ਲੈ ਰਹੇ ਹਨ। ਇੱਥੇ ਅਜਿਹੇ ਵੀ ਮਾਮਲੇ ਦੇਖਣ ਨੂੰ ਮਿਲੇ ਹਨ ਜਿਸ ਵਿਚ ਵਿਆਹ ਦੇ ਵਿਰੋਧ ਵਿਚ ਬੱਚਿਆਂ ਨੂੰ ਰੋਂਦੇ ਹੋਏ ਦੇਖਿਆ ਗਿਆ ਹੈ। ਕਾਨੂੰਨ ਵਿਚ ਛੋਟ ਹੋਣ ਕਾਰਨ ਚਾਹ ਕੇ ਵੀ ਜ਼ਿੰਮੇਦਾਰ ਕੁਝ ਨਹੀਂ ਕਰ ਸਕਦੇ। ਇਸ ਵਿਚ ਪਹਿਲਾਂ ਮਸਲਾ ਮਾਂ-ਬਾਪ ਦੀ ਮਰਜ਼ੀ ਹੈ। ਜ਼ਿਆਦਾਤਰ ਸੂਬਿਆਂ ਦੇ ਕਾਨੂੰਨ ਇਸ ਗੱਲ ਦੀ ਛੋਟ ਦਿੰਦੇ ਹਨ ਕਿ ਜੇਕਰ ਬੱਚਿਆਂ ਦੀ ਉਮਰ 16-17 ਸਾਲ ਹੈ ਤੇ ਉਨ੍ਹਾਂ ਦੇ ਮਾਤਾ-ਪਿਤਾ ਵਿਆਹ ਲਈ ਰਾਜ਼ੀ ਹਨ ਤਾਂ ਵਿਆਹ ਹੋ ਸਕਦਾ ਹੈ। ਇਸ ਵਿਚ ਵੱਡੀ ਗੜਬੜ ਇਹ ਹੁੰਦੀ ਹੈ ਕਿ ਕਈ ਵਾਰ ਮਾਤਾ-ਪਿਤਾ ਦੇ ਦਬਾਅ ਵਿਚ ਬੱਚਿਆਂ ਦਾ ਵਿਆਹ ਹੋ ਰਿਹਾ ਹੈ। ਪਰ ਸੂਬਿਆਂ ਦੇ ਕਾਨੂੰਨ ਵਿਚ ਅਜਿਹੀ ਵਿਵਸਥਾ ਨਹੀਂ ਹੈ ਕਿ ਉਹ ਜਾਂਚ ਕਰਨ ਕਿ ਕਿਤੇ ਬੱਚਿਆਂ 'ਤੇ ਕਿਸੇ ਤਰ੍ਹਾਂ ਦਾ ਦਬਾਅ ਤਾਂ ਨਹੀਂ ਹੈ। ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿਸ ਵਿਚ ਕੁੜੀਆਂ ਕਲਰਕ ਦੇ ਸਾਹਮਣੇ ਰੋ ਪੈਂਦੀਆਂ ਹਨ ਪਰ ਉਨ੍ਹਾਂ ਦੇ ਵਿਆਹ ਰੋਕਣ ਦੀ ਜਾਂ ਮਾਮਲੇ ਵਿਚ ਦਖ਼ਲ ਦੇਣ ਦੀ ਆਗਿਆ ਨਹੀਂ ਹੈ। ਸਰਲ ਸ਼ਬਦਾਂ ਵਿਚ ਕਹੀਏ ਤਾਂ ਅਜਿਹੇ ਕਾਨੂੰਨ ਦੀ ਕਮੀ ਹੈ, ਜੋ ਦਬਾਅਪੂਰਵਕ ਵਿਆਹ ਰੋਕਣ ਦੀ ਗੱਲ ਕਰਦਾ ਹੋਵੇ।

ਜੇਕਰ ਅਦਾਲਤ ਤੋਂ ਆਗਿਆ ਲੈ ਲਓ ਤਾਂ ਤੁਸੀਂ 16 ਸਾਲ ਤੋਂ ਵੀ ਘੱਟ ਉਮਰ ਦੇ ਬੱਚਿਆਂ ਦਾ ਵਿਆਹ ਕਰ ਸਕਦੇ ਹੋ। ਕਈ ਸੂਬਿਆਂ ਵਿਚ ਅਦਾਲਤ ਵਿਚ 16 ਸਾਲ ਤੋਂ ਘੱਟ ਉਮਰ ਵਿਚ ਵਿਆਹ ਦੀ ਆਗਿਆ ਦੇਣ ਦੀ ਆਗਿਆ ਹੈ ਤਾਂ ਕਈ ਸੂਬਿਆਂ ਵਿਚ ਤਾਂ ਘੱਟੋ-ਘੱਟ ਉਮਰ ਦਾ ਕੋਈ ਜ਼ਿਕਰ ਹੀ ਨਹੀਂ ਹੈ। ਅਜਿਹੇ ਸੂਬਿਆਂ ਵਿਚ ਜੱਜ ਕਈ ਵਾਰ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵਿਆਹ ਦੀ ਛੋਟ ਦੇ ਦਿੰਦਾ ਹੈ। ਦਬਾਅਪੂਰਵਕ ਵਿਆਹ ਦਾ ਵਿਰੋਧ ਕਰਨ ਵਾਲੇ ਐਨ.ਜੀ.ਓ. 'ਅਨਚੇਂਜਡ ਐਟ ਲਾਸਟ' ਨੇ ਹਾਲ ਹੀ ਵਿਚ ਨਿਊ ਜਰਸੀ ਵਿਚ ਹੋਏ ਵਿਆਹਾਂ ਦੀ ਪੜਤਾਲ ਕੀਤੀ ਤਾਂ ਪਤਾ ਚੱਲਿਆ ਕਿ ਇੱਥੇ 16-17 ਸਾਲ ਦੇ ਲੋਕਾਂ ਦਾ ਵਿਆਹ ਮਾਤਾ-ਪਿਤਾ ਦੀ ਆਗਿਆ ਨਾਲ ਹੋਇਆ ਹੈ ਤੇ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਵਿਆਹ ਦੀ ਆਗਿਆ ਜੱਜਾਂ ਨੇ ਦਿੱਤੀ ਹੈ। ਨਿਊ ਜਰਸੀ ਵਿਚ 1995 ਤੋਂ ਲੈ ਕੇ 2012 ਤਕ 3499 ਬੱਚਿਆਂ ਦਾ ਵਿਆਹ ਹੋਇਆ ਹੈ, ਜਿਸ ਵਿਚ ਜ਼ਿਆਦਾਤਰ 16-17 ਸਾਲ ਦੇ ਹਨ। ਇਨ੍ਹਾਂ ਵਿਚ 178 ਬੱਚੇ ਅਜਿਹੇ ਹਨ, ਜਿਨ੍ਹਾਂ ਦੀ ਉਮਰ 10 ਤੋਂ 15 ਸਾਲ ਹੈ। ਹੈਰਾਨ ਕਰਨ ਵਾਲੀ ਗੱਲ ਇਹ ਵੀ ਹੈ ਕਿ ਇਨ੍ਹਾਂ ਵਿਚ 91 ਫ਼ੀਸਦੀ ਬੱਚਿਆਂ ਦਾ ਵਿਆਹ ਵੱਡੀ ਉਮਰ ਦੇ ਲੋਕਾਂ ਨਾਲ ਹੋਇਆ ਹੈ। 1996 ਵਿਚ ਇਕ ਜੱਜ ਨੇ 12 ਸਾਲ ਦੀ ਲੜਕੀ ਦਾ ਵਿਆਹ 25 ਸਾਲ ਦੇ ਆਦਮੀ ਨਾਲ ਹੋਣ ਦੀ ਆਗਿਆ ਦੇ ਦਿੱਤੀ।



## ਜ਼ਬਰਦਸਤੀ ਕਰਵਾਏ ਜਾ ਰਹੇ ਨੇ ਵਿਆਹ

ਤਾਹੀਰੀਹ ਜਸਟਿਸ ਸੈਂਟਰ ਐਨ.ਜੀ.ਓ. ਨੇ ਆਪਣੀ ਇਕ ਸਟੱਡੀ ਵਿਚ ਅਮਰੀਕਾ ਵਿਚ ਕਰੀਬ 3 ਹਜ਼ਾਰ ਅਜਿਹੇ ਵਿਆਹ ਦਾ ਖੁਲਾਸ ਕੀਤਾ ਹੈ, ਜਿਨ੍ਹਾਂ ਨੂੰ ਜ਼ਬਰਦਸਤੀ ਕਰਵਾਇਆ ਗਿਆ। ਇਹ ਸਾਰੇ ਵਿਆਹ 2009 ਤੋਂ 2011 ਵਿਚਾਲੇ ਹੋਏ ਹਨ। ਇਨ੍ਹਾਂ ਵਿਚ ਜ਼ਿਆਦਾਤਰ ਮਾਪਿਆਂ ਨੇ ਬੱਚਿਆਂ ਨੂੰ ਘਰ ਤੋਂ ਕੱਢਣ ਜਾਂ ਹੱਤਿਆ ਕਰ ਦੇਣ ਤਕ ਦੀ ਧਮਕੀ ਦਿੱਤੀ ਹੈ। ਨਿਊ ਯਾਰਕ ਵਿਚ ਸਾਲ 2000-2010 ਵਿਚ 3853 ਬੱਚਿਆਂ ਦਾ ਵਿਆਹ ਕਰਵਾਇਆ ਗਿਆ ਹੈ। ਨਿਊ ਯਾਰਕ ਵਿਚ 15 ਸਾਲ ਦੇ ਬੱਚਿਆਂ ਦਾ ਵਿਆਹ 35 ਤੋਂ 39 ਸਾਲ ਦੀ ਉਮਰ ਦੇ ਪਾਰਟਨਰ ਨਾਲ ਹੋਇਆ ਹੈ।

## ਭਾਰਤ ਬਾਲ ਵਿਆਹ ਵਿਚ ਦੂਸਰੇ ਨੰਬਰ 'ਤੇ

ਯੂਨੀਸੈਫ਼ ਨੇ ਪਿਛਲੇ ਸਾਲ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ ਬੰਗਲਾਦੇਸ਼ ਤੋਂ ਬਾਅਦ ਭਾਰਤ ਦੂਸਰਾ ਅਜਿਹਾ ਮੁਲਕ ਹੈ, ਜਿੱਥੇ ਸਭ ਨਾਲੋਂ ਵੱਧ ਬਾਲ ਵਿਆਹ ਹੁੰਦੇ ਹਨ। ਰਿਪੋਰਟ ਵਿਚ ਕਿਹਾ ਗਿਆ ਸੀ ਕਿ ਹੁਣ ਜਿਨ੍ਹਾਂ ਵਿਆਹੁਤਾ ਔਰਤਾਂ ਦੀ ਉਮਰ 20 ਤੋਂ 24 ਸਾਲ ਹੈ, ਇਨ੍ਹਾਂ ਵਿਚੋਂ 43 ਫ਼ੀਸਦੀ ਦਾ ਵਿਆਹ 18 ਸਾਲ ਤੋਂ ਪਹਿਲਾਂ ਹੀ ਹੋ ਗਿਆ ਹੈ। ਪੂਰੇ ਦੱਖਣੀ ਏਸ਼ੀਆ ਵਿਚ ਕਰੀਬ 46 ਫ਼ੀਸਦੀ ਲੜਕੀਆਂ ਦਾ ਵਿਆਹ 18 ਸਾਲ ਤੋਂ ਪਹਿਲਾਂ ਹੋ ਜਾਂਦਾ ਹੈ। 88 ਫ਼ੀਸਦੀ ਦੇਸ਼ਾਂ ਨੇ ਵਿਆਹ ਲਈ ਘੱਟੋ-ਘੱਟ ਉਮਰ 18 ਸਾਲ ਰੱਖੀ ਹੈ ਪਰ ਅੱਧੋਂ ਵੱਧ ਦੇਸ਼ ਮਾਪਿਆਂ ਦੀ ਆਗਿਆ 'ਤੇ ਕੁੜੀਆਂ ਦੇ ਵਿਆਹ ਦੀ ਛੋਟ ਇਸ ਤੋਂ ਪਹਿਲਾਂ ਹੀ ਦੇ ਦਿੰਦੇ ਹਨ।



# ਵਿਚਾਰਾਂ ਦੀ ਆਜ਼ਾਦੀ ’ਤੇ ਹੋ ਰਹੇ ਹਮਲਿਆਂ ਨੂੰ ਰੋਕਣ ਦੀ ਲੋੜ

ਮੱਖਣ ਕੁਹਾੜ
+91-95013-65522
makhansinghkohar@gmail.com



ਭਾਰਤ ਦੀ ਧਰਮ ਨਿਰਪੱਖਤਾ ਅਤੇ ਵਿਚਾਰਾਂ ਦੀ ਆਜ਼ਾਦੀ ਦਾ ਸੰਵਿਧਾਨਕ ਹੱਕ ਇਸ ਵੇਲੇ ਗੰਭੀਰ ਖ਼ਤਰੇ ਵਿਚ ਹੈ। ਕੱਟੜਪੰਥੀ ਫਿਰਕੂ ਸ਼ਕਤੀਆਂ ਨੂੰ ਸਿਰ ਚੁੱਕਣ ਦਾ ਜਿਵੇਂ ਢੁਕਵਾਂ ਵਾਤਾਵਰਣ ਮਿਲ ਗਿਆ ਹੈ। ਘੱਟ ਗਿਣਤੀਆਂ ਦੀ ਆਜ਼ਾਦੀ ਬਹੁਤ ਪੇਤਲੀ ਪੈ ਗਈ ਹੈ। ਜ਼ਹਿਰੀਲੇ ਫਿਰਕੂ ਨਾਗ ਫ਼ੰਨ ਖਿਲਾਰੀ ਗਲੀਆਂ, ਘਰਾਂ ਵਿਚ ਆਣ ਵੜੇ ਹਨ। ਜਿਨ੍ਹਾਂ ਸਪੇਰਿਆਂ ਨੂੰ ਜ਼ਿੰਮੇਵਾਰੀ ਸੌਂਪੀ ਸੀ ਇਨ੍ਹਾਂ ਨਾਗਾਂ ਨੂੰ ਫੜ ਪਟਾਰੀ ਪਾਉਣ ਦੀ, ਉਹੀ ਇਨ੍ਹਾਂ ਜ਼ਹਿਰੀਲੇ ਸੱਪਾਂ ਨੂੰ ਹੋਰ ਸ਼ਿਸ਼ਕਾਰ ਰਹੇ ਹਨ। ਆਮ ਮਨੁੱਖ ਦਾ ਜੀਣਾ ਦੁੱਭਰ ਹੋ ਗਿਆ ਹੈ। ਖਾਸ ਕਰ ਕੇ ਪਿਛਲੇ ਡੇਢ ਕੁ ਸਾਲ ਤੋਂ ਜਦੋਂ ਦੀ ਆਰ.ਐਸ.ਐਸ. ਨਿਰਦੇਸ਼ਤ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਨੇ ਪੂਰਨ ਬਹੁ-ਸੰਮਤੀ ਵਾਲਾ ਰਾਜ ਭਾਗ ਸੰਭਾਲਿਆ ਹੈ, ਫਿਰਕਾਪ੍ਰਸਤ ਤਾਕਤਾਂ ਨੂੰ ਇਕਦਮ ਬਲ ਮਿਲਿਆ ਹੈ। ਬਹੁਗਿਣਤੀ ਧਾਰਮਕ ਕਟੜਤਾ ਵਾਲੀ ਜ਼ਹਿਰਲੀ ਸੋਚ ਦਾ ਬੋਲਬਾਲਾ ਹੋ ਗਿਆ ਹੈ। ਹੁਣੇ ਹੁਣੇ ਵਾਪਰੀਆਂ ਘਟਨਾਵਾਂ ਨੇ ਸਮੂਹ ਧਰਮ ਨਿਰਪੱਖ ਸ਼ਕਤੀਆਂ ਤੇ ਬੁੱਧੀਜੀਵੀਆਂ ਨੂੰ ਡਾਢੀ ਚਿੰਤਾ ਵਿਚ ਪਾ ਦਿੱਤਾ ਹੈ। ਲੇਖਕ ਦੀ ਕਲਮ ਗੰਭੀਰ ਖਤਰੇ ਵਿਚ ਹੈ। ਘੱਟ ਗਿਣਤੀ ਲੋਕਾਂ ਦੀ ਧਾਰਮਕ, ਸਭਿਆਚਾਰਕ ਤੇ ਸਮਾਜ ਵਿਚ ਵਿਚਰਨ, ਵਿਚਾਰਨ ਦੀ ਆਜ਼ਾਦੀ ਉਪਰ ਪਹਿਰੇ ਬਿਠਾ ਦਿੱਤੇ ਗਏ ਹਨ। ਸਮੁੱਚੇ ਹਿੰਦੁਸਤਾਨ ਦੇ ਲੇਖਕ, ਬੁੱਧੀਜੀਵੀ ਤੇ ਸੁਹਿਰਦ ਸੋਚਣੀ ਵਾਲੇ ਲੋਕ ਗਹਿਰੀ ਚਿੰਤਾ ਵਿਚ ਹਨ। ਉਨ੍ਹਾਂ ਦੀ ਚਿੰਤਾ ਦਾ ਤਤਕਾਲੀ ਕਾਰਨ ਗਰੇਟਰ ਨੋਇਡਾ ਦੇ ਦਾਦਰੀ ਖੇਤਰ ਦੇ ਪਿੰਡ ਬਿਸੇੜਾ ’ਚ ਇਕ 52 ਸਾਲਾ ‘ਅਖਲਾਕ’ ਨਾਂ ਦੇ ਮੁਸਲਿਮ ਵਿਅਕਤੀ ਨੂੰ ਬਿਨਾਂ ਕਾਰਨ ਕੁੱਟ-ਕੁੱਟ ਕੇ ਮਾਰ ਦੇਣ ਅਤੇ ਪ੍ਰਸਿੱਧ ਲੇਖਕ ਤੇ ਬੁੱਧੀਜੀਵੀ ਐਮ.ਐਮ. ਕਲਬੁਰਗੀ ਦਾ ਕਤਲ ਬਣਿਆ ਹੈ ਪਰ ਚਿੰਤਾ ਦਾ ਅਸਲ ਕਾਰਨ ਇਸ ਪਿਛੇ ਕੰਮ ਕਰਦੀ ਮਾਨਸਿਕਤਾ ਅਤੇ ਇਸ ਮਾਨਸਿਕਤਾ ਨੂੰ ਮਿਲ ਰਹੀ ਸਰਕਾਰੀ ਸਰਪ੍ਰਸਤੀ ਅਤੇ ਸ਼ਹਿ ਹੈ।

ਡਾ. ਐਮ.ਐਮ. ਕਲਬੁਰਗੀ ਜੋ ਕੰਨੜ ਭਾਸ਼ਾ ਦੇ ਮਸ਼ਹੂਰ ਲੇਖਕ, ਕਰਨਾਟਕ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ, ਸਾਹਿਤ ਅਕਾਦਮੀ ਪੁਰਸਕਾਰ ਜੇਤੂ ਅਤੇ ਸਾਹਿਤ ਅਕਾਦਮੀ ਦੇ ਸਾਬਕਾ ਕੌਂਸਲ ਮੈਂਬਰ ਸਨ, ਨੂੰ ਕੁਝ ਲੋਕਾਂ ਨੇ ਉਨ੍ਹਾਂ ਦੇ ਘਰ ਅੰਦਰ ਦਾਖ਼ਲ ਹੋ ਕੇ ਗੋਲੀਆਂ ਮਾਰ ਕੇ ਮਾਰ ਦਿੱਤਾ। ਉਸ ਦਾ ਕਸੂਰ ਕੇਵਲ ਇਹ ਸੀ ਕਿ ਉਹ ਅੰਧ-ਵਿਸ਼ਵਾਸੀ ਅਤੇ ਕੱਟੜਪੰਥੀ ਧਾਰਮਕ ਪ੍ਰੰਪਰਾਵਾਂ ਖ਼ਿਲਾਫ਼ ਬੇਬਾਕੀ ਨਾਲ ਲਿਖਦਾ ਸੀ। ਪੁਰਾਤਨ ਧਕਿਆਨੂਸੀ ਪ੍ਰੰਪਰਾਵਾਂ ਵਿਚ ਫਸੇ ਗ਼ਰੀਬ ਲੋਕਾਂ ਨੂੰ ਵਿਗਿਆਨਕ ਅਤੇ ਸਰਬ ਸਾਂਝੀ ਸੋਚ ਅਪਣਾਉਣ ਲਈ ਪ੍ਰੇਰਿਤ ਕਰਨਾ ਉਸ ਦਾ ਮੁੱਖ ਉਦੇਸ਼ ਸੀ। ਪਰ ਇਹ ਕਾਲੀਆਂ ਹਨੇਰੀਆਂ ਨੂੰ ਗਵਾਰਾ ਨਹੀਂ ਸੀ। ਧਾਰਮਕ ਬਿਰਤੀ ਦੀ ਘੁੰਮਣ ਘੇਰੀ ’ਚ ਫਸੇ ਗ਼ਰੀਬਾਂ ਨੂੰ ਕੋਈ ਸਹੀ ਜੀਵਨ ਜਾਚ ਦੱਸੇ ਅਤੇ ਉਨ੍ਹਾਂ ਨੂੰ ਗਰੀਬੀ ਦੇ ਅਸਲ ਕਾਰਨ, ਗ਼ਲਤ ਆਰਥਕ ਵੰਡ ਆਖੇ, ਸਥਾਪਤੀ ਦੇ ਵਿਰੋਧ ਵਿਚ ਗੱਲ ਕਰੇ, ਇਹ ਧਰਮ ਦੇ ਠੇਕੇਦਾਰਾਂ ਅਤੇ ਸਥਾਪਤੀ ਦੇ ਹੱਕ ਵਿਚ ਭੁਗਤਦੇ ਚੌਧਰੀਆਂ ਨੂੰ ਭਲਾ ਕਿਵੇਂ ਪਚ ਸਕਦੀ ਹੈ? ਹਨੇਰ ਤੇ ਚਾਨਣ ਦਾ ਵਿਰੋਧੀ ਯੁੱਗਾਂ ਯੁੱਗਾਂ ਦਾ ਹੈ। ਕੋਈ ਨਿੰਮ੍ਹਾ ਦੀਪ ਜਗੇ, ਹਰ ਹਾਲਤ ਵਿਚ ਹਨੇਰਾ ਤਿਲਮਿਲਾਉਂਦਾ ਹੈ। ਇਕ ਜੁਗਨੂੰ ਦੇ ਟਿਮ-ਟਿਮਾਇਆਂ ਵੀ ਹਨੇਰਾ ਜ਼ਖ਼ਮੀ ਹੁੰਦਾ ਹੈ। ਫਿਰ ਦੀਪਕ ਤੋਂ ਹੋਰ ਦੀਪਕ ਜਗੀ ਜਾਣ ਇਹ ਤਾਂ ਹਨੇਰੇ ਦੀ ਮੌਤ ਹੋਈ।

ਇਨ੍ਹਾਂ ਹੀ ਹਨੇਰੀਆਂ ਕਾਲਖਾਂ ਨੇ ਪਹਿਲਾਂ ਫੂਕਾਂ ਮਾਰ ਮਾਰ 2013 ਵਿਚ ਇਕ ਪ੍ਰਸਿੱਧ ਤਰਕਸ਼ੀਲ ਅਤੇ ਲੋਕਾਂ ਨੂੰ ਤਰਸੰਗਤ ਸੋਚ ਅਪਣਾਉਣ ਦੀ ਪ੍ਰੇਰਨਾ ਦੇਣ ਹਿੱਤ ਲਹਿਰ ਚਲਾਉਣ ਅਤੇ ਇਸ ਲਹਿਰ ਨੂੰ ਜੀਵਨ ਸਮਰਪਤ ਕਰਨ ਵਾਲੇ ਲੇਖਕ ਤੇ ਕਰਮਯੋਗੀ ਨਰਿੰਦਰ ਦਬੋਲਕਰ ਨੂੰ ਪੂਨੇ ਵਿਚ ਕਤਲ ਕਰ ਦਿੱਤਾ ਸੀ। ਪ੍ਰਸਿੱਧ ਲੇਖਕ ਗੋਬਿੰਦ ਪਨਸਾਰੇ ਨੂੰ ਵੀ ਕੋਹਲਾਪੁਰ ਵਿਚ ਹਿੰਦੂਵਾਦੀ ਬੁਨਿਆਦ ਪ੍ਰਸਤ ਕਾਲੀਆ ਹਨੇਰੀਆਂ ਨੇ ਨਿਗਲ ਲਿਆ ਹੈ। ਅੱਜ ਤੀਕ ਤਿੰਨਾਂ ’ਚੋਂ ਕਿਸੇ ਦੇ ਵੀ ਕਾਤਲਾਂ ਦਾ ਕੋਈ ਖੋਜ ਖੁਰਾ ਨਹੀਂ ਲੱਭਿਆ। ਐਸੀ ਹੀ ਵਿਗਿਆਨਕ ਸੋਚ ਰੱਖਣ ਵਾਲਿਆਂ ਅਤੇ ਲੀਹੋ ਹੱਟ ਕੇ ਸੋਚਣ, ਲਿਖਣ, ਬੋਲਣ ਵਾਲਿਆਂ ਹੋਰ ਲੇਖਕਾਂ ਨੂੰ ਵੀ ਇਨ੍ਹਾਂ ਹਨੇਰੀਆਂ ਕਾਲਖਾਂ ਵਲੋਂ ਜਾਨੋ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਕੰਨੜ ਲੇਖਕ ਕੇ.ਐਸ. ਭਗਵਾਨ (ਕਰਨਾਟਕ) ਨੂੰ ਵੀ ਜਾਨੋ ਮਾਰਨ ਦੀ ਧਮਕੀ ਦਿੱਤੀ ਗਈ ਹੈ।

ਦੁੱਖ ਇਸ ਗੱਲ ਦਾ ਹੈ ਕਿ ਕੇਂਦਰ ਸਰਕਾਰ ਨੇ ਇਨ੍ਹਾਂ ਮੌਤਾਂ ਬਾਰੇ ਕੋਈ ਗੱਲ ਨਹੀਂ ਕੀਤੀ। ਕਾਤਲਾਂ ਨੂੰ ਗ੍ਰਿਫ਼ਤਾਰ ਕਰਾਉਣ ਵਿਚ ਕੋਈ ਰੁਚੀ ਨਹੀਂ ਦਿਖਾਈ, ਐਸੇ ਵਿਦਵਾਨ ਲੋਕਾਂ ਦੀ ਮੌਤ ’ਤੇ ਦੁੱਖ ਦਾ ਇਜ਼ਹਾਰ ਤਕ ਨਹੀਂ ਕੀਤਾ। ਉਘੇ ਲੇਖਕ ਸ਼ਸ਼ੀ ਦੇਸ਼ ਪਾਂਡੇ ਵਲੋਂ ਸਾਹਿਤ ਅਕਾਦਮੀ ਦੇ ਮੁਖੀ ਵਿਸ਼ਵਨਾਥ ਪ੍ਰਸ਼ਾਦ ਤਿਵਾੜੀ (ਵੀ.ਪੀ. ਤਿਵਾੜੀ) ਨੂੰ ਐਮ.ਐਮ. ਕਲਬੁਰਗੀ ਦੇ ਕਤਲ ਵਿਰੁੱਧ ਮਤਾ ਪਾਸ ਕਰਨ ਲਈ ਕਿਹਾ, ਕਿਉਂਕਿ ਕਲਬੁਰਗੀ ਸਾਹਿਤ ਅਕਾਦਮੀ ਵਲੋਂ ਪੁਰਸਕਾਰਿਤ ਹੋਣ ਤੋਂ ਬਿਨਾਂ ਅਕਾਦਮੀ ਦੇ ਕੌਂਸਲ ਮੈਂਬਰ ਵੀ ਰਹੇ ਹਨ ਪਰ ‘ਤਿਵਾੜੀ ਜੀ’ ਵਲੋਂ ਅਜਿਹਾ ਨਹੀਂ ਕੀਤਾ ਗਿਆ ਅਤੇ ਖਾਮੋਸ਼ੀ ਗ੍ਰਹਿਣ ਕਰੀ ਰਖੀ। ਇਸ ਖਾਮੋਸ਼ੀ ਦਾ ਭਾਵ ਹੀ ਮੌਨ-ਸਹਿਮਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਹਰ ਨਿੱਕੀ ਜਿੰਨੀ ਘਟਨਾ ’ਤੇ ਫੌਰੀ ਟਵਿਟਰ ਸੰਦੇਸ਼ ਦਿੰਦੇ ਰਹਿੰਦੇ ਹਨ, ਇਸ ਘਟਨਾ ਬਾਰੇ ਹੁਣ ਤਕ ਖਾਮੋਸ਼ ਹਨ। ਐਸੀ ਹਾਲਤ ਵਿਚ ਜਦ ਹਰ ਸਹੀ ਸੋਚਣ ਵਾਲੇ ਦੀ ਆਪਣੇ ਵੱਖਰੇ ਨਜ਼ਰੀਏ ਨਾਲ ਸੋਚਣ-ਵਿਚਾਰਨ ਅਤੇ ਲਿਖਣ, ਬੋਲਣ ਕਾਰਨ ਜੇ ਉਸ ਦੀ ਜਾਨ ਖਤਰੇ ਵਿਚ ਹੋਵੇ ਭਲਾ ਕੋਈ ਲੋਕਪੱਖੀ ਬੁੱਧੀਜੀਵੀ ਕਿਵੇਂ ਚਿੰਤਾ ਰਹਿਤ ਹੋ ਸਕਦਾ ਹੈ। ਕੀ ਆਜ਼ਾਦੀ ਤੋਂ ਭਾਵ ਇਕ ਸੋਚਣੀ ਵਾਲੇ ਜਾਂ ਭਾਰੂ ਧਰਮ ਵਾਲੇ ਲੋਕਾਂ ਮੁਤਾਬਕ ਸੋਚਣਾ ਅਤੇ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣਾ ਹੀ ਹੁੰਦਾ ਹੈ? ਕੀ ਆਜ਼ਾਦੀ ਲਈ ਲੱਖਾਂ ਲੋਕਾਂ ਨੇ ਇਸ ਲਈ ਕੁਰਬਾਨੀਆਂ ਦਿੱਤੀਆਂ ਅਤੇ ਤਿੰਨ ਸੌ ਸਾਲ ਤੀਕ ਅੰਗਰੇਜ਼ਾਂ ਨੂੰ ਦੇਸ਼ ’ਚੋਂ ਬਾਹਰ ਕੱਢਣ ਲਈ ਜਦੋ-ਜਹਿਦ ਕੀਤੀ ਸੀ? ਚੀਨੀ ਇਨਕਲਾਬ ਦੀ ਅਗਵਾਈ ਕਰਨ ਵਾਲੇ ਮਹਾਨ ਆਗੂ ਮਾਓ ਜ਼ੇ-ਤੁੰਗ ਨੇ ਕਿਹਾ ਸੀ, “ਸੌ ਫੁੱਲ ਖਿੜਨ ਦਿਓ, ਸੌ ਵਿਚਾਰ ਭਿੜਨ ਦਿਓ।” ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਕਿ, “ਖੋਜੀ ਉਪਜੈ ਬਾਦੀ ਬਿਨਸੈ”, “ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ”, “ਧਨੁ ਲੇਖਾਰੀ ਨਾਨਕਾ ਜਿਨੀ ਨਾਮ ਲਿਖਾਇਆ ਸਚੁ।” ਮਹਾਤਮਾ ਬੁੱਧ ਕਹਿੰਦੇ ਹਨ, “ਮੈਂ ਜੋ ਆਖਦਾ ਹਾਂ, ਉਸ ਨੂੰ ਕੇਵਲ ਪਰਖ ਕੇ ਹੀ ਸੱਚ ਮੰਨੋ।” ਦੁਨੀਆ ਦੇ ਸਭ ਵਿਦਵਾਨ ਤਰਕ ਵਿਵੇਕ ਨੂੰ ਸਹੀ ਵਿਚਾਰਾਂ ਦੀ ਬੁਨਿਆਦ ਆਖਦੇ ਹਨ। ਹਿੰਦੂ ਮਿਥਿਹਾਸ ਮੁਤਾਬਕ ਦੇਵਤੇ ਸੱਚ ਲੱਭਣ ਲਈ ਸਮੁੰਦਰ ਰਿੜਕਨ ਤਕ ਗਏ ਸਨ। ਤਰਕ-ਵਿਵੇਕ ਕਰਨ ਅਤੇ ਉਸ ਅਨੁਸਾਰ ਲਿਖਣ, ਬੋਲਣ ਤੇ ਵਿਚਰਨ ਦੀ ਆਜ਼ਾਦੀ ਬਿਨਾਂ ਹਰ ਆਜ਼ਾਦੀ ਅਧੂਰੀ ਤੇ ਮਹਿਜ਼ ਢਕੋਸਲਾ ਹੀ ਹੁੰਦੀ ਹੈ।

ਫਿਰਕਾਪ੍ਰਸਤੀ ਦੀ ਕਾਲ਼ੀ-ਬੋਲ਼ੀ ਅੰਨ੍ਹੀ ਹਨੇਰੀ ਦਾ ਨੰਗਾ ਨਾਚ 30 ਸਤੰਬਰ 2015 ਨੂੰ ਦਾਦਰੀ ਦੇ ਪਿੰਡ ਬਿਸਾੜਾ ਵਿਚ ਵੇਖਣ ਨੂੰ ਮਿਲਿਆ। ਕਲਬੁਰਗੀ ਦੇ ਕਤਲ ਬਾਅਦ ਇਹ ਦੂਜੀ ਘਟਨਾ ਹੈ, ਜਿਸ ਨੇ ਸਿਰਫ ਭਾਰਤ ਹੀ ਨਹੀਂ ਸੰਸਾਰ ਭਰ ਦੇ ਬੁੱਧੀਜੀਵੀਆਂ ਨੂੰ ਪੀਲੇ ਲਿਬਾਸ ਪਾਈ ਕਾਲ਼ੀ-ਬੋਲ਼ੀ ਹਨੇਰੀ ਦੀ ਚੜ੍ਹ ਰਹੀ ਕਾਂਗ ਬਾਰੇ ਗੰਭੀਰ ਚਿੰਤਾ ਵਿਚ ਪਾ ਦਿੱਤਾ ਹੈ ਅਤੇ ਇਸ ਨੂੰ ਰੋਕਣ ਲਈ ਕੁਝ ਕਰਨ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਬੁੱਧੀਜੀਵੀਆਂ, ਚਿੰਤਕਾਂ ਦੇ ਸਿਰਮੌਰ ਵਰਗ, ਸਾਹਿਤਕਾਰਾਂ ਨੇ ਸਾਹਿਤ ਅਕਾਦਮੀ ਵਲੋਂ ਆਪਣੇ ਸਨਮਾਨ ਵਾਪਸ ਕਰਨ ਵਰਗਾ ਬਹੁਤ ਹੀ ਮਹੱਤਵਪੂਰਨ ਫ਼ੈਸਲਾ ਭਾਰਤ ਵਿਚ ਪਹਿਲਾਂ ਤੋਂ ਉਸਰ ਰਹੇ ਅਤੇ ਹੁਣ ਸਾਲ ਡੇਢ ਸਾਲ ਤੋਂ ਹੋਰ ਵੀ ਖ਼ਤਰਨਾਕ ਰੂਪ ਧਾਰਨ ਕਰ ਗਏ ਜ਼ਹਿਰੀਲੇ ਮਾਹੌਲ ਕਾਰਨ ਲਿਆ ਹੈ।

ਦਾਦਰੀ ਦੇ ਬਿਸਾੜਾ ਪਿੰਡ ਵਿਚ ਇਕ ਗਿਣੀ-ਮਿਥੀ ਸਾਜ਼ਿਸ਼ ਨਾਲ ਮੰਦਰ ਦੇ ਸਪੀਕਰ ਤੋਂ ਇਹ ਐਲਾਨ ਕੀਤਾ ਗਿਆ ਕਿ ਇਕ ਮੁਸਲਮਾਨ ਪਰਿਵਾਰ ਦੇ ਘਰ ਗਊ ਦਾ ਮਾਸ ਰਿੱਝ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਮੰਦਰ ਦੇ ਪੁਜਾਰੀ ਨੇ ਭਾਵੇਂ ਗਊ ਮਾਸ ਰਿੰਨਣ ਵਾਲੇ ਦਾ ਨਾਮ ਨਹੀਂ ਸੀ ਲਿਆ ਪਰ ਤਿਆਰ-ਬਰ-ਤਿਆਰ ਲੋਕਾਂ ਦੀ ਭੀੜ 52 ਸਾਲਾ ਮੁਹੰਮਦ ਅਖ਼ਲਾਕ ਦੇ ਘਰ ਜਬਰੀ ਜਾ ਵੜੀ। ਹਿੰਦੂ ਫਿਰਕਾਪ੍ਰਸਤਾਂ ਦੀ ਭੀੜ ਨੇ ਮੁਹੰਮਦ ਅਖ਼ਲਾਕ ਅਤੇ ਉਸ ਦੇ 22 ਸਾਲਾ ਬੇਟੇ ਦਾਨਿਸ਼ ਉਪਰ ਬਿਨਾਂ ਕੁਝ ਕਹੇ ਸੁਣੇ ਇੱਟਾਂ-ਵੱਟਿਆਂ ਦੀ ਬਾਰਸ਼ ਸ਼ੁਰੂ ਕਰ ਦਿੱਤੀ। ਇਸ ਦੌਰਾਨ ਮੁਹੰਮਦ ਅਖ਼ਲਾਕ ਦੀ ਧੀ ਦੁਹਾਈਆਂ ਦਿੰਦੀ ਰਹੀ ਕਿ ਇਹ ਮਾਸ ਗਊ ਦਾ ਨਹੀਂ ਬਕਰੇ ਦਾ ਹੈ ਅਤੇ ਪਿਤਾ ਦਾ ਦੋਸਤ ਸਾਨੂੰ ਈਦ ਦੇ ਤੋਹਫ਼ੇ ਵਜੋਂ ਦੇ ਕੇ ਗਿਆ ਹੈ। ਪਰ ਭੀੜ ਨੇ ਇਕ ਨਹੀਂ ਸੁਣੀ। ਅਖ਼ਲਾਕ ਨੂੰ ਮੌਕੇ ’ਤੇ ਹੀ ਮਾਰ ਦਿੱਤਾ ਗਿਆ। ਬੇਟਾ ਦਾਨਿਸ਼ ਬਹੁਤ ਗੰਭੀਰ ਹੋ ਕੇ ਹਸਪਤਾਲ ਵਿਚ ਜ਼ਿੰਦਗੀ ਮੌਤ ਦੀ ਲੜਾਈ ਲੜਨ ਲੱਗਾ।

ਇਹ ਘਟਨਾ ਸਹਿਵਨ ਨਹੀਂ ਵਾਪਰੀ। ਇਸ ਨਾਲ ਹੋਰ ਵੀ ਸਵਾਲ ਜੁੜੇ ਹੋਏ ਹਨ। ਚਿਰਾਂ ਤੋਂ ਇਕੋ ਪਿੰਡ ਵਿਚ ਰਹਿ ਰਹੇ ਹਿੰਦੂ-ਮੁਸਲਿਮ ਪਰਿਵਾਰਾਂ ਨੂੰ ਇਹ ਕੀ ਹੋ ਗਿਆ ਕਿ ਉਨ੍ਹਾਂ ਕਿੱਤੇ ਵਜੋਂ ਲੁਹਾਰ ਦਾ ਕੰਮ ਕਰਦੇ ਇਕ ਦੂਜੇ ਦੇ ਕੰਮ ਆਉਂਦੇ ਆਪਣੇ ਹੀ ਪਿੰਡ ਦੇ ਇਕ ਦਾਨਿਸ਼ਵਰ ਨੂੰ ਇੱਟਾਂ-ਵੱਟੇ ਮਾਰ-ਮਾਰ ਕੇ ਮਾਰ ਦਿੱਤਾ। ਐਸਾ ਵਰਤਾਰਾ ਤਾਂ ਸੰਨ 1947 ’ਚ ਵੀ ਸੁਣਨ ਨੂੰ ਘੱਟ ਹੀ ਮਿਲਿਆ ਸੀ ਕਿ ਇਕ ਪਿੰਡ ਵਿਚ ਰਹਿਣ ਵਾਲੇ ਇਕ ਦੂਜੇ ’ਤੇ ਹਮਲਾ ਕਰਨ। ਫਿਰ ਐਸਾ ਇਕਦਮ ਕੀ ਵਾਪਰ ਗਿਆ ਕਿ ਐਨਾ ਜ਼ਹਿਰੀਲਾ ਵਾਤਾਵਰਣ ਬਣ ਗਿਆ। ਅਸਲ ਵਿਚ ਆਰ.ਐਸ.ਐਸ. ਦਾ ਏਜੰਡਾ ਲਾਗੂ ਕਰਨ ਅਤੇ ਮੁਸਲਮਾਨਾਂ ਵਿਰੁੱਧ ਐਨਾ ਜ਼ਹਿਰੀਲਾ ਵਾਤਾਵਰਣ ਬਣਾਉਣ ਲਈ ਆਰ.ਐਸ.ਐਸ. ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ ਤੇ ਹੋਰ ਬਹੁਤ ਸਾਰੀਆਂ ਸਥਾਨਕ ਸੈਨਾਵਾਂ ਕੰਮ ਕਰ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਦਾਦਰੀ ਖੇਤਰ ਵਿਚ ‘ਸਮਾਧਾਨ ਸੈਨਾ’ ਗੋਬਿੰਦ ਚੌਧਰੀ ਦੀ ਅਗਵਾਈ ਵਿਚ ਕੰਮ ਕਰ ਰਹੀ ਹੈ ਜੋ ਸ਼ਰੇਆਮ ਫਿਰਕੂ ਜ਼ਹਿਰ ਫੈਲਾਉਣ ਦਾ ਰਾਤ ਦਿਨ ਕੰਮ ਕਰਦੀ ਹੈ।

ਦੂਜਾ ਸਵਾਲ ਉਠਦਾ ਹੈ ਕਿ ਕੀ ਗਊ ਮਾਸ ਖਾਣਾ ਐਨਾ ਅਪਰਾਧ ਹੈ ਕਿ ਇਸ ਦੀ ਸਜ਼ਾ ਕੇਵਲ ਮੌਤ ਹੈ। ਕੀ ਗਊ ਦੀ ਜਾਨ ਮਨੁੱਖ ਦੀ ਜਾਨ ਤੋਂ ਵਧੇਰੇ ਕੀਮਤੀ ਹੈ? ਜੇ ਮੁਸਲਮਾਨ ਸੂਰ ਨਹੀਂ ਖਾਂਦੇ




PAKISTANI & EAST AFRICAN MENU
BEEF RIB, MOGO, MISHKAKI, CHOPS, CHAPPALI KABAB, SEEKH KABAB
Shah Tandoori Grill
Party Hall Available
Catering in Town or Out of Town
Tuesday Closed
ASK For
780 462 3556
3444-93 Street, NW, Edmonton AB T6E 6A4, Fax : 780 462 3575, Toll Free : 1 866 362 3556

ਤਾਂ ਕੀ ਸੂਰ ਖਾਣ ਵਾਲੇ ਨੂੰ ਮੁਸਲਮਾਨਾਂ ਵਲੋਂ ਮਾਰ ਦੇਣਾ ਚਾਹੀਦਾ ਹੈ? ਹਿੰਦੂ ਧਰਮ ਵਿਚ ਮੁਰਦਾ ਸਾੜਿਆ ਜਾਂਦਾ ਹੈ, ਦਫ਼ਨਾਇਆ ਨਹੀਂ ਜਾਂਦਾ ਤਾਂ ਕੀ ਮੁਰਦਾ ਦਫ਼ਨਾਉਣ ਵਾਲਿਆਂ ਨੂੰ ਮਾਰ ਦਿੱਤਾ ਜਾਵੇਗਾ? 'ਗਊ ਇਕ ਪਸ਼ੂ ਹੈ ਤੇ ਇਹ ਕਿਸੇ ਦੀ ਮਾਂ ਨਹੀਂ ਹੋ ਸਕਦੀ' ਵਰਗਾ ਸੱਚ ਕਹਿਣ ਵਾਲੇ ਸਾਬਕਾ ਜਸਟਿਸ ਕਾਟਜੂ ਦੇ ਥਾਂ-ਥਾਂ ਪੁਤਲੇ ਸਾੜੇ ਗਏ ਹਨ। ਕੱਲ ਨੂੰ ਉਸ ਨੂੰ ਵੀ ਇਹ ਬਹੁਗਿਣਤੀ ਫਿਰਕੂ ਜ਼ਹਿਰੀਲੇ ਫਨੀਅਰ ਡੱਸ ਸਕਦੇ ਹਨ। ਇਹ ਸਭ ਕੀ ਹੋ ਰਿਹਾ ਹੈ? ਕੀ ਭਾਰਤ ਤੋਂ ਬਾਹਰ ਜੋ ਗਊ ਦਾ ਮਾਸ ਖਾਂਦੇ ਹਨ, ਸਭ ਮਾਰ ਦੇਣੇ ਚਾਹੀਦੇ ਹਨ?

ਫਿਰ ਸਵਾਲਾਂ ਦਾ ਸਵਾਲ ਕਿ ਇਸ ਬਾਰੇ ਗੱਲ-ਗੱਲ 'ਤੇ ਟਿਪਣੀ ਕਰਨ ਵਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੰਮਾ ਸਮਾਂ ਚੁੱਪ ਕਿਉਂ ਰਿਹਾ? ਕਿਉਂ ਇਸ ਨੂੰ ਸਰਕਾਰ ਵਲੋਂ ਕੇਵਲ ਇਕ ਕਨੂੰਨ ਤੇ ਪ੍ਰਬੰਧ (ਲਾਅ ਐਂਡ ਆਰਡਰ) ਦਾ ਮਸਲਾ ਹੀ ਕਿਹਾ ਜਾ ਰਿਹਾ ਹੈ ਅਤੇ ਇਸ ਦੀ ਜ਼ਿੰਮੇਵਾਰੀ ਸਬੰਧਤ ਰਾਜ 'ਤੇ ਸੁੱਟੀ ਜਾ ਰਹੀ ਹੈ? ਜੇ ਕਰਨਾਟਕ ਜਾਂ ਮਹਾਰਾਸ਼ਟਰ 'ਚ ਹੋਇਆ ਤਾਂ ਕਰਨਾਟਕ ਦੀ ਸਰਕਾਰ ਜ਼ਿੰਮੇਵਾਰ, ਜੇ ਯੂ.ਪੀ. 'ਚ ਹੋਇਆ ਤਾਂ ਸਮਾਜਵਾਦੀ ਪਾਰਟੀ ਦੀ ਸਰਕਾਰ ਜ਼ਿੰਮੇਵਾਰ ਹੈ। ਕੀ ਇਹ ਫਿਰਕੂ ਫਾਸੀਵਾਦੀ ਹਨੇਰੀ ਦਾ ਕਸੂਰ ਨਹੀਂ ਹੈ? ਜਿਸ ਨੇ ਦੇਸ਼ ਵਿਚ ਥਾਂ-ਥਾਂ ਐਸੇ ਕਤਲ ਕੀਤੇ ਹਨ।






ਸੱਚਮੁਚ ਇਹ ਬਹੁਗਿਣਤੀ ਫਿਰਕੂ ਫਾਸੀਵਾਦੀ ਹਨੇਰੀਆਂ ਦਾ ਹੀ ਸਿੱਟਾ ਹੈ ਜੋ ਬੇ-ਕਸੂਰ ਲੋਕਾਂ ਦਾ ਕਤਲ ਕਰ ਰਹੀ ਹੈ। ਇਨ੍ਹਾਂ ਕਾਲਖਾਂ ਨੂੰ ਕੌਣ ਸ਼ਿਸ਼ਕਾਰ ਰਿਹਾ ਹੈ? ਕੌਣ ਇਸ ਦੀ ਪੁਸ਼ਤ ਪਨਾਹੀ ਕਰ ਰਿਹਾ ਹੈ? ਇਹੀ ਸਵਾਲ ਅੱਜ ਹਰ ਬੁੱਧਜੀਵੀ ਤੇ ਧਰਮ ਨਿਰਪੱਖ ਸੋਚਣੀ ਵਾਲੇ ਸ਼ਖ਼ਸ ਦੀ ਸੋਚ ਦਾ ਵਿਸ਼ਾ ਹੈ। ਪੁਲੀਸ ਦਾ 'ਇਖਲਾਕ' ਵੇਖੋ ਕਿ 'ਅਖ਼ਲਾਕ' ਦੇ ਘਰੋਂ ਮਿਲੇ ਮੀਟ ਨੂੰ ਟੈਸਟ ਕਰਵਾਇਆ ਜਾ ਰਿਹਾ ਹੈ। ਉਹ ਤਾਂ ਚੰਗਾ ਹੋਇਆ ਕਿ ਟੈਸਟ ਵਿਚ ਬਕਰੇ ਦਾ ਮੀਟ ਨਿਕਲਿਆ ਪਰ ਜੇ ਉਹ ਗਊ ਦਾ ਹੀ ਨਿਕਲਦਾ ਤਾਂ ਕੀ ਇਹ ਘਟਨਾ ਵਾਜਬ ਹੋ ਜਾਣੀ ਸੀ? ਕਿੱਥੇ ਹੈ ਭਾਰਤ ਦਾ ਕਾਨੂੰਨ, ਸੰਵਿਧਾਨ ਤੇ ਅਦਾਲਤ?

ਆਰ.ਐਸ.ਐਸ. ਦਾ ਮੁੱਖ ਏਜੰਡਾ ਭਾਰਤ ਨੂੰ ਇਕ ਧਰਮ ਨਿਰਪੱਖ ਰਾਜ ਤੋਂ ਹਿੰਦੂ ਰਾਸ਼ਟਰ ਵਿਚ ਬਦਲਣਾ ਹੈ। ਇਸ ਮਕਸਦ ਲਈ ਉਹ ਹਰ ਹਰਬਾ ਵਰਤ ਕੇ ਰਾਤ ਦਿਨ ਇਕ ਕਰ ਕੇ ਕੰਮ ਕਰ ਰਹੀ ਹੈ। ਇਹ ਕਹਿਣਾ ਕਿ '800 ਸਾਲ ਬਾਅਦ ਮੜ ਮੋਦੀ ਦੀ ਅਗਵਾਈ ਵਿਚ ਹਿੰਦੂ ਰਾਜ ਸਥਾਪਤ ਹੋਇਆ ਹੈ' ਤੋਂ ਕੀ ਭਾਵ ਹੈ? ਹੁਣ ਆਰ.ਐਸ.ਐਸ. ਇਸ ਹਿੰਦੂ ਰਾਜ ਦਾ ਭਰਪੂਰ ਲਾਭ ਉਠਾਉਣਾ ਚਾਹੁੰਦੀ ਹੈ। 'ਭਾਰਤ ਵਿਚ ਰਹਿਣ ਵਾਲੇ ਜਾਂ 'ਰਾਮਜਾਦੇ' ਹਨ ਜਾਂ 'ਹਰਾਮ ਜਾਦੇ'। ਲਵ ਜੇਹਾਦ ਕਹਿ ਕੇ ਹਿੰਦੂ-ਮੁਸਲਿਮ ਨੌਜਵਾਨਾਂ ਨੂੰ ਆਪਸ ਵਿਚ ਪਿਆਰ ਮੁਹੱਬਤ ਕਰਨ ਅਤੇ ਸ਼ਾਦੀ ਕਰਨ ਦੀ ਸਖ਼ਤ ਮਨਾਹੀ ਕੀਤੀ ਜਾ ਰਹੀ ਹੈ। ਘਰ ਵਾਪਸੀ ਦੇ ਨਾਂ 'ਤੇ ਇਸਾਈਆਂ, ਮੁਸਲਮਾਨਾਂ ਤੇ ਹੋਰ ਘੱਟ ਗਿਣਤੀਆਂ ਨੂੰ ਹਿੰਦੂ ਬਣਾਉਣ ਨੂੰ ਵਾਜਬ ਠਹਿਰਾਇਆ ਜਾ ਰਿਹਾ ਹੈ। ਬਾਬਰੀ ਮਸਜਿਦ ਨੂੰ ਢਾਹ ਦਿੱਤਾ ਗਿਆ ਹੈ ਤੇ ਹੁਣ ਕੇਵਲ ਉਸੇ ਹੀ ਥਾਂ 'ਰਾਮ ਮੰਦਰ' ਬਣਾਉਣ ਦਾ ਹਰ ਹੀਲਾ ਵਰਤਿਆ ਜਾ ਰਿਹਾ ਹੈ। 'ਮੁਸਲਮਾਨਾਂ ਦੀ ਆਬਾਦੀ ਵੱਧ ਰਹੀ ਹੈ ਤੇ ਹਿੰਦੂਆਂ ਦੀ ਘੱਟ ਰਹੀ ਹੈ ਜੇ ਇਸ ਤਰ੍ਹਾਂ ਹੀ ਰਿਹਾ ਤਾਂ ਹਿੰਦੂ ਭਾਰਤ ਵਿਚ ਘੱਟ ਗਿਣਤੀ ਵਿਚ ਹੋ ਜਾਣਗੇ, ਇਸ ਲਈ ਹਰ ਹਿੰਦੂ 4-4 ਬੱਚੇ ਪੈਦਾ ਕਰੇ" ਦੇ ਫ਼ਤਵੇ ਹਿੰਦੂ ਧਾਰਮਕ ਆਗੂਆਂ ਵਲੋਂ ਜਾਰੀ ਕੀਤੇ ਜਾ ਰਹੇ ਹਨ। ਗੁਜਰਾਤ ਦੰਗਿਆਂ ਨੂੰ ਵਾਜਬ ਠਹਿਰਾਇਆ ਜਾ ਰਿਹਾ ਹੈ। ਐਮ.ਐਫ਼. ਹੁਸੈਨ ਵਰਗਿਆਂ ਨੂੰ ਦੇਸ਼ ਨਿਕਾਲੇ ਲਈ ਮਜਬੂਰ ਕੀਤਾ ਜਾਂਦਾ ਹੈ। ਸਾਂਝਾ ਸਿਵਲ ਕੋਡ ਲਿਆਉਣ ਲਈ ਪੂਰਾ ਯਤਨ ਕੀਤਾ ਜਾ ਰਿਹਾ ਹੈ। ਜੰਮੂ ਕਸ਼ਮੀਰ 'ਚੋਂ ਧਾਰਾ 370 ਖ਼ਤਮ ਕਰਨ ਦੀ ਹਰ ਕੋਸ਼ਿਸ਼ ਹੋ ਰਹੀ ਹੈ। ਹੋਰ ਤਾਂ ਹੋਰ ਮੁਸਲਿਮ ਦੇਸ਼ ਪਾਕਿਸਤਾਨ ਨਾਲ ਯੁੱਧ ਛੇੜਨ ਲਈ ਬਹਾਨੇ ਤਲਾਸ਼ੇ ਜਾ ਰਹੇ ਹਨ। ਸਾਰੇ ਸਕੂਲਾਂ ਵਿਚ ਗੀਤਾ ਦੀ ਪੜ੍ਹਾਈ ਲਾਜ਼ਮੀ ਕੀਤੀ ਜਾ ਰਹੀ ਹੈ। ਯੋਗਾ ਦੇ ਵਿਗਿਆਨ ਨੂੰ ਧਾਰਮਕ ਰੰਗਤ ਦੀ ਪੁੱਠ ਚਾੜ੍ਹ ਦਿੱਤੀ ਹੈ। ਸਾਰੇ ਉਚ ਅਕਾਦਮਿਕ ਅਹੁਦਿਆਂ 'ਤੇ ਆਰ.ਐਸ.ਐਸ. ਦੇ ਬੰਦੇ ਬਿਠਾ ਦਿੱਤੇ ਹਨ। ਮਿਥਿਹਾਸ ਨੂੰ ਇਤਿਹਾਸ ਬਣਾ ਕੇ ਵਿਦਿਅਕ ਸਿਲੇਬਸ ਦਾ ਹਿੱਸਾ ਬਣਾਇਆ ਜਾ ਰਿਹਾ ਹੈ।

ਸ਼ਿਵ ਸੈਨਾ ਵਲੋਂ ਐਲਾਨੀਆਂ 12 ਅਕਤੂਬਰ 2015 ਨੂੰ ਮੁੰਬਈ ਵਿਚ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਮਹਿਮੂਦ ਕਸੂਰੀ ਦੀ ਪੁਸਤਕ 'ਨਾ ਬਾਜ ਨਾ ਘੁੱਗੀ' ਰਿਲੀਜ਼ ਕਰਨ ਦੇ ਮੁੱਖ ਪ੍ਰਬੰਧਕ ਸੁਧੀਂਦਰ ਕੁਲਕਰਨੀ ਅਤੇ ਕਸ਼ਮੀਰ ਦੇ ਵਿਧਾਇਕ ਇੰਜ. ਰਸ਼ੀਦ ਦੇ ਮੂੰਹ 'ਤੇ ਸਿਆਹੀ ਮਲਣਾ ਅਤੇ ਹਿੰਦ-ਪਾਕਿ ਦੇ ਲੋਕਾਂ ਦੇ ਪਸੰਦੀਦਾ ਗਾਇਕ ਗੁਲਾਮ ਅਲੀ ਨੂੰ ਮੁੰਬਈ ਵਿਚ ਉਲੀਕੇ ਪ੍ਰੋਗਰਾਮ ਵਿਚ ਸ਼ਾਮਲ ਨਾ ਹੋਣ ਦੇਣਾ, ਜਿਥੇ ਘੋਰ ਮੁਸਲਿਮ ਵਿਰੋਧੀ ਵਰਤਾਰੇ ਦਾ ਇਜ਼ਹਾਰ ਹੈ, ਉਥੇ ਇਸ ਦਾ ਮੰਤਵ ਆਰ.ਐਸ.ਐਸ. ਦੇ ਕੱਟੜਵਾਦੀਆਂ ਨੂੰ ਇਹ ਸੁਨੇਹਾ ਦੇਣਾ ਵੀ ਹੈ ਕਿ ਸ਼ਿਵ ਸੈਨਾ/ਹਿੰਦੂ ਸੈਨਾ ਭਾਰਤੀ ਜਨਤਾ ਪਾਰਟੀ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਫਾਸੀ ਨਹੀਂ ਹੈ ਸਗੋਂ ਵਧੇਰੇ ਫਾਸੀ ਹੈ।

ਨਰਿੰਦਰ ਮੋਦੀ ਹੋਰੀਂ ਵੀ ਇਸ ਬਾਰੇ ਬੋਲੇ ਹਨ ਤੇ ਇਸ ਨੂੰ ਕੇਵਲ ਮੰਦਭਾਗਾ ਤੇ ਵਿਰੋਧੀਆਂ ਦਾ ਪ੍ਰਚਾਰ ਕਹਿ ਕੇ ਟਾਲ ਦਿੱਤਾ ਗਿਆ ਹੈ। 'ਮੋਦੀ ਜੀ' ਵੀ ਉਦੋਂ ਬੋਲੇ ਹਨ ਜਦੋਂ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਨੇ ਇਸ ਵਰਤਾਰੇ ਵਿਰੁੱਧ ਚਿੰਤਾ ਜ਼ਾਹਰ ਕੀਤੀ। ਸਥਾਨਕ ਬੀ.ਜੇ.ਪੀ. ਸਾਂਸਦ ਬਲਦੀ 'ਤੇ ਹੋਰ ਤੇਲ ਪਾ ਦਿੱਤਾ ਹੈ। 'ਜੇ ਗਊ ਨੂੰ ਕੋਈ ਮਾਰੇਗਾ ਅਸੀਂ ਮਰਨ ਮਾਰਨ ਤਕ ਜਾਵਾਂਗੇ।' ਸਾਧਵੀਆਂ ਤੇ ਸਾਧ ਮੌਕਾ ਵੇਖ ਕੇ ਹੋਰ ਅੱਗ ਬਬੂਲੇ ਬਿਆਨਾਂ ਦੇ ਅਗਨ ਬਾਣ ਛੱਡ ਰਹੇ ਹਨ। ਸ਼ਾਕਸ਼ੀ ਮਹਾਰਾਜ ਦੀ ਭਾਸ਼ਾ ਅੱਗ ਦੇ ਗੋਲੇ ਛੱਡਣ ਵਾਲੀ ਹੈ। ਆਰ.ਐਸ.ਐਸ. ਦੇ ਬੁਲਾਰੇ 'ਪੰਚਜਨਿਆ' ਨੇ ਦਾਦਰੀ ਕਾਂਡ ਨੂੰ ਇਹ ਕਹਿ ਕੇ ਦਰੁਸਤ ਠਹਿਰਾਇਆ ਹੈ ਕਿ 'ਵੇਦਾਂ ਅਨੁਸਾਰ ਗਊ ਹੱਤਿਆ ਕਰਨ ਵਾਲੇ ਨੂੰ ਮੌਤ ਦੀ ਸਜ਼ਾ ਮਿਲਣੀ ਹੀ ਚਾਹੀਦੀ ਹੈ।' ਭਾਰਤੀ ਸਾਹਿਤ ਅਕਾਦਮੀ ਦੇ ਪੁਰਸਕਾਰਿਤ ਲੇਖਕਾਂ ਵਲੋਂ ਪੁਰਸਕਾਰ ਵਾਪਸੀ ਨੂੰ ਇਹ ਕਹਿ ਕੇ ਭੰਡਿਆ ਗਿਆ ਹੈ ਕਿ ਭਾਰਤ ਦਾ ਵਿਕਾਸ ਦੇਖ ਕੇ ਵਿਰੋਧੀ ਜੋ ਸਾਜ਼ਿਸ਼ਾਂ ਰਚ ਰਹੇ ਹਨ, ਲੇਖਕ ਵੀ ਉਸ ਦਾ ਸ਼ਿਕਾਰ ਹੋ ਗਏ ਹਨ। ਇਸ ਵਕਤ ਉਹ 'ਜਲ ਬਿਨ ਮਛਲੀ ਹਨ।' ਉਂਞ ਇਹ ਵਿਕਾਸ ਹੈ ਤਾਂ ਵਿਨਾਸ਼ ਕਿਸ ਨੂੰ ਕਿਹਾ ਜਾਂਦਾ ਹੈ। ਹਰਿਆਣਾ ਦੇ ਮੁੱਖ ਮੰਤਰੀ ਖੱਟਰ ਨੇ 'ਗਊ ਮਾਸ ਛੱਡੋ ਜਾਂ ਦੇਸ਼' ਕਹਿ ਕੇ ਭਾਜਪਾ ਦਾ ਅਸਲ ਉਦੇਸ਼ ਜੱਗ ਜ਼ਾਹਰ ਕਰ ਦਿੱਤਾ ਹੈ। ਇਸੇ ਤਰ੍ਹਾਂ ਸ਼ਕਾਸ਼ੀ ਮਹਾਰਾਜਾ, ਸੰਗੀਤ ਸੂਮ, ਸਾਧਵੀ ਚਿਤੰਬਰਾ ਤੇ ਪ੍ਰਾਚੀ ਆਦਿ ਦੇ ਵੀ ਫ਼ਿਕਰਾਪ੍ਰਸਤੀ ਧਰਮ ਵਿਰੋਧੀ ਬਿਆਨ ਆਏ ਹਨ। ਸਰਕਾਰ ਵਲੋਂ ਲੇਖਕਾਂ ਨੂੰ ਕਾਂਗਰਸੀ ਕਮਿਊਨਿਸਟ ਅਤੇ ਜਲ ਬਿਨ ਮਛਲੀ, ਲਾਈ ਲੱਗ ਆਦਿ ਕਹਿ ਕੇ ਉਨ੍ਹਾਂ ਦੇ ਮਖੌਲ ਉਡਾਏ ਜਾ ਰਹੇ ਹਨ। ਕੀ ਇਹ ਲੇਖਕਾਂ/ਬੁੱਧੀਜੀਵੀਆਂ ਨੂੰ ਗਾਲ੍ਹ ਕੱਢਣ ਦੇ ਬਰਾਬਰ ਨਹੀਂ ਹੈ?

ਕੀ ਕੀਤਾ ਜਾਵੇ?

ਜ਼ੁਲਮ ਦੀ ਇੰਤਹਾ ਹੋ ਚੁੱਕੀ ਹੈ। ਇਹ ਇੰਤਹਾ ਗੁਜਰਾਤ ਦੰਗਿਆਂ ਵੇਲੇ ਵੀ ਹੋਈ ਸੀ ਅਤੇ 1984 ਦੇ ਦਿੱਲੀ ਦੰਗਿਆਂ ਵੇਲੇ ਵੀ। 1947 ਦੀ ਵੰਡ ਵੇਲੇ ਵੀ। ਇਤਿਹਾਸਕਾਰ ਆਖਦੇ ਹਨ ਐਸਾ ਮਾਹੌਲ 1947 ਤੋਂ ਪਹਿਲਾਂ ਬਣਿਆ ਹੋਇਆ ਸੀ। ਉਦੋਂ ਵੀ ਹਿੰਦੂ ਫ਼ਿਰਕਾਪ੍ਰਸਤਾਂ ਵਲੋਂ ਮੁਸਲਮਾਨਾਂ ਵਿਰੁੱਧ ਘੋਰ ਨਫ਼ਰਤ ਉਪਜਾਈ ਗਈ ਸੀ, ਜਿਸ ਦਾ ਸਿੱਟਾ ਦੇਸ਼ ਦੇ ਟੋਟੇ ਹੋਣ ਦੇ ਰੂਪ ਵਿਚ ਨਿਕਲਿਆ ਸੀ। ਟੋਟੇ ਹੋਣ ਵੇਲੇ ਪੁਰਾਣੇ ਪੰਜਾਬ ਵਿਚ ਹੀ ਹਿੰਦੂ, ਸਿੱਖ ਤੇ ਮੁਸਲਮਾਨਾਂ ਦੇ ਘੱਟੋ-ਘੱਟ 10 ਲੱਖ ਤੋਂ ਵੱਧ ਕਤਲ ਹੋਏ ਸਨ। ਹੁਣ ਫਿਰ ਇਸ ਤਰ੍ਹਾਂ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਕੱਟੜ ਧਾਰਮਕ ਮੁਸਲਿਮ ਜਥੇਬੰਦੀ ਆਈ.ਐਸ.ਆਈ.ਐਸ. ਵੀ ਇਸੇ ਖਸ਼ਫ਼ਹਿਮੀ ਦਾ ਸ਼ਿਕਾਰ ਹੋ ਕੇ ਇਨਸਾਨੀਅਤ ਦਾ ਘਾਣ ਕਰ ਰਹੀ ਹੈ ਕਿ ਸਿਰਫ ਤੇ ਸਿਰਫ਼ ਮਸਲਮਾਨ ਧਰਮ ਹੀ ਚੰਗਾ ਹੈ ਤੇ ਇਹੋ ਇਕੋ ਇਕ ਧਰਮ ਹੈ ਜੋ ਸੰਸਾਰ ਨੂੰ ਬਚਾ ਸਕਦਾ ਹੈ। ਹਰ ਧਰਮ ਦਾ ਫਾਸੀ ਜ਼ਹਿਰੀਲਾ ਪ੍ਰਚਾਰ ਇਸੇ ਨੁਕਤੇ 'ਤੇ ਆਧਾਰਤ ਹੀ ਹੁੰਦਾ ਹੈ। ਇਹੋ ਫਾਸੀਵਾਦ ਹੈ। "ਮੈਂ ਚੰਗਾ ਬਾਕੀ ਸਭ ਭੈੜੇ-ਭੈੜਿਆਂ ਨੂੰ ਮਾਰ ਦਿਓ, ਆਪਣਾ ਧਰਮ ਆਪਣੇ ਕਾਇਦੇ ਕਾਨੂੰਨ ਲਾਗੂ ਕਰੋ।" ਕਿਸੇ ਨੇ ਕੀ ਖਾਣਾ ਹੈ, ਕੀ ਪਹਿਨਣਾ ਹੈ, ਕਿਸ ਭਾਸ਼ਾ ਨੂੰ ਅਪਣਾਉਣਾ ਹੈ। ਸਕੂਲਾਂ ਵਿਚ ਕੀ ਪੜ੍ਹਨਾ ਹੈ, ਸਭ ਧਰਮ ਤਹਿ ਕਰੇ। ਧਰਮ ਹੀ ਸਰਬਉੱਚ ਹੈ। ਜੇ ਕੋਈ ਧਰਮ ਨਿਰਪੱਖ ਹੈ, ਨਾਸਤਿਕ ਹੈ ਤਾਂ ਉਸ ਨੂੰ ਦੇਸ਼ ਵਿਚ ਰਹਿਣ ਦਾ ਹੀ ਹੱਕ ਨਹੀਂ ਹੈ। ਇਹ ਸਾਰਾ ਕਝ ਫੇਰ ਨਾਜੀਆਂ ਦਾ ਜ਼ੁਲਮ ਚੇਤੇ ਕਰਾ ਰਿਹਾ ਹੈ। ਫੇਰ ਤੋਂ ਫਾਸੀਵਾਦੀ ਸਿਰ ਚੁੱਕ ਰਿਹਾ ਹੈ। ਐਸੀ ਹਾਲਤ ਵਿਚ ਕੁਝ ਨਾ ਕੁਝ ਕਰਨਾ ਜ਼ਰੂਰ ਬਣਦਾ ਹੈ। ਖ਼ਾਮੋਸ਼ ਹੱਥ 'ਤੇ ਹੱਥ ਧਰ ਕੇ ਬੈਠਣਾ ਬੱਜਰ ਗੁਨਾਹ ਹੋਵੇਗਾ। ਜ਼ੁਲਮ ਖ਼ਿਲਾਫ਼ ਨਾ ਬੋਲਣਾ ਵੀ ਜ਼ੁਲਮ ਦੀ ਹਮਾਇਤ ਵਾਂਗ ਹੀ ਗਿਣਿਆ ਜਾਂਦਾ ਹੈ। ਲੇਖਕਾਂ ਨੇ ਇਸ ਸਬੰਧੀ ਕੁਝ ਕਰਨ ਲਈ ਪਹਿਲ ਕੀਤੀ ਹੈ। ਉਨ੍ਹਾਂ ਨੇ ਸਾਹਿਤ ਅਕਾਦਮੀ ਵਲੋਂ ਮਿਲੇ ਇਨਾਮ-ਸਨਮਾਨ ਵਾਪਸ ਕਰ ਕੇ ਸਾਰੇ ਦੇਸ਼ ਦਾ ਧਿਆਨ ਲਿਖਣ-ਬੋਲਣ ਦੀ ਆਜ਼ਾਦੀ ਅਤੇ ਫਿਰਕਾ ਪ੍ਰਸਤੀ ਦੇ ਤਾਂਡਵੀ ਨਾਚ ਵੱਲ ਖਿੱਚਿਆ ਹੈ। ਉਨ੍ਹਾਂ ਨੇ ਇਹ ਬਹੁਤ ਹੀ ਹਿੰਮਤ ਤੇ ਬਹਾਦਰੀ ਵਾਲਾ ਕਾਰਨਾਮਾ ਕੀਤਾ ਹੈ। ਦੇਸ਼ ਭਰ ਵਿਚ ਹੁਣ ਤਕ 50 ਦੇ ਕਰੀਬ ਸਾਹਿਤਕਾਰ ਸਨਮਾਨ ਵਾਪਸ ਕਰ ਚੁੱਕੇ ਹਨ। ਇਹ ਸਿਲਸਿਲਾ ਅਜੇ ਜਾਰੀ ਹੈ। ਨਾਯਨਤਾਰਾ ਸਹਿਗਲ, ਉਦੈ ਪ੍ਰਕਾਸ਼, ਅਸ਼ੋਕ ਵਾਜਪੇਈ, ਸਰਾ ਜੋਸਫ਼, ਸ਼ਸ਼ੀ ਦੇਸ਼ ਪਾਂਡੇ, ਰਹਿਮਾਨ ਅੱਬਾਸ, ਸਚਿਦਾ ਨੰਦਨ, ਗੁਲਾਮ ਨਬੀ ਖ਼ਿਆਲ, ਮੰਗਲੇਸ਼ ਡਬਰਾਲ, ਰਾਜੇਸ਼ ਜੋਸ਼ੀ, ਸ੍ਰੀਨਾਥ ਚਮਨ ਲਾਲ ਡੀ.ਐਨ., ਮੱਨਰਵਰ ਰਾਣਾ, ਕਾਸ਼ੀਨਾਥ ਸਿੰਘ ਆਦਿ ਅਤੇ ਪੰਜਾਬੀ ਲੇਖਕ ਗੁਰਬਚਨ ਭੁੱਲਰ, ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ, ਅਜਮੇਰ ਔਲਖ, ਆਤਮਜੀਤ, ਮੇਘ ਰਾਜ ਮਿੱਤਰ, ਦਰਸ਼ਨ ਬੁੱਟਰ, ਜਸਵਿੰਦਰ, ਇਕਬਾਲ ਰਾਮੂਵਾਲੀਆ, ਦਲੀਪ ਕੌਰ ਟਿਵਾਣਾ, ਬਲਦੇਵ ਸਿੰਘ ਸੜਕਨਾਮਾ ਆਦਿ ਨੇ ਇਨਾਮ-ਸਨਮਾਨ ਵਾਪਸ ਕਰਨ ਵਿਚ ਪਹਿਲ ਕੀਤੀ ਹੈ। ਦੇਸ਼ ਭਰ ਵਿਚ ਬਾਕੀ ਲੇਖਕ ਚਾਹੇ ਕਿਸੇ ਵੀ ਭਾਸ਼ਾ ਜਾਂ ਖਿੱਤੇ ਦੇ ਹਨ, ਉਹ ਇਸ ਅਗਾਂਹਵਧੂ ਸੋਚ 'ਤੇ ਹੋਏ ਹਮਲਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਸੈਮੀਨਾਰ, ਰੋਸ ਮਾਰਚ ਤੇ ਹੋਰ ਹਰ ਤਰ੍ਹਾਂ ਨਾਲ ਵਿਰੋਧ ਕਰ ਰਹੇ ਹਨ। ਸਰਕਾਰ ਇਸ ਨੂੰ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਆਖ ਰਹੀ ਹੈ। ਪਰ ਇਹ ਦੱਸਣਾ ਵੀ ਅਤਿ ਜ਼ਰੂਰੀ ਹੈ ਕਿ ਸਿਆਸਤ ਸਿਰਫ਼ ਰਾਜ ਕਰ ਰਹੇ ਲੋਕਾਂ ਦੀ ਜੱਦੀ ਜਗੀਰ ਨਹੀਂ ਹੈ। ਦੂਜਾ ਕਿ ਬਘਿਆੜ ਦੀ ਆਪਣੀ ਸਿਆਸਤ ਹੁੰਦੀ ਹੈ ਤੇ ਹਿਰਨ ਦੀ ਆਪਣੀ। ਉਸੇ ਤਰ੍ਹਾਂ ਜਿਵੇਂ ਬਾਜ ਤੇ ਚਿੜੀ ਦੀ ਸਿਆਸਤ ਵੱਖ-ਵੱਖ ਹੁੰਦੀ ਹੈ। ਲੇਖਕ ਦੀ ਸਿਆਸਤ ਹਮੇਸ਼ਾ ਨਿਮਾਣੇ-ਨਿਤਾਣੇ ਲੋਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਦੀ ਹੁੰਦੀ ਹੈ ਅਤੇ ਇਹ ਸਿਆਸਤ ਹੀ ਅਸਲ ਸਿਆਸਤ ਹੈ।

ਅੱਜ ਜੇ ਲੇਖਕ ਸੁਰੱਖਿਅਤ ਨਹੀਂ ਕਲਮ ਦੀ ਆਜ਼ਾਦੀ ਖ਼ਤਰੇ ਵਿਚ ਹੈ ਤਾਂ ਮੌਲਿਕ ਸਿਰਜਣਾ ਕਿਵੇਂ ਸੰਭਵ ਹੋਵੇਗੀ? ਜੇ ਕਿਸੇ ਅੰਧ-ਵਿਸ਼ਵਾਸ ਅਤੇ ਗ਼ਲਤ ਧਾਰਮਕ ਪ੍ਰੰਪਰਾਵਾਂ ਦੇ ਹੱਕ ਵਿਚ ਬੋਲਣ ਦਾ ਜੇ ਕਿਸੇ ਨੂੰ ਪੂਰਾ ਅਖਤਿਆਰ ਹੈ ਤਾਂ ਉਸ ਦੇ ਵਿਰੋਧ ਵਿਚ ਲਿਖਣ ਵਾਲਿਆਂ ਨੂੰ ਪੂਰਾ ਹੱਕ ਹੈ ਕਿ ਉਹ ਤਰਕ ਨਾਲ ਗੱਲ ਕਹਿ ਸਕਣ। ਪਰ ਗੱਲ ਲੇਖਕਾਂ ਦੇ ਸਨਮਾਨ ਵਾਪਸੀ ਨਾਲ ਹੀ ਨਹੀਂ ਬਣਨੀ, ਇਸ ਵਰਤਾਰੇ ਵਿਰੁੱਧ ਸਾਰੇ ਸੁਹਿਰਦ ਤੇ ਅਗਾਂਹ ਵਧੂ ਲੋਕਾਂ ਨੂੰ ਅੱਗੇ ਹੋ ਕੇ ਸਮੂਹ ਲੇਖਕਾਂ, ਬੁੱਧੀਜੀਵੀਆਂ, ਤਰਕਸ਼ੀਲ ਤੇ ਧਰਮ ਨਿਰਪੱਖ ਸੋਚਣੀ ਵਾਲੇ ਲੋਕਾਂ ਦੀ ਵਿਆਪਕ ਤਕੜੀ ਲਹਿਰ ਖੜੀ ਕਰਨੀ ਹੋਵੇਗੀ।

New Location of
K.P. ACCOUNTING & TAX SERVICES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

SAVE YOUR TAX
FOR FAST REFUND USE E-FILES

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ
ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph. : 780-469-2677 Fax : 780-469-2026
9218 34 Ave in Plaza 34


Kapil Sharma

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਲੋਕ ਏਕਤਾ ਹੀ ਅਰਾਜਕ ਹਕੂਮਤ ਨੂੰ ਵਾਜਬ ਜੁਆਬ

ਪੰਜਾਬ ਅੱਜ ਸਿਰੇ ਦੇ ਸਮਾਜਕ, ਆਰਥਕ ਅਤੇ ਸਿਆਸੀ ਨਿਘਾਰ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਕਿਸੇ ਵੀ ਨਿਜ਼ਾਮ ਵਿਚ ਹਰ ਤਰ੍ਹਾਂ ਦੇ ਨਿਘਾਰ ਦਾ ਅਸਲ ਕਾਰਨ ਸਿਆਸੀ ਭ੍ਰਿਸ਼ਟਾਚਾਰ ਹੀ ਹੁੰਦਾ ਹੈ ਅਤੇ ਅੱਜ ਪੰਜਾਬ ਵਿਚ ਸਿਆਸੀ ਭ੍ਰਿਸ਼ਟਾਚਾਰ ਪਿਛਲੇ ਸਾਰੇ ਰਿਕਾਰਡ ਤੋੜ ਚੁੱਕਾ ਹੈ। ਸਿਆਸੀ ਭ੍ਰਿਸ਼ਟਾਚਾਰ ਦੇ ਚਲਦਿਆਂ ਹੀ ਹਰ ਖੇਤਰ ਵਿਚ ਅਰਾਜਕਤਾ ਦਾ ਮਾਹੌਲ ਦਿਖਾਈ ਦੇ ਰਿਹਾ ਹੈ। ਕਿਉਂਕਿ ਹਕੂਮਤੀ ਧਿਰ ਦੀ ਸਰਪ੍ਰਸਤੀ ਨਾਲ ਹੀ ਇਹ ਸਾਰੀ ਖੇਡ ਚਲਦੀ ਹੈ। ਇਸ ਲਈ ਕਿਸੇ ਵੀ ਕਿਸਮ ਦਾ ਲੋਕ-ਵਿਰੋਧ ਹਕੂਮਤ ਦੇ ਪਹੀਆਂ ਹੇਠ ਦਰੜ ਦੇਣ ਦੀ ਨੀਤੀ ਅਤੇ ਨੀਅਤ ਨਾਲ ਹੀ ਸਭ ਕੁਝ ਵਿਉਂਤਿਆ ਜਾਂਦਾ ਹੈ।

ਇਨ੍ਹੀਂ ਦਿਨੀਂ ਹਕੂਮਤੀ ਧਿਰ ਸ਼੍ਰੋਮਣੀ ਅਕਾਲੀ ਦਲ/ਭਾਜਪਾ ਗਠਜੋੜ ਅਤੇ ਵਿਰੋਧੀ ਧਿਰ ਕਾਂਗਰਸ ਪਾਰਟੀ ਵਲੋਂ ਜਿਵੇਂ ਰੈਲੀਆਂ ਦੇ ਮੁਕਾਬਲੇ ਵਿਚ ਪੰਜਾਬ ਅਤੇ ਪੰਜਾਬੀ ਅਵਾਮ ਦੇ ਅਸਲ ਮਸਲਿਆਂ ਨੂੰ ਰੋਲਿਆ ਜਾ ਰਿਹਾ ਹੈ; ਇਹਨੇ ਪੰਜਾਬ ਨੂੰ ਤਾਂ 20-25 ਸਾਲ ਹੋਰ ਪਿਛੇ ਪਾ ਹੀ ਦੇਣਾ ਹੈ; ਨਾਲ ਹੀ ਲੋਕ ਮਸਲਿਆਂ 'ਤੇ ਆਪਣੀ ਬੇਬਾਕ ਰਾਏ ਰੱਖਣ ਵਾਲੇ ਸਮਾਜਕ/ਰਾਜਨੀਤਕ ਟਿੱਪਣੀਕਾਰਾਂ ਅਤੇ ਲੋਕ ਮੁੱਦਿਆਂ 'ਤੇ ਜਨਤਕ ਫ਼ਰੰਟ 'ਤੇ ਲੜਨ ਭਿੜਨ ਵਾਲੀਆਂ ਧਿਰਾਂ ਅਤੇ ਲੋਕ ਆਗੂਆਂ ਲਈ ਵੀ ਨਵੇਂ ਖ਼ਤਰੇ ਉਤਪੰਨ ਕਰ ਦੇਣੇ ਹਨ; ਜਿਹਦੇ ਪਹਿਲੇ ਝਲਕਾਰੇ ਮੁਲਾਜ਼ਮ ਤੇ ਲੇਖਕ ਆਗੂ ਮੱਖਣ ਕੁਹਾੜ ਉਪਰ ਹੋਏ ਕਾਤਲਾਨਾ ਹਮਲੇ ਅਤੇ ਰੇਡਿਉ ਪੱਤਰਕਾਰ ਬਲਤੇਜ ਪੰਨੂੰ ਉਪਰ ਬਿਨਾ ਕਿਸੇ ਜਾਂਚ ਪੜਤਾਲ ਤੋਂ ਦਰਜ ਕੀਤੀ ਗਈ ਐਫ਼.ਆਈ.ਆਰ. ਅਤੇ ਤੁਰਤ-ਫੁਰਤ ਕੀਤੀ ਗਈ ਗ੍ਰਿਫ਼ਤਾਰੀ ਦੀਆਂ ਘਟਨਾਵਾਂ ਤੋਂ ਦਿਸ ਹੀ ਪਏ ਹਨ।

ਅੱਗੜ-ਪਿੱਛੜ ਵਾਪਰੀਆਂ ਇਹ ਦੋਵੇਂ ਘਟਨਾਵਾਂ ਇਸ ਪਾਸੇ ਵੱਲ ਬਿਲਕੁਲ ਸਾਫ਼ ਸੰਕੇਤ ਹਨ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਪੰਜਾਬ ਦੀ ਮੌਜੂਦਾ ਸਰਕਾਰ ਲੋਕ-ਵਿਰੋਧ ਦੀ ਕਿਸੇ ਵੀ ਆਵਾਜ਼ ਨੂੰ ਬਰਦਾਸ਼ਤ ਕਰਨ ਦੇ ਰੌਂਅ ਵਿਚ ਨਹੀਂ ਹੈ। ਇਹ ਗੱਲ ਕਿਸੇ ਤੋਂ ਲੁੱਕੀ ਨਹੀਂ ਹੈ ਕਿ ਸਾਥੀ ਮੱਖਣ ਕੁਹਾੜ ਉਪਰ ਹੋਏ ਜਾਨਲੇਵਾ ਹਮਲੇ ਦੇ ਪਿੱਛੇ ਉਹ ਲੈਂਡ ਮਾਫ਼ੀਆ ਕੰਮ ਕਰ ਰਿਹਾ ਹੈ; ਜਿਹਦੀ ਸਰਪ੍ਰਸਤੀ ਹਕੂਮਤੀ ਧਿਰ ਦਾ ਗੁਰਦਾਸਪੁਰ ਤੋਂ ਵਿਧਾਇਕ ਗੁਰਬਚਨ ਸਿੰਘ ਬੱਬੇਹਾਲੀ ਕਰਦਾ ਹੈ ਤੇ ਉਹਨੂੰ ਤਕਲੀਫ਼ ਇਹ ਹੈ ਕਿ ਸਾਥੀ ਮੱਖਣ ਕੁਹਾੜ ਉਸ ਲੈਂਡ ਮਾਫ਼ੀਏ ਖ਼ਿਲਾਫ਼ ਬਣੇ ਸਾਂਝੇ ਮੋਰਚੇ ਦੇ ਕਨਵੀਨਰ ਵਜੋਂ ਲਗਾਤਾਰ ਸਰਗਰਮ ਹਨ। ਇਸ ਤੋਂ ਇਲਾਵਾ ਸਾਥੀ ਮੱਖਣ ਕੁਹਾੜ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਮੰਚ ਤੋਂ ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਪੰਜਾਬ ਸਰਕਾਰ ਦੀਆਂ ਲੋਕ ਅਤੇ ਭਾਸ਼ਾ, ਸਭਿਆਚਾਰਕ ਵਿਰੋਧੀ ਨੀਤੀਆਂ ਖ਼ਿਲਾਫ਼ ਜਦੋਜਹਿਦ ਦੇ ਮੈਦਾਨ ਵਿਚ ਡਟੇ ਹੋਏ ਹਨ। ਇਸੇ ਤਰ੍ਹਾਂ ਬਲਤੇਜ ਪੰਨੂੰ ਪਟਿਆਲਾ ਤੋਂ ਲਗਾਤਾਰ ਦੇਸ਼ਾਂ-ਵਿਦੇਸ਼ਾਂ ਵਿਚ ਚਲਦੇ ਪੰਜਾਬੀ ਰੇਡਿਉਜ਼ ਉਪਰ ਇਕ ਬੇਬਾਕ ਸਮਾਜਕ, ਆਰਥਕ ਅਤੇ ਰਾਜਨੀਤਕ ਟਿੱਪਣੀਕਾਰ ਵਜੋਂ ਮਕਬੂਲੀਅਤ ਹਾਸਲ ਕਰ ਚੁੱਕੇ ਹਨ। ਬਲਤੇਜ ਪੰਨੂੰ ਦੀ ਗ੍ਰਿਫ਼ਤਾਰੀ ਵੀ ਜਿਸ ਤੇਜ਼ੀ ਅਤੇ ਬਿਨਾ ਕਿਸੇ ਜਾਂਚ ਪੜਤਾਲ ਦੇ ਕੀਤੀ ਗਈ; ਉਹ ਵੀ ਹਕੂਮਤੀ ਧਿਰ ਦੀ ਬੌਖ਼ਲਾਹਟ ਦਾ ਪ੍ਰਮਾਣ ਹੈ। ਅਦਾਰਾ 'ਨਵੀਂ ਦੁਨੀਆ' ਇਨ੍ਹਾਂ ਦੋਵਾਂ ਘਟਨਾਵਾਂ ਨੂੰ ਸਿੱਧੇ ਤੌਰ 'ਤੇ ਪੰਜਾਬ ਵਿਚ ਲਿਖਣ-ਬੋਲਣ, ਵਿਰੋਧ ਅਤੇ ਅਸਹਿਮਤੀ ਦੇ ਹੱਕ ਉਪਰ ਹਕੂਮਤੀ ਜਬਰ ਮੰਨਦਾ ਹੋਇਆ ਸਮਝਦਾ ਹੈ ਕਿ ਅੱਜ ਅਸੀਂ ਜਿਸ ਦੌਰ ਵਿਚੋਂ ਗੁਜ਼ਰ ਰਹੇ ਹਾਂ ਇਹ ਲਾਜ਼ਮੀ ਤੌਰ 'ਤੇ ਉਸ ਪਾਸੇ ਵੱਲ ਸੇਧਤ ਹੈ ਜਿਥੇ ਮਨੁੱਖੀ ਹਕ-ਹਕੂਕ ਦੀ ਆਵਾਜ਼ ਨੂੰ ਦਬਾਅ ਦੇਣ ਦੀ ਤਾਨਾਸ਼ਾਹੀ ਦਾ ਰਾਜ ਹੋਣਾ ਹੈ।

ਭਾਰਤ ਦੀ ਮੌਜੂਦਾ ਨਰਿੰਦਰ ਮੋਦੀ ਸਰਕਾਰ ਦੇ ਚਲਦਿਆਂ ਮੁਲਕ ਭਰ ਵਿਚ ਜਿਸ ਤਰ੍ਹਾਂ ਅਸਹਿਣਸ਼ੀਲਤਾ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ; ਪੰਜਾਬ ਵਿਚ ਵਾਪਰੀਆਂ ਇਹ ਦੋ ਘਟਨਾਵਾਂ ਉਸੇ ਅਸਹਿਣਸ਼ੀਲਤਾ ਦੇ ਮਾਹੌਲ ਦੀ ਲਗਾਤਾਰਤਾ ਦਾ ਪ੍ਰਮਾਣ ਪੇਸ਼ ਕਰ ਰਹੀਆਂ ਹਨ। ਹਕੂਮਤ ਦੇ ਨਸ਼ੇ ਵਿਚ ਚੂਰ ਹਾਕਮ ਦਿਖਾਵੇ ਲਈ ਸੰਗਤ ਦਰਸ਼ਨਾਂ ਦੀ ਨੌਟੰਕੀ ਕਰਦੇ ਹਨ ਤੇ ਹਕੀਕਤ ਵਿਚ ਸੰਗਤ ਨੂੰ ਪੈਰੀਂ ਰੋਲਦੇ ਹਨ। ਇਹ ਭਾਰਤੀ ਸਮਾਜ ਦੇ ਬੁਨਿਆਦੀ ਆਧਾਰ ਸਹਿਣਸ਼ੀਲਤਾ ਦੇ ਖ਼ਾਤਮੇ ਦਾ ਉਹ ਕੋਝਾ ਯਤਨ ਹੈ;

☚ ਬਾਕੀ ਸਫ਼ਾ 41 'ਤੇ

# ਸੰਗਤ ਦਰਸ਼ਨ, ਰੈਲੀਆਂ ਦੇ ਟੂਰਨਾਮੈਂਟ ਅਤੇ ਬੀਬੇ ਦਰਸ਼ਕ

ਕਮਲ ਦੁਸਾਂਝ
+91- 98887-99871



ਪੰਜਾਬ ਦੀਆਂ ਦੋਵਾਂ ਪ੍ਰਮੁੱਖ ਧਿਰਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਦੇ ਆਗੂਆਂ ਖਾਸਕਰ ਬਾਦਲਾਂ ਅਤੇ ਕੈਪਟਨ ਅਮਰਿੰਦਰ ਵਿਚਾਲੇ ਮੋਹਰੀ ਹੋਣ ਦੀ ਜੰਗ ਲੱਗੀ ਹੋਈ ਹੈ। ਬਾਦਲ ਬਠਿੰਡਾ ਤੋਂ ਸਦਭਾਵਨਾ ਰੈਲੀਆਂ ਦਾ ਆਗਾਜ਼ ਕਰਕੇ ਗੁਰਦਾਸਪੁਰ ਅਤੇ ਨਕੋਦਰ ਤੱਕ 'ਰੈਲੀਆਂ ਦਾ ਟੂਰਨਾਮੈਂਟ' ਲੈ ਆਏ ਹਨ। ਕੈਪਟਨ ਅਮਰਿੰਦਰ ਸਿੰਘ ਵੀ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੀ ਤਾਜਪੋਸ਼ੀ ਦੇ ਨਾਂ 'ਤੇ ਬਠਿੰਡਾ ਤੋਂ ਹੀ ਇਸ 'ਰੈਲੀ ਟੂਰਨਾਮੈਂਟ' ਵਿਚ ਸ਼ਮੂਲੀਅਤ ਕਰਨ ਜਾ ਰਹੇ ਹਨ। ਪੰਜਾਬ ਦੀਆਂ ਸਿਆਸੀ ਫਿਜ਼ਾਵਾਂ ਵਿਚ ਆਦਰਸ਼ਕ ਸਿਆਸੀ ਧਿਰ ਵਜੋਂ ਆਮ ਆਦਮੀ ਪਾਰਟੀ ਦੀ ਵੀ ਖਾਸੀ ਚਰਚਾ ਹੈ। ਇਹ ਚਰਚਾ ਆਮ ਲੋਕਾਂ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਪਾਰਟੀ ਦੇ ਹੇਠਲੇ ਵਰਕਰਾਂ ਵਿਚ ਤਾਂ ਹੈ ਪਰ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਖਾਸ ਰਣਨੀਤੀ ਤਹਿਤ ਆਮ ਆਦਮੀ ਪਾਰਟੀ ਨੂੰ ਬਹੁਤੀ ਤਵੱਜੋ ਨਾ ਦੇ ਕੇ ਆਪੋ ਵਿਚੀ ਹੀ ਸਿੱਧੇ ਮੁਕਾਬਲੇ ਦੀ ਤਸਵੀਰ ਪੇਸ਼ ਕਰ ਰਹੇ ਹਨ। ਇਹ ਇਸ ਕਰਕੇ ਹੈ ਕਿ ਇਨ੍ਹਾਂ ਦੋਵਾਂ ਧਿਰਾਂ ਨੂੰ ਇਹ ਲੱਗਦਾ ਹੈ ਕਿ ਜੇ ਆਮ ਆਦਮੀ ਪਾਰਟੀ ਨੂੰ ਜਨਤਕ ਤੌਰ 'ਤੇ ਮੁਕਾਬਲੇ ਦੀ ਧਿਰ ਮੰਨ ਕੇ ਚੱਲੇ ਤਾਂ 'ਆਪ' ਦੇ ਪੱਖ ਵਿਚ ਵੋਟਾਂ ਦਾ ਧਰੁਵੀਕਰਨ ਇਨ੍ਹਾਂ ਦਾ ਕੱਖ ਨਹੀਂ ਛੱਡੇਗਾ।

ਪੰਜਾਬੀ ਅਵਾਮ ਕਾਂਗਰਸ ਤੋਂ ਨਿਰਾਸ਼ ਹੋ ਕੇ ਅਕਾਲੀ-ਭਾਜਪਾ ਗਠਜੋੜ ਤੇ ਅਕਾਲੀ-ਭਾਜਪਾ ਗਠਜੋੜ ਤੋਂ ਨਿਰਾਸ਼ ਹੋ ਕੇ ਕਾਂਗਰਸ ਨੂੰ ਹੀ ਵੋਟਾਂ ਪਾ ਕੇ ਕੁਰਸੀਆਂ 'ਤੇ ਸਜਾਉਣ ਦਾ ਆਦੀ ਹੋ ਚੁੱਕਾ ਹੈ। ਇਸੇ ਕਾਰਨ ਪੰਜਾਬ ਦੀਆਂ ਇਹ ਦੋਵੇਂ ਪ੍ਰਮੁੱਖ ਸਿਆਸੀ ਧਿਰਾਂ ਲਗਾਤਾਰ ਲੋਕ-ਮਸਲਿਆਂ ਪ੍ਰਤੀ ਅਵੇਸਲੀਆਂ ਹੀ ਨਹੀਂ ਹੋਈਆਂ ਸਗੋਂ ਕਈ ਮਾਮਲਿਆਂ ਵਿਚ ਇਨ੍ਹਾਂ ਦਾ ਨਜ਼ਰੀਆ ਪੂਰੀ ਤਰ੍ਹਾਂ ਲੋਕ-ਵਿਰੋਧੀ ਹੈ। ਲੋਕਾਂ ਪ੍ਰਤੀ ਜੁਆਬਦੇਹੀ ਇਨ੍ਹਾਂ ਦੀ ਸਿਆਸਤ ਵਿਚ ਕਿਧਰੇ ਵੀ ਫਿੱਟ ਨਹੀਂ ਆਉਂਦੀ। ਸੰਗਤ ਦਰਬਾਰਾਂ, ਵਿਕਾਸ ਯਾਤਰਾਵਾਂ, ਰੈਲੀਆਂ ਅਤੇ ਮਹਾਂਰੈਲੀਆਂ ਦੇ ਭਾਰੀ ਸ਼ੋਰ-ਸ਼ਰਾਬੇ ਦੌਰਾਨ ਆਮ ਬੰਦੇ ਦੀ ਆਵਾਜ਼ ਨੂੰ ਦਫ਼ਨ ਕਰ ਦਿੱਤਾ ਗਿਆ ਹੈ।

ਪੰਜਾਬੀ ਬੰਦਾ ਪਿਛਲੇ ਕੁੱਝ ਸਮੇਂ ਤੋਂ ਕੁੱਝ ਜ਼ਿਆਦਾ ਹੀ ਬੇਚੈਨੀ ਅਤੇ ਪ੍ਰੇਸ਼ਾਨੀ ਦੇ ਆਲਮ ਵਿਚ ਹੈ। ਇਹਦਾ ਪ੍ਰਗਟਾਵਾ ਵੱਖ-ਵੱਖ ਖੇਤਰਾਂ ਵਿਚ ਜਨਤਕ ਅੰਦੋਲਨਾਂ ਦੇ ਰੂਪ ਵਿਚ ਵਾਰ-ਵਾਰ ਹੋਇਆ ਹੈ। ਪਿਛਲੇ ਦਿਨੀਂ ਅੱਠ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਸੰਘਰਸ਼ ਨੇ ਬਾਦਲ ਹਕੂਮਤ ਨੂੰ ਬੇਹੱਦ ਸੰਕਟਮਈ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਸੀ। ਕਿਸਾਨਾਂ, ਮਜ਼ਦੂਰਾਂ ਦਾ ਇਹ ਅੰਦੋਲਨ ਭਾਵੇਂ ਕਪਾਹ ਪੱਟੀ ਵਿਚ ਨਰਮੇ ਦੀ ਫ਼ਸਲ ਦੀ ਪੂਰੀ ਤਰ੍ਹਾਂ ਤਬਾਹੀ ਅਤੇ ਬਾਸਮਤੀ ਤੇ ਹੋਰ ਜਿਣਸਾਂ ਦੇ ਸਹੀ ਭਾਅ ਉਪਰ ਹੀ ਆਧਾਰਤ ਸੀ ਪਰ ਇਹਨੇ ਆਉਣ ਵਾਲੇ ਦਿਨਾਂ ਵਿਚ ਸਮੁੱਚੇ ਪੰਜਾਬ ਦੇ ਲੋਕ ਅੰਦੋਲਨ ਵਿਚ ਤਬਦੀਲ ਹੋਣ ਦੇ ਇਤਿਹਾਸਕ ਦੌਰ ਵੱਲ ਵਧਣਾ ਸੀ। ਹਕੂਮਤੀ ਧਿਰ ਨੂੰ ਇਸ ਅੰਦੋਲਨ ਦੀ ਕਾਟ ਲੱਭਣ ਵਿਚ ਖਾਸੀਆਂ ਤਰੇਲੀਆਂ ਆ ਰਹੀਆਂ ਸਨ ਕਿ ਅਚਾਨਕ ਕਿਧਰੇ ਕੋਈ ਸਾਜ਼ਿਸ਼ ਹੋਈ ਤੇ ਪੰਜਾਬ ਦੀ ਫ਼ਿਜ਼ਾ ਵਿਚ ਜ਼ਹਿਰ ਘੁਲ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਫਿਰ ਬਰਗਾੜੀ ਫਾਇਰਿੰਗ ਕਾਂਡ ਵਿਚ ਦੋ ਸਿੱਖ ਨੌਜਵਾਨਾਂ ਦੀ ਮੌਤ ਤੇ ਫਿਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦਾ ਲੰਮਾ ਸਿਲਸਿਲਾ। ਇਸ ਮਾਹੌਲ ਵਿਚੋਂ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਚੱਬਾ ਵਿਚ ਹੋਇਆ ਸਰਬੱਤ ਖਾਲਸਾ ਲੱਗਦਾ ਸੀ ਕਿ ਸਰਕਾਰ ਨੂੰ ਬੁਰੀ ਤਰ੍ਹਾਂ ਹਿਲਾ ਗਿਆ ਹੈ। ਪਿੰਡਾਂ, ਕਸਬਿਆਂ ਵਿਚ ਅਕਾਲੀ ਮੰਤਰੀਆਂ, ਸੰਤਰੀਆਂ ਦਾ ਬਾਈਕਾਟ ਹੋਣ ਲੱਗਾ। ਇੱਥੋਂ ਤੱਕ ਕਿ ਸੀਨੀਅਰ, ਜੂਨੀਅਰ ਬਾਦਲਾਂ ਦਾ ਵੀ ਸਰਕਾਰੀ ਕੋਠੀਆਂ ਵਿਚੋਂ ਨਿਕਲਣਾ ਔਖਾ ਹੋ ਗਿਆ ਸੀ। ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਆਗੂ ਅੰਦਰੋਂ ਖੁਸ਼ ਸਨ ਤੇ ਇਸ ਮੌਕੇ ਸਿਆਸੀ ਲਾਭ ਲੈਣ ਦੀ ਤਾਕ ਵਿਚ ਵੀ। ਪਰ ਇਹ ਸਥਿਤੀ ਬਹੁਤੀ ਦੇਰ ਨਾ ਰਹੀ। ਸੀਨੀਅਰ ਬਾਦਲ ਦੇ ਸੰਗਤ ਦਰਸ਼ਨ ਫੇਰ ਸ਼ੁਰੂ ਹੋ ਗਏ ਤੇ ਨਾਲ ਹੀ ਸੁਖਬੀਰ ਸਿੰਘ ਬਾਦਲ ਦੀਆਂ ਸਦਭਾਵਨਾ ਰੈਲੀਆਂ ਦਾ ਵੀ ਬਠਿੰਡਾ ਤੋਂ ਆਗਾਜ਼ ਹੋ ਗਿਆ।

ਇਹ ਕਿਵੇਂ ਹੋ ਗਿਆ? ਕੀ ਪੰਜਾਬੀ ਬੰਦਾ ਏਨਾ ਭੁੱਲਣਹਾਰ ਹੈ ਕਿ ਦੋ ਮਹੀਨੇ ਵਿਚ ਹੀ ਸਭ ਕੁੱਝ ਵਿਸਾਰ ਗਿਆ? ਪੰਜਾਬ ਦਾ ਇਤਿਹਾਸਕ ਬਣਨ ਵੱਲ ਵੱਧ ਰਿਹਾ ਕਿਸਾਨ/ਲੋਕ ਅੰਦੋਲਨ ਅਚਾਨਕ ਹੀ ਸਿਫ਼ਰ ਹੋ ਗਿਆ ਜਾਂ ਫਿਰ ਸਾਜ਼ਿਸ਼ਾਨਾ ਤਰੀਕੇ ਨਾਲ ਇਹਨੂੰ ਦਫ਼ਨ ਕਰ ਦਿੱਤਾ ਗਿਆ? ਇਸ ਸਵਾਲ ਦਾ ਜੁਆਬ ਕੌਣ ਦਵੇਗਾ? ਹੁਕਮਰਾਨ ਤਾਂ ਦੇਣ ਨਹੀਂ ਲੱਗੇ। ਵਿਰੋਧੀ ਧਿਰ ਵਾਲੇ ਵੀ ਇਹਦਾ ਜੁਆਬ ਕਿਉਂ ਦੇਣ? ਆਖ਼ਰ ਉਹ ਵੀ ਤਾਂ 8 ਸਾਲ ਪਹਿਲਾਂ ਹੁਕਮਰਾਨ ਹੀ ਸਨ ਤੇ ਡੇਢ ਸਾਲ ਬਾਅਦ ਫੇਰ ਹੁਕਮਰਾਨ ਬਣਨ ਦੇ ਸੁਪਨੇ ਬੁਣ ਰਹੇ ਹਨ। ਜੁਆਬ ਤਾਂ ਲੋਕਾਂ ਨੂੰ ਖੁਦ ਹੀ ਲੱਭਣੇ ਪੈਣੇ ਹਨ।

ਦਰਅਸਲ, ਆਮ ਧਾਰਮਿਕ ਪੰਜਾਬੀ ਬੰਦੇ ਖਾਸ ਕਰਕੇ ਸਿੱਖ ਜਜ਼ਬਾਤ, ਆਸਥਾ ਅਤੇ ਅਕੀਦੇ ਦੀਆਂ ਤਾਰਾਂ ਹੀ ਕੁੱਝ ਅਜਿਹੀਆਂ ਹਨ ਕਿ ਤਰਕ ਅਕਸਰ ਹਾਰ ਜਾਂਦਾ ਹੈ। ਇਹ ਤਰਕਹੀਣ ਮਾਹੌਲ ਹੀ ਲੋਕ ਵਿਰੋਧੀ ਹੁਕਮਰਾਨਾਂ ਨੂੰ ਸੂਤ ਬੈਠਦਾ ਹੈ। ਅੱਜ ਫੇਰ ਇਸੇ ਤਰਕਹੀਣ ਮਾਹੌਲ ਦੀ ਸਿਰਜਣਾ ਕਰਕੇ ਪੰਜਾਬੀ ਅਵਾਮ ਨੂੰ ਸੰਗਤ ਦਰਸ਼ਨਾਂ ਅਤੇ ਰੈਲੀਆਂ ਦੇ ਟੂਰਨਾਮੈਂਟਾਂ ਦੇ ਬੀਬੇ ਦਰਸ਼ਕ ਬਣਾਉਣ ਵਿਚ ਸਿਆਸੀ ਆਗੂ ਸਫ਼ਲ ਹੋ ਗਏ ਹਨ।

ਅਸੀਂ ਸਮਝਦੇ ਹਾਂ ਕਿ ਸਰਕਾਰੀ ਸੰਗਤ ਦਰਸ਼ਨ ਅਤੇ ਚੋਣ ਰੈਲੀਆਂ ਕਦੇ ਵੀ ਲੋਕਾਂ ਦੇ ਮਸਲਿਆਂ ਦਾ ਸਥਾਈ ਹੱਲ ਨਹੀਂ ਬਣੀਆਂ ਅਤੇ ਭਵਿੱਖ ਵਿਚ ਵੀ ਇਨ੍ਹਾਂ ਨਾਲ ਕੋਈ ਬੁਨਿਆਦੀ ਤਬਦੀਲੀ ਨਹੀਂ ਆਉਣ ਲੱਗੀ। ਹਾਂ ਅਸਥਾਈ ਰੂਪ ਵਿਚ ਜਾਂ ਕਹਿ ਲਓ ਦੋ-ਚਾਰ ਮਹੀਨਿਆਂ ਲਈ ਰਾਹਤ ਕੁੱਝ ਇਕ ਲੋਕਾਂ ਨੂੰ ਮਿਲ ਜਾਂਦੀ ਹੈ। ਇਹ ਆਟੇ ਵਿਚ ਲੂਣ ਬਰੋਬਰ ਵੀ ਨਹੀਂ ਮੰਨੀ ਜਾ ਸਕਦੀ। ਇਥੇ ਹੀ ਬੇਹੱਦ ਮਹੱਤਵਪੂਰਨ ਸਵਾਲ ਆ ਖੜ੍ਹਾ ਹੁੰਦਾ ਹੈ ਕਿ ਮੌਜੂਦਾ ਸਿਆਸੀ, ਆਰਥਕ ਅਤੇ ਸਮਾਜਿਕ ਪ੍ਰਬੰਧ ਵਿਚ ਕੋਈ ਬੁਨਿਆਦੀ ਤਬਦੀਲੀ ਹੁੰਦੀ ਤਾਂ ਦੂਰ-ਦੂਰ ਤੱਕ ਦਿਖਾਈ ਨਹੀਂ ਦਿੰਦੀ, ਫੇਰ ਕੀਤਾ ਕੀ ਜਾਵੇ?

ਸਾਡੀ ਸਮਝ ਮੁਤਾਬਕ 2017 ਵਿਚ ਸਰਕਾਰ ਕਿਸੇ ਦੀ ਵੀ ਬਣੇ, ਉਹ ਲੋਕਾਂ ਦੀ ਸਰਕਾਰ ਨਹੀਂ ਹੋਵੇਗੀ। ਇਸ ਹਾਲਤ ਵਿਚ ਮੁਕਾਮੀ ਪੱਧਰ ਦੇ ਲੋਕ ਸੰਘਰਸ਼ਾਂ ਨੂੰ ਹੌਲੀ-ਹੌਲੀ ਵਿਸ਼ਾਲ ਲੋਕ-ਸੰਘਰਸ਼ਾਂ ਵਿਚ ਤਬਦੀਲ ਕਰਨ ਵੱਲ ਵਧਣ ਦੀ ਜ਼ਰੂਰਤ ਨੂੰ ਸਮਝਣਾ ਪਵੇਗਾ। ਮੁਕਾਮੀ ਪੱਧਰ ਦੇ ਸੰਘਰਸ਼ਾਂ ਦੇ ਮੂਲ ਵਿਚ ਆਏ ਦਿਨ ਦਰਪੇਸ਼ ਔਕੜਾਂ ਅਤੇ ਲੋਕ ਸਮੱਸਿਆਵਾਂ ਹੀ ਹੁੰਦੀਆਂ ਹਨ। ਇਨ੍ਹਾਂ ਸੰਘਰਸ਼ਾਂ ਨੂੰ ਸਹੀ ਦਿਸ਼ਾ ਅਤੇ ਸੇਧ ਦੇਣ ਵਾਲੀਆਂ ਧਿਰਾਂ ਲਈ ਇਹ ਵੱਡਾ ਸਵਾਲ ਹੋ ਸਕਦਾ ਹੈ।

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ : ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

*Editorial Board : Navtej, Dalbir Sangione, Sushil Dosanjh*
*Advisory Board : Dr. Karamjeet Singh (Kurukshetra)*
*Prof. Rakesh Raman (Ludhiana)*
*Sulakhan Sarhadi (Gurdaspur)*
*Jasbir Deol (Edmonton)*
*Kirtmeet Kohar (Edmonton)*
*Jessie Singh (Calgary)*
*Surinder Mavi (Winnipeg Representative)*
*Jagtar Saalam (Special Correspondent)*

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ ਵਿਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜਾਗਦੀਆਂ ਜ਼ਮੀਰਾਂ ਦਾ ਮੋਰਚਾ

ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com



ਇਤਿਹਾਸ ਗਵਾਹ ਹੈ ਕਿ ਹਿੰਦਵਾਸੀਆਂ ਨੇ ਹਕੂਮਤਾਂ ਦੇ ਔਰੰਗਜ਼ੇਬੀ ਵਤੀਰਿਆਂ ਨੂੰ ਕਦੇ ਵੀ ਚੁੱਪਚਾਪ ਸਹਿਣ ਨਹੀਂ ਕੀਤਾ ਹੈ। ਜਦੋਂ ਕਦੇ ਵੀ ਲੋਕਾਂ ਉਪਰ ਕੋਈ ਧਾਰਮਕ ਨੀਤੀ ਜਬਰਨ ਠੋਸਣ ਦਾ ਯਤਨ ਹੋਇਆ ਹੈ, ਲੋਕਾਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ ਹੈ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਕੋਈ ਵੀ ਵਿਸ਼ਵਾਸ ਰੱਖਣ ਦੀ ਆਜ਼ਾਦੀ ਉਦੋਂ ਹਮਲੇ ਦੀ ਮਾਰ ਹੇਠ ਆ ਜਾਂਦੀ ਹੈ ਜਦੋਂ ਸਮਾਜ ਅੰਦਰ ਕੁਝ ਗ਼ੈਰਮਾਨਵੀ ਸ਼ਕਤੀ ਤਾਨਾਸ਼ਾਹੀ ਢੰਗ ਨਾਲ ਲੋਕਾਂ ਨੂੰ ਦਬਾਉਣ ਅਤੇ ਆਤੰਕਿਤ ਕਰਨ ਦੀ ਖੁਲ੍ਹ ਲੈ ਲੈਂਦੀਆਂ ਹਨ। ਇਹ ਸ਼ਕਤੀਆਂ ਹਿੰਸਕ ਤਰੀਕਿਆਂ ਨਾਲ ਤਰਕ ਤੇ ਦਲੀਲ ਦੀ ਆਵਾਜ਼ ਨੂੰ ਕੁਚਲਣ ਦਾ ਯਤਨ ਕਰਦੀਆਂ ਹਨ। ਇਨ੍ਹਾਂ ਸ਼ਕਤੀਆਂ ਦਾ ਆਚਰਣ ਇਸ ਕਦਰ ਘਿਨਾਉਣਾ ਅਤੇ ਅਸੱਭਿਅਕ ਹੁੰਦਾ ਹੈ ਕਿ ਅਕਸਰ ਵੱਡੇ-ਵੱਡੇ ਵਿਗਿਆਨੀ ਵੀ ਇਨ੍ਹਾਂ ਤੋਂ ਭੈਭੀਤ ਹੋ ਕੇ ਆਪਣਾ ਖੋਜਿਆ ਸੱਚ ਕਹਿਣਾ ਮੁਲਤਵੀ ਕਰ ਦਿੰਦੇ ਹਨ। ਗਲੈਲੀਓ ਅਤੇ ਡਾਰਵਿਨ ਨਾਲ ਇੰਜ ਹੀ ਵਾਪਰਿਆ ਸੀ ਤੇ ਉਨ੍ਹਾਂ ਨੂੰ ਜੀਵਨ ਅਤੇ ਇਸ ਦੇ ਵਿਕਾਸ ਬਾਰੇ ਤਰਕ ਪੇਸ਼ ਕਰਨ ਵਿਚ ਭਾਰੀ ਦਿੱਕਤਾਂ ਪੇਸ਼ ਆਈਆਂ ਸਨ। ਪਰ ਗਿਆਨ ਦਾ ਵਿਕਾਸ ਆਪਣੇ ਰਾਹ ਦੀਆਂ ਤਮਾਮ ਰੁਕਾਵਟਾਂ ਨੂੰ ਲਾਂਭੇ ਕਰਦਾ ਹੋਇਆ ਗਤੀਮਾਨ ਰਹਿੰਦਾ ਹੈ ਤੇ ਆਖਰ ਨੂੰ ਜਿੱਤ ਤਰਕ ਅਤੇ ਦਲੀਲ ਉਪਰ ਅਧਾਰਤ ਸੱਚ ਦੀ ਹੀ ਹੁੰਦੀ ਹੈ।

ਸੰਘ ਪਰਿਵਾਰ ਭਾਰਤ ਦੇ ਬਹੁਲਤਾਵਾਦ ਅਤੇ ਧਰਮ ਨਿਰਪੱਖਤਾ ਦੀ ਨੀਤੀ ਦਾ ਮੁੱਢ ਤੋਂ ਹੀ ਵੈਰੀ ਰਿਹਾ ਹੈ। ਭਾਰਤੀ ਜਨਤਾ ਪਾਰਟੀ ਸਮੇਤ ਸੰਘ ਪਰਿਵਾਰ ਦੀਆਂ ਸਮੂਹ ਜਥੇਬੰਦੀਆਂ ਭਾਰਤ ਦੀ ਫਿਰਕੂ ਏਕਤਾ ਨੂੰ ਢਾਹ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀਆਂ। ਸੱਤਾ ਦੇ ਨਸ਼ੇ ਵਿਚ ਚੂਰ ਇਸ ਪਰਿਵਾਰ ਦੇ ਆਗੂਆਂ ਵਲੋਂ ਫਿਰਕੂ ਨਫ਼ਰਤ ਨੂੰ ਹਵਾ ਦੇਣ ਵਾਲੇ ਜ਼ਹਿਰੀਲੇ ਬਿਆਨ ਦਾਗਣਾ ਇਕ ਆਮ ਜਿਹੀ ਗੱਲ ਹੋ ਗਈ ਹੈ। ਇਕ ਪਾਸੇ ਸੰਘ ਪਰਿਵਾਰ ਹਿੰਦੂਤਵ ਦੇ ਏਜੰਡੇ ਨੂੰ ਅਮਲ ਵਿਚ ਲਿਆਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਹੈ, ਦੂਜੇ ਪਾਸੇ ਇਸ ਨੇ ਤਰਕਸ਼ੀਲ ਅਤੇ ਵਿਗਿਆਨਕ ਸੋਚ ਦੇ ਧਾਰਨੀ ਬੁੱਧੀਜੀਵੀਆਂ ਤੇ ਲੇਖਕਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਹੋਇਆ ਹੈ। ਸੰਘ ਵਿਗਿਆਨਿਕ ਸੋਚ ਵਾਲੇ ਲੋਕ ਭਾਰਤ ਵਰਗੇ ਖੇਤਰੀ ਅਤੇ ਸਭਿਆਚਾਰਕ ਵਿਭਿੰਨਤਾਵਾਂ ਰੱਖਣ ਵਾਲੇ ਦੇਸ਼ ਵਿਚ ਉਸ ਦੇ ਘਿਨਾਉਣੇ ਮਨਸੂਬੇ ਸਫ਼ਲ ਨਹੀਂ ਹੋਣ ਦੇਣਗੇ। ਇਨ੍ਹਾਂ ਲੋਕਾਂ ਨੂੰ ਕਲਬੁਰਗੀ ਅਤੇ ਨਰੇਂਦਰ ਦਭੋਲਕਰ ਦੇ ਕਤਲ ਕੀਤੇ ਗਏ। ਸੱਚ ਨੂੰ ਝੁਠਲਾਉਣ ਲਈ ਫਾਸੀਵਾਦੀ ਲੋਕ ਹਮੇਸ਼ਾ ਦਲੀਲ ਦੀ ਥਾਂ ਗੋਲੀ ਦਾ ਸਹਾਰਾ ਲੈਂਦੇ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਸੱਚ ਕਹਿਣ ਵਾਲਿਆਂ ਦੀ ਸ਼ਹੀਦੀ ਕਦੇ ਜ਼ਾਇਆ ਨਹੀਂ ਜਾਂਦੀ। ਕਲਬਰਗੀ ਅਤੇ ਦਭੋਲਕਰ ਕਲਮ ਦੇ ਉਹ ਸ਼ਹੀਦ ਹਨ ਜਿਨ੍ਹਾਂ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਲਈ ਪ੍ਰਾਣ ਨਿਛਾਵਰ ਕਰ ਦਿੱਤੇ ਹਨ। ਅੱਜ ਹਾਲਾਤ ਇਹ ਬਣ ਗਏ ਹਨ ਕਿ ਦੇਸ਼-ਦੁਨੀਆ ਦੇ ਲੋਕ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਨੂੰ ਫਿਟ-ਲਾਅਣਤਾਂ ਪਾ ਰਹੇ ਹਨ, ਜਿਨ੍ਹਾਂ ਨੇ ਭਾਰਤੀ ਸਭਿਆਚਾਰ ਪ੍ਰਤੀ ਬੇਬੁਨਿਆਦ ਧਾਰਨਾਵਾਂ ਦਾ ਪ੍ਰਚਾਰ ਕਰਕੇ ਆਮ ਲੋਕਾਂ ਨੂੰ ਗੁੰਮਰਾਹ ਕਰਨ ਲਈ ਸਰਕਾਰੀ ਤੰਤਰ ਨੂੰ ਵੀ ਆਪਣੀ ਪ੍ਰਚਾਰ ਮੁਹਿੰਮ ਵਿਚ ਝੋਕ ਦਿੱਤਾ ਹੈ।

ਕਲਬੁਰਗੀ ਅਤੇ ਦਭੋਲਕਰ ਦੀਆਂ ਹੱਤਿਆਵਾਂ ਦੇ ਵਿਰੋਧ ਵਿਚ ਕੰਨਿਆ ਕੁਮਾਰੀ ਤੋਂ ਲੈ ਕੇ ਹਿਮਾਲਿਆ ਤਕ ਵਿਰੋਧ ਦੀ ਇਕ ਜ਼ਬਰਦਸਤ ਲਹਿਰ ਉੱਠ ਖੜੀ ਹੋਈ ਹੈ। ਜਾਗਦੀਆਂ ਜ਼ਮੀਰਾਂ ਵਾਲੇ ਲੇਖਕਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਨੇ ਭਾਰਤ ਦੇ ਇਤਿਹਾਸ ਅਤੇ ਇਸ ਦੀ ਸਮਾਜਕ ਬਣਤਰ ਦੀ ਅਸਲੀਅਤ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲੀਆਂ ਫਾਸੀ ਤਾਕਤਾਂ ਦੇ ਵਿਰੁੱਧ ਇਕ ਮੋਰਚਾ ਕਾਇਮ ਕਰ ਲਿਆ ਹੈ। ਲੇਖਕ, ਕਲਾਕਾਰ ਅਤੇ ਬੁੱਧੀਜੀਵੀ ਇਕ-ਇਕ ਕਰ ਕੇ, ਮੋਦੀ ਸਰਕਾਰ ਦੀ ਧਰਮ ਨਿਰਪੱਖਤਾ ਵਿਰੋਧੀ ਅਣਐਲਾਨੀ ਨੀਤੀ ਪ੍ਰਤੀ ਆਪਣਾ ਵਿਰੋਧ ਦਰਜ ਕਰਵਾਉਣ ਲਈ, ਆਪਣੇ ਸਰਕਾਰੀ ਮਾਣ-ਸਨਮਾਨ ਵਾਪਸ ਕ ਰਹੇ ਹਨ। ਇਨਾਮ-ਸਨਮਾਨ ਵਾਪਸ ਕਰਨ ਦਾ ਸਿਲਸਿਲਾ ਲਗਾਤਾਰ ਬਣਿਆ ਹੋਇਆ ਹੈ ਤੇ ਇਸ ਸਿਲਸਿਲੇ ਰਾਹੀਂ ਲੋਕ ਸੰਘ ਪਰਿਵਾਰ ਦੀ ਦੇਸ਼ ਨੂੰ ਬਰਬਾਦੀ ਵੱਲ ਧੱਕਣ ਦੀ ਸਮੁੱਚੀ ਯੋਜਨਾ ਬੇਨਕਾਬ ਹੋ ਰਹੀ ਹੈ। ਐਮਰਜੈਂਸੀ ਤੋਂ ਬਾਅਦ ਸ਼ਾਇਦ ਇਹ ਪਹਿਲਾ ਮੌਕਾ ਹੈ ਜਦੋਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਹੋ ਰਹੇ ਹਮਲਿਆਂ ਨੂੰ ਸਮੁੱਚਾ ਦੇਸ਼ ਇਕ ਵੰਗਾਰ ਵਾਂਗ ਲੈ ਰਿਹਾ ਹੈ ਤੇ ਘੋਰ ਫਿਰਕੂ, ਸ਼ਰਾਰਤੀ ਅਤੇ ਦੰਭੀ ਲੋਕਾਂ ਦੇ ਟੋਲੇ ਨੂੰ ਆਪਣਾ ਦਬਦਬਾ ਕਾਇਮ ਕਰਨ ਤੋਂ ਰੋਕਣ ਲਈ ਪੂਰੀ ਵਾਹ ਲਾ ਰਿਹਾ ਹੈ। ਫਿਰਕੂ ਟੋਲੇ ਤੋਂ ਪੁੱਛਿਆ ਜਾ ਰਿਹਾ ਹੈ ਕਿ ਸੱਤਾ ਹਾਸਲ ਕਰਨ ਤੋਂ ਪਹਿਲਾਂ ਦੇਸ਼ ਵਾਸੀਆਂ ਨਾਲ ਜੋ ਵਾਅਦੇ ਕੀਤੇ ਗਏ ਸਨ, ਉਨ੍ਹਾਂ ਦਾ ਕੀ ਬਣਿਆ ? ਮਹਿੰਗਾਈ, ਬੇਰੁਜ਼ਗਾਰੀ ਅਤੇ ਕਾਲੇ ਧਨ ਵਰਗੇ ਮੁੱਦਿਆਂ 'ਤੇ ਲੋਕ ਨਾਲ ਰੱਜ ਕੇ ਝੂਠ ਕਿਉਂ ਬੋਲਿਆਂ ਗਿਆ ?




ਇਸ ਸਮੇਂ ਵਿਸ਼ਵ ਪੱਧਰ 'ਤੇ ਪੂੰਜੀਵਾਦੀ ਅਰਥਚਾਰੇ ਸੰਕਟ 'ਚ ਘਿਰੇ ਹੋਏ ਹਨ। ਵਿਸ਼ਵੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਬੁਰੀ ਤਰ੍ਹਾਂ ਪਿੱਟ ਰਹੀਆਂ ਹਨ। ਲੋਕ ਰੋਹ ਪਾਸੇ ਅਣਨਿਯੰਤ੍ਰਿਤ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਵਿਸਫ਼ੋਟਕ ਸਮਾਜਕ-ਆਰਥਕ ਪ੍ਰਸਥਿਤੀਆਂ ਵਿਚ ਕਾਰਪੋਰੇਟ ਜਗਤ ਕਿਸੇ ਵੀ ਕੀਮਤ 'ਤੇ ਆਪਣੀ ਰਾਜਸੀ ਪਕੜ ਢਿੱਲੀ ਨਹੀਂ ਪੈਣ ਦੇਣਾ ਚਾਹੁੰਦਾ। ਪਿਛਲੀਆਂ ਲੋਕ ਸਭਾ ਚੋਣਾਂ 'ਚ ਕਾਰਪੋਰੇਟ ਨੇ ਨਰਿੰਦਰ ਮੋਦੀ ਲਈ ਜਬਰਦਸਤ ਮੁਹਿੰਮ ਇਸੇ ਲਈ ਚਲਾਈ ਸੀ ਤਾਂ ਕਿ ਸਿਆਸੀ ਕਠੋਰਤਾ ਨੂੰ ਦੇਸ਼ ਦੀ ਰਾਜਨੀਤੀ ਦੇ ਧੁਰੇ ਵਜੋਂ ਸਥਾਪਤ ਕੀਤਾ ਜਾਵੇ ਅਤੇ ਮਾੜੀਆਂ ਤੋਂ ਮਾੜੀਆਂ ਆਰਥਕ ਪ੍ਰਸਥਿਤੀਆਂ ਵਿਚ ਵੀ ਕਾਰਪੋਰੇਟਾਂ ਦੇ ਆਰਥਕ ਹਿੱਤ ਸੁਰੱਖਿਅਤ ਰਹਿ ਸਕਣ। ਜੇਕਰ ਕੋਈ ਉਨ੍ਹਾਂ ਦੇ ਹਿੱਤਾਂ ਨੂੰ ਨੁਕਸਾਨ ਪੁਚਾਉਣ ਦਾ ਯਤਨ ਕਰਦਾ ਹੈ ਤਾਂ ਉਸ ਵਿਰੁੱਧ 'ਕਠੋਰਤਾ' ਦੀ ਖੁਲ੍ਹੀ ਵਰਤੋਂ ਕਰ ਲਈ ਜਾਵੇ। ਇਸੇ ਵਰਤਾਰੇ ਨੂੰ ਹੀ ਦੂਜੇ ਸ਼ਬਦਾਂ ਵਿਚ ਫਾਸੀਵਾਦ ਕਿਹਾ ਜਾਂਦਾ ਹੈ। ਇਸ ਫਾਸੀਵਾਦ ਦੇ ਸਿੱਟਿਆਂ ਬਾਰੇ ਚਰਚਾ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਇਨ੍ਹਾਂ ਸਿੱਟਿਆਂ ਨੂੰ ਪਹਿਲਾਂ ਹੀ ਪੂਰਾ ਵਿਸ਼ਵ ਦੂਜੀ ਸੰਸਾਰ ਜੰਗ ਦੇ ਰੂਪ ਵਿਚ ਭੋਗ ਚੁੱਕਾ ਹੈ। ਭਾਰਤ ਵਿਚ ਕਾਰਪੋਰੇਟਾਂ ਦੁਆਰਾ ਉਭਾਰੇ ਗਏ ਸੰਘ ਪਰਿਵਾਰ ਦੀਆਂ ਗਤੀਵਿਧੀਆਂ ਪੂੰਜੀਵਾਦ ਦੇ ਵਿਸ਼ਵ-ਵਿਆਪੀ ਸੰਕਟ ਤੋਂ ਅਲੱਗ ਕਰ ਕੇ ਨਹੀਂ ਦੇਖੀਆਂ ਜਾ ਸਕਦੀਆਂ। ਇਹ ਸ਼ਕਤੀਆਂ ਸਮਾਜ ਵਿਚ ਭੈਅ ਦਾ ਮਾਹੌਲ ਪੈਦਾ ਕਰਦੀਆਂ ਹਨ, ਭਰਾ ਮਾਰੂ ਨਫ਼ਰਤ ਪੈਦਾ ਕਰਦੀਆਂ ਹਨ, ਹੱਕ-ਸੱਚ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਕਰਦੀਆਂ ਹਨ। ਇਨ੍ਹਾਂ ਫਾਸੀਵਾਦੀ ਤਾਕਤਾਂ ਵਿਰੁੱਧ ਸਮਾਜ ਦੀਆਂ ਪ੍ਰਗਤੀਸ਼ੀਲ ਧਿਰਾਂ ਪਹਿਲਾਂ ਹੀ ਸੰਘਰਸ਼ ਦੇ ਰਾਹ 'ਤੇ ਹਨ। ਜਾਗਦੀਆਂ ਜ਼ਮੀਰਾਂ ਵਾਲੇ ਲੇਖਕਾਂ ਨੇ ਆਪਣੇ ਇਨਾਮ-ਸਨਮਾਨ ਮੋੜ ਕੇ ਇਸ ਸੰਘਰਸ਼ ਨੂੰ ਹੋਰ ਵੀ ਤਕੜੀ ਕੀਤਾ ਹੈ।

ਧੁਖ਼ਦਾ ਕਾਲਮ

# ਮੁਸਾਫ਼ਿਰ ! ਬੇਝਿਜਕ ਤੂੰ ਚਲ

ਸੁਸ਼ੀਲ ਦੁਸਾਂਝ +91-98887-99870

'ਕਾਸ਼ ਮੈਂ ਜਾਦੂਗਰ ਹੁੰਦਾ
ਮਿਜ਼ਾਇਲ ਦੀ ਅੱਗ ਨੂੰ
ਚੁੱਲ੍ਹੇ ਦੀ ਅੱਗ ਵਿਚ ਬਦਲ ਦਿੰਦਾ
ਕਿੰਨੇ ਲੋਕਾਂ ਦੇ
ਪੇਟ ਦੀ ਅੱਗ
ਬੁਝਾ ਦਿੰਦਾ....!'

ਇਹ ਅਮਰੀਕਾ ਵਸੱਦੇ ਸ਼ਾਇਰ ਸੁਰਿੰਦਰ ਸੋਹਲ ਦੀ 'ਕਾਸ਼' ਨਾਂਅ ਦੀ ਨਜ਼ਮ ਹੈ। ਸੁਰਿੰਦਰ ਸੋਹਲ ਵਾਂਗ ਦੁਨੀਆ ਦਾ ਹਰ ਸੱਚਾ-ਸੁੱਚਾ ਸ਼ਾਇਰ ਇੰਝ ਹੀ ਸੋਚਦਾ ਹੈ, ਪਰ ਅਸਲੀਅਤ ਬਿਲਕੁਲ ਉਲਟ ਹੈ। ਸ਼ਾਇਰਾਂ ਜਾਂ ਸ਼ਾਇਰੀ ਦੀ ਅੱਜਕੱਲ੍ਹ ਕੌਣ ਸੁਣਦੈ? ਅੱਗ ਬਲਦੀ ਤਾਂ ਕੀ ਰੱਖਣੀ, ਸਗੋਂ ਚੁਲ੍ਹਿਆਂ ਦੀ ਤਾਂ ਰਾਖ ਵੀ ਠੰਡੀ ਪੈ ਗਈ ਹੈ। ਮਿਜ਼ਾਇਲਾਂ ਦੀ ਅੱਗ ਦੀ ਤਾਂ ਚੜ੍ਹ ਮਚੀ ਹੋਈ ਹੈ। ਗੱਲ ਤਾਂ ਹਰ ਹੱਥ ਵਿਚ ਹਥਿਆਰ ਫੜਾ ਦੇਣ ਤੋਂ ਵੀ ਅਗਾਂਹ ਲੰਘ ਗਈ ਹੈ। ਪੂਰੇ ਦਾ ਪੂਰਾ ਬੰਦਾ ਹੀ ਬੰਬ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਦੁਨੀਆ ਦੇ ਹਰ ਖੂੰਜੇ ਵਿਚ ਮਨੁੱਖੀ ਬੰਬ ਫੱਟ ਰਹੇ ਹਨ। ਕਦੋਂ ਕਿਥੇ ਇਹ ਤੁਰਦੇ-ਫਿਰਦੇ ਬੰਬ ਹੱਸਦੀ ਹੋਈ ਜ਼ਿੰਦਗੀ ਦੇ ਤਰਾਨਿਆਂ ਨੂੰ ਮਰਸੀਏ ਵਿਚ ਬਦਲ ਦੇਣ, ਕੋਈ ਪਤਾ ਨਹੀਂ ਹੈ। ਦੁਨੀਆ ਨੂੰ ਪੂਰੀ ਤਰ੍ਹਾਂ ਹਥਿਆਰਾਂ ਦੀ ਮੰਡੀ ਬਣਾ ਦੇਣ ਵਿਚ ਜੁਟੀਆਂ ਹੋਈਆਂ ਵਿਨਾਸ਼ਕਾਰ ਸ਼ਕਤੀਆਂ ਦੀਆਂ 'ਕਰਾਮਾਤਾਂ' ਹੀ ਹਨ ਕਿ ਬੱਚੇ ਹੋਸ਼ ਸੰਭਾਲਦਿਆਂ ਹੀ ਸਭ ਤੋਂ ਪਹਿਲਾਂ ਜਿਸ ਖਿਡੌਣੇ ਦੀ ਮੰਗ ਕਰਦੇ ਹਨ, ਉਹ ਪਿਸਤੌਲ, ਰਾਈਫ਼ਲ ਜਾਂ ਫਿਰ ਕੋਈ ਹੋਰ ਮਾਰੂ ਹਥਿਆਰ ਹੀ ਹੁੰਦਾ ਹੈ।

ਦਰਅਸਲ, ਭਾਰਤੀ ਸਮਾਜ ਵਿਚ ਜੇਕਰ ਹਿੰਸਾ ਦੀ ਪ੍ਰਵਿਰਤੀ ਵੱਧ ਰਹੀ ਹੈ ਕਿ ਨਾਬਾਲਗ ਬੱਚੇ ਵੀ ਸਕੂਲਾਂ ਵਿਚ ਗੋਲੀਆਂ ਚਲਾਉਣ ਦੀਆਂ ਗੱਲਾਂ ਕਰਨ ਲੱਗ ਪਏ ਹਨ ਤਾਂ ਇਹ ਮੰਨ ਹੀ ਲੈਣਾ ਚਾਹੀਦਾ ਹੈ ਕਿ ਅਸੀਂ ਹੁਣ ਇਕ ਬਿਮਾਰ ਸਮਾਜ ਵੱਲ ਵੱਧ ਰਹੇ ਹਾਂ। ਦੁਨੀਆ ਨੂੰ ਅਹਿੰਸਾ ਦਾ ਪਾਠ ਪੜ੍ਹਾਉਣ ਵਾਲੇ ਮਹਾਤਮਾ ਗਾਂਧੀ ਦੇ ਮੁਲਕ ਵਿਚ ਵੀ ਕਦੇ ਇਉਂ ਹੋਵੇਗਾ, ਇਹਦਾ ਕਿਆਸ ਸ਼ਾਇਦ ਹੀ ਕਿਸੇ ਨੂੰ ਰਿਹਾ ਹੋਵੇ ਪਰ ਇਹ ਹੋ ਰਿਹਾ ਹੈ ਤੇ ਇਹਨੇ ਬੜੀ ਤੇਜ਼ੀ ਨਾਲ ਆਪਣਾ ਘੇਰਾ ਵਧਾਉਣਾ ਹੈ। ਇਹ ਅਸੀਂ ਇਸ ਲਈ ਕਹਿ ਰਹੇ ਹਾਂ ਕਿ ਆਪਣਾ ਮੁਲਕ ਅੱਜ ਗਲੋਬਲ ਸ਼ਕਤੀਆਂ ਲਈ ਦੁਨੀਆ ਦੀ ਸਭ ਤੋਂ ਵੱਡੀ ਮੰਡੀ ਹੈ। ਮੰਡੀ ਦੀਆਂ ਸ਼ਕਤੀਆਂ ਦੀ ਇਹ ਪਹਿਲੀ ਲੋੜ ਹੁੰਦੀ ਹੈ ਕਿ ਉਹ ਆਪਣਾ ਮਾਲ ਵੇਚਣ ਲਈ ਹਾਲਾਤ ਆਪਣੇ ਮੁਤਾਬਕ ਕਰੇ। ਹਾਲਾਤ ਆਪਣੇ ਮੁਤਾਬਕ ਕਰਨ ਲਈ ਹੀ ਉਹ ਸਾਡੇ ਰਹਿਣ-ਬਹਿਣ, ਖਾਣ-ਪੀਣ, ਤੁਰਨ-ਫਿਰਨ ਗੱਲ ਕੀ ਜ਼ਿੰਦਗੀ ਦੇ ਹਰ ਤੌਰ ਤਰੀਕੇ ਨੂੰ ਹੀ ਬਦਲ ਦੇਣ ਦੀ ਕੋਸ਼ਿਸ਼ ਵਿਚ ਜੁਟੀਆਂ ਹੋਈਆਂ ਹਨ। ਆਪਣੀਆਂ ਇਨ੍ਹਾਂ ਕੋਸ਼ਿਸ਼ਾਂ ਵਿਚ ਉਹ ਪੂਰੀ ਤਰ੍ਹਾਂ ਸਫਲ ਹੁੰਦੀਆਂ ਵੀ ਦਿਖਾਈ ਦੇ ਰਹੀਆਂ ਹਨ। ਸਾਡੇ ਬੱਚੇ ਜੇਕਰ ਅੱਜ ਘਰ ਦੇ ਖਾਣੇ ਦੀ ਥਾਂ ਬਾਜ਼ਾਰ ਦੀ ਖੇਹ-ਸੁਆਹ ਨੂੰ ਜ਼ਿਆਦਾ ਪਸੰਦ ਕਰਨ ਲੱਗੇ ਹਨ ਤਾਂ ਇਹਦਾ ਸਾਫ ਮਤਲਬ ਇਹ ਹੀ ਹੈ ਕਿ ਅਸੀਂ ਹਾਰ ਰਹੇ ਹਾਂ ਤੇ ਮੰਡੀ ਦੀਆਂ ਤਾਕਤਾਂ ਆਪਣੇ ਮਨਸੂਬਿਆਂ ਵਿਚ ਸਫ਼ਲ ਹੋ ਰਹੀਆਂ ਹਨ। ਅਸਲ ਵਿਚ ਜੀਵਨ ਦੀ ਹਰ ਚੀਜ਼ ਇਕ ਦੂਸਰੇ ਨਾਲ ਜੁੜੀ ਹੁੰਦੀ ਹੈ। ਜਦੋਂ ਜ਼ਿਦਗੀ ਪ੍ਰਤੀ ਸਾਡੇ ਨਜ਼ਰੀਏ ਬਦਲ ਜਾਣ ਤਾਂ ਸਭ ਕੁੱਝ ਹੀ ਬਦਲ ਜਾਂਦਾ ਹੈ। ਹਿੰਸਾ-ਅਹਿੰਸਾ ਵੀ ਸਾਡੀਆਂ ਕੁਲ ਆਦਤਾਂ ਅਤੇ ਸੁਭਾਅ ਨਾਲ ਜੁੜਿਆ ਮਸਲਾ ਹੀ ਹੈ। ਸੰਸਾਰੀਕਰਨ ਅਤੇ ਪੂੰਜੀ ਦੀਆਂ ਤਾਕਤਾਂ ਆਮ ਬੰਦੇ ਦੀਆਂ ਰਹਿਣ ਸਾਹਿਣ ਦੀਆਂ ਆਦਤਾਂ ਅਤੇ ਤਰਜੀਹਾਂ ਬਦਲ ਦੇਣ ਦੇ ਆਹਰ ਵਿਚ ਹੀ ਹਨ। ਇਹਦਾ ਹੀ ਸਿੱਟਾ ਹੈ ਕਿ ਸਾਡੇ ਸਮਾਜ ਵਿਚ ਟੁੱਟ ਭੱਜ ਅਤੇ ਬੇਲੋੜੇ ਟਕਰਾਅ ਦੀਆਂ ਸਥਿਤੀਆਂ ਬਣ ਰਹੀਆਂ ਹਨ।

ਇੱਥੇ ਬੜਾ ਵਾਜਬ ਸਵਾਲ ਹੈ ਕਿ ਜੇਕਰ ਇਹ ਸਥਿਤੀਆਂ ਬਣਾਈਆਂ ਜਾ ਰਹੀਆਂ ਹਨ ਤਾਂ ਅਸੀਂ ਕੀ ਕਰ ਰਹੇ ਹਾਂ? ਬਚਿਆਂ ਦੇ ਹੱਥਾਂ ਵਿਚ ਖਿਡੌਣਿਆਂ ਦੀ ਥਾਂ ਸੱਚੀ ਮੁੱਚੀ ਦੀਆਂ ਬਾਰੂਦ ਉਗਲਦੀਆਂ ਪਿਸਤੌਲਾਂ ਕਿਵੇਂ ਆ ਗਈਆਂ? ਬੱਚੇ ਤਾਂ ਕੋਰੀ ਸਲੇਟ ਹੁੰਦੇ ਹਨ। ਇਨ੍ਹਾਂ ਕੋਰੀਆਂ ਸਲੇਟਾਂ 'ਤੇ ਲਹੂ ਨਾਲ ਡਰਾਉਣੀਆਂ ਸ਼ਕਲਾਂ ਬਣਾਉਣ ਵਿਚ ਅਸੀਂ ਵੀ ਬਰਾਬਰ ਦੇ ਦੋਸ਼ੀ ਹਾਂ। ਦਿਖਾਵੇ ਦੇ ਦੌਰ ਵਿਚ ਅਸੀਂ ਇਹ ਵੀ ਭੁਲ ਗਏ ਹਾਂ ਕਿ ਅਸੀਂ ਆਪਣੇ ਬਾਲਾਂ ਨੂੰ ਬੁਰਸ਼ ਦੀ ਥਾਂ ਬੰਦੂਕਾਂ ਫੜ ਲੈਣ ਲਈ ਖੁਦ ਹੀ ਉਕਸਾ ਰਹੇ ਹਾਂ। ਆਪਣੇ ਪੰਜਾਬ ਵਿਚ ਵੀ ਅਸੀਂ ਅਕਸਰ ਵਿਆਹਾਂ ਅਤੇ ਜਸ਼ਨਾਂ ਦੇ ਮੌਕੇ 'ਤੇ ਅੱਜ ਕੱਲ੍ਹ ਆਮ ਹੀ ਕੁੱਝ ਲੋਕਾਂ ਵਲੋਂ ਆਪਣੇ ਟੌਰ-ਟੱਪੇ ਅਤੇ ਹੈਂਕੜ ਨੂੰ ਦਰਸਾਉਣ ਲਈ ਗੋਲੀਆਂ ਚਲਾਉਂਦ ਦੇਖ ਰਹੇ ਹਾਂ। ਪੰਜਾਬ ਵਿਚ ਗਭਰੇਟ ਮੁੰਡੇ ਮੋਟਰ ਸਾਈਕਲਾਂ ਅਤੇ ਖੁਲ੍ਹੀਆਂ ਜੀਪਾਂ 'ਤੇ ਹਿੰਸਕ ਸਲੋਗਨ ਲਿਖਾਈ ਹੀ ਆਮ ਘੁੰਮਦੇ ਦੇਖੇ ਜਾ ਸਕਦੇ ਹਨ। ਇਹ ਸਾਡੇ ਬਦਲਦੇ ਸੁਭਾਅ ਅਤੇ ਹਿੰਸਕ ਪ੍ਰਵਿਰਤੀ ਵੱਲ ਵੱਧਦੇ ਜਾਣ ਦੇ ਖੁਲ੍ਹੇ ਪ੍ਰਗਟਾਵੇ ਹਨ ਤੇ ਅਸੀਂ ਸਭ ਕੁੱਝ ਦੇਖਦੇ ਹੋਏ ਵੀ ਚੁੱਪ ਹੀ ਨਹੀਂ ਹਾਂ ਸਗੋਂ ਕਈ ਵਾਰ ਖੁਸ਼ ਵੀ ਹੁੰਦੇ ਹਾਂ। ਇਹ ਹੀ ਰੌਲੇ ਰੱਪੇ ਅਤੇ ਖੂਨੀ ਸਭਿਆਚਾਰ ਦੇ ਪਹਿਲੇ ਨਿਸ਼ਾਨ ਹਨ।

ਸਮਾਜ ਨੂੰ ਮਾਨਵ-ਮੁਖੀ ਬਣਾਉਣ ਦੀਆਂ ਕੋਸ਼ਿਸ਼ਾਂ ਵਿਚ ਜੁਟੀਆਂ ਤਾਕਤਾਂ ਲਈ ਅੱਜ ਦੀ ਇਹ ਸਭ ਤੋਂ ਵੱਡੀ ਚੁਣੌਤੀ ਹੈ। ਇਸ ਚੁਣੌਤੀ ਨੂੰ ਆਪਾਂ ਸਭ ਨੂੰ ਹੀ ਕਬੂਲ ਕਰਨਾ ਪਵੇਗਾ। ਗੱਲ ਆਪਣੇ ਘਰ ਤੋਂ ਹੀ ਸ਼ੁਰੂ ਕਰਨੀ ਪਵੇਗੀ। ਮਨੁੱਖਤਾ ਨੂੰ ਪ੍ਰਣਾਈਆਂ ਤਾਕਤਾਂ ਕੋਲ ਹੁਣ ਘੜੀ-ਪਲ ਸੋਚਣ ਦਾ ਵੀ ਵਕਤ ਨਹੀਂ ਹੈ। ਆਓ ਕਰੰਘੜੀ ਪਾਈਏ ਤੇ ਤੁਰੀਏ। ਤੁਰੀਏ ਕਿ ਤੁਰੇ ਬਿਨਾਂ ਵਾਟ ਨਹੀਂ ਮੁਕਣੀ। ਕੁਲਵਿੰਦਰ ਕੁੱਲਾ ਦੇ ਇਸ ਸ਼ਿਅਰ ਨਾਲ ਦਿਓ ਆਗਿਆ-

'ਲੰਮੇਰੀ ਵਾਟ ਹੈ ਭਾਵੇਂ, ਮੁਸਾਫ਼ਿਰ! ਬੇਝਿਜਕ ਤੂੰ ਚੱਲ,
ਸਫ਼ਰ ਦਾ ਵਿਗੜਿਆ ਤੇਵਰ, ਸਮੇਂ ਦੇ ਨਾਲ ਮੁੱਕ ਜਾਣੈ।'



# ਕਰਜ਼ਾ ਹੀ ਨਹੀਂ, ਸਮਾਜਕ ਦਬਾਅ ਵੀ ਹੈ ਕਿਸਾਨਾਂ ਦੀ ਖ਼ੁਦਕੁਸ਼ੀ ਦਾ ਕਾਰਨ

*** ਖਤਮ ਹੋ ਚੁੱਕੇ ਸਿਹਤ ਤੇ ਸਿੱਖਿਆ ਸਿਸਟਮ ਕਾਰਨ ਪ੍ਰਾਈਵੇਟ ਸੰਸਥਾਵਾਂ ਦੇ ਜਾਲ ਵਿਚ ਫਸਦੇ ਜਾ ਰਹੇ ਹਨ ਕਿਸਾਨ * ਜਾਨ ਦੇਣ ਵਾਲਿਆਂ ਵਿਚ ਨੌਜਵਾਨ ਕਿਸਾਨਾਂ ਦੀ ਸੰਖਿਆ ਜ਼ਿਆਦਾ * ਸਟੇਟਸ ਸਿੰਬਲ ਕਾਰਨ ਕਰਜ਼ ਵਿਚ ਡੁੱਬ ਰਹੇ ਹਨ ਕਿਸਾਨ**

## ਕਿਸਾਨਾਂ ਦੀਆਂ ਖ਼ੁਦਕੁਸ਼ੀਆਂ- 3 ਯੂਨੀਵਰਸਿਟੀਆਂ ਦਾ ਸਰਵੇਖਣ, 2000-10 ਦੌਰਾਨ 6980 ਨੇ ਕੀਤੀ ਖ਼ੁਦਕੁਸ਼ੀ

ਮਾਨਸਾ/ਬਿਊਰੋ ਨਿਊਜ਼ : ਪੰਜਾਬ ਵਿਚ ਹਰ ਸਾਲ ਜਾਂ ਇੰਜ ਕਹਿ ਲਓ ਕਿ ਹਰ ਫਸਲ ਤੋਂ ਬਾਅਦ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿਚ ਵਾਧਾ ਹੋ ਰਿਹਾ ਹੈ। ਸੂਬੇ ਦਾ ਕਿਸਾਨ ਪਹਿਲਾਂ ਵੀ ਕਰਜ਼ਾ ਲੈਂਦਾ ਸੀ, ਪਹਿਲਾਂ ਵੀ ਫਸਲਾਂ ਬਰਬਾਦ ਹੁੰਦੀਆਂ ਸਨ, ਪਰ ਪਿਛਲੇ 15 ਸਾਲਾਂ ਵਿਚ ਅਜਿਹਾ ਕੀ ਹੋਇਆ ਕਿ ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਕੁਦਰਤੀ ਆਫ਼ਤ ਜਾਂ ਸੰਕਟ ਦੇ ਬੱਦਲ ਪਹਿਲਾਂ ਵੀ ਕਿਸਾਨਾਂ ਦੀ ਕਮਰ ਤੋੜਦੇ ਆਏ ਹਨ, ਪਰ ਕਿਸਾਨਾਂ ਦੇ ਹੌਸਲੇ ਡਗਮਗਾਏ ਨਹੀਂ। ਪਿਛਲੇ 15 ਸਾਲ ਵਿਚ ਝੋਨਾ, ਇਸ ਸਾਲ ਕਣਕ ਤੇ ਨਰਮੇ ਦੀ ਫਸਲ ਨੇ ਪੰਜਾਬ ਦੇ ਕਿਸਾਨਾਂ ਦੀ ਆਰਥਿਕਤਾ ਦੀ ਰੀੜ੍ਹ ਤੋੜ ਦਿੱਤੀ ਹੈ। ਕਰਜ਼ੇ ਦੇ ਵਧਦੇ ਬੋਝ ਨੂੰ ਨਾ ਸਹਾਰਦੇ ਹੋਏ 28 ਕਿਸਾਨ ਆਪਣੀ ਜਾਨ ਗੁਆ ਚੁੱਕੇ ਹਨ। ਜਾਨ ਦੇਣ ਵਾਲਿਆਂ ਵਿਚ ਨੌਜਵਾਨ ਕਿਸਾਨਾਂ ਦੀ ਗਿਣਤੀ ਹੀ ਜ਼ਿਆਦਾ ਹੈ।

ਭਾਸਕਰ ਦੇ ਸੀਨੀਅਰ ਪੱਤਰਕਾਰ ਇੰਦਰਪ੍ਰੀਤ ਸਿੰਘ ਦੀ ਰਿਪੋਰਟ ਅਨੁਸਾਰ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੇ ਕਾਰਨ ਜਾਣਨ 'ਤੇ ਪਤਾ ਚੱਲਿਆ ਕਿ ਜ਼ਿਆਦਾਤਰ ਛੋਟੀ ਕਿਸਾਨੀ ਵਾਲੇ ਕਿਸਾਨ ਹਨ। ਖੇਤੀ ਦੀ ਘਟਦੀ ਆਮਦਨ, ਪੇਂਡੂ ਹਲਕਿਆਂ ਵਿਚ ਤਬਾਹ ਹੋ ਚੁੱਕੇ ਸਿਹਤ ਤੇ ਸਿੱਖਿਆ ਸਿਸਟਮ ਕਾਰਨ ਇਹ ਲੋਕ ਪ੍ਰਾਈਵੇਟ ਸੰਸਥਾਵਾਂ ਦੇ ਜਾਲ ਵਿਚ ਫਸਦੇ ਜਾ ਰਹੇ ਹਨ ਤੇ ਸਟੇਟਸ ਸਿੰਬਲ ਤੇ ਖੇਤੀ ਦੀ ਘਟਦੀ ਉਤਪਾਦਕਤਾ ਕਾਰਨ ਕਰਜ਼ੇ ਵਿਚ ਡੁੱਬਦੇ ਜਾ ਰਹੇ ਹਨ। ਇਸ ਕਰਜ਼ ਜਾਲ 'ਚੋਂ ਕੱਢਣ ਲਈ ਇਕ ਦਹਾਕੇ ਪਹਿਲਾਂ ਬਣਾਏ ਗਏ ਬਿਲ ਸਿਆਸੀ ਭੇਟ ਚੜ੍ਹ ਗਏ ਹਨ। ਇਕ-ਦੂਜੇ ਦੀ ਦੇਖਾ-ਦੇਖੀ ਕਿਸਾਨ ਹਲ ਤੋਂ ਟਰੈਕਟਰ 'ਤੇ ਆ ਗਏ। ਇਸ 'ਤੇ ਕਿਸਾਨਾਂ ਨੂੰ ਦੋਹਰੀ ਮਾਰ ਪੈਣ ਲੱਗੀ। ਪਹਿਲਾਂ ਟਰੈਕਟਰ ਦਾ ਖ਼ਰਚਾ ਅਤੇ ਦੂਸਰੀ ਟਰੈਕਟਰ ਦੇ ਖਰਚ ਤੋਂ ਬਚਣ ਲਈ ਵਧੇਰੇ ਜ਼ਮੀਨ ਠੇਕੇ 'ਤੇ ਲਈ ਜਾਣ ਲੱਗੀ। ਕਿਸਾਨਾਂ ਨੇ ਟਰੈਕਟਰ ਤਾਂ ਲੈ ਲਏ ਪਰ ਇਹ ਨਹੀਂ ਸਮਝ ਸਕੇ ਕਿ ਘੱਟ ਜ਼ਮੀਨ ਵਿਚ ਟਰੈਕਟਰ ਚਲਾਉਣ ਨਾਲ ਲਾਗਤ ਘੱਟ ਹੋਵੇਗੀ ਜਾਂ ਵਧੇਗੀ। ਖ਼ੈਰ ਲਾਗਤ ਵਧੀ ਜਾਂ ਨਹੀਂ, ਪਰ ਕਿਸਾਨਾਂ ਦੀਆਂ ਸਮੱਸਿਆਵਾਂ ਵਧਦੀਆਂ ਗਈਆਂ ਤੇ ਪਹਿਲਾਂ ਕਿਸਾਨਾਂ 'ਤੇ ਬੈਂਕ ਦਾ ਕਰਜ਼, ਫਿਰ ਟਰੈਕਟਰ ਦਾ ਖ਼ਰਚ, ਫਿਰ ਠੇਕੇ 'ਤੇ ਜ਼ਮੀਨ ਦੀ ਮਾਰ ਤੇ ਨਤੀਜਾ 'ਖ਼ੁਦਕੁਸ਼ੀ'।

ਇਕ ਗੱਲ ਸਪਸ਼ਟ ਹੈ ਕਿ ਖ਼ੁਦਕੁਸ਼ੀ ਕਰਨ ਵਾਲੇ ਜ਼ਿਆਦਾਤਰ ਕਿਸਾਨ ਕਰਜ਼ੇ ਕਾਰਨ ਨਹੀਂ, ਸਗੋਂ ਸਮਾਜਕ ਦਬਾਅ ਨਾ ਝੱਲ ਸਕਣ ਕਾਰਨ ਮੌਤ ਨੂੰ ਗਲੇ ਲਗਾ ਰਹੇ ਹਨ। ਵਰਨਾ ਜਿਨ੍ਹਾਂ ਕੋਲ ਤਿੰਨ ਤੋਂ ਚਾਰ ਏਕੜ ਜ਼ਮੀਨ ਹੈ, ਉਹ ਅੱਧਾ ਏਕੜ ਜ਼ਮੀਨ ਵੇਚ ਕੇ ਸਾਰਾ ਕਰਜ਼ ਉਤਾਰ ਕੇ ਨਵੇਂ ਸਿਰੇ ਤੋਂ ਜ਼ਿੰਦਗੀ ਸ਼ੁਰੂ ਕਰ ਸਕਦਾ ਹੈ। ਪਿੰਡ ਮੂਸਾ ਦੇ ਪੰਚ ਸਵਰਨ ਸਿੰਘ ਦਾ ਕਹਿਣਾ ਹੈ, 'ਕਿਸਾਨ ਅਜਿਹਾ ਨਹੀਂ ਕਰੇਗਾ। ਜ਼ਮੀਨ ਵੇਚਣ 'ਤੇ ਜੋ ਤਾਨਾਕਸ਼ੀ ਹੁੰਦੀ ਹੈ, ਉਹ ਦਬਾਅ ਝਲਣਾ ਬਹੁਤ ਮੁਸ਼ਕਲ ਹੈ। ਚੰਗਾ ਹੁੰਦਾ ਸਰਕਾਰ ਪਰਿਵਾਰ ਵਿਚੋਂ ਕਿਸੇ ਇਕ ਨੂੰ ਸਰਕਾਰੀ ਜਾਂ ਪ੍ਰਾਈਵੇਟ ਨੌਕਰੀ ਦਿਵਾ ਕੇ ਪਰਿਵਾਰ ਦੇ ਬੋਝ ਨੂੰ ਕੁਝ ਘੱਟ ਕਰੇ। ਪਿੰਡ ਵਿਚ ਨਾ ਤਾਂ ਸਕੂਲਾਂ ਵਿਚ ਪੜ੍ਹਾਈ ਹੈ ਤੇ ਨਾ ਹੀ ਸਿਹਤ ਪ੍ਰਬੰਧ। ਛੋਟੀ-ਛੋਟੀ ਬਿਮਾਰੀਆਂ ਹੋਣ 'ਤੇ ਪ੍ਰਾਈਵੇਟ ਹਸਪਤਾਲਾਂ ਦੇ ਮੱਕੜ-ਜਾਲ ਵਿਚ ਫਸਦੇ ਜਾਂਦੇ ਹਨ।

### ਨਰਮੇ ਦੇ ਸੀਜ਼ਨ ਵਿਚ 28 ਮਾਮਲੇ :

ਨਰਮੇ ਦੇ ਸੀਜ਼ਨ ਵਿਚ ਹੁਣ ਤਕ 28 ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਮੂਸਾ ਪਿੰਡ ਦੇ ਹੀ ਰਜਿੰਦਰ ਸਿੰਘ ਪੁੱਤਰ ਨਾਇਬ ਸਿੰਘ ਅਤੇ ਚੈਲਾਂਵਾਲਾ ਦੇ ਸੁਖਚੈਨ ਸਿੰਘ ਨੂੰ ਵੀ ਕਰਜ਼ੇ ਦਾ ਬੋਝ ਚੁੱਕਣ ਦੀ ਬਜਾਏ ਮੌਤ ਨੂੰ ਗਲਾ ਲਾਉਣਾ ਸਹੀ ਲੱਗਿਆ। ਉਹ ਸਮਾਜਕ ਦਬਾਅ ਕਾਰਨ ਮੀਡੀਆ ਨਾਲ ਗੱਲ ਨਹੀਂ ਕਰਨਾ ਚਾਹੁੰਦੇ। ਰੂਪ ਸਿੰਘ ਵੀ 6 ਲੱਖ ਦੇ ਕਰਜ਼ੇ ਦਾ ਬੋਝ ਨਹੀਂ ਝਲ ਸਕਿਆ। ਖ਼ੁਦਕੁਸ਼ੀ ਕਰਨ ਵਾਲਿਆਂ ਦੀ ਫਹਿਰਿਸਤ ਦਿਨ-ਬ-ਦਿਨ ਵਧਦੀ ਜਾ ਰਹੀ ਹੈ ਪਰ ਇਹ ਕਿਸੇ ਵੀ ਸਿਆਸੀ ਪਾਰਟੀ ਦੇ ਏਜੰਡੇ ਵਿਚ ਨਹੀਂ ਹੈ।

### ਕੀ ਹੋਇਆ ਕਰਜ਼ਾ ਰਾਹਤ ਬਿੱਲ ਦਾ ? :

ਸਾਲ 2006 ਵਿਚ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਕਰਜ਼ਾ ਰਾਹਤ ਬਿੱਲ ਤਿਆਰ ਕੀਤਾ ਸੀ। ਇਸ ਵਿਚ ਜਿੱਥੇ ਆੜ੍ਹਤੀਆਂ ਦੇ ਕਰਜ਼ੇ ਨੂੰ ਰੈਗੂਲੇਟ ਕਰਨ ਦੀ ਵਿਵਸਥਾ ਸੀ, ਉਥੇ ਵਿਆਜ ਦਰ ਵੀ 12 ਫ਼ੀਸਦੀ ਨਾਲੋਂ ਜ਼ਿਆਦਾ ਨਾ ਲੈਣ ਦੀ ਗੱਲ ਸੀ। ਝਗੜਾ ਹੋਣ 'ਤੇ ਕੇਸ ਕਰਜ਼ਾ ਰਾਹਤ ਬੋਰਡ ਕੋਲ ਜਾਣਾ ਸੀ ਪਰ ਨੌਂ ਸਾਲ ਤੋਂ ਬਿੱਲ ਫਾਈਲਾਂ ਦੀ ਧੂੜ ਚੱਟ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਇਸ ਬਿੱਲ ਨੂੰ ਲਾਗੂ ਨਾ ਕਰਵਾਉਣ ਲਈ ਆੜ੍ਹਤੀ ਲਾਬੀ ਦਾ ਦਬਾਅ ਹੈ।

### ਕੇਸ ਨੰਬਰ-1 : ਪਤਨੀ ਦੇ ਇਲਾਜ 'ਤੇ 13 ਲੱਖ ਖ਼ਰਚ, ਜ਼ਮੀਨ ਵਿਕੀ

70 ਸਾਲਾ ਬੇਅੰਤ ਕੌਰ ਦਸਦੀ ਹੈ ਕਿ ਉਨ੍ਹਾਂ ਦੇ ਬੇਟੇ ਬਲਵਿੰਦਰ ਨੇ ਖ਼ੁਦਕੁਸ਼ੀ ਕਰ ਲਈ। ਪਿਛੇ ਛੱਡ ਗਿਆ ਡੇਢ ਸਾਲ ਦਾ ਬੱਚਾ ਤੇ ਲਕਵੇ ਦੀ ਮਾਰੀ ਘਰਵਾਲੀ। ਨਾ ਜ਼ਮੀਨ ਹੈ, ਨਾ ਪੈਸਾ, ਉਪਰੋਂ ਆੜ੍ਹਤੀ ਅਤੇ ਬੈਂਕਾਂ ਦਾ ਤਿੰਨ ਲੱਖ ਦਾ ਕਰਜ਼ਾ। 35 ਸਾਲ ਪਹਿਲਾਂ ਪਤੀ ਦੀ ਮੌਤ ਹੋ ਗਈ ਸੀ, ਉਦੋਂ 6 ਏਕੜ ਜ਼ਮੀਨ ਸੀ। ਗੋਦ ਵਿਚ ਚਾਰ ਬੱਚੇ ਸਨ ਪਰ ਹੌਸਲਾ ਸੀ। 15 ਸਾਲ ਪਹਿਲਾਂ ਵੱਡਾ ਪੁੱਤ ਵੱਖ ਹੋ ਗਿਆ। ਫਿਰ ਬੋਝ ਛੋਟੇ 'ਤੇ ਆ ਗਿਆ। ਡੇਢ ਸਾਲ ਪਹਿਲਾਂ ਨੂੰਹ ਹਰਪ੍ਰੀਤ ਨੂੰ ਲਕਵਾ ਹੋ ਗਿਆ। ਪ੍ਰਾਈਵੇਟ ਹਸਪਤਾਲ ਵਿਚ ਇਲਾਜ 'ਤੇ 13 ਲੱਖ ਖ਼ਰਚ ਹੋ ਗਏ। ਜ਼ਮੀਨ ਵਿਕ ਗਈ ਅਤੇ ਸਿਰਫ਼ 7 ਕਨਾਲ ਜ਼ਮੀਨ ਹੀ ਬਚੀ। ਬਲਵਿੰਦਰ ਪੰਜ-ਛੇ ਏਕੜ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦਾ ਸੀ। ਪਹਿਲਾਂ ਕਣਕ ਖਰਾਬ ਹੋਈ ਤੇ ਹੁਣ ਨਰਮਾ ਵੀ ਮੁੱਠੀ ਭਰ ਹੋਇਆ। ਉਹ ਸਦਮਾ ਬਰਦਾਸ਼ਤ ਨਹੀਂ ਕਰ ਸਕਿਆ।

### ਕੇਸ ਨੰਬਰ -2 : ਦੋ ਭਰਾਵਾਂ ਨੂੰ ਲੱਗੀ ਨਸ਼ੇ ਦੀ ਲਤ, ਜ਼ਮੀਨ ਵੇਚੀ

ਗਿਦੜਬਾਹਾ ਦੇ ਜਗਸੀਰ ਸਿੰਘ ਨੇ ਦਸ ਸਾਲ ਪਹਿਲਾਂ ਖ਼ੁਦਕੁਸ਼ੀ ਕਰ ਲਈ ਸੀ ਤੇ ਹੁਣ ਉਸ ਦੇ ਛੋਟੇ ਭਰਾ ਬੂਟਾ ਸਿੰਘ ਨੇ ਵੀ ਤਿੰਨ ਮਹੀਨੇ ਪਹਿਲਾਂ ਮੌਤ ਨੂੰ ਗਲੇ ਲਾ ਲਿਆ। ਇਸ ਘਰ ਦਾ ਕੇਸ ਦੂਸਰੇ ਘਰਾਂ ਤੋਂ ਵੱਖਰਾ ਹੈ। ਇੱਥੇ ਨਸ਼ਿਆਂ ਵਿਚ ਲੱਗੇ ਹੋਣ ਕਾਰਨ ਜ਼ਮੀਨ ਵਿਕਣ ਕਾਰਨ ਦੋਵੇਂ ਮੌਤਾਂ ਹੋਈਆਂ। ਜਗਸੀਰ ਨੂੰ ਸ਼ਰਾਬ ਪੀਣ ਦੀ ਲਤ ਲਗ ਗਈ ਸੀ ਤਾਂ ਬੂਟਾ ਸਿੰਘ ਨੂੰ ਪੋਸਤ ਖਾਣ ਦੀ। ਸਮਾਜਕ ਦਬਾਅ ਦੇ ਚਲਦਿਆਂ ਰਿਕਾਰਡ ਵਿਚ ਖ਼ੁਦਕੁਸ਼ੀ ਨਹੀਂ ਲਿਖਵਾਈ ਬਲਕਿ ਮੌਤ ਦਾ ਕਾਰਨ ਦਿਲ ਦਾ ਦੌਰਾ ਪੈਣਾ ਦੱਸਿਆ। ਪਰ ਪੂਰਾ ਪਿੰਡ ਜਾਣਦਾ ਹੈ ਕਿ ਉਸ ਨੇ ਖੇਤ ਵਿਚ ਜਾ ਕੇ ਕੋਈ ਜ਼ਹਿਰੀਲੀ ਦਵਾਈ ਪੀ ਲਈ ਸੀ।

### ਕੇਸ ਨੰਬਰ- 3 : ਨਰਮੇ ਤੋਂ ਬਰਬਾਦੀ

ਬਣਾਵਾਲੀ ਪਿੰਡ ਵਿਚ ਕੇਸ ਸਿੰਘ ਦੋ ਭਰਾਵਾਂ ਨਾਲ ਰਹਿੰਦਾ ਹੈ। ਉਸ ਨੂੰ ਅਕਸਰ ਦੌਰੇ ਪੈਂਦੇ ਹਨ, ਇਸ ਲਈ ਖੇਤਾਂ ਵਿਚ ਨਹੀਂ ਜਾਂਦਾ। ਤਿੰਨਾਂ ਭਰਾਵਾਂ ਕੋਲ ਸਿਰਫ਼ 3 ਏਕੜ ਜ਼ਮੀਨ ਹੈ। ਕੰਮ ਚਰਨਜੀਤ (30) ਅਤੇ ਪਾਲਾ (28) ਹੀ ਦੇਖਦੇ ਹਨ। ਜ਼ਮੀਨ ਘੱਟ ਹੋਣ ਕਾਰਨ ਕੋਈ ਧੀ ਦੇਣ ਨੂੰ ਤਿਆਰ ਨਹੀਂ। ਇਸ ਲਈ ਚਰਨਜੀਤ ਨੇ ਵਿਧਵਾ ਕਰਮਜੀਤ ਨਾਲ ਵਿਆਹ ਕਰ ਲਿਆ। ਘਰ ਦੀ ਗ਼ਰੀਬੀ, ਪੁਰਾਣਾ ਟਰੈਕਟਰ ਖ਼ਰੀਦਣ ਅਤੇ ਟਿਊਬਵੈੱਲ ਦੇ ਚੱਕਰ ਵਿਚ ਬੈਂਕ ਦਾ 5 ਲੱਖ ਕਰਜ਼ਾ ਚੜ੍ਹ ਗਿਆ। ਨਰਮੇ ਤੋਂ ਬਰਬਾਦੀ 'ਤੇ ਚਰਨਜੀਤ ਨੇ ਜਾਨ ਦੇ ਦਿੱਤੀ। ਨੇਤਰਹੀਣ ਬਾਪ, ਮਾਂ, ਪਤਨੀ, ਦੋ ਛੋਟੇ ਬੱਚਿਆਂ ਅਤੇ ਦੋ ਭਰਾਵਾਂ ਨੂੰ ਪਾਲਾ ਪਾਲ ਰਿਹਾ ਹੈ। ਜ਼ਮੀਨ ਗਹਿਣੇ ਪਈ ਹੈ, ਜ਼ਿੰਦਗੀ ਕਿਵੇਂ ਕੱਟੇਗੀ, ਪਤਾ ਨਹੀਂ।

### ਰਕਮ ਤਾਂ ਵਧਾਈ ਪਰ ਕਿਸੇ ਨੂੰ ਨਹੀਂ ਮਿਲਿਆ ਮੁਆਵਜ਼ਾ :

ਸਰਕਾਰ ਨੇ ਪੀੜਤ ਪਰਿਵਾਰਾਂ ਨੂੰ ਮਿਲਣ ਵਾਲੀ ਮੁਆਵਜ਼ਾ ਰਾਸ਼ੀ ਵਧਾ ਕੇ ਤਿੰਨ ਲੱਖ ਕਰ ਦਿੱਤੀ। ਮੁੱਖ ਮੰਤਰੀ ਨੇ ਕੈਬਨਿਟ ਵਿਚ ਪ੍ਰਸਤਾਵ ਵੀ ਪਾਸ ਕਰ ਦਿੱਤੀ ਅਤੇ ਇਸ ਵਾਰ ਬੱਜਟ ਵਿਚ ਵੀਹ ਕਰੋੜ ਰੁਪਏ ਰੱਖੇ ਵੀ ਗਏ, ਪਰ ਹਾਲੇ ਤਕ ਕਿਸੇ ਨੂੰ ਰਕਮ ਨਹੀਂ ਮਿਲੀ ਹੈ। ਸਰਕਾਰ ਨੇ ਨੀਤੀ ਵਿਚ ਬਦਲਾਅ ਵੀ ਕੀਤਾ ਹੈ। ਹੁਣ 50 ਹਜ਼ਾਰ ਵੀ ਨਕਦ ਮਿਲਣਗੇ, ਬਾਕੀ ਰਕਮ ਦੀ ਪਰਿਵਾਰ ਵਿਚੋਂ ਕਿਸੇ ਦੇ ਨਾਂ 'ਤੇ ਐਫ.ਡੀ. ਕਰਵਾਈ ਜਾਵੇਗੀ।

### ਇਕ ਮਹੀਨੇ ਅੰਦਰ ਮਿਲਣਗੇ ਪੈਸੇ :

ਹਾਲੇ ਤਕ ਮੁਆਵਜ਼ਾ ਨਹੀਂ ਮਿਲਿਆ ਹੈ। ਹਾਲੇ ਤਕ ਕੰਮ ਯੂਨੀਵਰਸਿਟੀਆਂ ਕੋਲ ਸੀ ਜੋ ਹੌਲੀ ਕੰਮ ਕਰ ਰਹੀਆਂ ਸਨ। ਹੁਣ ਜ਼ਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਿਚ ਕਮੇਟੀਆਂ ਬਣਾ ਦਿੱਤੀਆਂ ਹਨ, ਜੋ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਕੇਸ ਬਣਾ ਕੇ ਭੇਜਣਗੀਆਂ। ਇਕ ਮਹੀਨੇ ਦੇ ਅੰਦਰ ਅੰਦਰ ਸਾਰੇ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਦਿੱਤੀ ਜਾਵੇਗੀ।

**ਵਿਤ ਕਮਿਸ਼ਨਰ ਰੈਵਿਨਿਊ, ਕਰਨ ਅਵਤਾਰ ਸਿੰਘ**

### "ਘੱਟ ਕਰਨੇ ਪੈਣਗੇ ਖ਼ਰਚੇ

ਦੋ ਤਿਹਾਈ ਕਿਸਾਨ ਕਰਜ਼ੇ ਦੇ ਦਬਾਅ ਹੇਠ ਹੀ ਜਾਨ ਦੇ ਰਹੇ ਹਨ। ਇਨ੍ਹਾਂ ਨੂੰ ਕਰਜ਼ੇ ਦੇ ਜਾਲ 'ਚੋਂ ਕੱਢਣ ਲਈ ਕੋਈ ਲੰਬੇ ਸਮੇਂ ਦੀ, ਨੀਤੀ ਬਣਾਉਣੀ ਪਏਗੀ। ਦਿਹਾਤੀ ਖੇਤਰ ਵਿਚ ਦਿਨ-ਬ-ਦਿਨ ਡਿੱਗ ਰਹੇ ਸਿਹਤ ਅਤੇ ਸਿੱਖਿਆ ਖੇਤਰ ਨੂੰ ਸੁਧਾਰਨਾ ਹੋਵੇਗਾ ਤਾਂ ਕਿ ਖ਼ਰਚ ਘੱਟ ਹੋ ਸਕੇ। ਖੇਤੀ 'ਤੇ ਲਾਗਤ ਖਰਚ ਵੀ ਘੱਟ ਕਰਨ ਵੱਲ ਧਿਆਨ ਦੇਣਾ ਪਏਗਾ।

**ਖੇਤੀ ਅਰਥ ਸ਼ਾਸਤਰੀ, ਪ੍ਰੋ. ਆਰ.ਐਸ. ਘੁੰਮਣ**

# ਸਿੱਖਿਆ ਵਿਵਸਥਾ ’ਤੇ ਦਿਬਾਕਰ ਬੈਨਰਜੀ ਦੀ ਖੁੱਲ੍ਹੀ ਚਿੱਠੀ

ਜਿਸ ਸਕੂਲ ਵਿਚ ਮੈਂ ਨਰਸਰੀ ਤੋਂ 12ਵੀਂ ਤਕ ਪੜ੍ਹਿਆ ਹਾਂ, ਉਸ ਦੇ ਕਰਤਾ-ਧਰਤਾ ਉਹੀ ਲੋਕ ਸਨ, ਜਿਨ੍ਹਾਂ ਨੂੰ ਅੱਜ ਰਾਈਟ ਵਿੰਗ, ਹਿੰਦੂਤਵਵਾਦ ਜਾਂ ਆਮ ਭਾਸ਼ਾ ਵਿਚ ‘ਸੰਘੀ’ ਕਿਹਾ ਜਾਏਗਾ। ਸਕੂਲ ਦੀ ਸਿੱਖਿਆ ਵਿਵਸਥਾ ਦਾ ਸਨਾਤਨ ਹਿੰਦੂ ਸੰਸਕ੍ਰਿਤੀ ਨਾਲ ਰਿਸ਼ਤਾ ਬਹੁਤ ਡੂੰਘਾ ਸੀ। ਸਾਨੂੰ ਹਿੰਦੀ ਤੇ ਸੰਸਕ੍ਰਿਤੀ ਕਾਫ਼ੀ ਜ਼ੋਰ ਦੇ ਕੇ ਪੜ੍ਹਾਈ ਗਈ ਸੀ।

ਸਕੂਲ ਦਾ ਸਾਲਾਨਾ ਉਤਸਵ ਗੁਰੂਵੰਦਨਾ ਤੋਂ ਸ਼ੁਰੂ ਹੋ ਕੇ ਵਾਦ-ਵਿਵਾਦ, ਸਿਤਾਰ, ਗਿਟਾਰ ਵਾਦਨ, ਨੁੱਕੜ ਨਾਟਕ, ਸੰਸਕ੍ਰਿਤਕ ਕਾਵਿ ਪਾਠ, ਕਵੱਵਾਲੀ ਅਤੇ ਮੁਸ਼ਾਇਰਾ ਤੋਂ ਹੋ ਕੇ ਸਰਸਵਤੀ ਵੰਦਨਾ ’ਤੇ ਖ਼ਤਮ ਹੁੰਦਾ ਸੀ। ਸਾਨੂੰ ਸਿਖਾਇਆ ਜਾਂਦਾ ਸੀ ਕਿ ਭਾਰਤ ਦੁਨੀਆ ਦੇ ਉਨ੍ਹਾਂ ਮਹਾਨ ਸਮਾਜਾਂ ਵਿਚੋਂ ਹੈ, ਜਿਸ ਵਿਚ ਸਾਰਿਆਂ ਲਈ ਥਾਂ ਹੈ।

ਪੰਜਵੀਂ ਕਲਾਸ ਵਿਚ ਹੀ ਮੈਨੂੰ ‘ਵਸੁਧੈਵ ਕੁਟੁੰਬਕਮ’ ਦਾ ਅਰਥ ਪਤਾ ਸੀ। ਕੜਾਕੇਦਾਰ ਤੇ ਇਕ ਕਿਲੋ ਦੇ ਥੱਪੜ ਵਾਲੇ ਸੰਸਕ੍ਰਿਤੀ ਦੇ ਸਰ ਦੀ ਬਦੌਲਤ ਛੇਵੀਂ ਕਲਾਸ ਤਕ ਮੈਂ ਗਣਿਤ, ਭੌਤਿਕ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਹਿੰਦੀ ਵਿਚ ਪੜ੍ਹਿਆ। ਸਾਡੇ ਸੋਂਧੀ ਖ਼ੁਸ਼ਬੂ ਵਾਲੀ ਸਕੂਲ ਡਾਰਿਗੀ ਵਿਚ ਗਾਇਤਰੀ ਮੰਤਰ, ਸੰਸਕ੍ਰਿਤ ਕਾਵਿ ਐ ਗੀਤਾ ਦੇ ਚੁਣੇ ਹੋਏ ਹਿੱਸੇ ਸਨ ਜੋ ਮੈਨੂੰ



ਅੱਜ ਵੀ ਯਾਦ ਹਨ।

ਇਸ ਦੇ ਨਾਲ ਨਾਲ ਅਸੀਂ ਇਤਿਹਾਸ ਪੜ੍ਹਦੇ ਸੀ ਜਿਸ ਨੂੰ ਹੁਣ ‘ਲੈਫਟਿਸਟ, ਐਲੀਟਿਸਟ ਅਤੇ ਸਿਊਡੋ-ਸੈਕੁਲਰ’ ਕਿਹਾ ਜਾਣ ਲੱਗਾ ਹੈ-ਜੋ ਵੀ ਉਸ ਦਾ ਅਰਥ ਹੋਵੇ। ਉਸ ਦਾ ਕੁਝ ਕੁਝ ਹੁਣ ਵੀ ਸੱਚ ਜਿਹਾ ਲਗਦਾ ਹੈ ਤੇ ਕੁਝ ਨਹੀਂ। ਅੰਗਰੇਜ਼ੀ ਦੌਰ ਦੇ ਇਸ ਜ਼ਮਾਨੇ ਵਿਚ ਅੱਜ ਹਿੰਦੀ, ਸੰਸਕ੍ਰਿਤੀ ਤੇ ਪ੍ਰਾਚੀਨ ਭਾਰਤ ’ਤੇ ਮੇਰੀ (ਅਧੂਰੀ) ਪਕੜ ਦੇਖ ਕੇ ਮੇਰੇ ਯਾਰ-ਦੋਸਤ ਪ੍ਰਭਾਵਤ ਹੋ ਜਾਂਦੇ ਹਨ।

ਆਪਣੇ ਸਕੂਲ ਦਾ ਜਿੰਨਾ ਵੀ ਸ਼ੁਕਰੀਆ ਅਦਾ ਕਰਾਂ ਘੱਟ ਹੋਵੇਗਾ, ਜਿਸ ਨੇ ਤਿੰਨ ਹਜ਼ਾਰ ਸਾਲਾਂ ਦੇ ਮਾਨਵੀ ਇਤਿਹਾਸ ਨੂੰ ਸਹਿਜਤਾ ਨਾਲ ਸਮਝਣ ਦੀ ਯੋਗਤਾ ਮੈਨੂੰ ਦਿੱਤੀ, ਨਾਲ ਹੀ ਵਕਤ ਦੇ ਨਾਲ ਚੱਲਣਾ ਵੀ ਸਿਖਾਇਆ। ਮੈਂ ਜੋ ਵੀ ਹਾਂ, ਆਪਣੇ ਇਸ ਸਕੂਲ ਕਾਰਨ ਹਾਂ, ਇਸ ਦਾ ਮੈਨੂੰ ਮਾਣ ਹੈ। ਮੇਰੇ ਵਰਗੇ ਅਣਗਿਣਤ ਭਾਰਤੀ ਹਨ ਜਿਨ੍ਹਾਂ ਨੂੰ ਆਪਣੇ ਸਕੂਲ ਜਾਂ ਕਾਲਜ ’ਤੇ ਮਾਣ ਹੈ। ਭਾਰਤ ਦੇ ਮਾਪੇ, ਅਧਿਆਪਕ ਤੇ ਵਿਦਿਆਰਥੀ, ਹੁਣ ਸਮਾਂ ਆ ਗਿਆ ਹੈ ਇਹ ਫ਼ੈਸਲਾ ਲੈਣ ਦਾ ਕਿ ਜਿਸ ਦਿਨ ਸਾਡੇ ਬੱਚੇ ਪੜ੍ਹਾਈ ਪੂਰੀ ਕਰ ਕੇ ਭਵਿੱਖ ਦੇ ਭਾਰਤ ਵਿਚ ਕਦਮ ਰੱਖਣ ਤਾਂ ਉਨ੍ਹਾਂ ਨੂੰ ਆਪਣੇ ਸਕੂਲ ’ਤੇ ਫ਼ਖ਼ਰ ਹੋਵੇਗਾ ਤਾਂ ਕਿਸ ਗੱਲ ਦਾ ਹੋਵੇਗਾ? ਕਿੰਨਾ ਵੱਡਾ ਮੈਦਾਨ ਜਾਂ ਵੀ.ਆਈ.ਪੀ. ਪਾਰਕਿੰਗ ਹੈ ਉਸ ਦੀ? ਜਾਂ ਕਿੰਨੇ ਲੱਖ ਫੀਸ ਹੈ ਉਸ ਦੀ? ਜਾਂ ਕਿਸ ਫ਼ਿਲਮਸਟਾਰ ਦਾ ਬੇਟਾ ਜਮਾਤੀ ਹੈ ਉਸ ਦਾ? ਜਾਂ ਕਿਸ ਨੇਤਾ ਦਾ ਜਿਗਰੀ ਚੇਅਰਮੈਨ ਹੈ ਉਸ ਦਾ?

ਜਾਂ ਫਿਰ ਆਪਣੇ ਅਧਿਆਪਕਾਂ ਦਾ? ਸਾਡੇ ਸੰਸਕ੍ਰਿਤ ਸਰ, ਸਾਡੀ ਅੰਗਰੇਜ਼ੀ ਮੈਮ, ਮੇਰੇ ਪ੍ਰਿੰਸੀਪਲ ਸਰ ਤੇ ਉਹ ਸਾਰੇ ਅਧਿਆਪਕ ਜਿਨ੍ਹਾਂ ਦਾ ਅਸੀਂ ਆਦਰ ਕੀਤਾ, ਜਿਨ੍ਹਾਂ ਤੋਂ ਡਰੇ, ਜਿਨ੍ਹਾਂ ’ਤੇ ਅਸੀਂ ਫ਼ਿਦਾ ਹੋਏ, ਜਿਨ੍ਹਾਂ ਦੇ ਅਸੀਂ ਦੀਵਾਨੇ ਰਹੇ, ਜਿਨ੍ਹਾਂ ਦੀ ਅਸੀਂ ਪਿੱਠ ਪਿਛੇ ਨਕਲ ਉਤਾਰੀ ਤੇ ਜਿਨ੍ਹਾਂ ਨੇ ਸਾਡੇ ਕੰਨ ਖਿੱਚੇ।

ਇਨ੍ਹਾਂ ਅਧਿਆਪਕਾਂ ਨੇ ਸਾਨੂੰ ਸਿਰਫ਼ ਵਿਦਿਆ ਨਹੀਂ ਦਿੱਤੀ, ਜਨੂਨ ਦਿੱਤਾ ਸਿਰਫ਼ ਪੰਜ ਸਟੈਪ ਵਿਚ ਸੇਟ ਥਿਓਰੀ ਪੈਰਾਡਾਕਸ ਸਿੱਧ ਕਰਨ ਦਾ ਜਾਂ ਬਿਨਾਂ ਸਾਹ ਲਏ ਇਕ ਮਿੰਟ ਤਕ ਰਾਵਣ ਦੇ ਸ਼ਿਵਸਤੋਰ ਦੀ ਆਵਰਿਤੀ ਦਾ। ਮੈਂ ਜਿਸ ਪ੍ਰੋਫੈਸ਼ਨਲ ਇੰਸਟੀਚਿਊਟ ਵਿਚ ਗਿਆ, ਉਥੇ ਦਰਖ਼ਤ ਹੇਠ ਬੈਠ ਕੇ ਅਧਿਆਪਕਾਂ ਨੇ ਸਾਨੂੰ ਜਨੂ ਦਿੱਤਾ। ਛੋਟੇ ਭਾਰਤੀ ਸ਼ਹਿਰਾਂ ਲਈ ਸਸਤਾ ਤੇ ਸੁਰੱਖਿਅਤ ਰਿਕਸ਼ਾ ਬਣਾਉਣ ਦਾ ਜਾਂ ਗੜਵੀਂ ਦੇ ਅਨੋਖੇ ਆਕਾਰ ’ਤੇ ਫ਼ਿਦਾ ਹੋਣ ਦਾ। ਸਾਨੂੰ ਇਕ ਵਾਰ ਵੀ ਇਹ ਭਿਨਕ ਨਹੀਂ ਪਈ ਕਿ ਅਸੀਂ ਰਾਈਟ ਹਾਂ ਜਾਂ ਲੈਫਟ। ਮਾਸ ਹਾਂ ਜਾਂ ਐਲੀਟਿਸਟ!

ਕਦੇ ਅਜਿਹਾ ਨਹੀਂ ਲੱਗਿਆ ਕਿ ਕੁਝ ਮਹਾਨ ਹੋ ਰਿਹਾ ਹੈ। ਕਦੇ ਕਿਸੇ ਅਧਿਆਪਕ ਨੇ ਸਾਨੂੰ ਭਾਰਤ ਨਾਲ ਪਿਆਰ ਕਰਨਾ, ਦੇਸ਼ ਭਗਤ ਬਣਨਾ ਜਾਂ ਦੇਸ਼ ਦੀ ਰੱਖਿਆ ਕਰਨ ਲਈ ਨਹੀਂ ਕਿਹਾ। ਪਰ ਹੁਣ ਪਤਾ ਚਲਦਾ ਹੈ ਕਿ ਜਦੋਂ ਉਨ੍ਹਾਂ ਨੇ ਸਾਨੂੰ ਬ੍ਰਹਮਗੁਪਤ ਦੇ ਚਤਰਭੁਜ ਸਮੀਕਰਨ, ਦਿਨਕਰ ਦੀ ਕਵਿਤਾ, ਰਸਕਿਨ ਬਾਂਡ ਅਤੇ ਮੰਟੋ ਦੀਆਂ ਕਹਾਣੀਆਂ, ਭਾਰਤੀ ਮਲਮਲ ਦੀ ਬਾਰੀਕੀ, ਬੰਗਾਲ ਦੇ ਟੇਰਾਕੋਟਾ ਟਾਈਲ ਦੀ ਸੁੰਦਰਤਾ ਜਾਂ ਲਦਾਖ ਵਿਚ ਵਿਸ਼ਵ ਦੀ ਸਭ ਤੋਂ ਉੱਚੀ ਹਵਾਈ ਪੱਟੀ ਬਾਰੇ ਦੱਸਿਆ ਤਏ ਸਾਹਿਰ ਦੇ ਫ਼ਿਲਮੀ ਗਾਣੇ ਗਾਏ, ਉਨ੍ਹਾਂ ਨੇ ਸਾਡੇ ਦਿਲ ਵਿਚ ਹੌਲੀ ਜਿਹੀ, ਬਿਨਾਂ ਦੱਸਿਆਂ ਦੇਸ਼ ਪ੍ਰੇਮ ਦੀ ਉਹ ਅੱਗ ਬਾਲੀ ਜੋ ਅੱਜ ਵੀ ਸੁਲਗ ਰਹੀ ਹੈ।

ਉਸ ਅੱਗ ਦਾ ਸਬੂਤ ਨੰਬਰ ਇਕ-ਕਰੋੜਾਂ ਭਾਰਤੀ, ਜੋ ਅੱਜ ਵੀ ਭਾਰਤ ਵਿਚ ਹਰ ਨਾ ਇਨਸਾਫ਼ੀ, ਮਜਬੂਰੀ, ਤਕਲੀਫ਼ ਨਾਲ ਜੂਝਦੇ ਹੋਏ ਇਥੇ ਹੀ ਜੀਅ ਰਹੇ ਹਨ ਅਤੇ ਦਬ ਕੇ ਜੀਅ ਰਹੇ ਹਨ। ਸਬੂਤ ਨੰਬਰ ਦੋ- ਉਹ ਲੱਖਾਂ ਭਾਰਤੀ ਜੋ ਭਾਰਤ ਦੇ ਬਾਹਰ ਭਾਰਤ ਲਈ ਤਰਸਦੇ ਹੋਏ ਆਪਣੇ ਕੇਬਲ ਵਾਲੇ ਤੋਂ ਦੇਸੀ ਚੈਨਲਲਈ ਰੋਜ਼ ਲੜਦੇ ਹਨ।

ਭਾਰਤ ਦੀ ਸਿੱਖਿਆ ਆਪਣੇ ਆਪ ਵਿਚ ਇਕ ਸੋਧ ਹੈ। ਹਜ਼ਾਰਾਂ ਵਰ੍ਹਿਆਂ ਤੋਂ ਭਾਰਤ ਵਿਚ ਅਧਿਐਨ-ਅਧਿਆਪਨ ਦੀ ਬੇਜੋੜ ਪਰੰਪਰਾ ਰਹੀ ਹੈ। ਇਸ ਪਰੰਪਰਾ ਦਾ ਕੇਂਦਰ ਗੁਰੂ ਅਤੇ ਚੇਲਾ ਹਨ। ਇਹ ਉਦਾਂ ਹੀ ਨਹੀਂ ਹੈ ਕਿ ਦਰੋਣ, ਕ੍ਰਿਪ, ਕਪਿਲ, ਬੁੱਧ, ਮਹਾਵੀਰ, ਸ਼ੰਕਰ ਅਤੇ ਨਾਨਕ ਅੱਜ ਵੀ ਪੁਰਾਣੀਆਂ ਕਥਾਵਾਂ ਅਤੇ ਧਰਮ ਗ੍ਰੰਥਾਂ ਵਿਚ ਸਾਡੇ ਵਿਚਾਲੇ ਜਿਉਂਦੇ ਹਨ। ਇਹ ਆਖ਼ਰਕਾਰ ਕੁਝ ਵੀ ਹੋਣ, ਸਭ ਤੋਂ ਪਹਿਲਾਂ ਇਹ ਅਧਿਆਪਕ ਹੀ ਸਨ, ਜਿਨ੍ਹਾਂ ਨੇ ਸਿੱਖਿਆ ਦੇ ਵਿਸ਼ਾਲ ਸਮੂਹ ਨੂੰ ਪ੍ਰੇਰਤ ਕੀਤਾ।

ਸਾਡੇ ਬਚਪਨ ਦੇ ਅਧਿਆਪਕ ਸਾਨੂੰ ਦੂਸਰੇ ਭਾਰਤੀਆਂ ਨਾਲ ਭਾਰਤ ਵਿਚ ਰਹਿਣਾ ਸਿਖਾਉਂਦੇ ਸਨ। ਉਹ ਦੂਸਰੇ ਭਾਰਤੀ ਵੀ ਅਜਿਹੇ ਸਕੂਲ-ਕਾਲਜਾਂ ਤੋਂ ਪੜ੍ਹ ਕੇ ਆਏ ਸਨ, ਜਿੱਥੇ ਸਹਿਜਤਾ ਨਾਲ ਨਿਭਾਈ ਜਾਣ ਵਾਲੀ ਭਾਰਤੀਯਤਾ ਸਿਖਾਈ ਸੀ। ਅਸੀਂ ਰੁੜਕੀ ਤੋਂ ਪੜ੍ਹ ਕੇ ਪਾਸਹੁੰਦੇ ਅਤੇ ਚੇਨਈ ਵਿਚ ਕੰਮ ਕਰਨ ਜਾਂਦੇ ਸੀ। ਪੰਜਾਬੀਆਂ ਨਾਲ ਭਰੀ ਦਿੱਲੀ ਵਿਚ ਰਹਿ ਰਹੇ ਬੰਗਾਲੀ ਮੁੰਡੇ ਦਾ ਗੂੜ੍ਹਾ ਮਿੱਤਰ ਗੁਜਰਾਤੀ ਮੁੰਡਾ ਬਣ ਜਾਂਦਾ ਸੀ।

ਕਿਸੇ ਅਜਿਹੇ ਸੂਬੇ ਵਿਚ ਜਿੱਥੇ ਕਦੇ ਨਹੀਂ ਗਏ, ਉਥੋਂ ਦੇ ਇੰਜਨੀਅਰਿੰਗ ਕਾਲਜ ਵਿਚ ਭਰਤੀ ਹੋਣ ਤੋਂ ਪਹਿਲਾਂ ਅਸੀਂ ਇਕ ਵਾਰ ਵੀ ਨਹੀਂ ਸੋਚਦੇ ਸੀ। ਕੋਈ ਅਜਿਹਾ ਹੋਸਟਲ ਜਿੱਥੇ ਇਕ ਭਾਈਚਾਰਾ ਗਿਣਤੀ ਵਿਚ ਜ਼ਿਆਦਾ ਹੋਵੇ, ਸਾਨੂੰ ਕਦੇ ਇਨ੍ਹਾਂ ਮਹਿਸੂਸ ਨਹੀਂ ਹੁੰਦਾ ਸੀ, ਜਿੰਨਾ ਹੁਣ ਹੁੰਦਾ ਹੈ। ਕੀ ਬਦਲ ਗਿਆ ਫੇਰ?

ਅੱਜ ਬਹੁਤ ਸਾਰੇ ਕਾਰਨਾਮੇ ਹੋ ਰਹੇ ਹਨ, ਜਿਨ੍ਹਾਂ ਨੂੰ ਸਹੀ ਠਹਿਰਾਉਣ ਲਈ ਸਾਡੀ ਪ੍ਰਾਚੀਨ ਪਰੰਪਰਾ ਦਾ ਜ਼ਿਕਰ ਕੀਤਾ ਜਾਂਦਾ ਹੈ। ਜੇਕਰ ਅਸੀਂ ਸਿਰਫ਼ ਸਿੱਖਿਆ ਪਰੰਪਰਾ ਦਾ ਜ਼ਿਕਰ ਕਰੀਏ ਤਾਂ ਤਰਕ, ਯੁਕਤੀ, ਸਵਾਲ ਜਵਾਬ, ਬਹਿਸ ਇਨ੍ਹਾਂ ਬਿਨਾਂ ਇਹ ਪਰੰਪਰਾ ਗੁੰਗੀ ਗੁੱਡੀ ਰਹਿ ਜਾਂਦੀ , ਜਿਸ ਨਾਲ ਸਿਰਫ਼ ਖੇਡਿਆ ਜਾਂਦਾ ਹੋਵੇ। ਭਾਰਤ ਦਾ ਸਭ ਤੋਂ ਪੁਰਾਣਾ ਸਿਲੇਬਸ ਹੈ-ਵਾਦ-ਵਿਵਾਦ।



ਭਾਰਤ ਦੀ ਸਭ ਤੋਂ ਪੁਰਾਣੀ ‘ਕੋਰਸਬੁੱਕ’ ਵੇਦ ਦੀਆਂ ਰੋਂਗਟੇ ਖੜ੍ਹੇ ਕਰ ਦੇਣ ਵਾਲੀਆਂ ਕਈ ਰਚਨਾਵਾਂ, ਬਸ ਸਵਾਲ ਹਨ ਤੇ ਹੋਰ ਕੁਝ ਨਹੀਂ। ਉਪਨਿਸ਼ਦ, ਦਰਸ਼ਨ, ਮੀਮਾਂਸਾ, ਕਿਤੇ ਵੀ ਦੇਖੋ-ਉਹ ਗੁਰੂ ਤੇ ਚੇਲੇ ਵਿਚਾਲੇ ਸਵਾਲ-ਜਵਾਬ ਵਜੋਂ ਕੀਤੇ ਗਏ ਸੰਵਾਦ ਹਨ।

ਸਹੀ ਅਧਿਆਪਕ ਸਾਨੂੰ ਸਹੀ ਰਾਹ ਦਿਖਾਉਂਦਾ ਹੈ। ਸਹੀ ਰਸਤਾ ਉਹੀ ਦਿਖਾ ਸਕਦਾ ਹੈ, ਜਿਸ ਨੂੰ ਖ਼ੁਦ ਰਸਤਾ ਨਜ਼ਰ ਆਵੇ। ਵਿਸ਼ਵ ਦਾ ਸਭ ਤੋਂ ਪ੍ਰਤਿਭਾਸ਼ਾਲੀ ਚਿੱਤਰਕਾਰ ਵਿਆਕਰਨ ਸਿਖਾਉਣ ਵਿਚ ਫੇਲ੍ਹ ਹੋਵੇਗਾ! ਅਤੇ ਦੇਸ਼ ਪ੍ਰੇਮ ਦਾ ਪਾਠ ਫ਼ਿਲਮ ਮੇਕਿੰਗ ਜਾਂ ਗਣਿਤ ਪੜ੍ਹਾਉਂਦੇ ਹੋਏ ਬਾਖੂਬੀ ਪੜ੍ਹਾਇਆ ਜਾ ਸਕਦਾ ਹੈ, ਬਸ਼ਰਤੇ ਉਸ ਗੁਰੂ ਨੂੰ ਫ਼ਿਲਮ ਮੇਕਿੰਗ ਜਾਂ ਗਣਿਤ ਨਾਲ ਪ੍ਰੇਮ ਹੋਵੇ।

ਇਸ ਲਈ ਦੇਸ਼ ਭਗਤੀ ਦੇ ਵੱਖ ਵੱਖ ਸਿਲੇਬਸ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਸਿਲੇਬਸ ਅਕਸਰ ਉਹੀ ਲੋਕ ਬਣਾਉਂਦੇ ਹਨ, ਜਿਨ੍ਹਾਂ ਨੂੰ ਆਪਣਾ ਉਲੂ ਸਿੱਧਾ ਕਰਨ ਲਈ ਤੁਹਾਡੇ ਮਾਸੂਮ ਬੱਚਿਆਂ ਦੀ ਲੋੜ ਹੈ ਬਤੌਰ ਭਰਤੀ।

ਭਾਰਤ ਦੇ ਮਾਪਿਓ ਅਤੇ ਵਿਦਿਆਰਥੀਓ, ਸਾਨੂੰ ਦਿਖਾਉਣ ਦੀ ਜ਼ਰੂਰਤ ਹੈ ਕਿ ਅਸੀਂ ਆਪਣੇ ਦੇਸ਼ ਨਾਲ ਉਨ੍ਹਾਂ ਲੋਕਾਂ ਨਾਲੋਂ ਜ਼ਿਆਦਾ ਪਿਆਰ ਕਰਦੇ ਹਾਂ ਜੋ ਦੇਸ਼ ਪ੍ਰੇਮ ਦੀ ਲਵਸਟੋਰੀ ਵਿਚ ਇਕੱਲੇ ਹੀਰੋ ਬਣ ਰਹੇ ਹਨ।

ਜਿਸ ਭਾਰਤ ਨੂੰ ਅਸੀਂ ਪਿਆਰ ਕਰਦੇ ਹਾਂ, ਉਹ ਮਸਤ, ਮੁਸਕਰਾਉਂਦਾ, ਰੰਗ-ਬਿਰੰਗਾ, ਚੰਗੇ ਖਾਣੇ ਦੀ ਖ਼ੁਸ਼ਬੂ ਨਾਲ ਮਹਿਕਦਾ, ਚੰਗੇ ਸੰਗੀਤ ਨਾਲ ਝੂਮਦਾ, ਸ਼ਰਾਰਤੀ ਪਰ ਹੁਸ਼ਿਆਰ ਬੱਚਿਆਂ ਨਾਲ ਭਰੇ ਕਲਾਸਰੂਮ ਵਾਲਾ ਭਾਰਤ ਹੈ। ਉਸ ਕਲਾਸਰੂਮ ਵਿਚ ਜਿੱਥੇ ਸਾਡੀ ਸਿੱਖਣੀ ਮਾਂ ਤੇ ਸਾਡੇ ਖੋਜਾ ਪਾਪਾ ਪਹਿਲੀ ਵਾਰ ਮਿਲੇ ਸਨ। ਉਹ ਹੋਸਟਲ ਜਿਥੇ ਨਵਰਾਤਰੀ ਦੇ ਡਾਂਡੀਆ ਰਾਸ ਤੋਂ ਬਾਅਦ ਅਸੀਂ ਸਾਰੀ ਰਾਤ ਜਾਗ ਕੇ ਪੜ੍ਹਦੇ ਸੀ। ਕੀ ਕਰਦੇ-ਸਿਲੇਬਸ ਹੀ ਏਨਾ ਪਿਆਰਾ ਸੀ।

ਜਿਸ ਭਾਰਤ ਨੂੰ ਅਸੀਂ ਪਿਆਰ ਕਰਦੇ ਹਾਂ, ਉਹ ਅਜਿਹੇ ਅਧਿਆਪਕਾਂ ਦਾ ਦੇਸ਼ ਹੈ, ਜੋ ਤਾਰ-ਤਾਰ ਮਾਹਵਾਰ ’ਤੇ ਮਿਲਾਂ ਚੱਲ ਕੇ ਬੱਚਿਆਂ ਨੂੰ ਵਰਣਮਾਲਾ ਸਿਖਾਉਂਦੇ ਹਨ, ਜਾਂ ਨੌਜਵਾਨਾਂ ਨੂੰ ਖਰਾਦ ਮਸ਼ੀਨ ਚਲਾਉਣਾ ਜਾਂ ਹੋਣਹਾਰ ਬੱਚਿਆਂ ਨੂੰ ਪਹਾੜ ਲੰਘਣਾ ਸਿਖਾਉਂਦੇ ਹਨ।

ਜਿਸ ਭਾਰਤ ਨੂੰ ਅਸੀਂ ਪਿਆਰ ਕਰਦੇ ਹਾਂ, ਉਹ ਅਜਿਹੇ ਅਧਿਆਪਕਾਂ, ਸਿੱਖਿਆ ਸ਼ਾਸਤਰੀਆਂ, ਲੇਖਕਾਂ, ਕਵੀਆਂ ਤੇ ਗਾਇਕਾਂ ਦਾ ਹੈ, ਜਿਨ੍ਹਾਂ ਨੇ ਆਪਣੀਆਂ ਕਿਤਾਬਾਂ, ਗੀਤਾਂ, ਕਹਾਣੀਆਂ ਅਤੇ ਕਵੀਤਾਵਾਂ ਰਾਹੀਂ ਭਾਰਤੀ ਵਿਦਿਆਰਥੀਆਂ ਨੂੰ ਦੁਨੀਆ ਦੇ ਹਰ ਕੋਨੇ ਵਿਚ ਪਛਾਣ ਦਿਵਾਈ ਹੈ। ਇਹ ਪਛਾਣ ਅਸੀਂ ਗੁਆ ਬੈਠੇ ਤਾਂ ਸਾਨੂੰ ਕੋਈ ਨਹੀਂ ਪੁਛੇਗਾ।

ਜਿਸ ਭਾਰਤ ਨੂੰ ਅਸੀਂ ਪਿਆਰ ਕਰਦੇ ਹਾਂ, ਉਹ ਅਜਿਹੇ ਬਹੁਤ ਸਾਰੀ ਸੰਸਥਾਵਾਂ ਨਾਲ ਭਰਿਆ ਹੈ, ਜੋ ਵਿਦਿਆਰਥੀਆਂ ਨੂੰ ਦੇਸ਼ ਪ੍ਰੇਮ ਦਾ ਦਾਅਵਾ ਕਰਨਾ ਸਿਖਾਏ ਬਿਨਾਂ, ਬੈਂਕਿੰਗ, ਜੈਨੇਟਿਕ ਰਿਸਰਚ, ਫ਼ੈਸ਼ਨ ਡਿਜ਼ਾਈਨ, ਤੇ ਹੋਰਨਾਂ ਖੇਤਰਾਂ ਵਿਚ ਅੱਵਲ ਬਣਾਉਂਦੇ ਹਨ ਅਤੇ ਉਹ ਵਿਦਿਆਰਥੀ ਦੇਸ਼ ਦਾ ਨਾਂ ਰੌਸ਼ਨ ਕਰਦੇ ਹਨ। ਜਿਸ ਭਾਰਤ ਨੂੰ ਅਸੀਂ ਪਿਆਰ ਕਰਦੇ ਹਾਂ, ਉਸ ਦੇ ਮਾਪੇ ਅਤੇ ਵਿਦਿਰਥੀਆਂ ਨੂੰ ਅਧਿਕਾਰ ਹੈ ਕਿ ਉਹ ਖ਼ੁਦ ਫੈਸਲਾ ਲੈਣ ਕਿ ਉਹ ਕੀ ਸਿਲੇਬਸ ਪੜ੍ਹਨਾ ਚਾਹੁੰਦੇ ਹਨ ਤੇ ਕਿਵੇਂ। ਜੇਕਰ ਕੋਈ ਅਜਿਹਾ ਕਾਲਜ ਜਾਂ ਸਕੂਲ ਹੋਵੇ, ਜਿੱਥੇ ਉਹ ਜਾ ਸਕਣ, ਇਸ ਦਾ ਮਤਲਬ ਹੈ ਕਿ ਸਾਡੀਆਂ ਸਾਰੀਆਂ ਗਲਤੀਆਂ, ਤਣਾਅ, ਗਰੀਬੀ ਅਤੇ ਗੈਰਬਰਾਬਰਤਾ ਦੇ ਬਾਵਜੂਦ ਅਸੀਂ ਸਹੀ ਰਸਤੇ ’ਤੇ ਹਾਂ।

ਅੱਜ ਡਰ ਇਹ ਹੈ ਕਿ ਅਸੀਂ ਇਹ ਅਧਿਕਾਰ ਗੁਆ ਦੇਵਾਂਗੇ। ਭਾਰਤ ਦੇ ਮਾਪਿਓ ਅਤੇ ਵਿਦਿਆਰਥੀਓ, ਮੈਂ ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਆਪਣੀ ਚੁੱਪੀ ਤੋੜੋ ਅਤੇ ਬੋਲਣਾ ਸ਼ੁਰੂ ਕਰੋ ਕਿਉਂਕਿ ਜਦੋਂ ਵਰ੍ਹਿਆਂ ਤੋਂ ਚੁੱਪ ਬੈਠਾ ਕੋਈ ਬੋਲਦਾ ਹੈ, ਤਾਂ ਦੁਨੀਆ ਸੁਣਦੀ ਹੈ।

# ਪ੍ਰਦੂਸ਼ਤ ਵਾਤਾਵਰਣ ਵਿਚ ਕੋਈ ਵੀ ਮਹਿਫ਼ੂਜ਼ ਨਹੀਂ

**ਰਵੀਸ਼ ਕੁਮਾਰ**

ਜਲਵਾਯੂ ਨੂੰ ਲੈ ਕੇ ਅਸੀਂ ਕੁਝ ਕਰੀਏ ਨਾ ਕਰੀਏ, ਪਰ ਜਦੋਂ ਵੀ ਕੋਈ ਨਵੀਂ ਕਾਲੋਨੀ ਕੱਟਦੇ ਹਾਂ, ਇਕ ਜਲਵਾਯੂ ਵਿਹਾਰ ਜ਼ਰੂਰ ਬਣਾਉਂਦੇ ਹਾਂ। ਗੂਗਲ ਵਿਚ ਤੁਸੀਂ ਜਲਵਾਯੂ ਵਿਹਾਰ ਟਾਈਪ ਕਰੋਗੇ ਤਾਂ ਲਖਨਊ, ਭੋਪਾਲ, ਨੋਇਡਾ, ਗਰੇਟਰ ਨੋਇਡਾ, ਫਰੀਦਾਬਾਦ, ਗੁੜਗਾਓਂ, ਪੰਜਾਬ ਵਿਚ ਇਕ ਨਾ ਇਕ ਜਲਵਾਯੂ ਵਿਹਾਰ ਮਿਲ ਹੀ ਜਾਏਗਾ। ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਜਲਵਾਯੂ ਨੂੰ ਲੈ ਕੇ ਬੇਹੱਦ ਗੰਭੀਰ ਲੋਕ ਹਾਂ। ਜਦੋਂ ਤਕ ਅਸੀਂ ਪੰਜਾਬ ਅਤੇ ਰੈਗੁਲੇਟਰੀ ਤੋਂ ਉਠਣ ਵਾਲੇ ਸਵਾਲਾਂ ਨੂੰ ਵਿਕਾਸ ਵਿਰੋਧੀ ਮੰਨ ਕੇ ਦਿੱਲੀ ਵਰਗੇ ਮਹਾਨਗਰਾਂ ਵਿਚ ਖੁਦ ਨੂੰ ਮਹਿਫ਼ੂਜ਼ ਸਮਝਦੇ ਹਾਂ, ਉਦੋਂ ਤਕ ਤਾਂ ਕੋਈ ਗੱਲ ਨਹੀਂ ਪਰ ਜਿਵੇਂ ਹੀ ਪਤਾ ਚਲਦਾ ਹੈ ਕਿ ਦਿੱਲੀ ਦੀ ਹਵਾ ਸਾਹ ਲੈਣ ਲਾਇਕ ਨਹੀਂ ਰਹੀ ਅਤੇ ਸਾਡੇ ਫੇਫੜੇ ਖਰਾਬ ਹੋ ਰਹੇ ਹਨ ਤਾਂ ਵੀ ਅਸੀਂ ਇਹੀ ਸਮਝਦੇ ਹਾਂ ਕਿ ਵਾਤਾਵਰਣ ਦੇ ਸਵਾਲ ਦਾ ਸਬੰਧ ਸਾਡੇ ਨਾਲ ਨਹੀਂ, ਸ਼ਾਇਦ ਵਾਤਾਵਰਣ ਮੰਤਰੀ ਜਾਂ ਪ੍ਰਧਾਨ ਮੰਤਰੀ ਨਾਲ ਹੀ ਜੁੜਿਆ ਹੋਇਆ ਹੈ।

ਕੁਝ ਦਿਨ ਪਹਿਲਾਂ ਦਿੱਲੀ ਦੀ ਹਵਾ ਨੇ ਖ਼ਰਾਬ ਹੋਣ ਵਿਚ ਬੀਜਿੰਗ ਦੀ ਪ੍ਰਦੂਸ਼ਤ ਹਵਾ ਨੂੰ ਪਿਛੇ ਛੱਡ ਦਿੱਤਾ ਹੈ। ਬੀਜਿੰਗ ਵਿਚ ਮਾਂ-ਬਾਪ ਨੇ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਤੋਂ ਮਨ੍ਹਾ ਕਰ ਦਿੱਤਾ, ਬਹੁਤ ਸਾਰੀਆਂ ਫੈਕਟਰੀਆਂ ਬੰਦ ਕਰ ਦਿੱਤੀਆਂ ਗਈਆਂ ਪਰ ਦਿੱਲੀ ਨੇ ਅਜਿਹਾ ਕੁਝ ਨਹੀਂ ਕੀਤਾ। ਜਦਕਿ ਦਿੱਲੀ ਦੀ ਹਵਾ ਬੀਜਿੰਗ ਨਾਲੋਂ ਕਈ ਜ਼ਿਆਦਾ ਗੁਣਾ ਖ਼ਰਾਬ ਹੈ। ਦਿੱਲੀ ਦੇ ਬੱਚੇ ਸਕੂਲ ਗਏ, ਜਿਸ ਨੇ ਕੰਮ ’ਤੇ ਜਾਣਾ ਸੀ, ਉਹ ਗਿਆ। ਪ੍ਰਦੂਸ਼ਣ ਕਾਰਨ ਹਵਾ ਵਿਚ ਧੁੰਦ ਏਨੀ ਸੰਘਣੀ ਹੋ ਗਈ ਕਿ 200 ਮੀਟਰ ਨਾਲੋਂ ਜ਼ਿਆਦਾ ਦੂਰ ਦੀਆਂ ਚੀਜ਼ਾਂ ਨਜ਼ਰ ਨਹੀਂ ਆ ਰਹੀਆਂ ਸਨ। ਏਅਰ ਕਵਾਲਟੀ ਇੰਡੈਕਸ ਵਿਚ ਜੇਕਰ 400 ਪੁਆਇੰਟ ਪਾਰ ਕਰ ਜਾਏ ਤਾਂ ਹਵਾ ਖ਼ਤਰਨਾਕ ਕਹੀ ਜਾਣ ਲਗਦੀ ਹੈ।

ਪੱਛਮੀ ਦਿੱਲੀ ਦੇ ਪੰਜਾਬੀ ਬਾਗ ਦੀ ਹਵਾ ਨੇ ਟਾਪ ਕੀਤਾ ਹੈ। ਆਨੰਦ ਵਿਹਾਰ ਦੀ ਹਵਾ ਜੋ ਕਿ ਖ਼ਰਾਬ ਹੋਣ ਦੇ ਮਾਮਲੇ ਵਿਚ ਕਈ ਦਿਨਾਂ ਤੋਂ ਸਿਖ਼ਰ ’ਤੇ ਚੱਲ ਰਹੀ ਸੀ, ਹੁਣ ਪੰਜਾਬੀ ਬਾਗ ਤੋਂ ਹਾਰ ਗਈ। ਵਿਸ਼ਵ ਸਿਹਤ ਸੰਗਠਨ ਨੇ ਦੱਸਿਆ ਕਿ 2014 ਵਿਚ ਦੱਸਿਆ ਸੀ ਕਿ ਦੁਨੀਆ ਦੇ ਅਜਿਹੇ ਵੀਹ ਸ਼ਹਿਰਾਂ ਵਿਚ ਜਿਨ੍ਹਾਂ ਦੀ ਹਵਾ ਸਭ ਤੋਂ ਪ੍ਰਦੂਸ਼ਤ ਹੈ, ਸਾਡੀ ਦਿੱਲੀ ਚੋਟੀ ’ਤੇ ਹੈ। ਦਿੱਲੀ ਦੇ ਨਾਲ 12 ਸ਼ਹਿਰ ਵੀ ਇਸ ਟਾਪ 20 ਵਿਚ ਆਉਂਦੇ ਹਨ। ਕਾਇਦੇ ਨਾਲ ਪੈਰਿਸ ਵਰਗਾ ਸੰਮੇਲਨ ਦਿੱਲੀ ਸ਼ਹਿਰ ਵਿਚ ਹੋ ਜਾਣਾ ਚਾਹੀਦਾ ਸੀ। ਦੋ ਦਹਾਕੇ ਪਹਿਲਾਂ ਜਦੋਂ ਦਿੱਲੀ ਦੀ ਹਵਾ ਵਿਚ ਜ਼ਹਿਰ ਫੈਲਿਆ ਸੀ, ਉਦੋਂ ਸੀ.ਐਨ.ਜੀ. ਨੂੰ ਲੈ ਕੇ ਕਿੰਨਾ ਕੁਝਹੋਇਆ ਸੀ, ਹੁਣ ਲਗਦਾ ਹੈ ਕਿ ਕੁਝ ਹੁੰਦਾ ਹੀ ਨਹੀਂ। ਫਿਰ ਵੀ ਕੁਝ ਸੰਗਠਨ ਕੁਝ ਵਕੀਲ ਇਸ ਨੂੰ ਲੈ ਕੇ ਆਪਣੇ ਪੱਧਰ ’ਤੇ ਲੜਾਈ ਲੜ ਰਹੇ ਹਨ।

ਚੀਨ ਤੋਂ ਲਗਾਤਾਰ ਖ਼ਬਰ ਆਉਂਦੀ ਰਹਿੰਦੀ ਹੈ ਕਿ ਉਥੋਂ ਦੇ ਸ਼ਹਿਰਾਂ ਦੀ ਹਵਾ ਵਿਚ ਪ੍ਰਦੂਸ਼ਣ ਦੀ ਮਾਤਰਾ ਏਨੀ ਹੋ ਜਾਂਦੀ ਹੈ ਕਿ ਧੁੰਦ ਵਰਗੀ ਚਾਦਰ ਵਿਛ ਜਾਂਦੀ ਹੈ। ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ। ਪਿਛਲੇ ਚਾਰ ਦਿਨਾਂ ਤੋਂ ਉੱਤਰੀ ਚੀਨ ਅਤੇ ਬੀਜਿੰਗ ਦੀ ਹਾਲਤ ਬਹੁਤ ਖ਼ਰਾਬ ਹੈ। ਤਮਾਮ ਦਾਅਵਿਆਂ ਵਿਚਾਲੇ ਇਸ ’ਤੇ ਕਾਬੂ ਨਹੀਂ ਪਾਇਆ ਜਾ ਸਕਿਆ ਹੈ। ਸਮਾਰਟਫੋਨ ’ਤੇ ਹਵਾ ਪ੍ਰਦੂਸ਼ਣ ਦੀ ਮਾਤਰਾ ਨਾਪਣ ਵਾਲੇ ਐਪ ਤਾਂ ਆ ਗਏ ਹਨ ਪਰ ਪ੍ਰਦੂਸ਼ਣ ਨੂੰ ਰੋਕਣ ਦਾ ਐਪ ਨਹੀਂ ਆਇਆ ਹੈ। ਬੀਜਿੰਗ ਵਿਚ ਤਾਂ ਏਅਰ ਕਵਾਲਟੀ ਇੰਡੈਕਸ 500 ਤਕ ਚਲਾ ਗਿਆ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਹਵਾ ਵਿਚ ਪੀ.ਪੀ.ਐਮ. 2.5 ਦੀ ਮਾਤਰਾ 25 ਮਾਈਕਰੋਗਰਾਮ ਪ੍ਰਤੀ ਕਿਊਬਿਕ ਮੀਟਰ ਹੋਣੀ ਚਾਹੀਦੀ ਹੈ ਜੋ ਕਿ 900 ਮਾਈਕਰੋਗਰਾਮ ਪ੍ਰਤੀ ਕਿਊਬਿਕ ਮੀਟਰ ਹੋ ਗਈ ਹੈ। ਪ੍ਰਦੂਸ਼ਤ ਹਵਾ ਦੀ ਧੁੰਦ ਕਾਰਨ 200 ਐਕਸਪ੍ਰੈੱਸ ਵੇ ਬੰਦ ਕਰ ਦਿੱਤੇ ਗਏ। ਲੋਕਾਂ ਨੂੰ ਕਿਹਾ ਗਿਆ ਕਿ ਉਹ ਘਰਾਂ ਤੋਂ ਨਾ ਨਿਕਲਣ। ਜਦਕਿ ਪੈਰਿਸ ਵਿਚ ਚੀਨ ਦਾਅਵਾ ਕਰ ਰਿਹਾ ਹੈ ਕਿ ਉਸ ਨੇ ਪ੍ਰਦੂਸ਼ਣ ਘਟਾਉਣ ਦਾ ਟੀਚਾ ਸਮੇਂ ਤੋਂ ਪਹਿਲਾਂ ਪੂਰਾ ਕਰ ਲਿਆ ਹੈ। ਤੁਸੀਂ ਜਾਣਦੇ ਹੀ ਹੋ ਕਿ ਅਮਰੀਕਾ ਅਤੇ ਚੀਨ ਪ੍ਰਦੂਸ਼ਣ ਵਿਚ ਸਭ ਤੋਂ ਵੱਧ ਯੋਗਦਾਨ ਪਾਉਂਦੇ ਹਨ। ਇਨ੍ਹਾਂ ਨੂੰ ਪ੍ਰਦੂਸ਼ਣ ਪਾਵਰ ਵੀ ਕਿਹਾ ਜਾਣਾ ਚਾਹੀਦਾ ਹੈ।

ਪੈਰਿਸ ਵਿਚ ਹੋ ਰਹੇ ਜਲਵਾਯੂ ਸੰਮੇਲਨ ਤਕ ਪਹੁੰਚਣ ਤੋਂ ਪਹਿਲਾਂ ਪੰਜਾਬ ਦੀ ਗੱਲ ਕਰਨੀ ਚਾਹੀਦੀ ਹੈ। ਇਸ ਲਈ ਕਿ ਸਾਡੀ ਜਨਤਕ ਬਹਿਸ ਵਿਚ ਜਲਵਾਯੂ ਪਰਿਵਰਤਣ ਦੇ ਸਵਾਲ ਕਿਉਂ ਨਹੀਂ ਆਉਂਦੇ ਹਨ। ਜੋ ਪੈਰਿਸ ਵਿਚ ਹੋ ਰਿਹਾ ਹੈ, ਉਹ ਕੌਮੀ ਪੱਧਰ ’ਤੇ ਦਿੱਲੀ ਵਿਚ ਕਿਉਂ ਨਹੀਂ ਹੋ ਸਕਦਾ। ਜਿੱਥੇ ਸਾਰੇ ਸੂਬੇ ਆਪਣੀ ਆਪਣੀ ਰਿਪੋਰਟ ਪੇਸ਼ ਕਰਦੇ, ਉਨ੍ਹਾਂ ਸੂਬਿਆਂ ਤੋਂ ਵਾਤਾਵਰਣ ਪ੍ਰੇਮੀ ਦਿੱਲੀ ਆਉਂਦੇ ਅਤੇ ਤਮਾਮ ਸਰਕਾਰਾਂ ’ਤੇ ਨੀਤੀਗਤ ਬਦਲਾਅ ਲਿਆਉਣ ਦਾ ਦਬਾਅ ਪਾਉਂਦੇ।

## ਜਲਵਾਯੂ ਪਰਿਵਰਤਣ ਕਾਰਨ ਪੰਜਾਬ ਵਿਚ ਵੀ ਸਿਆਸੀ ਤੇ ਸਮਾਜਿਕ ਭੁਚਾਲ

ਸਕਰਾਲ ਡਾਟ ਇਨ ਇਕ ਵੈੱਬਸਾਈਟ ਹੈ, ਇਸ ’ਤੇ ਸਵੇਰੇ ਸਵੇਰੇ ਐਮ. ਰਾਜਸ਼ੇਖਰ ਦੀ ਲੰਬੀ ਰਿਪੋਰਟ ਮਿਲੀ, ਜਿਸ ਦਾ ਸਾਰ ਦਸ ਰਿਹਾ ਹਾਂ ਕਿ ਕਿਵੇਂ ਜਲਵਾਯੂ ਪਰਿਵਰਤਣ ਕਾਰਨ ਪੰਜਾਬ ਵਿਚ ਸਿਆਸੀ ਤੇ ਸਮਾਜਿਕ ਭੁਚਾਲ ਆਇਆ ਹੋਇਆ ਹੈ। ਤੁਸੀਂ ਜਾਣਦੇ ਹੀ ਹੋ ਕਿ ਪੰਜਾਬ ਵਿਚ ਕਪਾਹ ਦੇ ਕਿਸਾਨ ਕਾਫ਼ੀ ਪ੍ਰੇਸ਼ਾਨ ਹਨ। ਪਿਛਲੇ ਇਕ-ਦੋ ਮਹੀਨਿਆਂ ਵਿਚ ਕਪਾਹ ਦੀ ਬਰਬਾਦੀ ਕਾਰਨ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਕਿਸਾਨਾਂ ਨੇ ਕਈ ਥਾਵਾਂ ’ਤੇ ਅੰਦੋਲਨ ਵੀ ਕੀਤਾ ਹੈ। ਪਰ ਅਸੀਂ ਸਾਰੇ ਇਸ ਨੂੰ ਰੁਟੀਨ ਦਾ ਪ੍ਰਦਰਸ਼ਨ ਸਮਝ ਕੇ ਨਜ਼ਰਅੰਦਾਜ਼ ਕਰ ਦਿੱਤਾ। ਰਾਜਸ਼ੇਖਰ ਦੀ ਰਿਪੋਰਟ ਅਨੁਸਾਰ ਪੰਜਾਬ ਖੇਤੀ ਯੂਨੀਵਰਸਿਟੀ ਦੇ ਇਕ ਵਿਗਿਆਨੀ ਨੇ ਇਸ ਸਾਲ ਕੁਝ ਅਜਿਹਾ ਨੋਟਿਸ ਕੀਤਾ ਜੋ ਪਿਛਲੇ 15 ਸਾਲਾਂ ਵਿਚ ਨਹੀਂ ਕਰ ਪਾਏ। ਮਾਰਚ-ਅਪ੍ਰੈਲ ਅਤੇ ਜੂਨ ਵਿਚ ਮੀਂਹ ਕਾਰਨ ਤਾਪਮਾਨ ਡਿਗ ਗਿਆ। ਹੋਣਾ ਚਾਹੀਦਾ ਸੀ 47 ਡਿਗਰੀ ਸੈਲਸੀਅਸ ਪਰ 40 ਡਿਗਰੀ ਜਾਂ 43 ਡਿਗਰੀ ਸੈਲਸੀਅਸ ਤੋਂ ਪਾਰ ਨਹੀਂ ਜਾ ਸਕਿਆ।

ਤਾਪਮਾਨ ਘੱਟ ਹੋਣ ਕਾਰਨ ਕਪਾਹ ਦੀ ਫ਼ਸਲ ਵਿਚ ਲੱਗਣ ਵਾਲੇ ਕੀੜੇ ਨੂੰ ਜੀਵਨ ਮਿਲ ਗਿਆ। ਇਨ੍ਹਾਂ ਕੀੜਿਆਂ ਨੇ ਫ਼ਸਲ ਨੂੰ ਤਬਾਹ ਕਰ ਦਿੱਤਾ। ਅਕਤੂਬਰ ਆਉਂਦੇ ਆਉਂਦੇ ਪੰਜਾਬ ਵਿਚ 15 ਤੋਂ ਵੱਧ ਕਿਸਾਨਾਂ ਨੇ ਖ਼ੁਦਕੁਸ਼ੀ ਕਰ ਲਈ। ਸਤੰਬਰ-ਅਕਤੂਬਰ ਵਿਚ ਕਿਸਾਨ ਅੰਦੋਲਨ ਦੀ ਭਰਮਾਰ ਹੋ ਗਈ। 70 ਤੋਂ ਵੱਧ ਰੇਲ ਗੱਡੀਆਂ ਰੋਕ ਦਿੱਤੀਆਂ ਗਈਆਂ। ਚਿੱਟੀ ਮੱਖੀ ਨਾਂ ਦੇ ਕੀੜਿਆਂ ਨੂੰ ਮਾਰਨ ਵਿਚ ਕੀਟ ਨਾਸ਼ਕ ਵੀ ਨਾਕਾਮ ਰਹੇ, ਅਫ਼ਵਾਹ ਫੈਲੀ ਕਿ ਨਕਲੀ ਹੈ ਤਾਂ ਸਰਕਾਰ ਨੇ ਕਿਸਾਨਾਂ ਨੂੰ ਸ਼ਾਂਤ ਕਰਨ ਲਈ ਪੰਜਾਬ ਖੇਤੀ ਵਿਭਾਗ ਦੇ ਡਾਇਰੈਕਟਰ ਤੇ ਕੀਟਨਾਸ਼ਕ ਡੀਲਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਰਿਪੋਰਟ ਅਨੁਸਾਰ ਪੰਜਾਬ ਵਿਚ ਪਿਛਲੇ 15 ਸਾਲ ਵਿਚ ਮੀਂਹ ਦਾ ਰੁਝਾਨ ਬਦਲ ਗਿਆ ਹੈ। ਪੰਜਾਬ ਵਿਚ ਮੌਨਸੂਨ ਸਮੇਂ ਮੀਂਹ ਪੈਂਦਾ ਹੈ ਪਰ ਜੂਨ ਤੋਂ ਸਤੰਬਰ ਦੌਰਾਨ ਮੀਂਹ ਔਸਤ ਨਾਲੋਂ 25 ਫ਼ੀਸਦੀ ਘੱਟ ਗਈ ਹੈ। ਇਹ ਵੀ ਦੇਖਿਆ ਗਿਆ ਹੈ ਕਿ ਮੀਂਹ ਖਾਸ ਸਮੇਂ ਵਿਚ ਹੀ ਪੈਂਦਾ ਹੈ। ਕੁਝ ਜ਼ਿਲ੍ਹਿਆਂ ਵਿਚ ਤਾਂ ਆਮ ਮੀਂਹ ਵੀ ਨਹੀਂ ਪੈਂਦਾ। ਸੂਬੇ ਦੇ ਉਦਯੋਗਕ ਧੰਦਿਆਂ ਵਾਲੇ ਇਲਾਕੇ ਤੋਂ ਨਿਕਲਣ ਵਾਲੀ ਰਹਿੰਦ-ਖੂੰਹਦ ਕਾਰਨ ਹਵਾ ਵਿਚ ਨਮੀ ਦੀ ਮਾਤਰਾ ਘੱਟ ਹੁੰਦੀ ਜਾ ਰਹੀ ਹੈ। ਇਸ ਦਾ ਕਾਰਨ ਇਹ ਵੀ ਹੋ ਰਿਹਾ ਹੈ ਕਿ ਮਜ਼ਦੂਰਾਂ ਨੂੰ ਮਿਲਣ ਵਾਲੇ ਕੰਮ ਵਿਚ ਵੀ ਕਮੀ ਆਉਂਦੀ ਜਾ ਰਹੀ ਹੈ।

ਕੀ ਅਸੀਂ ਪੰਜਾਬ ਦੇ ਇਸ ਸੰਕਟ ’ਤੇ ਗੱਲ ਕਰ ਰਹੇ ਹਾਂ। ਕੁਝ ਲੋਕ ਤਾਂ ਕਰ ਹੀ ਰਹੇ ਹੋਣਗੇ। ਜੋ ਗੱਲ ਨਹੀਂ ਕਰ ਪਾ ਰਹੇ, ਉਹ ਘੱਟੋ-ਘੱਟ ਜਲਵਾਯੂ ਪਰਿਵਰਤਣ ਦੇ ਬਦਲਾਅ ਦਾ ਅਸਰ ਤਾਂ ਝੱਲ ਹੀ ਰਹੇ ਹੋਣਗੇ। ਅਸੀਂ ਜਲਵਾਯੂ ਵਿਹਾਰ ਤਾਂ ਵਸਾ ਲੈਂਦੇ ਹਾਂ ਪਰ ਜਲਵਾਯੂ ਦੇ ਸਵਾਲਾਂ ਤੋਂ ਬਚ ਨਿਕਲਦੇ ਹਾਂ। ਦੁਨੀਆ ਦੀ ਸਿਆਸਤ ਜਲਵਾਯੂ ਨੂੰ ਲੈ ਕੇ ਘੁੰਮ ਰਹੀ ਹੈ। ਤਾਂ ਹੀ ਤਾਂ ਪੈਰਿਸ ਵਿਚ ਪਹਿਲੀ ਵਾਰ ਇਕੋ ਵੇਲੇ 155 ਦੇਸ਼ਾਂ ਦੇ ਮੁਖੀ ਜਮ੍ਹਾ ਹੋਏ ਹਨ ਅਤੇ ਸਾਰਿਆਂ ਨੇ ਆਪਣੀ ਆਪਣੀ ਤਰਫ਼ੋਂ ਜਲਵਾਯੂ ਪਰਿਵਰਤਣ ਦੇ ਸਵਾਲ ਨੂੰ ਸੰਬੋਧਨ ਕੀਤਾ ਹੈ।




Nidhi Kapoor
REALTOR® BA, ABR
COMMERCIAL & RESIDENTIAL REAL ESTATE

REALTY EXECUTIVES POLARIS

780 318 3434

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਆਪਣੀ ਪ੍ਰਾਪਰਟੀ ਦਾ ਚੰਗਾ ਮੁੱਲ ਲੈਣ ਲਈ ਕਾਲ ਕਰੋ

nidhi@nidhikapoor.ca www.nidhikapoor.ca

# 217 6608 28 AV MLS# E3399888



Bedroom : 1 + Den Condo Bathroom : 1
Special Feature: Adult 55+ Condo, on-site service of a guest room for out-of-town visitors, private bus foroutings, home care coordinator, hairdresser
Parking : 1 Titled Underground Parking
Sqft. 620 Sq.Ft
Condo Fees: $260.00

# 401 4316 139 AV NW MLS# E3405945




Bedroom : 2
Bathroom : 2
Special Feature: Top Floor Unit, Quck Access to LRT Station
Parking : 1 Titled Underground Parking
Sqft : 1002 Sq ft.
Condo Fees: $420.00

#1472 LAKEWOOD RD W MLS# E3409941



$168,900

Bedroom : 3
Bathroom : 1
Special Feature : newly renovated,walking distance to Grant MacEwan, Lakewood Transit Center,
Sqft. 1011 sq.ft
Condo Fees : $281.00

Services available in Hindi, Punjabi & Urdu Also. Real Estate Service for your Success

2.5 Acre for Sale
51151 Range Road 235, (SW)
Edmonton Close to Ellerslie Road
$ 399,900

# ਹਿੰਦੂਤਵ ਨੂੰ ਧਾਰ ਨਾ ਦੇਣ ਤਾਂ ਹੋਰ ਕੀ ਕਰਨ ਮੋਦੀ ?



**ਨੀਲਾਂਜਨ ਮੁਖੋਪਾਧਿਆਯ**

ਜੇਕਰ ਨਰਿੰਦਰ ਮੋਦੀ ਪਾਟਿਲਪੁਤਰ ਵਿਚ ਮਿਲੀ ਹਾਰ ਤੋਂ ਉਭਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਕੋਲ ਦੋ ਬਦਲ ਹਨ-ਜਾਂ ਤਾਂ ਇਕ ਵਾਰ ਫੇਰ ਬੇਪ੍ਰਵਾਹ ਹਿੰਦੂ ਹਿਰਦੈ ਸਮਰਾਟ ਬਣ ਕੇ ਸੰਘ ਪਰਿਵਾਰ ਦੇ ਏਜੰਡੇ ਨੂੰ ਅੱਗੇ ਵਧਾਉਣ ਜਾਂ ਫਿਰ ਖੁਦ ਨੂੰ ਅਟਲ ਬਿਹਾਰੀ ਵਾਜਪਾਈ ਵਾਂਗ ਨਹਿਰੂਵਾਦੀ ਦੇ ਰੂਪ ਵਿਚ ਪੇਸ਼ ਆਉਣ।

ਜੇਕਰ ਮੋਦੀ ਇਨ੍ਹਾਂ ਵਿਚੋਂ ਕੋਈ ਵੀ ਰਸਤਾ ਨਹੀਂ ਅਪਣਾਉਂਦੇ ਤਾਂ ਉਹ ਬੇਅਸਰ ਪ੍ਰਧਾਨ ਮੰਤਰੀ ਬਣ ਕੇ ਰਹਿ ਜਾਣਗੇ ਤੇ ਇਕ ਸਮਾਂ ਅਜਿਹਾ ਆਏਗਾ, ਜਦੋਂ ਪਾਰਟੀ ਅੰਦਰੋਂ ਉਨ੍ਹਾਂ ਨੂੰ ਹਟਾਉਣ ਦੀਆਂ ਆਵਾਜ਼ਾਂ ਉਠਣ ਲੱਗਣਗੀਆਂ ਅਤੇ ਅਗਲੀਆਂ ਆਮ ਚੋਣਾਂ ਵਿਚ ਕੋਈ ਹੋਰ ਨੇਤਾ ਪਾਰਟੀ ਦੀ ਅਗਵਾਈ ਕਰ ਰਿਹਾ ਹੋਵੇਗਾ।

ਫ਼ਿਲਹਾਲ ਪਾਰਟੀ ਅਤੇ ਸਰਕਾਰ ਵਿਚ ਮੋਦੀ ਨੂੰ ਚੁਣੌਤੀ ਦੀ ਦਿੱਤੀ ਜਾਵੇਗੀ-ਭਾਜਪਾ ਮੁਖੀ ਅਮਿਤ ਸ਼ਾਹ ਤੇ ਉਨ੍ਹਾਂ ਦੇ ਮੁੱਖ ਸਹਿਯੋਗੀ ਅਰੁਣ ਜੇਤਲੀ 'ਤੇ ਨਿਸ਼ਾਨੇ ਲਾ ਕੇ। ਸ਼ਾਹ ਲਈ ਬਤੌਰ ਮੁਖੀ ਇਕ ਪੂਰਾ ਕਾਰਜਕਾਲ ਹਾਸਲ ਕਰਨਾ ਅਤੇ 2019 ਦੀਆਂ ਸੰਸਦੀ ਚੋਣਾਂ ਵਿਚ ਪਾਰਟੀ ਦੀ ਚੋਣ ਮੁਹਿੰਮ ਦੀ ਅ ਗਵਾਈ ਕਰਨਾ ਮੁਸ਼ਕਲ ਹੋਵੇਗਾ। ਹੋ ਸਕਦਾ ਹੈ ਕਿ ਪਾਰਟੀ ਵਿਚ ਮੋਦੀ ਦੇ ਵਿਰੋਧੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣੇ ਕਿਸੇ ਸਾਥੀ ਨੂੰ ਮੁਖੀ ਬਣਾਉਣ ਦੀ ਕੋਸ਼ਿਸ਼ ਕਰਨ। ਇਸੇ ਤਰ੍ਹਾਂ ਜੇਤਲੀ ਪਾਰਟੀ ਅਤੇ ਸੰਘ ਪਰਿਵਾਰ ਵਿਚ ਆਪਣੇ ਮਿੱਤਰਾਂ ਦੀ ਸੂਚੀ ਲੰਬੀ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ ਹਨ। ਇਸ ਕਾਰਨ ਮੋਦੀ 'ਤੇ ਪਾਰਟੀ ਵਿਚ ਜੇਤਲੀ ਦੀ ਭੂਮਿਕਾ ਨੂੰ ਘੱਟ ਕਰਨ ਦਾ ਦਬਾਅ ਹੋਵੇਗਾ।

2015 ਵਿਚ ਬਰਾਂਡ ਮੋਦੀ 'ਤੇ ਲੜੀਆਂ ਗਈਆਂ ਦੋ ਚੋਣਾਂ ਵਿਚ ਭਾਜਪਾ ਨੂੰ ਹਾਰ ਝਲਣੀ ਪਈ ਹੈ। ਇਸ ਤੋਂ ਪਹਿਲਾਂ ਫਰਵਰੀ ਵਿਚ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹੋਈ ਪਾਰਟੀ ਦੀ ਹਾਰ ਨੂੰ ਵਿਵਾਦ ਦੇ ਰੂਪ ਵਿਚ ਦੇਖਿਆ ਜਾ ਰਿਹਾ ਸੀ ਪਰ ਬਿਹਾਰ ਦੇ ਨਤੀਜਿਆਂ ਦਾ ਅਸਰ ਪਿਆ ਅਤੇ ਦੇਸ਼ ਦੇ ਦੂਸਰੇ ਸੂਬਿਆਂ 'ਤੇ ਇਸ ਦਾ ਅਸਰ ਹੋ ਸਕਦਾ ਹੈ। ਬਿਹਾਰ ਵਿਚ ਹਾਰ ਦਾ ਸਭ ਤੋਂ ਪਹਿਲਾ ਅਸਰ ਆਸਾਮ ਅਤੇ ਪੱਛਮੀ ਬੰਗਾਲ ਵਿਚ ਭਾਜਪਾ ਦੀ ਮੁਹਿੰਮ 'ਤੇ ਪਏਗਾ। ਇਨ੍ਹਾਂ ਦੋਵੇਂ ਸੂਬਿਆਂ ਵਿਚੋਂ ਆਸਾਮ ਵਿਚ ਪਾਰਟੀ ਦੀ ਨਜ਼ਰ ਬਹੁਮਤ ਹਾਸਲ ਕਰਨ 'ਤੇ ਸੀ, ਜਦਕਿ ਪੱਛਮੀ ਬੰਗਾਲ ਵਿਚ ਪਾਰਟੀ ਦੂਸਰੇ ਦਲਾਂ ਨੂੰ ਸਖ਼ਤ ਟੱਕਰ ਦੇਣ ਦੀ ਉਮੀਦ ਕਰ ਰਹੀ ਸੀ।

ਪਰ ਬਿਹਾਰ ਦੀ ਹਾਰ ਨਾਲ ਸਿਆਸੀ ਸਮੀਕਰਨ ਬਦਲਣਗੇ ਤੇ ਆਸਾਮ ਵਿਚ ਸੱਤਾ ਹਾਸਲ ਕਰਨ ਦੇ ਪਾਰਟੀ ਦੇ ਇਰਾਦਿਆਂ ਨੂੰ ਝਟਕਾ ਲੱਗੇਗਾ। ਇਹੀ ਨਹੀਂ, ਇਨ੍ਹਾਂ ਨਤੀਜਿਆਂ ਦਾ ਅਸਰ 2017 ਵਿਚ ਬਿਹਾਰ ਦੇ ਗਵਾਂਢੀ ਸੂਬੇ ਉਤਰ ਪ੍ਰਦੇਸ਼ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਵੀ ਦਿਖਾਈ ਦੇਵੇਗਾ।

ਬਿਹਾਰ ਦੇ ਨਤੀਜਿਆਂ ਨਾਲ ਉਤਰ ਪ੍ਰਦੇਸ਼ ਵਿਚ ਭਾਜਪਾ ਦੀਆਂ ਚੋਣ ਸੰਭਾਵਨਾਵਾਂ ਨੂੰ ਧੱਕਾ ਲੱਗਾ ਹੈ। ਇਸ ਨਾਲ ਇਹ ਵੀ ਸੰਭਾਵਨਾ ਬਣੀ ਹੈ ਕਿ ਮੋਦੀ ਸੰਘ ਪਰਿਵਾਰ ਵਿਚ ਆਪਣੀ ਹੈਸੀਅਤ ਕਾਇਮ ਰੱਖਣ ਲਈ ਆਰ.ਐਸ.ਐਸ. ਨਾਲ ਤੋਲ-ਮੋਲ ਕਰਨ ਅਤੇ ਧਰੁਵੀਕਰਨ ਦੀ ਸਿਆਸਤ 'ਤੇ ਅੱਗੇ ਵਧਦੇ ਰਹਿਣ।

ਉਤਰ ਪ੍ਰਦੇਸ਼ ਵਿਚ ਵੀ ਭਾਜਪਾ ਨੂੰ ਵਿਰੋਧੀ ਧਿਰ ਤੋਂ ਟੱਕਰ ਮਿਲ ਸਕਦੀ ਹੈ। ਅਜਿਹੇ ਵਿਚ ਧਰੁਵੀਕਰਨ ਦੀ ਸਿਆਸੀ ਪਾਰਟੀ ਲਈ ਉਥੇ ਸਭ ਤੋਂ ਵੱਧ ਕਾਰਗਰ ਹੋ ਸਕਦੀ ਹੈ। ਇਸ ਝਟਕੇ ਤੋਂ ਬਾਅਦ ਹੋ ਸਕਦਾ ਹੈ, ਸੰਘ ਇਸ ਰਾਹ 'ਤੇ ਕੁਝ ਸਮੇਂ ਤਕ ਨਾ ਚੱਲੇ ਪਰ ਸੰਘ ਇਸ ਰਾਹ ਨੂੰ ਛੱਡਣ ਦੀ ਗ਼ਲਤੀ ਨਹੀਂ ਕਰੇਗਾ, ਆਖ਼ਰਕਾਰ ਇਹ ਉਸ ਦਾ ਮੁੱਖ ਹਥਿਆਰ ਜੋ ਹੈ।

ਆਪਣੇ ਸਿਆਸੀ ਸਫ਼ਰ ਵਿਚ ਮੋਦੀ ਨੂੰ ਅੱਜ ਤਕ ਇਸ ਨਾਲੋਂ ਵੱਧ ਸ਼ਰਮਿੰਦਗੀ ਕਦੇ ਨਹੀਂ ਝਲਣੀ ਪਈ। ਉਹ ਇਸ 'ਤੇ ਕਿਹੋ ਜਿਹੀ ਪ੍ਰਤੀਕਿਰਿਆ ਦਿੰਦੇ ਹਨ ਅਤੇ ਇਸ ਤੋਂ ਉਭਰਨ ਲਈ ਕੀ ਸਿਆਸਤ ਅਪਣਾਉਂਦੇ ਹਨ, ਇਹ ਦੇਖਣ ਦੀ ਗੱਲ ਹੋਵੇਗੀ।

ਭਾਜਪਾ ਅਤੇ ਮੋਦੀ ਦੇ ਸਾਹਮਣੇ ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਉਨ੍ਹਾਂ ਨੇ ਧਰੁਵੀਕਰਨ ਦੀ ਸਿਆਸਤ ਦਾ ਆਪਣਾ ਸਭ ਤੋਂ ਵੱਡਾ ਦਾਅ ਚੱਲਿਆ, ਪਰ ਉਹ ਕਾਮਯਾਬ ਨਹੀਂ ਹੋ ਸਕੇ। ਅਤੇ ਵੱਧ ਧਰੁਵੀਕਰਨ ਹੋਣ ਦੀ ਸਥਿਤੀ ਵਿਚ ਹੀ ਸ਼ਾਇਦ ਪਾਰਟੀ ਨੂੰ ਕਿਸੇ ਤਰ੍ਹਾਂ ਦਾ ਲਾਭ ਹੋਵੇ। ਜੇਕਰ ਮੋਦੀ ਆਪਣੀ ਮੌਜੂਦਾ ਸਥਿਤੀ ਤੋਂ ਹਟ ਕੇ ਮੱਧ ਵਰਗ 'ਤੇ ਚਲਣ ਦੀ ਇੱਛਾ ਰੱਖਦੇ ਹੋਣ ਤਾਂ ਉਨ੍ਹਾਂ ਨੂੰ ਇਹ ਕਦਮ ਤੁਰੰਤ ਚੁੱਕਣਾ ਚਾਹੀਦਾ ਹੈ। ਮੋਦੀ ਦੇ ਸਿਆਸੀ ਸਫ਼ਰ ਵਿਚ ਇਹ ਅਜਿਹੇ ਰਸਤੇ 'ਤੇ ਚੱਲ ਰਹੇ ਹਨ, ਜਿਸ 'ਤੇ ਉਹ ਹੁਣ ਤਕ ਨਹੀਂ ਚੱਲ ਰਹੇ ਸਨ ਅਤੇ ਇਸ ਰਾਹ 'ਤੇ ਉਹ ਕਿੰਨੀ ਚਾਲਾਕੀ ਨਾਲ ਚਲਣਗੇ ਇਹ ਦੇਖਣ ਵਾਲੀ ਗੱਲ ਹੋਵੇਗੀ।

# ਭਾਜਪਾ ਦਾ 'ਵਿਕਾਸ ਅਤੇ ਹਿੰਦੂਤਵ ਦਾ ਫਾਰਮੂਲਾ ਫੇਲ'

**ਮੁਕੇਸ਼ ਕੁਮਾਰ**

ਬਿਹਾਰ ਵਿਚ ਭਾਜਪਾ ਦੇ ਹਾਰ ਦੇ ਕਾਰਨਾਂ ਦੀ ਭਾਲ ਸ਼ੁਰੂ ਹੋ ਗਈ ਹੈ। ਕੁਝ ਲੋਕ ਸੰਘ ਮੁਖੀ ਮੋਹਨ ਭਾਗਵਤ ਦੇ ਰਾਖਵੇਂਕਰਨ ਬਾਰੇ ਦਿੱਤੇ ਗਏ ਬਿਆਨ ਨੂੰ ਜ਼ਿੰਮੇਵਾਰ ਮੰਨ ਰਹੇ ਹਨ ਤਾਂ ਕੁਝ ਇਸ ਦਾ ਕਾਰਨ ਜਾਤੀ ਤੋੜ-ਜੋੜ ਵਿਚ ਲੱਭ ਰਹੇ ਹਨ।

ਵੈਸੇ ਤਾਂ ਭਾਜਪਾ ਨੇ ਇਹ ਵੱਕਾਰੀ ਚੋਣਾਂ ਜਿੱਤਣ ਲਈ ਸਾਰੇ ਫਾਰਮੂਲੇ ਅਜ਼ਮਾਏ। ਉਸ ਨੇ ਗਾਂ ਅਤੇ ਪਾਕਿਸਤਾਨ ਵਰਗੇ ਮੁੱਦਿਆਂ ਨੂੰ ਚੁੱਕ ਕੇ ਫ਼ਿਰਕੂ ਧਰੁਵੀਕਰਨ ਦੀ ਵੀ ਕੋਸ਼ਿਸ਼ ਕੀਤੀ। ਪਰ ਕੁਝ ਚੱਲਿਆ ਨਹੀਂ। ਇਹ ਸਹੀ ਹੈ ਕਿ ਬਿਹਾਰ ਚੋਣਾਂ ਵਿਚ ਮੁੱਦਿਆਂ ਦੀ ਭੀੜ ਹੋ ਗਈ ਸੀ ਤੇ ਭਾਜਪਾ ਵੀ ਹਰ ਮੁੱਦੇ ਨੂੰ ਅਗਵਾ ਕਰਨ ਦੀ ਕੋਸ਼ਿਸ਼ ਵਿਚ ਲੱਗੀ ਰਹੀ। ਪਰ ਸਚਾਈ ਇਹ ਹੈ ਕਿ ਉਸ ਦੀ ਸਿਆਸ ਦੇ ਕੇਂਦਰ ਵਿਚ ਲੋਕ ਸਭਾ ਚੋਣਾਂ ਵਿਚ ਜਿੱਤ ਦਿਵਾਉਣ ਵਾਲੇ ਦੋ ਅਹਿਮ ਮੁੱਦੇ ਹੀ ਇਸ ਵਾਰ ਵੀ ਕੇਂਦਰ ਵਿਚ ਸਨ, ਇਹ ਮੁੱਦੇ ਸਨ ਵਿਕਾਸ ਤੇ ਹਿੰਦੂਤਵ ਦੇ।

ਭਾਜਪਾ ਨੇ ਵੋਟਰਾਂ ਨੂੰ ਲੁਭਾਉਣ ਲਈ ਇਨ੍ਹਾਂ ਦੋ ਮੁੱਦਿਆਂ ਨੂੰ ਜ਼ੋਰ-ਸ਼ੋਰ ਨਾਲ ਚੁੱਕਿਆ। ਪ੍ਰਧਾਨ ਮੰਤਰੀ ਨੇ ਵੱਡੇ ਪੈਕੇਜ ਦੇ ਐਲਾਨ ਤੋਂ ਲੈ ਕੇ ਨਵਾਂ ਬਿਹਾਰ ਬਣਾਉਣ ਦਾ ਵਾਅਦਾ ਕਰਦਿਆਂ ਵਕਤ ਤਕ ਵਿਕਾਸ ਦੇ ਆਧਾਰ 'ਤੇ ਵੋਟਰਾਂ ਨੂੰ ਆਕਰਸ਼ਤ ਕਰਨ ਦੀ ਕੋਸ਼ਿਸ਼ ਕੀਤੀ। ਬਾਅਦ ਦੇ ਦੌਰ ਵਿਚ ਰਾਖਵੇਂਕਰਨ ਨੂੰ ਧਾਰਮਕ ਰੰਗ ਦੇਣ, ਗਾਂ ਅਤੇ ਪਾਕਿਸਤਾਨ ਦਾ ਮੁੱਦਾ ਚੁੱਕ ਕੇ ਹਿੰਦੂਤਵ ਦਾ ਸਹਾਰਾ ਲਿਆ ਗਿਆ ਪਰ ਦੋਵੇਂ ਹੀ ਪਟਾਕੇ ਫੁਸ ਹੋ ਗਏ।

ਅਸਲ ਵਿਚ ਵਿਕਾਸ ਦੇ ਮਾਮਲੇ ਵਿਚ ਨਿਤੀਸ਼ ਕੁਮਾਰ ਦਾ ਰਿਕਾਰਡ ਜ਼ਿਆਦਾ ਭਰੋਸਾਯੋਗ ਸੀ। ਕੋਈ ਇਹ ਮੰਨਣ ਲਈ ਤਿਆਰ ਨਹੀਂ ਸੀ ਕਿ ਨਿਤੀਸ਼ ਕੁਮਾਰ ਨੇ ਕੰਮ ਨਹੀਂ ਕੀਤਾ। ਇਸ ਲਈ ਉਨ੍ਹਾਂ ਦੀ ਸਰਕਾਰ ਦੇ ਖ਼ਿਲਾਫ਼ ਸੱਤਾ ਵਿਰੋਧੀ ਲਹਿਰ ਵੀ ਦਿਖਾਈ ਨਹੀਂ ਦਿੱਤੀ। ਇਸ ਦੇ ਉਲਟ ਚੋਣ ਨਤੀਜੇ ਦੱਸਦੇ ਹਨ ਕਿ ਉਨ੍ਹਾਂ ਦੇ ਪੱਖ ਵਿਚ ਲਹਿਰ ਸੀ। ਇਹ ਵੀ ਇਕ ਹਕੀਕਤ ਹੈ ਕਿ ਵਿਕਾਸ ਦੇ ਮਾਨਦੰਡ 'ਤੇ ਪਿਛਲੇ ਡੇਢ ਸਾਲ ਵਿਚ ਮੋਦੀ ਸਰਕਾਰ ਦੀ ਸ਼ਾਖ਼ ਡਿੱਗੀ ਹੈ। ਉਹ ਨਾ ਚੰਗੇ ਦਿਨ ਲਿਆ ਸਕੇ, ਨਾ ਮਹਿੰਗਾਈ ਤੋਂ ਰਾਹਤ ਦੇ ਸਕੇ। ਹਾਂ, ਜਨਤਾ 'ਤੇ ਬੋਝ ਜ਼ਰੂਰ ਵਧਾ ਦਿੱਤਾ ਗਿਆ। ਜ਼ਾਹਰ ਹੈ ਕਿ ਵਿਕਾਸ ਦੇ ਉਨ੍ਹਾਂ ਦੇ ਦਾਅਵੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ।

ਬਿਹਾਰ ਵਿਚ ਹਿੰਦੂਤਵ ਕਾਰਡ ਚੱਲਣ ਬਾਰੇ ਸਿਆਸੀ ਮਾਹਰਾਂ ਨੂੰ ਪਹਿਲਾਂ ਹੀ ਸ਼ੱਕ ਸੀ। ਬਿਹਾਰ ਵਿਚ ਜਾਤੀਗਤ ਸਿਆਸਤ ਹਮੇਸ਼ਾ ਤੋਂ ਬਹੁਤ ਸ਼ਕਤੀਸ਼ਾਲੀ ਰਹੀ ਹੈ ਅਤੇ ਇਸ ਲਈ ਹਿੰਦੂਤਵ ਦਾ ਹਥਿਆਰ ਉਥੇ ਘੱਟ ਹੀ ਕੰਮ ਕਰਦਾ ਹੈ। ਫਿਰ ਹਿੰਦੂਤਵ ਦਾ ਕਾਰਡ ਏਨਾ ਖੁੱਲ੍ਹਮਖੁੱਲ੍ਹਾ ਚਲਿਆ ਗਿਆ ਕਿ ਸੰਭਵ ਹੈ ਕਿ ਵੋਟਰਾਂ ਨੂੰ ਉਹ ਪਸੰਦ ਨਾ ਆਇਆ ਹੋਵੇ। ਇਸ ਦਾ ਇਕ ਹੋਰ ਪ੍ਰਭਾਵ ਇਹ ਪਿਆ ਕਿ ਘੱਟ ਗਿਣਤੀ ਭਾਈਚਾਰੇ ਲਾਲੂ-ਨਿਤੀਸ਼ ਨਾਲ ਜੰਮ ਕੇ ਗੋਲਬੰਦ ਹੋ ਗਏ। ਲਾਲੂ ਦਾ ਐਮ.ਵਾਈ (ਮੁਸਲਿਮ-ਯਾਦਵ) ਸਮੀਕਰਨ ਇਸ ਨਾਲੋਂ ਬਹੁਤ ਮਜ਼ਬੂਤ ਹੋ ਗਿਆ। ਹਾਲਾਂਕਿ ਭਾਜਪਾ ਨੇ ਜਾਤੀ ਸਿਆਸਤ ਨੂੰ ਹਥਿਆਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਰਾਮ ਵਿਲਾਸ ਪਾਸਵਾਨ ਅਤੇ ਉਪੇਂਦਰ ਕੁਸ਼ਵਾਹਾ ਤਾਂ ਉਸ ਦੇ ਨਾਲ ਹੀ ਸਨ, ਪਰ ਜੀਤਨਰਾਮ ਮਾਂਝੀ ਦੇ ਆ ਜਾਣ ਨਾਲ ਉਹ ਹੋਰ ਵੀ ਭਰੋਸੇ ਵਿਚ ਆ ਗਏ ਸਨ। ਪੱਪੂ ਯਾਦਵ ਨੂੰ ਵਸ ਵਿਚ ਕਰ ਕੇ ਉਸ ਨੇ ਲਾਲੂ ਯਾਦਵ ਦੇ ਵੋਟ ਬੈਂਕ ਵਿਚ ਸੰਨ੍ਹ ਲਾਉਣ ਦਾ ਇੰਤਜ਼ਾਮ ਕਰ ਲਿਆ ਸੀ।

ਪਰ ਸਮਾਜਕ ਨਿਆਂ ਰਾਹੀਂ ਪਛੜੀ ਜਾਤੀਆਂ 'ਤੇ ਆਪਣੀ ਪਕੜ ਬਣਾ ਚੁੱਕੇ ਲਾਲੂ ਯਾਦਵ ਅਤੇ ਨਿਤੀਸ਼ ਕੁਮਾਰ ਸਾਹਮਣੇ ਉਸ ਦਾ ਜੋੜ-ਤੋੜ ਫੇਲ ਹੋ ਗਿਆ। ਭਾਜਪਾ ਦੀ ਸਿਆਸਤ ਦੇ ਢਹਿ-ਢੇਰੀ ਹੋਣ ਦਾ ਇਕ ਵੱਡਾ ਕਾਰਨ ਨਿਤੀਸ਼ ਕੁਮਾਰ ਦੀ ਅਗਵਾਈ ਵੀ ਹੈ। ਉਨ੍ਹਾਂ ਦੀ ਦਿਖ ਸਾਫ਼-ਸੁਥਰੀ ਅਤੇ ਕੰਮਕਾਜੀ ਹੈ। ਭਾਜਪਾ ਨੇ ਉਨ੍ਹਾਂ ਸਾਹਮਣੇ ਕੋਈ ਉਮੀਦਵਾਰ ਖੜ੍ਹਾ ਨਹੀਂ ਕੀਤਾ। ਮੋਦੀ ਦਾ ਉਨ੍ਹਾਂ ਦੇ ਮੁਕਾਬਲੇ ਉਤਰਨਾ ਉਸ 'ਤੇ ਭਾਰੀ ਪੈ ਗਿਆ।

## 'ਦਿੰਦੀ ਹੋਵੇਗੀ ਕਿਤੇ, ਬਿਹਾਰ ਵਿਚ ਗਾਂ ਵੋਟ ਨਹੀਂ ਦਿੰਦੀ'

**ਵਸਅਤੁਲਾਹ ਖਾਨ (ਪਾਕਿਸਤਾਨ)**

ਕਦੇ ਕਦੇ ਬੇਵਕਤ ਦਾ ਮਜ਼ਾਕ ਵੀ ਦੁਸ਼ਮਣੀ ਦਾ ਕਾਰਨ ਬਣ ਜਾਂਦਾ ਹੈ, ਕਈ ਵਾਰ ਜ਼ਿਆਦਾ ਪਕਾਉਣ ਨਾਲ ਪਕਵਾਨ ਖਰਾਬ ਹੋ ਜਾਂਦਾ ਹੈ।

ਜੇਕਰ ਮੋਹਨ ਭਾਗਵਤ ਬਿਹਾਰ ਚੋਣਾਂ ਤੋਂ ਪਹਿਲਾਂ ਕੁਝ ਕਹਿਣ ਤੋਂ ਪਰਹੇਜ਼ ਕਰਦੇ ਤਾਂ ਇਸ ਦਾ ਲਾਭ ਭਾਜਪਾ ਨੂੰ ਹੀ ਹੁੰਦਾ। ਜਦੋਂ ਤੁਸੀਂ ਅਰਹਰ ਦੀ ਦਾਲ ਆਸਮਾਨ ਤੋਂ ਜ਼ਮੀਨ 'ਤੇ ਲਿਆਉਣ ਦੀ ਬਜਾਏ, ਸਵਾ ਲੱਖ ਕਰੋੜ ਦੇ ਵਿਕਾਸਸ਼ੀਲ ਤਾਰੇ ਤੋੜ ਕੇ ਵੋਟਰਾਂ ਦੀ ਝੋਲੀ ਵਿਚ ਪਾਉਗੇ ਤਾਂ ਇਹੀ ਹੁੰਦਾ ਹੈ। ਜਦੋਂ ਤੁਸੀਂ ਜਿੱਤ ਦੇ ਸਾਰੇ ਅੰਕੜੇ ਡੇਢ ਸਾਲ ਪਹਿਲਾਂ ਦੀ ਜਿੱਤ ਦੇ ਪਰਛਾਵੇਂ ਹੇਠ ਬਣਾਉਗੇ ਤਾਂ ਇਹੀ ਹੋਵੇਗਾ ਜੋ ਹੋ ਗਿਆ ਹੈ।

ਹੋ ਸਕਦਾ ਹੈ ਬਹੁਤ ਸਾਰੀਆਂ ਥਾਵਾਂ 'ਤੇ ਗਾਵਾਂ ਵੋਟ ਵੀ ਦਿੰਦੀਆਂ ਹੋਣ ਪਰ ਬਿਹਾਰ ਵਿਚ ਗਾਂ ਦੁੱਧ ਹੀ ਦਿੰਦੀ ਹੈ। ਵਰਨਾ ਪਿਛਲੇ 26 ਵਰ੍ਹਿਆਂ ਵਿਚ ਇਥੇ ਇਕ-ਅੱਧ ਵਾਰ ਮੁੰਬਈ, ਗੁਜਰਾਤ ਜਾਂ ਅਯੋਧਿਆ ਤਾਂ ਹੋਇਆ ਹੁੰਦਾ। ਅਮਿਤ ਸ਼ਾਹ ਨੇ ਕਿਹਾ-ਕੀ ਤੁਸੀਂ ਜੰਗਲ ਰਾਜ ਵਿਚ ਵਾਪਸ ਜਾਣਾ ਚਾਹੁੰਦੇ ਹੋ? ਬਿਹਾਰੀਆਂ ਨੇ ਕਿਹਾ-ਹਾਂ ਜਾਣਾ ਚਾਹੁੰਦੇ ਹਾਂ।

ਅਮਿਤ ਸ਼ਾਹ ਨੇ ਕਿਹਾ-ਜੇਕਰ ਮਹਾਗਠਜੋੜ ਆ ਗਿਆ ਤਾਂ ਪਛੜੇ ਵਰਗਾਂ ਤੋਂ ਰਾਖਵਾਂਕਰਨ ਦਾ ਕੋਟਾ ਖੋਹ ਕੇ ਘੱਟ ਗਿਣਤੀਆਂ (ਭਾਵ ਮੁਸਲਮਾਨਾਂ) ਨੂੰ ਵੰਡ ਦਿੱਤਾ ਜਾਵੇਗਾ। ਵੋਟਰਾਂ ਨੇ ਕਿਹਾ-ਭਾਵੇਂ ਵੰਡ ਦਿਓ, ਤੁਹਾਨੂੰ ਕੀ।

ਮੋਦੀ ਨੇ ਕਈ ਰੈਲੀਆਂ ਵਿਚ ਇਕ ਵਿਚ ਕਿਹਾ-ਇਹ ਚੋਣਾਂ ਦਿਖਾ ਦੇਣਗੀਆਂ ਕਿ 21ਵੀਂ ਸਦੀ ਵਿਚ ਬਿਹਾਰ ਭਾਰਤ ਅਤੇ ਵਿਸ਼ਵ ਦੇ ਨਕਸ਼ੇ ਵਿਚ ਕਿੱਥੇ ਖੜ੍ਹਾ ਹੈ। ਬਿਹਾਰੀਆਂ ਨੇ ਦਸ ਦਿੱਤਾ-ਦੇਖੋ ਅਸੀਂ ਉਥੇ ਖੜੇ ਹਾਂ, ਤੁਸੀਂ ਕਿੱਥੇ ਖੜੇ ਹੋ? ਵੈਸੇ ਆਪਸ ਦੀ ਗੱਲ ਹੈ, ਜਦੋਂ ਇਕ ਪਾਰਟੀ ਬਿਹਾਰ ਨੂੰ ਪਛੜੇਪਣ, ਗ਼ਰੀਬੀ, ਹਨੇਰੇ, ਬੇਰੁਜ਼ਗਾਰੀ, ਕੱਚੀਆਂ ਸੜਕਾਂ ਤੋਂ ਮੁਕਤ ਕਰਨਾ ਚਾਹੁੰਦੀ ਸੀ...ਸਿੱਖਿਆ, ਹਸਪਤਾਲ, ਰੌਸ਼ਨੀ ਪਿੰਡ ਪਿੰਡ ਦਾਨ ਕਰ ਰਹੀ ਅਤੇ ਇਸ ਲਈ ਭਾਰੀ ਪੈਕੇਜ ਦਾ ਵੀ ਐਲਾਨ ਹੋ ਚੁੱਕਾ ਸੀ...ਤਾਂ ਬਿਹਾਰੀਆਂ ਨੂੰ ਕੁਝ ਤਾਂ ਵਿਸ਼ਵਾਸ ਕਰਨਾ ਚਾਹੀਦਾ ਸੀ, ਆਦਰ ਦੇਣਾ ਚਾਹੀਦਾ ਸੀ।

ਅਜਿਹਾ ਤਾਂ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ ਸੀ, ਜਿਵੇਂ ਉਨ੍ਹਾਂ ਨੇ ਕਰ ਦਿੱਤਾ ਹੈ।

ਪਰ ਭਾਜਪਾ ਨੂੰ ਦਿਲ ਛੋਟਾ ਨਹੀਂ ਕਰਨਾ ਚਾਹੀਦਾ, ਸਾਡੇ ਪਾਕਿਸਤਾਨ ਵਿਚ ਵੀ ਅਜਿਹੇ ਉਦਾਹਰਣ ਕਈ ਬਿਖਰੇ ਪਏ ਹਨ। ਚੱਲੋ, ਦਿਲ ਬਹਿਲਾਉਣ ਲਈ ਇਕ ਕਿੱਸਾ ਸੁਣਾ ਦਿੰਦਾ ਹਾਂ।

ਜਿਵੇਂ ਬਿਹਾਰ ਵਿਚ ਗੰਗਾ ਮਈਆ ਲੰਘਦੀ ਹੈ, ਉਵੇਂ ਹੀ ਸਾਡੇ ਪੰਜਾਬ ਵਿਚੋਂ ਸਿੰਧੂ ਨਦੀ ਲੰਘਦੀ ਹੈ। ਇਸ ਸਿੰਧੂ ਨਦੀ ਦੇ ਕਿਨਾਰੇ ਮੁਜ਼ੱਫਰਨਗਰ ਦੇ ਇਲਾਕੇ ਵਿਚ ਇਕ ਸੁਸਤ ਪਟਵਾਰੀ ਬਹੁਤ ਸਮੇਂ ਤੋਂ ਟਿਕਿਆ ਹੋਇਆ ਸੀ। ਕਈ ਅਫ਼ਸਰ ਆਏ, ਪਰ ਉਸ ਦਾ ਕਦੇ ਟਰਾਂਸਫਰ ਨਾ ਕਰ ਸਕੇ। ਦਸ ਵਰ੍ਹਿਆਂ ਬਾਅਦ ਇਕ ਅਫ਼ਸਰ ਨੇ ਲਾਲਚ ਦਿੰਦਿਆਂ ਕਿਹਾ ਕਿ ਅਸੀਂ ਤੈਨੂੰ ਪਟਵਾਰੀ ਦੇ ਅਹੁਦੇ ਤੋਂ ਤਰੱਕੀ ਦੇ ਕੇ, ਤਹਿਸੀਲਦਾਰ ਬਣਾ ਕੇ ਮੁਜ਼ੱਫਰਨਗਰ ਤੋਂ ਰਾਨਪੁਰ ਟਰਾਂਸਫਰ ਕਰ ਰਹੇ ਹਾਂ।

ਪਟਵਾਰੀ ਨੇ ਹੱਥ ਜੋੜ ਦਿੱਤੇ-ਹਜ਼ੂਰ ਜਦੋਂ ਮੈਂ ਤਰੱਕੀ ਨਹੀਂ ਕਰਨਾ ਚਾਹੁੰਦਾ ਤਾਂ ਹਰ ਅਫ਼ਸਰ ਵਾਰ ਵਾਰ ਮੈਨੂੰ ਤਰੱਕੀ ਕਿਉਂ ਦੇਣਾ ਚਾਹੁੰਦਾ ਹੈ?

ਕਾਸ਼ ਇਹ ਕਿੱਸਾ ਪਹਿਲਾਂ ਸੁਣਾ ਦਿੰਦਾ ਤਾਂ ਮੋਦੀ ਜੀ ਬਿਹਾਰ ਨੂੰ ਤਰੱਕੀ ਦੇ ਰਸਤੇ 'ਤੇ ਲਿਆਉਣ ਦੀ ਜ਼ਿੱਦ ਨਾ ਕਰਦੇ। ਗ਼ਰੀਬ ਆਦਮੀ ਹੋ ਜਾਂ ਗ਼ਰੀਬ ਸੂਬਾ, ਕਦੇ ਕਦੇ ਬਹੁਤ ਸਾਰੇ ਪੈਸੇ ਇਕੋ ਵੇਲੇ ਦੇਖ ਵੀ ਡਰ ਜਾਂਦਾ ਹੈ। ਇਮਰਾਨ ਖਾਨ ਵੀ ਪਾਕਿਸਤਾਨੀਆਂ ਨੂੰ ਵਾਰ ਵਾਰ ਕਹਿ ਰਹੇ ਹਨ ਕਿ ਚੱਲੋ ਮੇਰੇ ਨਾਲ ਨਵੇਂ ਪਾਕਿਸਤਾਨ ਵੱਲ, ਪਰ ਵੋਟਰ ਹਰ ਵਾਰ ਇਹੀ ਕਹਿ ਦਿੰਦੇ ਹਨ ਕਿ ਅਸੀਂ ਪੁਰਾਣੇ ਪਾਕਿਸਤਾਨ ਵਿਚ ਹੀ ਠੀਕ ਹਾਂ। ਵੈਸੇ ਹੁਣ ਤਕ ਕਰਾਚੀ ਦੇ ਔਰੰਗੀਟਾਊਨ ਵਿਚ ਰਹਿਣ ਵਾਲੇ ਲੱਖਾਂ ਬਿਹਾਰੀਆਂ ਵਿਚੋਂ ਕਿਸੇ ਇਕ ਨੇ ਵੀ ਪਟਾਕਾ ਨਹੀਂ ਚਲਾਇਆ, ਆਗਿਆ ਦਿਓ...ਮੈਂ ਜ਼ਰਾ ਜਾ ਕੇ ਪਤਾ ਕਰਦਾ ਹਾਂ।

ਬੀ.ਬੀ.ਸੀ. ਤੋਂ ਧੰਨਵਾਦ ਸਹਿਤ

*'ਨਵੀਂ ਦੁਨੀਆ' ਦੇ ਸਲਾਹਕਾਰ ਮੰਡਲ ਵਿਚ ਸ਼ਾਮਲ ਡਾ. ਕਰਮਜੀਤ ਸਿੰਘ ਮਾਰਕਸਵਾਦੀ ਦਰਸ਼ਨ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਵਿਦਵਾਨ ਹਨ। ਲੋਕ-ਧਾਰਾ ਦੇ ਖੇਤਰ ਵਿਚ ਉਨ੍ਹਾਂ ਵਲੋਂ ਕੀਤਾ ਹੋਇਆ ਕੰਮ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ । 'ਲੋਕ ਗੀਤਾਂ ਦੇ ਨਾਲ-ਨਾਲ' ਕਾਲਮ ਵਿਚ ਪਾਠਕਾਂ ਨੇ ਉਨ੍ਹਾਂ ਦਾ ਇਹ ਕੰਮ ਪੜ੍ਹਿਆ ਅਤੇ ਸਰਾਹਿਆ ਹੈ। ਉਨ੍ਹਾਂ ਕੋਲ ਹਰ ਵਰਤ-ਵਰਤਾਰੇ ਨੂੰ ਮਾਰਕਸੀ ਜੀਵਨ ਦ੍ਰਿਸ਼ਟੀ ਰਾਹੀਂ ਦੇਖਣ ਦੀ ਸੂਝ ਅਤੇ ਪ੍ਰਤੀਬੱਧਤਾ ਹੈ। ਇਸ ਅੰਕ ਤੋਂ ਪਾਠਕ ਡਾ ਕਰਮਜੀਤ ਸਿੰਘ ਵਲੋਂ ਓਸ਼ੋ ਰਜਨੀਸ 'ਤੇ ਇਸੇ ਦ੍ਰਿਸ਼ਟੀਕੋਣ ਤੋਂ ਕੀਤੀ ਹੋਈ ਆਲੋਚਨਾ ਪੜ੍ਹਨਗੇ। ਰਜਨੀਸ਼ ਨੂੰ ਰਜਨੀਸ਼ਵਾਦੀਆਂ ਦੁਆਰਾ ਵੀਹਵੀਂ ਸਦੀ ਦੇ ਸਭ ਤੋਂ ਮਹਾਨ ਚਿੰਤਕ ਦੀ ਉਪਾਧੀ ਦਿੱਤੀ ਜਾਂਦੀ ਹੈ। ਇਹ ਉਪਾਧੀ ਚਿੰਤਕ ਤੋਂ ਅਗੇਰੇ ਤੁਰਦੀ ਤੁਰਦੀ ਰਜਨੀਸ਼ ਨੂੰ ਆਖ਼ੀਰ ਗੁਰੂ ਓਸ਼ੋ ਵਜੋਂ ਸਥਾਪਤ ਕਰਦੀ ਹੈ। ਰਜਨੀਸ਼ ਇਕ ਪੂਰੇ ਪੂਰੇ ਗੁਰੂਡਮ ਦੇ ਸੰਸਥਾਪਕ ਅਤੇ ਸੰਚਾਲਕ ਵਜੋਂ ਸਾਹਮਣੇ ਆਉਂਦਾ ਹੈ। ਉਸ ਦਾ ਚਿੰਤਨ ਉੱਚ ਵਰਗ ਅਤੇ ਉੱਚ ਮੱਧ ਵਰਗ ਦੇ ਇਕ ਹਿੱਸੇ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦਾ ਹੈ। ਅਜਿਹੇ ਦ੍ਰਿਸ਼ ਵਿਚ ਮਾਰਕਸਵਾਦੀ ਦਰਸ਼ਨ ਨਾਲ ਜੁੜੇ ਚਿੰਤਕਾਂ ਦਾ ਇਸ ਗੱਲ ਲਈ ਸੋਚਣਾ ਜ਼ਰੂਰੀ ਹੋ ਜਾਂਦਾ ਹੈ ਕਿ ਰਜਨੀਸ਼ ਆਪਣੇ ਦਰਸ਼ਨ ਵਿਚ ਕਿਹੜੀਆਂ ਕ੍ਰਾਂਤੀਕਾਰੀ ਨਵੀਆਂ ਗੱਲਾਂ ਕਰ ਰਿਹਾ ਹੈ? ਉਸ ਨੇ ਮਾਰਕਸਵਾਦੀ ਦਰਸ਼ਨ ਦੇ ਮੁਕਾਬਲੇ ਕੀ ਅਜਿਹਾ ਵਿਸ਼ੇਸ਼ ਦੇ ਦਿੱਤਾ ਹੈ ਕਿ ਉਸ ਨੂੰ ਭਵਿੱਖ ਦੇ ਚਿੰਤਕ ਵਜੋਂ ਨਿਰਧਾਰਤ ਕੀਤੇ ਜਾਣ ਦੇ ਯਤਨ ਹੋ ਰਹੇ ਹਨ? ਇਹ ਗੱਲ ਹੀ ਡਾ. ਕਰਮਜੀਤ ਸਿੰਘ ਵਰਗੇ ਮਾਰਕਸਵਾਦੀ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਦੀ ਹੈ ਕਿ ਰਜਨੀਸ਼ ਦੀ ਫਿਲਾਸਫੀ ਨਾਲ ਸੰਵਾਦ ਛੇੜਿਆ ਜਾਵੇ। ਇਸ ਸੰਵਾਦ ਚਰਚਾ ਵਿਚੋਂ ਜੋ ਉੱਭਰ ਕੇ ਸਾਹਮਣੇ ਆਉਂਦਾ ਹੈ, ਉਸ ਨਾਲ ਰਜਨੀਸ਼ ਦੀ ਫਿਲਾਸਫੀ ਵਿਅਕਤੀਵਾਦ ਦੀਆਂ ਤੰਗ ਵਲਗਣਾਂ ਵਿਚ ਘਿਰੀ ਅੰਤਿਮ ਤੌਰ 'ਤੇ ਅਮਾਨਵੀ ਅਤੇ ਅਰਾਜਕਤਾਵਾਦੀ ਹੋ ਨਿਬੜਦੀ ਹੈ। ਇਸ ਕੇਂਦਰੀ ਤਰਕ ਕਾਰਣ ਹੀ ਇਸ ਤਰਕ ਨੂੰ ਉਭਾਰਨ ਵਾਲੀ ਪੁਸਤਕ ਦਾ ਨਾਮ ਰੱਖਿਆ ਜਾਂਦਾ ਹੈ 'ਰਜਨੀਸ਼ ਬੇਨਕਾਬ'।*

*ਰਜਨੀਸ਼ ਨੂੰ ਬੇਨਕਾਬ ਕਰਨ ਲਈ ਡਾ. ਕਰਮਜੀਤ ਸਿੰਘ ਭਾਵੇਂ ਰਜਨੀਸ਼ ਦੀਆਂ ਦੋ ਸੌ ਤੋਂ ਉੱਪਰ ਉਪਲਬਧ ਪੁਸਤਕਾਂ ਵਿਚੋਂ ਤਿੰਨ ਚਾਰ ਨੂੰ ਹੀ ਆਧਾਰ ਬਣਾਉਂਦੇ ਹਨ। ਪਰ ਉਹ ਇਨ੍ਹਾਂ ਦੇ ਆਧਾਰ ਉੱਪਰ ਹੀ ਰਜਨੀਸ਼ ਦਰਸ਼ਨ ਦੀਆਂ ਜੜ੍ਹਾਂ ਤੱਕ ਪਹੁੰਚ ਜਾਂਦੇ ਹਨ। ਉਹ ਰਜਨੀਸ਼ ਬਾਈਬਲ ਦੀਆਂ ਚਾਰ ਜਿਲਦਾਂ ਦੇ ਵੱਖ ਵੱਖ ਹਿੱਸਿਆਂ ਨਾਲ ਸੰਵਾਦ ਰਚਾਉਂਦੇ ਹਨ। ਇਨ੍ਹਾਂ ਪੁਸਤਕਾਂ ਵਿਚ ਆਏ ਵਿਚਾਰਾਂ ਦੀ ਰੌਸ਼ਨੀ ਵਿਚ ਡਾ. ਕਰਮਜੀਤ ਸਿੰਘ ਬਹੁਤ ਹੀ ਤਰਕ ਨਾਲ ਇਹ ਗੱਲ ਸਥਾਪਤ ਕਰਦੇ ਹਨ ਕਿ ਰਜਨੀਸ਼ 'ਕਿਸੇ ਸਮਾਜਕ ਸੰਸਥਾ, ਰਾਜਨੀਤੀ ਅਤੇ ਸਰਕਾਰ ਵਿਚ ਵਿਸ਼ਵਾਸ਼ ਨਹੀਂ ਰੱਖਦਾ। ਉਹ ਕੇਵਲ ਵਿਅਕਤੀ ਵਿਚ ਵਿਸ਼ਵਾਸ਼ ਰੱਖਦਾ ਹੈ। 'ਨਵੀਂ ਦੁਨੀਆ' - ਰਜਨੀਸ਼ ਬੇਨਕਾਬ- ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਲੇਖਾਂ ਨੂੰ ਲੜੀਵਾਰ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ।*

ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com



# ਅਪਰਾਧ-ਬੋਧ, ਸਾਹਿਤ ਤੇ ਬੇਈਮਾਨ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਉਹ ਪੁਲਿਸ ਸਟੇਸ਼ਨ ਜਾਂਦਾ ਹੈ। ਉਹ ਪੁਲੀਸ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਪੁਲੀਸ ਅਨੁਸਾਰ, "ਤੂੰ ਨਿਰਾ ਪਾਗ਼ਲ ਹੈਂ। ਔਰਤ ਦਿਲ ਦੇ ਦੌਰੇ ਕਾਰਨ ਮਰੀ। ਡਾਕਟਰ ਦੀ ਰਿਪੋਰਟ ਆ ਗਈ ਹੈ।" ਰਸਕੋਲਨੀਕੋਵ ਮੰਨਦਾ ਨਹੀਂ।

"ਤੁਸੀਂ ਮੈਨੂੰ ਸਮਝਾਉਣਾ ਚਾਹੁੰਦੇ ਹੋ? ਮੈਂ ਹਾਂ ਉਹ ਆਦਮੀ ਜਿਸ ਨੇ ਔਰਤ ਨੂੰ ਮਾਰਿਆ। ਮੈਂ ਇਸ ਦਾ ਇਕਬਾਲ ਕਰਦਾ ਹਾਂ।" ਆਤਮ ਗਿਲਾਨੀ ਪੈਦਾ ਹੁੰਦੀ ਹੈ ਤੇ ਵਿਅਕਤੀ ਆਪਣੇ ਆਪ ਨੂੰ ਸਜ਼ਾ ਦਿੰਦਾ ਹੈ।

"ਅਪਰਾਧ ਤੇ ਦੰਡ ਦਾ ਇਹ ਅਰਥ ਹੈ। ਤੇ ਇਕ ਸੁਪਨਾ ਜੋ ਉਸ ਨੇ ਇੰਨੀ ਵਾਰ ਲਿਆ। ਹੁਣ ਉਹ ਇਹ ਨਹੀਂ ਸਮਝ ਸਕਦਾ ਕਿ ਉਹ ਸੁਪਨਾ ਸੀ ਕਿ ਉਸ ਨੇ ਸੱਚਮੁੱਚ ਅਜਿਹਾ ਕੀਤਾ ਸੀ। ਉਸ ਨੇ ਅਜਿਹਾ ਨਹੀਂ ਸੀ ਕੀਤਾ ਪਰ ਉਹ ਪੁਲੀਸ ਨੂੰ ਤੰਗ ਕਰਦਾ ਹੈ। ਉਹ ਡਾਕਟਰ ਕੋਲ ਜਾ ਕੇ ਆਖਦਾ ਹੈ : "ਤੁਹਾਡੀ ਰਿਪੋਰਟ ਗ਼ਲਤ ਹੈ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਹੀ ਉਸ ਨੂੰ ਮਾਰਿਆ ਹੈ। ਘੜੀ ਉਸ ਦਾ ਸਬੂਤ ਹੈ।" ਡਾਕਟਰ ਕਹਿੰਦਾ ਹੈ।

"ਘੜੀ ਕੋਈ ਸਬੂਤ ਨਹੀਂ। ਅਸੀਂ ਸਭ ਕੁਝ ਚੈੱਕ ਕੀਤਾ ਹੈ ਤੇ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਔਰਤ ਦਿਲ ਦਾ ਦੌਰਾ ਪੈਣ ਨਾਲ ਮਰੀ ਹੈ।"

ਪਰ ਵਿਅਕਤੀ ਸਜ਼ਾ ਚਾਹੁੰਦਾ ਹੈ। ਅਖ਼ੀਰ ਤੇ ਪੁਲੀਸ ਉਸ ਦੀ ਤਸੱਲੀ ਲਈ ਉਸ ਨੂੰ ਸੀਖ਼ਾਂ ਅੰਦਰ ਕਰ ਦਿੰਦੀ ਹੈ। ਹੋਰ ਕੀ ਹੋ ਸਕਦਾ ਸੀ। ਸੀਖਾਂ ਪਿੱਛੇ ਜਾਣ ਬਾਦ ਉਹ ਸ਼ਾਂਤ ਹੋ ਜਾਂਦਾ ਹੈ।"

ਜਦੋਂ ਮੈਂ ਦੋਸਤੋਵਸਕੀ ਦੇ ਨਾਵਲ ਵਿਚੋਂ ਦਿੱਤੇ ਰਜਨੀਸ਼ ਦੇ ਇਹ ਭਾਸ਼ਣ ਦੇ ਵੇਰਵੇ ਪੜ੍ਹੇ ਤਾਂ ਮੈਂ ਚੌਂਕ ਪਿਆ, ਕਿਉਂਕਿ ਦੋਸਤੋਵਸਕੀ ਦੇ ਸਾਰੇ ਵੇਰਵੇ ਉਲਟੇ ਹੋ ਗਏ ਸਨ। ਕੁਦਰਤੀ ਮੇਰੀ ਜਗਿਆਸਾ ਵਧੀ। ਨਾਵਲ ਦਾ ਹਿੰਦੀ ਅਨੁਵਾਦ ਜੋ ਸਿੱਧਾ ਰੂਸੀ ਤੋਂ ਕੀਤਾ ਗਿਆ ਸੀ ਮੈਂ ਪੜ੍ਹਿਆ ਹੋਇਆ ਸੀ ਤੇ ਹੁਣ ਲੱਭਣ ਤੇ ਲੱਭ ਵੀ ਪਿਆ। ਉਸ ਵਿਚ ਮੂਲ ਪਾਠ ਇਉਂ ਚਲਦਾ ਹੈ।

"ਸੂਦਖ਼ੋਰ ਔਰਤ ਬੁੱਢੀ ਅਲਯੋਨਾ ਇਵਾਨੋਵਨਾ ਅਮੀਰ ਹੈ ਜਿਸ ਬਾਰੇ ਇਕ ਵਿਦਿਆਰਥੀ ਕੁਝ ਵਧਾ ਚੜ੍ਹਾ ਕੇ ਇਉਂ ਕਹਿੰਦਾ ਹੈ ਕਿ,

"ਉਸ ਤੋਂ ਪੈਸਾ ਕਦੇ ਵੀ ਮਿਲ ਸਕਦਾ ਹੈ। ਯਹੂਦੀਆਂ ਵਾਂਗ ਅਮੀਰ ਹੈ। ਇਕੋ ਵੇਲੇ 5000 ਰੂਬਲ ਦਾ ਕਰਜ਼ਾ ਦੇ ਸਕਦੀ ਹੈ। ਪਰ ਉਸ ਨੂੰ ਇਕ ਰੂਬਲ ਦੀ ਚੀਜ਼ ਗਿਰਵੀ ਰੱਖਣ 'ਤੇ ਵੀ ਕੋਈ ਇਤਰਾਜ਼ ਨਹੀਂ। ਸਾਡੇ ਕਈ ਸਾਥੀਆਂ ਦਾ ਉਸ ਨਾਲ ਵਿਹਾਰ ਰਹਿ ਚੁੱਕਾ ਹੈ। ਬੁੱਢੀ ਹੈ ਕਮਾਲ ਦੀ ਖ਼ੂਸਟ..."

ਬੁੱਢੀ ਅਮੀਰ ਤਾਂ ਹੈ ਪਰ ਇਹ ਨਹੀਂ ਕਿ ਅੱਧਾ ਪੀਟਰਬਰਗ ਉਸ ਦੇ ਕਬਜ਼ੇ 'ਚ ਹੋਵੇ। ਰਸਕੋਲਨੀਕੋਵ ਜਿਸ ਬਿਲਡਿੰਗ 'ਚ ਰਹਿ ਰਿਹਾ ਸੀ ਉਹ ਬੁੱਢੀ ਦੀ ਬਿਲਡਿੰਗ ਤੋਂ ਨਾਵਲਕਾਰ ਅਨੁਸਾਰ 730 ਕਦਮਾਂ ਦੀ ਦੂਰੀ 'ਤੇ ਸੀ। ਸਾਰਾ ਸ਼ਹਿਰ ਬੁੱਢੀ ਦੇ ਕਾਰਨਾਮੇ ਜਾਣਦਾ ਹੈ ਤੇ ਨਕਾਰਵਾਦੀ ਨੌਜਵਾਨ ਉਸ ਨੂੰ ਮਾਰਨ ਦੀਆਂ ਗੱਲਾਂ ਕਰਦੇ ਹਨ। ਉਂਝ ਅਗਾਂਹ ਕੋਈ ਨਹੀਂ ਆਉਂਦਾ। ਵਾਤਾਵਰਣ ਤੋਂ ਪ੍ਰੇਰਿਤ ਰਸਕੋਲਨੀਕੋਵ ਆਪ ਬੁੱਢੀ ਨੂੰ ਮਾਰਨ ਦਾ ਮਨ ਬਣਾ ਲੈਂਦਾ ਹੈ। ਇਸ ਲਈ ਉਹ ਰਿਹਰਸਲ ਕਰਦਾ ਹੈ। ਪਹਿਲਾਂ ਉਹ ਚਾਂਦੀ ਦੀ ਘੜੀ ਲੈ ਕੇ ਜਾਂਦਾ ਹੈ ਜੋ ਬੁੱਢੀ ਡੇਢ ਰੂਬਲ 'ਚ ਰੱਖਦੀ ਹੈ। ਪਿਛਲਾ ਸੂਦ ਕੱਟ ਕੇ ਰਕਮ ਇਕ ਰੂਬਲ ਪੰਦਰਾਂ ਕੋਪਕ ਹੀ ਦਿੰਦੀ ਹੈ। ਘਰੋਂ ਤੁਰਨ ਤੋਂ ਲੈ ਕੇ ਘੜੀ ਦੇ ਆਉਣ ਤਕ ਦੇ ਰਸਕੋਲਨੀਕੋਵ ਦੇ ਮਾਨਸਿਕ ਉਤਰਾਵਾਂ ਚੜ੍ਹਾਵਾਂ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ। ਪਹਿਲੀ ਵਾਰ ਉਹ ਸਾਰੇ ਘਰ ਬਾਰੇ ਜਾਣਕਾਰੀ ਲੈ ਕੇ ਆਉਂਦਾ ਹੈ। ਜਿਸ ਦਿਨ ਉਸ ਨੇ ਕਤਲ ਕਰਨ ਜਾਣਾ ਹੈ। ਉਸ ਦਿਨ ਦੇ ਵੇਰਵੇ ਉਹ ਉਲੀਕਦਾ ਹੈ ਤੇ ਬੁੱਢੀ ਦੇ ਘਰ ਦੇ ਵੇਰਵਿਆਂ ਦੀ ਜਾਣਕਾਰੀ ਲੈ ਲੈਂਦਾ ਹੈ। ਮਸਲਾ ਉਲਝਿਆ ਕਿ ਕੁਹਾੜੀ



ਉਸ ਨੂੰ ਰਸੋਈ 'ਚੋਂ ਨਹੀਂ ਮਿਲ ਸਕੀ ਕਿਉਂਕਿ ਉਥੇ ਕੋਈ ਹੈ। ਪਰ ਉਸ ਆਦਮੀ ਦੇ ਮੰਜੇ ਹੇਠੋਂ ਮਿਲ ਜਾਂਦੀ ਹੈ ਜੋ ਹੁਣੇ ਉਥੋਂ ਉੱਠ ਕੇ ਗਿਆ ਹੈ।

ਪਹਿਲੀ ਵਾਰ ਗਿਆ ਉਹ ਬੁੱਢੀ ਨੂੰ ਕਹਿ ਆਉਂਦਾ ਹੈ ਕਿ ਉਹ ਅਗਲੀ ਵਾਰ ਚਾਂਦੀ ਦਾ ਸਿਗਰਟ ਕੇਸ ਲੈ ਕੇ ਆਏਗਾ। ਉਸ ਨੇ ਲਕੜੀ ਲੈ ਕੇ ਉੱਪਰ ਪੱਤਰਾ ਚੜ੍ਹਾ ਕੇ ਪੈਕ ਕੀਤਾ ਤੇ ਚੰਗੀ ਤਰ੍ਹਾਂ ਬੰਨ੍ਹ ਦਿੱਤਾ ਤਾਂ ਕਿ ਖੁੱਲ੍ਹਣ ਵਿੱਚ ਦੇਰ ਲੱਗੇ। ਇਹ ਸੀ ਚਾਂਦੀ ਦਾ ਸਿਗਰੇਟ ਕੇਸ। ਕੁਹਾੜੀ ਕੋਟ ਵਿਚ ਸਾਂਭ ਅਤੇ ਸਿਗਰਟ ਕੇਸ ਲੈ ਕੇ ਰਸਕੋਲਨੀਕੋਵ ਸਾਰਿਆਂ ਦੀਆਂ ਨਜ਼ਰਾਂ ਤੋਂ ਬਚਦਾ ਬੁੱਢੀ ਕੋਲ ਪਹੁੰਚ ਜਾਂਦਾ ਹੈ। ਘੰਟੀ ਵਜਾਉਂਦਾ ਹੈ ਕਾਫ਼ੀ ਦੇਰ ਬਾਦ ਬੁੱਢੀ ਬਾਹਰ ਆਉਂਦੀ ਹੈ। ਉਸ ਦੇ ਸ਼ੰਕੇ ਦੂਰ ਕਰਦਾ ਆਪ ਝੂਠ ਬੋਲਦਾ ਸਹਿਜ ਹੋਣ ਦੇ ਯਤਨ ਵਿਚ ਨਾਇਕ 'ਚਾਂਦੀ ਦਾ ਸਿਗਰੇਟ ਕੇਸ' ਉਸ ਨੂੰ ਫੜਾਉਂਦਾ ਹੈ।

"ਇਹ ਕੀ ਹੈ ?" ਉਸ ਨੇ ਰਸਕੋਲਨੀਕੋਵ ਨੂੰ ਧਿਆਨ ਨਾਲ ਦੇਖਦਿਆਂ ਪੈਕਟ ਨੂੰ ਹੱਥ 'ਚ ਤੋਲਦਿਆਂ ਫਿਰ ਪੁੱਛਿਆ।

"ਇਕ ਚੀਜ਼ ਹੈ...ਸਿਗਰਟ ਕੇਸ...ਚਾਂਦੀ ਦਾ...ਦੇਖ ਲਉ।"

"ਪਰ ਚਾਂਦੀ ਦਾ ਤਾਂ ਨਹੀਂ ਲੱਗਦਾ...ਲਪੇਟ ਕਿਵੇਂ ਰੱਖਿਆ ਹੈ?"

ਡੋਰੀ ਦੀ ਗੱਠ ਖੋਲ੍ਹਣ ਦੀ ਕੋਸ਼ਿਸ਼ ਉਸ ਨੇ ਕੀਤੀ। ਉਹ ਖਿੜਕੀ ਵਲ, ਰੌਸ਼ਨੀ ਲਈ ਮੁੜੀ। ਦਮ ਖੁਸ਼ਕ ਕਰਨ ਵਾਲੀ ਗਰਮੀ ਦੇ ਬਾਵਜੂਦ ਸਾਰੀਆਂ ਖਿੜਕੀਆਂ ਬੰਦ ਸਨ। ਰਸਕੋਲਨੀਕੋਵ ਨੂੰ ਉਸ ਨੇ ਕੁਝ ਸਕਿੰਟਾਂ ਲਈ ਇਕੱਲਾ ਛੱਡ ਦਿੱਤਾ। ਆਪ ਉਹ ਉਸ ਵਲ ਪਿੱਠ ਕਰਕੇ ਖਲੋ ਗਈ। ਰਸਕੋਲਨੀਕੋਵ ਨੇ ਕੋਟ ਦਾ ਬਟਣ ਖੋਲ੍ਹਿਆ ਤੇ ਕੁਹਾੜੀ ਨੂੰ ਫੰਦੇ ਤੋਂ ਆਜ਼ਾਦ ਕਰ ਲਿਆ। ਪੂਰੀ ਤਰ੍ਹਾਂ ਉਸ ਨੂੰ ਬਾਹਰ ਨਹੀਂ ਕੱਢਿਆ ਸਗੋਂ ਕੋਟ ਦੇ ਹੇਠਾਂ ਹੀ ਸੱਜੇ ਹੱਥ ਨਾਲ ਫੜੀ ਰੱਖਿਆ। ਉਸ ਦੇ ਹੱਥ ਬਿਲਕੁਲ ਕਮਜ਼ੋਰ ਸਨ। ਉਸ ਨੂੰ ਲੱਗ ਰਿਹਾ ਸੀ ਕਿ ਇਹ ਹੱਥ ਹਰ ਛਿਣ ਹੋਰ ਕਮਜ਼ੋਰ ਹੋ ਰਹੇ ਹਨ ਤੇ ਲੱਕੜੀ ਵਾਂਗ ਸਖ਼ਤ। ਉਹ ਡਰ ਰਿਹਾ ਸੀ ਕਿ ਕੁਹਾੜੀ ਉਸ ਦੇ ਹੱਥੋਂ ਡਿੱਗ ਨਾ ਪਵੇ।

ਅਚਾਨਕ ਉਸ ਦਾ ਸਿਰ ਚਕਰਾਉਣ ਲੱਗਾ।

"ਏਨਾ ਕੱਸ ਕੇ ਕਿਉਂ ਬੰਨ੍ਹ ਰੱਖਿਆ?"

ਬੁੱਢੀ ਝੁੰਝਲਾ ਕੇ ਚੀਕੀ ਤੇ ਉਸ ਵਲ ਵਧੀ। ਹੁਣ ਉਸ ਕੋਲ ਜ਼ਾਇਆ ਕਰਨ ਲਈ ਇਕ ਮਿੰਟ ਦਾ ਸਮਾਂ ਵੀ ਨਹੀਂ ਸੀ। ਉਸ ਨੇ ਕੁਹਾੜੀ ਪੂਰੀ ਬਾਹਰ ਕੱਢ ਲਈ ਅਤੇ ਉਸ ਨੂੰ ਦੋਨਾਂ ਹੱਥਾਂ ਨਾਲ ਘੁਮਾਇਆ। ਉਸ ਨੂੰ ਖ਼ੁਦ ਨੂੰ ਨਹੀਂ ਸੀ ਪਤਾ ਕਿ ਉਹ ਕੀ ਕਰ ਰਿਹਾ ਹੈ। ਉਸ ਨੇ ਬਿਨਾਂ ਕਿਸੇ ਤਰੱਦਦ ਦੇ ਮਸ਼ੀਨ ਵਾਂਗ ਕੁਹਾੜੀ ਦਾ ਪੁੱਠਾ ਪਾਸਾ ਬੁੱਢੀ ਦੇ ਸਿਰ 'ਤੇ ਮਾਰਿਆ। ਇਉਂ ਨਹੀਂ ਸੀ ਲੱਗ ਰਿਹਾ ਕਿ ਉਹ ਇਸ ਕੰਮ ਵਿਚ ਆਪਣੀ ਤਾਕਤ ਇਸਤੇਮਾਲ ਕਰ ਰਿਹਾ ਸੀ। ਇਕ ਵਾਰ ਕੁਹਾੜੀ ਚਲਾਉਂਦਿਆਂ ਹੀ ਉਸ ਦੀ ਸਾਰੀ ਸ਼ਕਤੀ ਮੁੜ ਆਈ। ਬੁੱਢੀ ਹਮੇਸ਼ਾ ਵਾਂਗ ਨੰਗੇ ਸਿਰ ਸੀ। ਉਸ ਦੇ ਪਤਲੇ ਛਿਦਰੇ ਬਾਲ ਸਨ। ਇਨ੍ਹਾਂ ਵਿਚ ਕਿਤੇ ਕਿਤੇ ਸਫੈਦ ਧਾਰੀਆਂ ਸਨ। ਤੇਲ ਖ਼ੂਬ ਚੋਪੜਿਆ ਹੋਇਆ ਸੀ।

ਚੂਹੇ ਦੀ ਪੂਛ ਵਰਗੀ ਗੁਤਨੀ ਸੀ। ਸਿੰਙ ਦੀ ਕੰਘੀ ਨਾਲ ਬਾਲ ਅਟਕਾਏ ਸਨ। ਇਹ ਕੰਘੀ ਉੱਪਰ ਉੱਭਰੀ ਹੋਈ ਸੀ। ਕਿਉਂਕਿ ਉਹ ਕੱਦ ਦੀ ਬਹੁਤ ਮਧਰੀ ਸੀ ਇਸ ਲਈ ਕੁਹਾੜੀ ਦਾ ਵਾਰ ਸਿੱਧਾ ਉਸ ਦੇ ਟੋਟਨ ਤੇ ਪਿਆ। ਉਹ ਚੀਕੀ, ਪਰ ਕਮਜ਼ੋਰ ਆਵਾਜ਼ ਵਿਚ। ਹੱਥ ਨੂੰ ਸਿਰ ਵਲ ਚੁੱਕਦੀ ਫਰਸ਼ 'ਤੇ ਢੇਰ ਹੋ ਗਈ। ਇਕ ਹੱਥ ਵਿਚ ਉਸ ਨੇ ਅਜੇ ਵੀ 'ਗਿਰਵੀ ਦੀ ਚੀਜ਼' ਫੜੀ ਹੋਈ ਸੀ। ਰਸਕੋਲਨੀਕੋਵ ਨੇ ਕੁਹਾੜੀ ਦਾ ਇਕ ਹੋਰ ਪੁੱਠਾ ਵਾਰ ਕੀਤਾ ਤੇ ਇਕ ਹੋਰ। ਖ਼ੂਨ ਇਉਂ ਨਿਕਲਿਆ ਜਿਵੇਂ ਗਲਾਸ ਮੂਧਾ ਮਾਰ ਦਿੱਤਾ ਹੋਵੇ। ਉਸ ਦਾ ਸਰੀਰ ਪਿੱਛੇ ਵਲ ਲੁੜਕ ਗਿਆ। ਰਸਕੋਲਨੀਕੋਵ ਪਿੱਛੇ ਹਟ ਗਿਆ। ਸਰੀਰ ਨੂੰ ਥੱਲੇ ਗਿਰਨ ਦਿੱਤਾ। ਫੌਰਨ ਉਸ ਦੇ ਚਿਹਰੇ ਵਲ ਹੋਇਆ। ਉਹ ਮਰ ਚੁੱਕੀ ਸੀ। ਉਹ ਚਾਬੀਆਂ ਲੈਂਦਾ ਹੈ, ਅੰਦਰ ਜਾ ਟਰੰਕਾਂ ਨੂੰ ਚਾਬੀਆਂ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਖੋਲ੍ਹ ਕੇ ਕੁਝ ਚੀਜ਼ਾਂ ਕੋਟ ਪੈਂਟ ਦੀਆਂ ਜੇਬਾਂ ਵਿਚ ਪਾ ਲੈਂਦਾ ਹੈ। ਇਨੇ ਨੂੰ ਲਿਜਾਵੇਤਾ, ਬੁੱਢੀ ਦੀ ਛੋਟੀ ਸੌਤੇਲੀ ਭੈਣ ਆ ਜਾਂਦੀ ਹੈ। ਉਸ ਨੂੰ ਦੇਖ ਕੇ ਉਹ ਬੇਹੱਦ ਡਰ ਜਾਂਦੀ ਹੈ। ਰਸਕੋਲਨੀਕੋਵ ਕੁਹਾੜੀ ਲੈ ਕੇ ਉਸ ਵਲ ਝਪਟਿਆ। ਲਿਜਾਵੇਤਾ ਦੇ ਬੁਲ੍ਹ ਬੜੀ ਤਰਸਯੋਗ ਹਾਲਤ ਵਿਚ ਫਰਕਣ ਲੱਗੇ ਜਿਵੇਂ ਬੱਚਿਆਂ ਦੇ ਡਰ ਸਮੇਂ ਫਰਕਦੇ ਹਨ।...ਕੁਹਾੜੀ ਦੀ ਤੇਜ਼ਧਾਰ ਠੀਕ ਉਸ ਦੀ ਖੋਪੜੀ ਤੇ ਪਈ ਤੇ ਇਕ ਹੀ ਵਾਰ ਸਾਰੀ ਖੋਪੜੀ ਖੁਲ੍ਹ ਗਈ। ਉਹ ਕੱਟੇ ਦਰੱਖ਼ਤ ਦੀ ਤਰ੍ਹਾਂ ਡਿੱਗ ਪਈ।

ਰਸਕੋਲਨੀਕੋਵ ਦੇ ਹੋਸ਼ ਉੱਡ ਗਏ। ਉਸਨੇ ਉਸਦੀ ਪੋਟਲੀ ਚੁੱਕੀ ਪਰ ਫਿਰ ਇਕ ਦਮ ਵਗਾਹ ਮਾਰੀ ਤੇ ਡਿਉੜੀ ਵਲ ਨੂੰ ਭੱਜਾ। ਸਾਰਿਆਂ ਦੀਆਂ ਨਜ਼ਰਾਂ ਤੋਂ ਬਚਦਾ ਉਹ ਉਥੋਂ ਨਿੱਕਲ ਜਾਂਦਾ ਹੈ। ਥਾਣੇ ਸੱਦਿਆ ਜਾਂਦਾ ਹੈ, ਪਰ ਹੋਰ ਕਾਰਣ ਕਰਕੇ। ਪਰ ਉਸਦੇ ਮਨ ਦਾ ਚੋਰ ਹਮੇਸ਼ਾ ਕਿਸੇ ਨਾ ਕਿਸੇ ਰੂਪ ਵਿਚ ਬਾਹਰ ਆਉਂਦਾ ਹੈ। ਆਪਣੇ ਕਮਰੇ ਵਿਚ ਪਿਆ ਉਹ ਪੁਲਿਸ ਦੀਆਂ ਆਵਾਜ਼ਾਂ ਸੁਣਦਾ ਹੈ। ਮਿੱਤਰਾਂ ਦੇ ਕੋਲ਼ ਅਵਾਰਾ ਘੁੰਮਦਾ ਹੈ, ਸ਼ਰਾਬ ਖ਼ਾਨਿਆਂ ਦੇ ਚੱਕਰ ਲਾਉਂਦਾ ਹੈ। ਪੁਲਿਸ ਆਪਣੀ ਜਾਂਚ ਕਰ ਰਹੀ ਹੈ। ਅਖ਼ੀਰ ਉਸ ਉੱਪਰ ਸ਼ੱਕ ਹੋ ਜਾਂਦਾ ਹੈ ਪਰ ਸਬੂਤ ਨਹੀਂ ਮਿਲਦੇ। ਪੁਲਿਸ ਅਧਿਕਾਰੀ ਇਹ ਗੱਲ ਉਸਨੂੰ ਦੱਸ ਵੀ ਦਿੰਦਾ ਹੈ ਪਰ ਚਾਹੁੰਦਾ ਹੈ ਕਿ ਉਹ ਆਪ ਖ਼ੂਨ ਦਾ ਇਕਬਾਲ ਕਰੇ। ਜਦੋਂ ਰਸਕੋਲਨੀਕੋਵ ਮਾਨਸਿਕ ਤੌਰ ਤੇ ਰਾਜ਼ ਰੱਖਣ ਤੋਂ ਹਾਰ ਜਾਂਦਾ ਹੈ ਤਾਂ ਉਹ ਪੁਲਿਸ ਦੇ ਆਪ ਪੇਸ਼ ਹੋ ਜਾਂਦਾ ਹੈ ਤੇ ਇਕਬਾਲ ਕਰਦਾ ਹੈ ਕਿ,

"ਉਸ ਸੂਦਖ਼ੋਰ ਬੁੱਢੀ ਤੇ ਉਸਦੀ ਭੈਣ ਲਿਜਾਵੇਤਾ ਦਾ ਮੈਂ ਹੀ ਕੁਹਾੜੀ ਨਾਲ ਖ਼ੂਨ ਕੀਤਾ ਸੀ। ਉਨ੍ਹਾਂ ਦੇ ਘਰ ਡਾਕਾ ਮਾਰਿਆ ਸੀ।"

ਉਸਨੂੰ ਸਾਇਬੇਰੀਆ ਭੇਜ ਦਿੱਤਾ ਜਾਂਦਾ ਹੈ, ਜੇਲ੍ਹ ਵਿਚ। ਉਸਦੀ ਪ੍ਰੇਮਿਕਾ ਵੀ ਉਸਦੇ ਨਾਲ ਨਿਭਦੀ ਹੈ।

ਆਓ ਇਨ੍ਹਾਂ ਦੋਨਾਂ ਪਾਠਾਂ ਦਾ ਅਧਿਐਨ ਕਰੀਏ। ਵੈਸੇ ਜੇ ਸਾਹਿਤਕ ਆਲੋਚਨਾ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਏ ਤਾਂ ਪਹਿਲੇ ਹਿੱਸੇ ਵਿਚ ਮੂਲ ਟੈਕਸਟ ਨੂੰ ਤੋੜ ਮਰੋੜ ਦਿੱਤਾ ਗਿਆ ਹੈ। ਇੱਥੇ ਇਹ ਕਹਿਕੇ ਵੀ ਗੱਲ ਛੱਡੀ ਜਾ ਸਕਦੀ ਹੈ ਕਿ ਪਹਿਲੀ ਟੈਕਸਟ ਦਾ ਕਰਤਾ ਨਾਵਲ ਨੂੰ ਪੜ੍ਹੇ ਬਗੈਰ ਮਰਜ਼ੀ ਦੇ ਨਤੀਜੇ ਕੱਢ ਰਿਹਾ ਹੈ ਜਾਂ ਉਸਨੇ ਬਹੁਤ ਪਹਿਲਾਂ ਨਾਵਲ ਪੜ੍ਹਿਆ ਹੈ ਉਸਨੂੰ ਦੁਬਾਰਾ ਕੋਟ ਕਰਦੇ ਸਮੇਂ ਉਹ ਬਹੁਤ ਕੁਝ ਬਦਲ ਗਿਆ ਹੈ। ਕੋਈ ਆਲੋਚਕ ਇਹ ਵੀ ਕਹਿ ਸਕਦਾ ਹੈ ਕਿ ਇੰਨੀ ਜਹਿਮਤ ਉਠਾਉਣ ਦੀ ਕੀ ਜ਼ਰੂਰਤ ਹੈ। ਦਫ਼ਾ ਕਰੋ। ਇਗਨੋਰ ਕਰੋ। ਜਿਸ ਵਿਚ ਕੋਈ ਤੱਤ ਨਹੀਂ ਉਸਨੂੰ ਛੇੜਨ ਦੀ ਕੀ ਜ਼ਰੂਰਤ ਹੈ। ਪਰ ਸਾਡੇ ਲਈ ਤਾਂ ਇਹ ਦੋਨੋਂ ਪਾਠ ਬੜੇ ਮਹੱਤਵਪੂਰਨ ਹਨ। ਇਸ ਲਈ ਤੁਲਨਾਤਮਕ ਅਧਿਐਨ ਕਰ ਹੀ ਲੈਣਾ ਚਾਹੀਦਾ ਹੈ।

ਪਹਿਲੇ ਪਾਠ ਵਿਚ ਰਸਨਕੋਲਨੀਕੋਵ ਨੂੰ ਬੁੱਢੀ ਦੇ ਸਾਹਮਣੇ ਰਹਿੰਦਿਆਂ ਦਿਖਾਇਆ ਹੈ ਜੋ ਠੀਕ ਨਹੀਂ। ਨਾਇਕ ਤਾਂ ਆਪਣੇ ਵੇਲੇ ਦੀਆਂ ਪ੍ਰਵਿਰਤੀਆਂ ਦੀ ਪ੍ਰਤਿਨਿਧਤਾ ਕਰਦਾ ਹੈ। ਉਹ ਕਿਤੇ ਵੀ ਰਹੇ। ਹਵਾ ਵਿਚ ਬੁੱਢੀ ਵਰਗੀਆਂ ਅਮੀਰ ਅਸਾਮੀਆਂ ਵਿਰੁੱਧ ਇਕ ਰੋਸ ਹੈ। ਨਾਵਲ ਵਿਚ ਉਮਰ ਮੁੱਦਾ ਨਹੀਂ ਬਣਦੀ। ਬੁੱਢੀ ਅਮੀਰ ਹੈ ਪਰ ਏਨੀ ਨਹੀਂ ਕਿ ਉਸ ਪਾਸ ਅੱਧਾ ਸ਼ਹਿਰ ਹੋਵੇ। ਉਸ ਵਰਗੇ ਹੋਰ ਕਈ ਹਨ। ਰਸਕੋਲਨੀਕੋਵ ਜਿਸ ਬਿਲਡਿੰਗ ਵਿਚ ਰਹਿੰਦਾ ਹੈ ਉਹ ਵੀ ਇਕ ਔਰਤ ਦੀ ਮਲਕੀਅਤ ਹੈ ਪਰ ਉਥੇ ਉਹ ਕਿਰਾਇਆ ਵੀ ਨਹੀਂ ਦੇ ਸਕਦਾ ਇਸ ਲਈ ਦੂਜੀ ਥਾਂ ਚੀਜ਼ਾਂ ਗਿਰਵੀ ਰੱਖਦਾ ਹੈ।

**(ਬਾਕੀ ਅਗਲੇ ਅੰਕ 'ਚ)**

# ਆਮ ਲੋਕਾਂ ਦਾ ਕਵੀ ਪਾਲ ਐਲੁਆਰ



ਸੰਸਾਰ ਦੇ ਸਭ ਪ੍ਰਸਿੱਧ ਕਵੀਆਂ ਵਿਚੋਂ ਇਹ ਮਾਣ ਸ਼ਾਇਦ ਇਕੱਲੇ ਫਰਾਂਸੀਸੀ ਕਵੀ ਪਾਲ ਐਲੁਆਰ (1895-1952) ਨੂੰ ਹੀ ਜਾਂਦਾ ਹੈ ਕਿ ਉਹਦੀ 'ਆਜ਼ਾਦੀ' ਨਾਮ ਦੀ ਕਵਿਤਾ ਦੇਸ ਦੀ ਹਵਾਈ ਸੈਨਾ ਨੇ ਪਿੰਡ ਪਿੰਡ ਖਲੇਰੀ ਸੀ ਤਾਂ ਜੋ ਜਣਾ ਖਣਾ ਉਸਨੂੰ ਪੜ੍ਹ ਸਕੇ। ਆਮ ਲੋਕਾਂ ਦਾ ਕਵੀ ਸੀ ਐਲੁਆਰ, ਸਾਦੇ ਸ਼ਬਦਾਂ ਵਿਚ ਲਿਖਣ ਵਾਲਾ, ਪਿਕਾਸੋ ਦੇ ਬਣਾਏ ਚਿਤ੍ਰਾਂ ਅਤੇ 'ਗਰਨੀਕਾ' ਦਾ ਆਸ਼ਕ, ਕੋਰਾ ਕਾਵਿਕ ਸੱਚ ਬੋਲਣ ਵਾਲਾ। ਉਹਦੀ ਇੱਕ ਪੁਸਤਕ ਦਾ ਨਾਮ ਵੀ 'ਕਵਿਤਾ ਅਤੇ ਸੱਚ' ਹੈ।

ਪਾਲ ਐਲੁਆਰ ਪੈਰਸ ਦੀ ਇਕ ਮਜ਼ਦੂਰਾਂ ਦੀ ਬਸਤੀ ਸੇਂਤ-ਦਨੀਸ ਵਿਚ ਪੈਦਾ ਹੋਇਆ ਸੀ। ਉੱਨੀ ਸਾਲ ਦਾ ਸੀ ਉਹ ਜਦੋਂ ਪਹਿਲੀ ਸੰਸਾਰ ਜੰਗ ਲੱਗੀ ਤੇ ਹੋਰਨਾਂ ਨਾਲ ਉਹਨੂੰ ਵੀ ਮੋਰਚੇ 'ਤੇ ਝੋਕ ਦਿੱਤਾ ਗਿਆ। 1916 ਵਿਚ ਉਸਨੇ ਅਪਣੀਆਂ ਦਸ ਕਵਿਤਾਵਾਂ ਦੀ ਪਹਿਲੀ ਕਿਤਾਬ ਛਾਪੀ ਤੇ 1918 ਵਿਚ ਛਪੀ ਉਹਦੀ ਦੂਜੀ ਕਿਤਾਬ ਦਾ ਨਾਮ ਸੀ 'ਯੁੱਧ ਅਤੇ ਅਮਨ'। ਅਗਲੇ ਚਾਰ ਕੁ ਸਾਲਾਂ ਵਿਚ ਫਰਾਂਸ ਅੰਦਰ ਇੱਕ ਬਾਗੀਆਂ ਦੀ ਲਹਿਰ ਚੱਲੀ ਜਿਸਨੂੰ 'ਦਾਦਾ' ਲਹਿਰ ਦਾ ਨਾਂ ਦਿੱਤਾ ਗਿਆ। ਇਹ ਧਰਮ ਸਮੇਤ ਸਭ ਪਰੰਪ੍ਰਾਵਾਂ ਤੋਂ ਆਕੀ ਹੋ ਗਏ ਨੌਜੁਆਨਾਂ ਦੀ ਲਹਿਰ ਸੀ ਜਿਸ ਵਿਚੋਂ ਉਹਦੇ ਅਗਲੇ ਕਾਵਿ ਸੰਗ੍ਰਹਿ 'ਧਰਤੀ ਤੇ ਜੀਣਾ' ਦੀਆਂ ਕਵਿਤਾਵਾਂ ਨੇ ਜਨਮ ਲਿਆ।

ਇਸ ਤੋਂ ਛੇਤੀ ਬਾਅਦ ਹੀ ਪੱਾਲ ਤੇ ਉਹਦੇ ਸਾਥੀਆਂ ਨੇ ਸਾਹਿਤ ਵਿਚ ਪੜਯਥਾਰਥਵਾਦ ਦੀ ਨੀਂਹ ਰੱਖੀ ਜਿਸਦਾ ਮਤਲਬ ਸੀ ਮਨ ਦੀਆਂ ਡੂੰਘਾਈਆਂ ਵਿਚ ਉਤਰਕੇ ਸੱਚ ਦੀ ਤਲਾਸ਼ ਕਰਨਾ। 1927 ਵਿਚ ਇਹ ਸਾਰੇ ਲੇਖਕ ਫਰਾਂਸ ਦੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਜਿਥੇ ਇਨ੍ਹਾਂ ਦਾ ਸਟੈਂਡ ਸੀ ਕਿ ਕਾਰਲ ਮਾਰਕਸ ਸੰਸਾਰ ਬਦਲਨਾ ਚਾਹੁੰਦਾ ਹੈ ਅਤੇ ਰਿੰਬੋ ਨਿੱਤ ਦਿਹਾੜੇ ਦਾ ਜੀਵਨ। ਦੋਵਾਂ ਵਿਚ ਡੂੰਘੀ ਸਾਂਝ ਸੀ ਪਰ ਪਾਰਟੀ ਦੇ ਅੰਦਰ ਕੋਈ ਇਸ ਲਚਕੀਲੀ ਸੋਚ ਨੂੰ ਪਸੰਦ ਨਹੀਂ ਸੀ ਕਰਦਾ। ਸਿੱਟੇ ਮੁਜਬ ਉਸ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ।

ਇਸ ਦੇ ਬਾਵਜੂਦ ਪੱਾਲ ਦੀ ਖੱਬੇ ਪੱਖੀ ਹਮਦਰਦੀ ਨਾ ਗਈ । ਉਸਨੇ ਅਮਨ ਲਹਿਰ ਲਈ ਜਾਨ ਮਾਰ ਕੇ ਕੰਮ ਕੀਤਾ ਅਤੇ ਆਮ ਲੋਕਾਂ ਦੇ ਹੱਕ ਵਿਚ ਖੂਬਸੂਰਤ ਨਜ਼ਮਾਂ ਲਿਖੀਆਂ। ਉਸੇ ਨੇ ਪਾਬਲੋ ਪਿਕਾਸੋ ਨੂੰ ਅਮਨ ਲਹਿਰ ਨਾਲ ਜੁੜ ਜਾਣ ਲਈ ਪ੍ਰੇਰਿਆ ਸੀ। ਦੂਜੀ ਸੰਸਾਰ ਜੰਗ ਵੇਲੇ ਉਸਨੇ ਬਾਜ਼ਾਰਾਂ ਵਿਚ ਖਲੋਕੇ ਨਾਜ਼ੀਆਂ ਵਿਰੁੱਧ ਹਜ਼ਾਰਾਂ ਦੀ ਗਿਣਤੀ ਵਿਚ ਇਸ਼ਤਿਹਾਰ ਵੰਡੇ ਸੀ।

ਉਸਦਾ ਪਹਿਲਾ ਵਿਆਹ ਗਾਲਾ ਨਾਮ ਦੀ ਇੱਕ ਰੂਸੀ ਕੁੜੀ ਨਾਲ ਹੋਇਆ ਜੋ ਪਿਛੋਂ ਜਾ ਕੇ ਮਸ਼ਹੂਰ ਚਿਤ੍ਰਕਾਰ ਸਾਲਵਾਡੋਰ ਡਾਲੀ ਦੀ ਪਤਨੀ ਬਣੀ। ਪੱਾਲ ਨੇ ਕੁੱਲ ਮਿਲਾਕੇ ਵੀਹ ਤੋਂ ਉਪਰ ਕਾਵਿ ਸੰਗ੍ਰਹਿ ਫਰਾਂਸੀਸੀ ਬੋਲੀ ਦੀ ਝੋਲੀ ਪਾਏ ਤੇ ਉਹਦੀਆਂ ਕੁਝ ਕਵਿਤਾਵਾਂ ਏਨੀਆਂ ਹਰਮਨ ਪਿਆਰੀਆਂ ਹੋਈਆਂ ਕਿ ਲੋਕਾਂ ਨੂੰ ਉਹ ਜ਼ਬਾਨੀ ਯਾਦ ਹੋ ਗਈਆਂ। 1952 ਵਿਚ ਦਿਲ ਦਾ ਦੌਰਾ ਪੈਣ ਨਾਲ ਉਸਦੀ ਮੌਤ ਹੋ ਗਈ।

ਸੰਸਾਰ ਵਿਚ ਉਹ ਪਹਿਲਾ ਹੀ ਸੀ ਜੋ ਅਪਣੀ ਕਵਿਤਾ ਵਿਚ ਕਿਤੇ ਵੀ ਵਿਸਰਾਮ ਚਿੰਨ੍ਹ ਦੀ ਵਰਤੋਂ ਵੀ ਨਹੀਂ ਸੀ ਕਰਦਾ। ਰੇਡੀਉ 'ਤੇ ਹੋਈ ਗੱਲ ਬਾਤ ਵਿਚ ਇਕ ਵਾਰ ਉਸਨੇ ਕਿਹਾ ਸੀ, 'ਕਵਿਤਾ ਵਿਚ ਲੋੜ ਤੋਂ ਵੱਧ ਮਿੱਠੇ ਸ਼ਬਦਾਂ ਦੀ ਵਰਤੋਂ, ਹੰਝੂਆਂ ਨੂੰ ਵੀ ਸਤਰੰਗੀ ਭਾਅ ਦੇਕੇ ਦਰਸਾਉਣਾ ਕਵਿਤਾ ਦਾ ਨਾਸ ਕਰਨਾ ਹੈ।' ਪੱਾਲ ਗਲੀਆਂ ਵਿਚ ਵਿਚਰਦੇ ਲੋਕਾਂ ਦੀ ਬੋਲੀ ਦਾ ਕਵੀ ਸੀ।

ਪੰਜਾਬੀ ਰੂਪ : ਅਵਤਾਰ ਜੰਡਿਆਲਵੀ

## ਪਾਲ ਐਲੁਆਰ ਦੀਆਂ ਕਵਿਤਾਵਾਂ

### ਆਜ਼ਾਦੀ

ਅਪਣੇ ਸਕੂਲ ਦੀਆਂ ਕਾਪੀਆਂ ਵਿਚ
ਅਪਣੇ ਡੈਸਕ ਉਤੇ ਦਰਖਤਾਂ ਉਤੇ
ਰੇਤ ਅਤੇ ਸੱਜਰੀ ਪਈ ਬਰਫ ਉਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਸਾਰੇ ਪੜ੍ਹੇ ਜਾ ਚੁੱਕੇ ਵਰਕਿਆਂ ਤੇ
ਸਾਰੇ ਕੋਰੇ ਪਏ ਵਰਕਿਆਂ ਤੇ
ਪੱਥਰਾਂ ਖੂਨ ਦੇ ਕਾਗਜ਼ ਜਾਂ ਭੁਬੱਲ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਸੋਨੇ ਦੀ ਝਾਲ ਵਾਲੇ  ਖਿਆਲਾਂ ਤੇ
ਯੋਧਿਆਂ ਦੀਆਂ ਮਜ਼ਬੂਤ ਬਾਹਾਂ ਤੇ
ਰਾਜਿਆਂ ਦੇ ਪਹਿਨੇ ਹੋਏ ਤਾਜਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਜੰਗਲ ਦੇ ਰੁੱਖਾਂ ਤੇ ਥਲਾਂ ਦੇ ਮੱਥੇ ਤੇ
ਖੁੱਡਾਂ ਅਤੇ ਆਲ੍ਹਣਿਆਂ ਤੇ
ਅਪਣੇ ਬਚਪਨ ਦੀਆਂ ਯਾਦਾਂ ਦੀ ਗੂੰਜ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਰਾਤਾਂ ਦੇ ਅਚਰਜ ਵਰਤਾਰਿਆਂ ਤੇ
ਦਿਨਾਂ ਦੀ ਚਿੱਟੀ ਰੋਟੀ ਤੇ
ਸ਼ਗਨਾਂ ਵਾਲੀਆਂ ਰੁੱਤਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਮੇਰੇ ਹਿੱਸੇ ਦੇ ਅੰਬਰ ਦੀਆਂ ਲੀਰਾਂ ਤੇ
ਛੱਪੜ ਵਿਚ ਬੁੱਸੇ ਹੋਏ ਸੂਰਜ ਤੇ
ਚੰਦ ਦੀ ਜੀਊਂਦੀ ਝੀਲ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਖੇਤਾਂ ਵਿਚ ਦੋਮੇਲ ਤੇ
ਪੰਛੀਆਂ ਦੇ ਖੰਭਾਂ ਤੇ
ਪ੍ਰਛਾਵਿਆਂ ਦੇ ਖਰਾਸ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਪਹੁਫੁਟਾਲੇ ਦੇ ਹਰ ਬੁੱਲੇ ਤੇ
ਸਾਗਰ ਤੇ ਜਹਾਜ਼ਾਂ ਤੇ
ਰੋਹ ਭਰੇ ਪਹਾੜਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਬੱਦਲਾਂ ਦੀ ਝੱਗ ਤੇ
ਤੂਫਾਨਾਂ ਦੀ ਕਠੋਰਤਾ ਤੇ
ਸੰਘਣੀਆਂ ਬੇਸੁਆਦੀਆਂ ਕਣੀਆਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਚਮਕੀਲੀਆਂ ਸ਼ਕਲਾਂ ਤੇ
ਰੰਗਾਂ ਦੀਆਂ ਘੰਟੀਆਂ ਤੇ
ਸਥੂਲ ਸੱਚ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਜਾਗੇ ਹੋਏ ਰਾਹਾਂ ਤੇ
ਫੈਲੀਆਂ ਹੋਈਆਂ ਸੜਕਾਂ ਤੇ
ਨੱਕੋ ਨੱਕ ਭਰੇ ਚੌਕਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਭੜਕ ਰਹੀ ਬੱਤੀ ਤੇ
ਬੁਝ ਰਹੀ ਬੱਤੀ ਤੇ
ਜੁੜੇ ਹੋਏ ਘਰਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਮੇਰੇ ਕਮਰੇ ਅਤੇ ਸ਼ੀਸ਼ੇ ਕੋਲ ਪਏ
ਕੱਟੇ ਹੋਏ ਫਲਾਂ ਤੇ
ਅਪਣੇ ਕਮਰੇ ਤੇ ਛਿੱਲਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਅਪਣੇ ਪਿਆਰੇ ਲਾਲਚੀ ਕੁੱਤੇ ਤੇ
ਉਹਦੇ ਖੜੇ ਕੀਤੇ ਹੋਏ ਕੰਨਾਂ ਤੇ
ਉਹਦੇ ਬੇਢੱਬੇ ਪੰਜਿਆਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਅਪਣੇ ਘਰ ਦੀ ਦਹਿਲੀਜ਼ ਤੇ
ਏਧਰ ਓਧਰ ਦਿਸਦੀਆਂ ਚੀਜ਼ਾਂ ਤੇ
ਪਵਿੱਤਰ ਅਗਨੀ ਦੇ ਵੇਗ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਇੱਕਸੁਰ ਹੋਈ ਚਮੜੀ ਤੇ
ਅਪਣੇ ਮਿੱਤਰਾਂ ਦੇ ਮੱਥਿਆਂ ਤੇ
ਸਭ ਫੈਲੇ ਹੋਏ ਹੱਥਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਅਸਚਰਜਤਾ ਦੀਆਂ ਖਿੜਕੀਆਂ ਤੇ
ਖਾਮੋਸ਼ੀ ਤੋਂ ਕਿਤੇ ਉਪਰ
ਸੁਚੇਤ ਹੋਏ ਬੁਲ੍ਹਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਅਪਣੇ ਤਬਾਹ ਹੋਏ ਟਿਕਾਣਿਆਂ ਤੇ
ਉਜੜ ਗਏ ਚਾਨਣ ਮੁਨਾਰਿਆਂ ਤੇ
ਅਪਣੀ ਥਕਾਵਟ ਦੀਆਂ ਕੰਧਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਅਣਚਾਹੀ ਗੈਰਹਾਜ਼ਰੀ ਤੇ
ਵੀਰਾਨ ਇਕੱਲ ਤੇ
ਮੌਤ ਦਿਆਂ ਕਦਮਾਂ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਮੁੜ ਕੇ ਵਾਪਸ ਆ ਗਈ ਸਿਹਤ ਤੇ
ਦੂਰ ਅਲੋਪ ਹੋ ਗਏ ਖਤਰੇ ਤੇ
ਬੇਕਿਆਸੀ ਉਮੀਦ ਤੇ
ਮੈਂ ਤੇਰਾ ਨਾਮ ਲਿਖਦਾ ਹਾਂ

ਤੇ ਸ਼ਬਦਾਂ ਦੇ ਜ਼ੋਰ ਨਾਲ
ਮੈਂ ਜ਼ਿੰਦਗੀ ਫੇਰ ਸ਼ੁਰੂ ਕਰਦਾ ਹਾਂ
ਮੈਂ ਤੈਨੂੰ ਜਾਨਣ ਲਈ ਜਨਮਿਆ ਸਾਂ
ਤੇਰਾ ਨਾਮ ਲੈਣ ਲਈ ਪੈਦਾ ਹੋਇਆ
ਅਜ਼ਾਦੀ

### ਸਪੇਨੀ ਕਿਸਾਨ ਦੀ ਕਬਰ ਦਾ ਪੱਥਰ

ਜਰਨੈਲ ਫਰਾਂਕੋ ਨੇ ਮੈਨੂੰ ਭਰਤੀ ਕੀਤਾ
ਤੇ ਮੈਂ ਦੁਖਿਆਰਾ ਫੌਜੀ ਬਣ ਗਿਆ
ਪਰ ਮੈਂ ਫੌਜ 'ਚੋਂ ਭੱਜਿਆ ਨਾ
ਮੈਂ ਡਰਦਾ ਸੀ ਉਹ ਮੈਨੂੰ ਗੋਲੀ ਮਾਰ ਦੇਣਗੇ
ਮੈਂ ਡਰਦਾ ਸੀ ਇਸੇ ਲਈ ਫੌਜ ਵਿਚ
ਮੈਂ ਅਜ਼ਾਦੀ ਵਿਰੁੱਧ ਲੜਿਆ, ਇਨਸਾਫ ਵਿਰੁੱਧ ਲੜਿਆ
ਇਰੁਨ[1] ਦੀਆਂ ਕੰਧਾ ਹੇਠ ਲੜਿਆ
ਪਰ ਮੌਤ ਆਉਣੀ ਹੀ ਸੀ ਆ ਹੀ ਗਈ

---

### ਹੁਣ ਇਕੱਲੇ ਨਹੀਂ

ਕਾਲੇ ਪੰਛੀਆਂ ਦੀ ਉਡਾਣ ਵਾਂਗ ਉਹ ਰਾਤ ਭਰ ਨੱਚਦੇ ਰਹੇ
ਉਨ੍ਹਾਂ ਦੇ ਦਿਲ ਸਾਫ ਸਨ ਤੇ ਪਤਾ ਨਹੀਂ ਸੀ ਲਗਦਾ
ਕੌਣ ਕੁੜੀ ਹੈ ਤੇ ਕੌਣ ਮੁੰਡਾ
ਉਨ੍ਹਾਂ ਸਾਰਿਆਂ ਦੀਆਂ ਪਿੱਠਾਂ 'ਤੇ ਰਫਲਾਂ ਸਨ

ਇੱਕ ਦੂਜੇ ਦਾ ਹੱਥ ਫੜੀ ਉਹ ਨੱਚਦੇ ਗਾਉਂਦੇ ਰਹੇ
ਪੁਰਾਣਾ ਗੀਤ  ਨਵਾਂ ਗੀਤ ਤੇ ਫੇਰ ਅਜ਼ਾਦੀ ਦਾ ਗੀਤ
ਗੀਤਾਂ ਨਾਲ ਹਨ੍ਹੇਰੇ ਨੂੰ ਚੁਆਤੀ ਲੱਗੀ ਤੇ ਉਹ ਬਲ ਪਿਆ

ਦੁਸ਼ਮਣ ਦੇ ਫੌਜੀ ਸੌਂ ਗਏ ਸਨ

ਤੇ ਗੂੰਜਾਂ ਨੇ ਫੇਰ ਕਿਹਾ ਉਨ੍ਹਾਂ ਨੂੰ ਜ਼ਿੰਦਗੀ ਕਿੰਨੀ ਪਿਆਰੀ ਹੈ
ਉਨ੍ਹਾਂ ਦੀ ਜੁਆਨੀ ਐਸੇ ਵਿਸ਼ਾਲ ਕੰਢੇ ਵਰਗੀ ਸੀ
ਜਿੱਥੇ ਸਮੁੰਦਰ ਦੁਨੀਆਂ ਨੂੰ ਚੁੰਮਣ ਦੇਣ ਲਈ ਆਉਂਦਾ ਹੈ
ਉਨ੍ਹਾਂ 'ਚੋਂ ਥੋੜ੍ਹਿਆਂ ਨੇ ਹੀ ਦੇਖਿਆ ਸੀ ਸਮੁੰਦਰ
ਪਰ ਇੱਜ਼ਤ ਨਾਲ ਜੀਊਣਾ ਬਿਨਾਂ ਹੱਦਾਂ ਦਾ ਸਫਰ ਹੈ
ਉਹ ਅਪਣੇ ਲਈ ਤੇ ਸਾਥੀਆਂ ਲਈ ਇੱਜ਼ਤ ਨਾਲ ਜੀਵੇ
ਉਨ੍ਹਾਂ ਨੇ ਸਾਥੀਆਂ ਬਾਰੇ ਵੱਡੇ ਵੱਡੇ ਸੁਪਨੇ ਲਏ

ਤੇ ਪਹਾੜ ਉਨ੍ਹਾਂ ਦੇ ਸੁਪਨਿਆਂ ਤੇ ਜਿੱਤਾਂ ਨੂੰ ਚਿਤਵਦੇ
ਮੈਦਾਨਾਂ ਅਤੇ ਰੇਤਾਂ ਵਿਚ ਰਲ ਮਿਲ ਗਏ
ਜਿਵੇਂ ਹੱਥ ਹੱਥਾਂ ਨੂੰ ਮਿਲਦਾ ਹੈ ਤੇ ਬਹਾਰ ਸਮੁੰਦਰ ਨੂੰ

----

### ਗੈਬਰੀਅਲ ਪੀਅਰੀ[2]

ਅੱਜ ਉਹ ਮਨੁੱਖ ਮਰਿਆ ਹੈ ਜਿਸ ਕੋਲ
ਚਪੱਟ ਖੁਲ੍ਹੀਆਂ ਬਾਹਾਂ ਤੋਂ ਬਿਨਾ ਕੋਈ ਢਾਲ ਨਹੀਂ ਸੀ
ਅੱਜ ਉਹ ਮਨੁੱਖ ਮਰਿਆ ਹੈ ਜਿਸ ਕੋਲ
ਉਸ ਸੜਕ ਤੋਂ ਬਿਨਾਂ ਕੋਈ ਸੜਕ ਨਹੀਂ ਸੀ ਜਿਸ 'ਤੇ
ਬੰਦੂਕਾਂ ਨੂੰ ਘੋਰ ਨਫਰਤ ਕੀਤੀ ਜਾਂਦੀ ਹੈ
ਅੱਜ ਉਹ ਮਨੁੱਖ ਮਰਿਆ ਹੈ ਜੋ ਅਜੇ ਵੀ
ਮੌਤ ਵਿਰੁੱਧ ਉਜਾੜੇ ਵਿਰੁੱਧ ਘੋਲ ਕਰ ਰਿਹਾ ਸੀ
ਅਸੀਂ ਵੀ ਉਹੀ ਚਾਹੁੰਦੇ ਹਾਂ
ਜੋ ਉਹ ਚਾਹੁੰਦਾ ਸੀ
ਅਸੀਂ ਅੱਜ ਹੀ ਚਾਹੁੰਦੇ ਹਾਂ
ਖੁਸ਼ੀ ਦੀ ਰਾਹ ਦਿਖਾਊ ਰੌਸ਼ਨੀ
ਦਿਲ ਅੰਦਰ ਵੀ ਤੇ ਅੱਖਾਂ ਵਿਚ ਵੀ
ਤੇ ਧਰਤੀ ਤੇ ਇਨਸਾਫ
ਕੁਝ ਸ਼ਬਦ ਹਨ ਜੋ  ਜੀਣ ਵਿਚ ਮਦਦ ਕਰਦੇ ਹਨ
ਤੇ ਉਹ ਬਹੁਤ ਸਾਦੇ ਹਨ ਸ਼ਬਦ

ਸ਼ਬਦ ਨਿੱਘ ਸ਼ਬਦ ਭਰੋਸਾ
ਪਿਆਰ ਇਨਸਾਫ ਤੇ ਸ਼ਬਦ ਅਜ਼ਾਦੀ
ਸ਼ਬਦ ਬੱਚਾ ਸ਼ਬਦ ਮਿਹਰਬਾਨੀ
ਕੁਝ ਫੁੱਲਾਂ ਤੇ ਫਲਾਂ ਦੇ ਨਾਮ
ਸ਼ਬਦ ਭਰਾ ਸ਼ਬਦ ਸਾਥੀ
ਕੁਝ ਧਰਤੀਆਂ ਤੇ ਪਿੰਡਾਂ ਦੇ ਨਾਮ
ਇਸਤ੍ਰੀਆਂ ਦੇ ਮਿੱਤਰਾਂ ਦੇ ਨਾਮ
ਆਉ ਉਨ੍ਹਾਂ ਵਿਚ ਸ਼ਬਦ ਪੀਅਰੀ ਵੀ ਜੋੜ ਲਈਏ
ਜੋ ਉਸ ਸਭ ਕਾਸੇ ਲਈ ਮਰਿਆ ਹੈ
ਜਿਸਨੇ ਸਾਨੂੰ ਜ਼ਿੰਦਗੀ ਦੇਣੀ ਹੈ
ਉਹਦੀ ਛਾਤੀ ਵਿਚ ਗੋਲੀਆਂ ਹਨ
ਆਉ ਆਪਾਂ ਉਹਨੂੰ ਮਿੱਤਰ ਕਹੀਏ
ਉਹਦੇ ਕਰਕੇ ਅਸੀਂ ਇਕ ਦੂਜੇ ਨੂੰ ਵਧੇਰੇ ਸਮਝੇ ਹਾਂ
ਆਉ ਚਿਤਵੀਏ  ਉਹਦੀਆਂ ਉਮੀਦਾਂ ਜੀਊਂਦੀਆਂ ਰਹਿਣ

---

### ਦਸਤੂਰ

ਮਨੁੱਖਾਂ ਦਾ ਨਿਘ ਭਰਿਆ ਦਸਤੂਰ
ਅੰਗੂਰਾਂ ਤੋਂ ਬਣਾਉਣੀ ਸ਼ਰਾਬ
ਕੋਲੇ ਤੋਂ ਬਣਾਉਣੀ ਅੱਗ
ਤੇ ਚੁੰਮਣਾਂ ਤੋਂ ਬਣਾਉਣੇ  ਮਨੁੱਖ

ਮਨੁੱਖਾਂ ਦਾ ਸਖਤੀ ਭਰਿਆ ਦਸਤੂਰ
ਜੰਗਾਂ ਦੇ ਬਾਵਜੂਦ
ਮੁਸੀਬਤਾਂ ਤੇ ਖਤਰਿਆਂ ਦੇ ਹੁੰਦਿਆਂ
ਜੀਊਂਦੇ ਹਨ ਜੀਅ ਭਰ ਕੇ

ਮਨੁੱਖਾਂ ਦਾ ਨਰਮੀ ਭਰਿਆ ਦਸਤੂਰ
ਪਾਣੀ ਨੂੰ ਰੌਸ਼ਨੀ ਵਿਚ ਬਦਲਨਾ
ਸੁਪਨਿਆਂ ਨੂੰ ਹਕੀਕਤਾਂ ਵਿਚ
ਤੇ ਵੈਰੀਆਂ ਨੂੰ ਦੋਸਤਾਂ ਵਿਚ

ਨਵਾਂ ਤੇ ਪੁਰਾਣਾ ਦਸਤੂਰ
ਅਪਣੇ ਆਪ ਨੂੰ ਸੁਧਾਰਦਾ
ਮਾਸੂਮ ਬੱਚੇ ਦੀ ਹਿੱਕ 'ਚੋਂ ਨਿਕਲਦਾ
ਤੇ ਪਰਮ ਸੱਚ ਤੱਕ ਪਹੁੰਚ ਜਾਂਦਾ ।

1 ਸਪੇਨ ਦਾ ਇੱਕ ਸ਼ਹਿਰ
2 ਗੈਬਰੀਅਲ ਪੀਅਰੀ ਫਰਾਂਸ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ ਜੋ ਜਰਮਨਾਂ ਦੇ ਹੱਥ ਆ ਗਿਆ ਤੇ ਗੋਲੀ ਨਾਲ ਉੜਾ ਦਿੱਤਾ ਗਿਆ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

Secure Your Future

JeevanBima Inc

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



Jasvir Deol
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

# ਗੈਰ-ਜਵਾਬਦੇਹ ਸੈਨੇਟ ਲਈ ਅਸੀਂ ਸਹਿਮਤ ਨਹੀਂ : ਕ੍ਰਿਸਟੀ ਕਲਾਰਕ

ਬ੍ਰਿਟਿਸ਼ ਕੋਲਬੀਆ, (ਨਦਬ) - ਬ੍ਰਿਟਿਸ਼ ਕੋਲੰਬੀਆ ਦੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਦਾ ਕਹਿਣਾ ਹੈ ਕਿ ਟਰੂਡੋ ਸਰਕਾਰ ਵੱਲੋਂ ਸੈਨੇਟ ਨੂੰ ਵਧੇਰੇ ਅਜ਼ਾਦਾਨਾ ਤੇ ਗੈਰ ਪੱਖਪਾਤੀ ਬਣਾਉਣ ਦੀਆਂ ਜਿਹੜੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਸ ਨਾਲ ਇਸ ਦੀ ਸਥਿਤੀ ਪਹਿਲਾਂ ਨਾਲੋਂ ਵੀ ਬਦਤਰ ਹੋ ਜਾਵੇਗੀ। ਕ੍ਰਿਸਟੀ ਕਲਾਰਕ ਨੇ ਆਖਿਆ ਕਿ ਮੈਰਿਟ ਦੇ ਆਧਾਰ ਉੱਤੇ ਸੈਨੇਟਰ ਨਿਯੁਕਤ ਕਰਨ ਦੀ ਨਵੀਂ ਪ੍ਰਕਿਰਿਆ



ਨਾਲ ਗੈਰ ਚੁਣੇ ਹੋਏ ਤੇ ਅਜਿਹੇ ਅੱਪਰ ਹਾਊਸ ਦੀ ਨੀਂਹ ਧਰੀ ਜਾਵੇਗੀ ਜਿਹੜਾ ਕਿਸੇ ਨੂੰ ਜਵਾਬਦੇਹ ਨਹੀਂ ਹੋਵੇਗਾ। ਇਸ ਪ੍ਰਕਿਰਿਆ ਤਹਿਤ ਉਨ੍ਹਾਂ ਦੀ ਪ੍ਰੋਵਿੰਸ ਨੂੰ ਕੋਈ ਨੁਮਾਇੰਦਗੀ ਨਹੀਂ ਮਿਲੇਗੀ। ਇੱਥੇ ਦੱਸਣਾ ਬਣਦਾ ਹੈ ਕਿ ਇਸ ਸਮੇਂ 105 ਸੀਟਾਂ ਵਾਲੇ ਇਸ ਚੈਂਬਰ ਵਿੱਚ ਬੀਸੀ ਦੇ ਸਿਰਫ ਛੇ ਸੈਨੇਟਰ ਹੀ ਹਨ ਜਦਕਿ 4.7 ਮਿਲੀਅਨ ਦੀ ਅਬਾਦੀ ਵਾਲਾ ਇਹ ਕੈਨੇਡਾ ਦਾ ਤੀਜਾ ਸੱਭ ਤੋਂ ਵੱਡਾ ਪ੍ਰੋਵਿੰਸ ਹੈ। ਇਸ ਦੇ ਉਲਟ ਤਿੰਨ ਨਿੱਕੇ ਪ੍ਰੋਵਿੰਸ, ਜਿਨ੍ਹਾਂ ਦੀ ਮਿਲਾ ਕੇ ਕੁੱਲ ਅਬਾਦੀ ਦੋ ਮਿਲੀਅਨ ਹੈ, ਦੇ 24 ਸੈਨੇਟਰ ਹਨ ਤੇ ਇਹੋ ਹਾਲ ਓਨਟਾਰੀਓ ਤੇ ਕਿਊਬਿਕ ਦਾ ਵੀ ਹੈ। ਕਲਾਰਕ ਨੇ ਆਖਿਆ ਕਿ ਅਸੀਂ ਇਸ ਦਾ ਸਮਰਥਨ ਨਹੀਂ ਕਰ ਸਕਦੇ। ਜ਼ਿਕਰਯੋਗ ਹੈ ਕਿ ਡੈਮੋਕ੍ਰੈਟਿਕ ਇੰਸਟੀਚਿਊਸ਼ਨ ਮੰਤਰੀ ਮਰੀਅਮ ਮੌਨਸੈਫ ਨੇ ਪਿਛਲੇ ਹਫਤੇ ਅਜ਼ਾਦਾਨਾ ਪੰਜ ਮੈਂਬਰੀ ਐਡਵਾਈਜ਼ਰੀ ਬੋਰਡ ਕਾਇਮ ਕਰਨ ਦਾ ਐਲਾਨ ਕੀਤਾ ਸੀ ਜਿਹੜਾ ਉਨ੍ਹਾਂ ਪੰਜ ਗੈਰ-ਪੱਖਪਾਤੀ ਮੈਂਬਰਾਂ ਦੀ ਸੂਚੀ ਤਿਆਰ ਕਰੇਗਾ ਜਿਹੜੇ ਸੈਨੇਟ ਦੀਆਂ ਖਾਲੀ ਸੀਟਾਂ ਨੂੰ ਪੁਰ ਕਰਨਗੇ। ਇਸ ਉੱਤੇ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਕ੍ਰਿਸਟੀ ਕਲਾਰਕ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਇਸ ਨਵੀਂ ਪ੍ਰਕਿਰਿਆ ਵਿੱਚ ਹਿੱਸਾ ਨਹੀਂ ਲਵੇਗੀ ਕਿਉਂਕਿ ਉਹ ਇਸ ਨੂੰ ਜਾਇਜ਼ ਤੇ ਵੈਧ ਸਿੱਧ ਨਹੀਂ ਕਰਨਾ ਚਾਹੁੰਦੇ। ਇਸ ਪ੍ਰਕਿਰਿਆ ਨਾਲ ਸੈਨੇਟ ਕਿਸੇ ਵੀ ਤਰ੍ਹਾਂ ਬਿਹਤਰ ਨਹੀਂ ਬਣ ਸਕਦਾ ਸਗੋਂ ਇਸ ਦੀ ਸਥਿਤੀ ਪਹਿਲਾਂ ਨਾਲੋਂ ਵੀ ਨਿੱਘਰ ਜਾਵੇਗੀ।












# ਕਾਂਗਰਸ ਜੋ ਰਾਤ ਨੂੰ ਕਰਦੀ ਹੈ, ਭਾਜਪਾ ਦਿਨ ਵੇਲੇ : ਅਰੁੰਧਤੀ ਰਾਏ



**ਸਵਾਲ–ਬੁਕਰ ਪੁਰਸਕਾਰ ਜੇਤੂ ਅਤੇ ਸਮਾਜਕ ਕਾਰਕੁਨ ਅਰੁੰਧਤੀ ਰਾਏ ਨੇ ਕਿਹਾ ਹੈ ਕਿ ਪੁਰਸਕਾਰ ਵਾਪਸੀ ਨੂੰ ਲੈ ਕੇ ਜੇਕਰ ਉਨ੍ਹਾਂ 'ਤੇ ਨਕਲ ਕਰਨ ਦਾ ਦੋਸ਼ ਲਗਦਾ ਹੈ ਤਾਂ ਉਹ ਕਾਪੀਕੈਟ ਬਣ ਕੇ ਖ਼ੁਸ਼ ਹਨ ?**

**ਅਰੁੰਧਤੀ–** ਸੰਘ ਜਾਂ ਭਾਜਪਾ ਦੀ ਵਿਚਾਰਧਾਰਾ ਦੇ ਵਿਰੋਧ ਕਰਦ ਦਾ ਦੂਸਰਿਆਂ ਨਾਲ ਮੈਨੂੰ ਮੌਕਾ ਮਿਲਿਆ ਹੈ ਅਤੇ ਇਸੇ ਕਾਰਨ ਮੈਂ ਪੁਰਸਕਾਰ ਵਾਪਸ ਕੀਤਾ ਹੈ। ਜਦੋਂ 2005 ਵਿਚ ਕਾਂਗਰਸ ਨੇ ਮੈਨੂੰ ਪੁਰਸਕਾਰ ਦੇਣ ਦਾ ਐਲਾਨ ਕੀਤਾ ਸੀ ਤਾਂ ਮੈਂ ਉਹ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਮੈਂ ਉਨ੍ਹਾਂ ਖ਼ਿਲਾਫ਼ ਲਿਖਦੀ ਹਾਂ। ਕੀ ਮੈਨੂੰ ਚੁੱਪ ਕਰਾਉਣ ਲਈ ਪੁਰਸਕਾਰ ਦਿੱਤਾ ਜਾ ਰਿਹਾ ਸੀ, ਬੱਸ ਇਹ ਸੋਚ ਕਿ ਮੈਂ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ। ਕਾਂਗਰਸ ਦਰਅਸਲ ਭਾਜਪਾ ਖ਼ਿਲਾਫ਼ ਨਹੀਂ ਹੈ, ਬਲਕਿ ਕਾਂਗਰਸ ਜੋ ਰਾਤ ਨੂੰ ਕਰਦੀ ਹੈ, ਭਾਜਪਾ ਦਿਨ ਵੇਲੇ ਕਰਦੀ ਹੈ।

**ਸਵਾਲ– ਤੁਹਾਨੂੰ ਜੋ ਪੁਰਸਕਾਰ ਮਿਲਿਆ ਸੀ, ਉਸ ਨੂੰ ਤੁਸੀਂ ਵਾਪਸ ਕਰ ਦਿੱਤਾ ਹੈ, ਤੁਹਾਨੂੰ ਐਵਾਰਡ ਵਾਪਸ ਕਰਨ ਵਿਚ ਏਨਾ ਵਕਤ ਕਿਉਂ ਲੱਗਾ ?**

**ਅਰੁੰਧਤੀ–** ਮੈਂ ਆਪਣਾ ਐਵਾਰਡ ਇਸ ਲਈ ਵਾਪਸ ਕੀਤਾ ਕਿਉਂਕਿ ਇਹ ਦੇਖ ਕੇ ਮੈਨੂੰ ਬਹੁਤ ਚੰਗਾ ਲੱਗਾ ਕਿ ਬਹੁਤ ਵਰ੍ਹਿਆਂ ਬਾਅਦ ਇਹ ਦਿਖਾਈ ਦੇ ਰਿਹਾ ਹੈ ਕਿ ਲੇਖਕ, ਫ਼ਿਲਮਕਾਰ ਜੋ ਜ਼ਿਆਦਾਤਰ ਸਿਆਸਤ ਤੋਂ ਦੂਰ ਹੀ ਰਹਿੰਦੇ ਹਨ, ਉਹ ਸਾਹਮਣੇ ਆ ਰਹੇ ਹਨ। ਇਕ ਵਜ੍ਹਾ ਇਹ ਵੀ ਹੈ ਕਿ 2005 ਵਿਚ ਜਦੋਂ ਕਾਂਗਰਸ ਦਾ ਰਾਜ ਸੀ, ਉਦੋਂ ਮੈਂ ਸਾਹਿਤ ਅਕਾਦਮੀ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ ਤਾਂ ਲੋਕ ਉਸ ਘਟਨਾ ਦਾ ਹਵਾਲਾ ਦੇ ਕੇ ਇਨ੍ਹਾਂ ਲੇਖਕਾਂ ਨੂੰ ਨਿਸ਼ਾਨਾ ਬਣਾ ਰਹੇ ਸਨ ਕਿ ਅਰੁੰਧਤੀ ਨੇ ਤਾਂ ਐਵਾਰਡ ਲਿਆ ਹੀ ਨਹੀਂ ਸੀ। ਤੁਸੀਂ ਲੋਕਾਂ ਨੇ ਉਦੋਂ ਲਿਆ ਤੇ ਹੁਣ ਵਾਪਸ ਕਰ ਰਹੇ ਹੋ। ਮੈਂ ਉਨ੍ਹਾਂ ਲੋਕਾਂ ਨਾਲ ਖੜ੍ਹੀ ਹੋਣਾ ਚਾਹੁੰਦੀ ਸੀ। ਮੈਂ ਬਹੁਤ ਖ਼ੁਸ਼ ਹਾਂ ਕਿ ਪਹਿਲਾਂ ਏਨੇ ਸਾਰੇ ਲੋਕਾਂ ਨੇ ਆਪਣੇ ਪੁਰਸਕਾਰ ਵਾਪਸ ਕੀਤੇ ਤੇ ਹੁਣ ਜਾ ਕੇ ਮੈਂ ਕੀਤਾ। ਉਂਜ ਤਾਂ ਪਹਿਲਾਂ ਬਹੁਤ ਵਾਰ ਅਜਿਹਾ ਮੈਂ ਪਹਿਲਾਂ ਕਰਦੀ ਰਹੀ ਹਾਂ।

**ਸਵਾਲ–ਜਮਹੂਰੀ ਦੇਸ਼ ਵਿਚ ਜਿਸ ਵਿਅਕਤੀ ਨੂੰ 336 ਸੀਟਾਂ ਜਨਤਾ ਨੇ ਦਿੱਤੀਆਂ ਹਨ, ਉਸ ਖ਼ਿਲਾਫ਼ ਜੇਕਰ 50 ਲੇਖਕ ਜਾਂ ਕੁਝ ਕਲਾਕਾਰ ਆਪਣੇ ਪੁਰਸਕਾਰ ਵਾਪਸ ਕਰ ਰਹੇ ਹਨ ਤਾਂ ਇਸ ਸੰਤੁਲਨ ਨੂੰ ਦੇਖਦਿਆਂ ਤੁਸੀਂ ਲੋਕ ਘੱਟ ਗਿਣਤੀ ਵਿਚ ਨਹੀਂ ਹੋ ?**

**ਅਰੁੰਧਤੀ–** ਲੇਖਕਾਂ ਦਾ ਕੰਮ ਬਹੁਮਤ ਵਿਚ ਰਹਿਣਾ ਨਹੀਂ ਹੈ। ਮੈਂ ਜੇਕਰ ਇਕੱਲੀ ਵੀ ਹਾਂ ਤਾਂ ਵੀ ਮੈਂ ਜੋ ਸੋਚਦੀ ਹਾਂ, ਉਹ ਲਿਖਾਂਗੀ, ਭਾਵੇਂ ਸਾਰੇ ਲੋਕ ਮੇਰੇ ਖ਼ਿਲਾਫ਼ ਹੋਣ। ਅਸੀਂ ਨੇਤਾ ਨਹੀਂ ਹਾਂ। ਮੈਂ ਇਹ ਨਹੀਂ ਕਹਿ ਰਹੀ ਕਿ ਤੁਸੀਂ ਮੈਨੂੰ ਵੋਟ ਦਿਓ, ਮੇਰੇ ਲਈ ਤਾੜੀਆਂ ਵਜਾਓ।

**ਸਵਾਲ– ਜਦੋਂ ਉਦਯ ਪ੍ਰਕਾਸ਼ ਨੇ ਕਰੀਬ ਦੋ ਮਹੀਨੇ ਪਹਿਲਾਂ ਆਪਣਾ ਪੁਰਸਕਾਰ ਵਾਪਸ ਕੀਤਾ, ਉਦੋਂ ਲੇਖਕਾਂ ਦੀ ਅੰਤਰਆਤਮਾ ਕਿਉਂ ਨਹੀਂ ਜਾਗੀ। ਜੋ ਪੁਰਸਕਾਰ ਵਾਪਸ ਕਰ ਰਹੇ ਹਨ, ਇਨ੍ਹਾਂ ਵਿਚੋਂ ਜ਼ਿਆਦਾਤਰ ਪਹਿਲਾਂ ਹੀ ਆਰ.ਐਸ.ਐਸ. ਅਤੇ ਮੋਦੀ ਦੀ ਸਿਆਸਤ ਖ਼ਿਲਾਫ਼ ਰਹੇ। ਉਨ੍ਹਾਂ ਦਾ ਰੁਖ਼ ਤਾਂ ਪਹਿਲਾਂ ਤੋਂ ਹੀ ਸਾਫ਼ ਸੀ, ਇਸ ਵਿਚ ਨਵਾਂ ਕੀ ਹੈ ?**

ਮੈਂ ਕਾਪੀਕੈਟ ਬਣ ਕੇ ਖੁਸ਼ ਹਾਂ। ਸ਼ਾਇਦ ਇਤਿਹਾਸ ਵਿਚ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਹੈ। ਭਾਜਪਾ ਜਾਂ ਆਰ.ਐਸ.ਐਸ. ਖ਼ਿਲਾਫ਼ ਹੋਣਾ ਕੋਈ ਖ਼ਰਾਬ ਗੱਲ ਨਹੀਂ ਹੈ। ਮੈਂ ਨਹੀਂ ਮੰਨਦੀ ਕਿ ਕਾਂਗਰਸ ਅਸਲ ਵਿਚ ਭਾਜਪਾ ਖ਼ਿਲਾਫ਼ ਹੈ। ਕਾਂਗਰਸ ਜੋ ਰਾਤ ਸਮੇਂ ਕਰਦੀ ਹੈ, ਭਾਜਪਾ ਚਿੱਟੇ ਦਿਨ ਕਰਦੀ ਹੈ। ਮੰਨ ਲਓ ਕੋਈ ਸੰਘ ਦੀ ਵਿਚਾਰਧਾਰਾ ਖ਼ਿਲਾਫ਼ ਹੈ ਤੇ ਮੈਨੂੰ ਦੂਸਰਿਆਂ ਨਾਲ ਇਕ ਮੌਕਾ ਮਿਲਿਆ ਹੈ, ਵਿਰੋਧ ਦਿਖਾਉਣ ਦਾ ਤਾਂ ਮੈਂ ਤਾਂ ਦਿਖਾਉਂਗੀ।

**ਸਵਾਲ– ਮੋਦੀ ਜਾਂ ਸੰਘ ਦੇ ਪੱਖਪਾਤੀਆਂ ਦਾ ਤਰਕ ਹੈ ਕਿ ਇਹ ਪਹਿਲੀ ਵਾਰ ਨਹੀਂ ਹੋ ਰਿਹਾ। ਦਲਿਤਾਂ ਨੂੰ ਸਾੜਿਆ ਜਾਂਦਾ ਹੈ, '84 ਦਾ ਕਤਲੇਆਮ ਹੋਇਆ ਤਾਂ ਤੁਸੀਂ ਲੋਕ ਕਿੱਥੇ ਸੀ ?**

**ਅਰੁੰਧਤੀ–** ਜੋ ਪਹਿਲਾਂ ਸਿਆਸੀ ਦ੍ਰਿਸ਼ ਵਿਚ ਨਹੀਂ ਸੀ, ਉਹ ਆਪਣਾ ਜਵਾਬ ਖੁਦ ਦੇਣਗੇ ਪਰ ਜਿੱਥੋਂ ਤਕ ਮੇਰਾ ਸਵਾਲ ਹੈ, ਤਾਂ ਮੈਂ ਕਹਿ ਸਕਦੀ ਹਾਂ ਕਿ ਜਦੋਂ ਤੋਂ ਮੈਂ ਲਿਖਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਕਾਂਗਰਸ ਖ਼ਿਲਾਫ਼ ਬਹੁਤ ਲਿਖ ਚੁੱਕੀ ਹਾਂ। ਮੈਨੂੰ ਤੁਸੀਂ ਕਾਂਗਰਸ–ਭਾਜਪਾ ਦੀ ਬਹਿਸ ਵਿਚ ਨਹੀਂ ਘੜੀਸ ਸਕਦੇ। ਜਦੋਂ 2005 ਵਿਚ ਕਾਂਗਰਸ ਨੇ ਮੈਨੂੰ ਪੁਰਸਕਾਰ ਦਿੱਤਾ ਤਾਂ ਮੈਂ ਕਿਹਾ ਕਿ ਮੈਂ ਤੁਹਾਡੇ ਖ਼ਿਲਾਫ਼ ਲਿਖਦੀ ਹਾਂ ਤਾਂ ਕੀ ਮੈਨੂੰ ਚੁੱਪ ਕਰਾਉਣ ਲਈ ਪੁਰਸਕਾਰ ਦੇ ਰਹੇ ਹੋ, ਮੈਂ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ।

☛ ਬਾਕੀ ਸਫ਼ਾ 41 'ਤੇ

Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- Class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



Tel : 780-265-6990
Email : elitedriving@hotmail.com

# ਰੰਗਮੰਚ ਵੱਡੇ ਸਮਾਜਕ ਉਦੇਸ਼ ਦੀ ਸਿੱਧੀ ਦਾ ਮਾਧਿਅਮ ਹੈ

## ਅਜਮੇਰ ਔਲਖ

ਮੁਲਾਕਾਤੀ : ਅਵਤਾਰ ਜੰਡਿਆਲਵੀ, ਸੁਸ਼ੀਲ ਦੁਸਾਂਝ
+91-98887-99870

ਅਜਮੇਰ ਸਿੰਘ ਔਲਖ ਪੰਜਾਬੀ ਦੇ ਉਨ੍ਹਾਂ ਚੋਣਵੇਂ ਸਿਰਕੱਢ ਨਾਟਕਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਨਾ ਕੇਵਲ ਪੰਜਾਬ ਨਾਟ-ਸਾਹਿਤ ਨੂੰ ਹੀ ਅਪਣੀ ਨਾਟਕ ਰਚਨਾ ਦੁਆਰਾ ਭਰਪੂਰ ਯੋਗਦਾਨ ਦਿੱਤਾ ਸਗੋਂ ਪੰਜਾਬੀ ਰੰਗਮੰਚ ਨੂੰ ਇਕ ਲਹਿਰ ਦਾ ਰੂਪ ਦੇਣ ਵਿਚ ਅਹਿਮ ਭੂਮਿਕਾ ਨਿਭਾਈ। ਉਸ ਨੇ ਨਾਟਕ ਲਿਖੇ, ਨਿਰਦੇਸ਼ਨਾ ਦਿਤੀ, ਇਨ੍ਹਾਂ ਵਿਚ ਅਦਾਕਾਰੀ ਕੀਤੀ ਤੇ ਅਪਣੇ ਪਰਿਵਾਰ ਨੂੰ ਵੀ ਇਸ ਵਡੇਰੀ ਪ੍ਰਤਿਭਾ ਦੀ ਅਤੇ ਸਿਰਜਣਾਤਮਿਕ ਸੂਰਮਗਤੀ ਦੀ ਮੰਗ ਕਰਨ ਵਾਲੇ ਕਾਰਜ ਵਿਚ ਅਪਣੇ ਨਾਲ ਤੋਰੀ ਰਖਿਆ। ਪਿੰਡ ਪਿੰਡ, ਸ਼ਹਿਰ ਸ਼ਹਿਰ, ਦੇਸ਼ ਵਿਦੇਸ਼, ਹਰ ਥਾਂ ਉਸ ਦੇ ਨਾਟਕਾਂ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਸਤੁਤੀਆਂ ਹੋ ਚੁੱਕੀਆਂ ਹਨ। ਪੰਜਾਬ ਦੀ ਕੋਈ ਰੰਗ-ਮੰਡਲੀ ਅਜਿਹੀ ਨਹੀਂ ਜਿਸ ਨੇ ਅਜਮੇਰ ਸਿੰਘ ਔਲਖ ਦੇ ਲਿਖੇ ਨਾਟਕ ਪੇਸ਼ ਨਾ ਕੀਤੇ ਹੋਣ, ਸਗੋਂ ਹਰ ਰੰਗ-ਮੰਡਲੀ ਅਪਣੀਆਂ ਪੇਸ਼ਕਾਰੀਆਂ ਵਿਚ ਔਲਖ ਰਚਿਤ ਨਾਟਕਾਂ ਨੂੰ ਸਥਾਨ ਦੇਣ ਵਿਚ ਫਖ਼ਰ ਮਹਿਸੂਸ ਕਰਦੀ ਹੈ।

ਅਜਮੇਰ ਸਿੰਘ ਔਲਖ ਅਪਣੇ ਰੰਗਮੰਚ ਵਿਚ 'ਅੰਨ੍ਹੇ ਨਿਸ਼ਾਨਚੀਆਂ' ਨੂੰ ਬੜੀ ਹੁਸ਼ਿਆਰੀ ਅਤੇ ਦਲੇਰੀ ਨਾਲ ਢੂੰਡਣ ਵਾਲਾ 'ਸੁਜਾਖਾ ਨਿਸ਼ਾਨਚੀ' ਹੈ। ਉਸ ਦੀ ਲੋਕ-ਹਿਤੈਸ਼ੀ ਵਿਚਾਰਧਾਰਕ ਪ੍ਰਤੀਬੱਧਤਾ ਨੇ ਉਸ ਨੂੰ ਨਿਸ਼ਾਨਾ ਸੇਧਣ ਸਮੇਂ ਕਦੇ ਵੀ ਥਿੜਕਣ ਨਹੀਂ ਦਿਤਾ। ਉਸ ਦੇ ਨਾਟਕ ਜਿਥੇ ਪੰਜਾਬੀ ਕਿਸਾਨੀ ਦੇ ਅੰਤਰਮਨ ਦੀ ਵਿਥਿਆ ਬਿਆਨ ਕਰਦੇ ਹਨ, ਉਥੇ ਉਨ੍ਹਾਂ ਵਰਗਾਂ ਤੇ ਤਾਕਤਾਂ ਨੂੰ ਵੀ ਕਟਹਿਰੇ 'ਚ ਖੜਾ ਕਰਦੇ ਹਨ, ਜਿਹੜੀਆਂ ਬੇਕਿਰਕੀ ਨਾਲ ਕਿਸਾਨੀ ਤੇ ਹੋਰ ਮਿਹਨਤਕਸ਼ ਵਰਗਾਂ ਦਾ ਸ਼ੋਸ਼ਣ ਕਰ ਰਹੀਆਂ ਹਨ।

ਮਲਵਈ ਉਪਭਾਸ਼ਾ ਦੀਆਂ ਨਾਟਕੀ ਸੰਭਾਵਨਾਵਾਂ ਨੂੰ ਪਛਾਨਣ ਦਾ ਸਿਹਰਾ ਵੀ ਅਜਮੇਰ ਸਿੰਘ ਔਲਖ ਸਿਰ ਹੀ ਬੱਝਦਾ ਹੈ। ਇਸ ਉਪਭਾਸ਼ਾ ਨੂੰ ਬਿਰਤਾਂਤ ਤੋਂ ਸੰਵਾਦ ਵਿਚ ਰੂਪਾਂਤ੍ਰਿਤ ਕਰ ਕੇ ਹੀ ਵਾਸਤਵ ਵਿਚ ਔਲਖ ਨੇ ਪੰਜਾਬੀ ਨਾਟਕ-ਸਾਹਿਤ ਅਤੇ ਰੰਗਮੰਚ ਵਿਚ ਅਪਣੀ ਨਿਵੇਕਲੀ ਨੁਹਾਰ ਬਣਾਈ ਹੈ। 'ਭੱਜੀਆਂ ਬਾਹੀਂ', 'ਸੱਤ ਬਗਾਨੇ', 'ਕਿਹਰ ਸਿੰਘ ਦੀ ਮੌਤ', 'ਸਲਵਾਨ', 'ਇਕ ਸੀ ਦਰਿਆ', 'ਝਨਾਂ ਦੇ ਪਾਣੀ', 'ਗਾਨੀ' ਆਦਿ ਔਲਖ ਰਚਿਤ ਪੂਰੇ ਨਾਟਕ ਹਨ ਜਦ ਕਿ 'ਅਰਬਦ-ਨਰਬਦ ਧੁੰਧੂਕਾਰਾ', 'ਮੇਰੇ ਚੋਣਵੇਂ ਇਕਾਂਗੀ', 'ਬਗਾਨੇ ਬੋਹੜ ਦੀ ਛਾਂ' ਤੇ 'ਅੰਨ੍ਹੇ ਨਿਸ਼ਾਨਚੀ' ਉਸ ਦੇ ਇਕਾਂਗੀ-ਸੰਗ੍ਰਹਿ ਹਨ। 'ਸੰਨ ਸਤਾਨਵੇਂ ਤਕ' ਪੁਸਤਕ ਵਿਚ ਉਸ ਦੇ ਸਮੁੱਚੇ ਨਾਟਕ ਵੀ ਪ੍ਰਕਾਸ਼ਿਤ ਹੋ ਚੁੱਕੇ ਹਨ। ਸਰਕਾਰੀ ਕਾਲਜ ਮਾਨਸਾ ਤੋਂ ਪ੍ਰਾਧਿਆਪਕ ਵਜੋਂ ਸੇਵਾ ਮੁਕਤ ਅਜਮੇਰ ਸਿੰਘ ਔਲਖ ਨੇ ਅਪਣਾ ਪੱਕਾ ਟਿਕਾਣਾ ਵੀ ਅੱਜ ਕਲ ਮਾਨਸਾ ਵਿਖੇ ਹੀ ਬਣਾ ਰਖਿਆ ਹੈ।



### ਚਾਲੀ ਸਾਲਾਂ ਦੀ ਕਲਮ ਘਸਾਈ

ਸਵਾਲ : ਚਾਲੀ ਕੁ ਸਾਲਾਂ ਦੀ ਕਲਮ-ਘਸਾਈ, ਅਕਾ ਦੇਣ ਵਾਲੀਆਂ ਰੀਹਰਸਲਾਂ, ਦੂਰ-ਨੇੜੇ ਦੀਆਂ ਸਟੇਜਾਂ 'ਤੇ ਪਹੁੰਚ ਕੇ ਨਾਟਕਾਂ ਦੀ ਪੇਸ਼ਕਾਰੀ, ਇਹ ਸਾਰਾ ਕੰਮ ਤੁਸੀਂ ਕੋਈ ਮਿਸ਼ਨ ਲੈ ਕੇ ਕੀਤਾ ਲਗਦਾ ਹੈ। ਕੀ ਸੀ ਉਹ ਮਿਸ਼ਨ ਤੇ ਕਿੰਨੀ ਕੁ ਕਾਮਯਾਬੀ ਹੱਥ ਲੱਗੀ ਤੁਹਾਡੇ?

ਔਲਖ : ਸ਼ੁਰੂ ਵਿਚ ਮੈਂ ਨਾ ਹੀ ਕਿਸੇ ਮਿਸ਼ਨ ਅਧੀਨ ਨਾਟਕ ਲਿਖਣ ਲੱਗਿਆ ਸੀ ਤੇ ਨਾ ਹੀ ਸਟੇਜ ਉਤੇ ਪੇਸ਼ ਕਰਨ ਲਈ। 1970 ਵਿਚ ਮੈਂਨੂੰ ਮੇਰੇ ਕਾਲਜ ਵਿਚ ਸਭਿਆਚਾਰਕ ਸਰਗਰਮੀਆਂ ਤੇ ਕਾਲਜ ਦੀ ਡਰਾਮਾ ਕਲੱਬ ਦਾ ਇੰਚਾਰਜ ਬਣਾ ਦਿੱਤਾ ਗਿਆ। ਬਸ, ਇਸ ਸੌਂਪੀ ਗਈ ਜ਼ਿੰਮੇਵਾਰੀ ਅਧੀਨ ਹੀ ਮੈਂ ਕਾਲਜ ਵਿਚ ਕਾਲਜ ਦੇ ਵਿਦਿਆਰਥੀਆਂ ਨੂੰ ਹੋਰ ਸਭਿਆਚਾਰਕ ਆਈਟਮਾਂ ਦੇ ਨਾਲ-ਨਾਲ ਐਕਟਿੰਗ ਦੀਆਂ ਆਈਟਮਾਂ, ਜਿਵੇਂ ਮੋਨੋ-ਐਕਟਿੰਗ, ਸਕਿੱਟ ਤੇ ਨਾਟਕ ਬਗੈਰਾ ਵੀ ਤਿਆਰ ਕਰਵਾਉਣ ਲੱਗ ਪਿਆ। ਤਿਆਰ ਕਰਵਾ ਕੇ ਜਦ ਮੈਂ ਇਹ ਆਈਟਮਾਂ ਅਪਣੇ ਕਾਲਜ ਵਿਚ ਕਰਵਾਉਂਦਾ ਜਾਂ ਅੰਤਰ-ਕਾਲਜ ਮੁਕਾਬਲਿਆਂ ਦੁਰਾਨ ਕਿਸੇ ਬਾਹਰਲੇ ਕਾਲਜ ਦੀਆਂ ਸਟੇਜਾਂ ਉਤੇ ਪੇਸ਼ ਕਰਨ ਲੱਗ ਪਿਆ ਤਾਂ ਹੌਲੀ-ਹੌਲੀ ਮੈਂ ਵੇਖਿਆ ਕਿ ਮੇਰੇ ਰਾਹੀਂ ਲਿਖੀਆਂ ਤੇ ਤਿਆਰ ਕਰਵਾਈਆਂ ਗਈਆਂ ਆਈਟਮਾਂ ਵਿਚੋਂ ਦਰਸ਼ਕਾਂ ਵੱਲੋਂ ਸਭ ਤੋਂ ਵਧੀਆ ਹੁੰਗਾਰਾ ਮੇਰੀਆਂ ਨਾਟਕੀ ਆਈਟਮਾਂ ਨੂੰ ਹੀ ਮਿਲਦਾ ਹੈ। ਸ਼ੁਰੂ ਵਿਚ ਹੀ ਮੇਰੇ ਰਾਹੀਂ ਲਿਖੇ ਤੇ ਤਿਆਰ ਕਰਵਾਏ ਗਏ ਕਈ ਨਾਟਕਾਂ ਨੂੰ ਕਈ ਅੰਤਰ-ਕਾਲਜ ਮੁਕਾਬਲਿਆਂ ਵਿਚ ਲਗਾਤਾਰ ਪਹਿਲਾ ਜਾਂ ਦੂਜਾ ਸਥਾਨ ਮਿਲਦਾ ਗਿਆ। ਇਸ ਤੋਂ ਮੈਂ ਉਤਸ਼ਾਹਿਤ ਹੋ ਕੇ ਨਾਟਕ ਲਿਖਣ ਤੇ ਕਰਨ ਵੱਲ ਰੁਚਿਤ ਹੁੰਦਾ ਚਲਾ ਗਿਆ। ਸੋ, ਸ਼ੁਰੂ ਵਿਚ ਤਾਂ ਇਹ ਕਾਰਜ ਦਰਸ਼ਕਾਂ ਵੱਲੋਂ ਮਿਲੀ 'ਵਾਹਵਾ-ਵਾਹਵਾ' ਦੇ ਚਾਅ ਅਧੀਨ ਹੀ ਕਰਨਾ ਸ਼ੁਰੂ ਕੀਤਾ ਸੀ ਪਰ ਬਾਦ ਵਿਚ ਕਈ ਗੰਭੀਰ ਕਿਸਮ ਦੇ ਪੰਜਾਬੀ ਲੇਖਕਾਂ, ਜਿੰਨ੍ਹਾਂ ਵਿਚ ਸਾਡੇ ਨਾਮਵਰ ਨਾਵਲਕਾਰ ਗੁਰਦਿਆਲ ਸਿੰਘ ਤੇ ਸੁਪ੍ਰਸਿੱਧ ਮਾਰਕਸਵਾਦੀ ਆਲੋਚਕ ਮਰਹੂਮ ਡਾ ਟੀ ਆਰ ਵਿਨੋਦ ਦਾ ਨਾਂਅ ਮੈਂ ਵਿਸ਼ੇਸ਼ ਤੌਰ 'ਤੇ ਲੈਣਾ ਚਾਹਾਂਗਾ, ਇਹਨਾਂ ਨੇ ਮੇਰੇ ਨਾਟਕਾਂ ਦੀ ਪਰਸੰਸਾ ਵੀ ਕੀਤੀ ਤੇ ਮੈਂਨੂੰ ਕਈ ਮੁੱਲਵਾਨ ਸੁਝਾਅ ਵੀ ਦਿੱਤੇ ਜਿਸ ਸਦਕਾ ਮੈਂ ਨਾਟਕ ਲਿਖਣ ਤੇ ਮੰਚਿਤ ਕਰਨ ਵੱਲ ਵਧੇਰੇ ਸੰਜੀਦਾ ਹੋਣ ਲੱਗ ਪਿਆ। ਮਿਸ਼ਨ ਜਾਂ ਕੁਮਿਟਮੈਂਟ ਦਾ ਪੜਾਅ ਤਾਂ ਓਦੋਂ ਹੀ ਆਇਆ ਜਦ ਮੈਂ ਅਪਣੇ ਨਾਟਕਾਂ ਨੂੰ ਸੁਚੇਤ ਤੌਰ 'ਤੇ ਕਾਲਜਾਂ-ਯੂਨੀਵਰਸਿਟੀਆਂ ਦੇ ਤੰਗ ਦਾਇਰੇ ਵਿਚੋਂ ਕੱਢ ਕੇ ਇਸਨੂੰ ਪੰਜਾਬ ਦੇ ਪਿੰਡਾਂ ਦੇ ਕਿਰਤੀ ਲੋਕਾਂ ਵਿਚਕਾਰ ਲੈ ਕੇ ਗਿਆ। ਇਹ ਉਤਸ਼ਾਹ ਤੇ ਪ੍ਰੇਰਨਾ ਮੈਂ ਮੋਟੇ ਤੌਰ 'ਤੇ ਭਾਅ ਗੁਰਸ਼ਰਨ ਸਿੰਘ ਜੀ ਦੇ ਰੰਗਮੰਚ ਨੂੰ ਵੇਖ ਕੇ ਪ੍ਰਾਪਤ ਕੀਤਾ।

ਦੂਜੇ, ਇਸ ਮਿਸ਼ਨ ਨਾਲ ਜੁੜਨ ਵਿਚ ਪੇਂਡੂ ਕਿਰਤੀ-ਕਾਮਿਆਂ ਵੱਲੋਂ ਮੇਰੇ ਨਾਟਕਾਂ ਨੂੰ ਮਿਲੇ ਹੁੰਗਾਰੇ ਦਾ ਵੀ ਵੀ ਵੱਡਾ ਰੋਲ ਸੀ। ਮੈਂ ਲਿਖਦਾ ਵੀ ਉਹਨਾਂ ਬਾਰੇ ਸੀ ਤੇ ਮੋਟੇ ਤੌਰ 'ਤੇ ਕਰਦਾ ਵੀ ਉਹਨਾਂ ਮੂਹਰੇ ਸੀ। ਇਸ ਤਰ੍ਹਾਂ ਉਹਨਾਂ ਕਿਰਤੀ-ਕਾਮਿਆਂ ਮੂਹਰੇ ਉਹਨਾਂ ਦੀ ਜ਼ਿੰਦਗੀ ਦੇ ਨਾਟਕ ਕਰਦਿਆਂ-ਕਰਦਿਆਂ ਮੈਂ ਇਸ ਕਾਰਜ ਬਾਰੇ ਦਿਨ-ਬ-ਦਿਨ ਸੰਜੀਦਾ ਵੀ ਹੁੰਦਾ ਗਿਆ ਤੇ ਇਸਨੂੰ ਹੌਲੀ-ਹੌਲੀ ਅਪਣਾ ਮਿਸ਼ਨ ਵੀ ਬਣਾ ਬੈਠਾ। ਭਾਵੇਂ 1974-75 ਤੱਕ ਮੈਂ ਪਿੰਡਾਂ ਵਿਚ ਇੱਕਾ-ਦੁੱਕਾ ਨਾਟਕ ਕਰਨੇ ਸ਼ੁਰੂ ਕਰ ਦਿਤੇ ਸਨ ਪਰ ਓਦੋਂ ਨਾਟਕ ਇਸ ਚਾਅ ਤੇ ਉਤਸ਼ਾਹ ਅਧੀਨ ਕਰਿਆ ਕਰਦਾ ਸੀ ਕਿ ਲੋਕ ਮੇਰੇ ਨਾਟਕਾਂ ਨੂੰ ਕਰਵਾਉਣ ਲੱਗੇ ਹਨ। ਪਰ 1980 ਤੋਂ ਬਾਦ ਇਹ ਕਾਰਜ ਮੈਂ ਇੱਕ ਮਿਸ਼ਨ ਤੇ ਕਮਿਟਮੈਂਟ ਅਧੀਨ ਕਰਦਾ ਚਲਿਆ ਆ ਰਿਹਾ ਹਾਂ। ਇਹ ਮਿਸ਼ਨ ਤੇ ਕਮਿਟਮੈਂਟ ਸਦਕਾ ਹੀ ਮੈਂ ਅੱਜ ਵੀ ਦੂਰ-ਦੁਰਾਡੇ ਜਾ ਕੇ ਨਾਟਕ ਕਰਨ ਤੋਂ ਅਪਣੇ-ਆਪ ਨੂੰ ਬਚਾਅ ਨਹੀਂ ਸਕਦਾ ਹਾਲਾਂ ਕੈਂਸਰ ਦੀ ਬਿਮਾਰੀ ਕਾਰਨ ਡਾਕਟਰਾਂ ਨੇ ਮੈਂਨੂੰ ਸੰਭਲ-ਸੰਭਲ ਕੇ ਤੁਰਨ-ਫਿਰਨ ਦੀ ਸਖ਼ਤ ਹਿਦਾਇਤ ਕੀਤੀ ਹੋਈ ਹੈ।

'ਕਾਮਯਾਬੀ ਕਿੰਨੀ ਕੁ ਹੱਥ ਲੱਗੀ ਹੈ' ਇਸ ਬਾਰੇ ਕੁਝ ਨਹੀਂ ਕਹਿ ਸਕਦਾ। ਹਾਂ, ਐਨਾ ਕੁ ਜ਼ਰੂਰ ਕਹਿ ਸਕਦਾ ਹਾਂ ਕਿ ਓਨਾ ਮੈਂ ਕੰਮ ਨਹੀਂ ਕਰ ਸਕਿਆ ਜਿੰਨਾ ਕਰਨ ਦੀ ਮਨ ਵਿਚ ਰੀਝ ਉਠਦੀ ਰਹੀ ਹੈ। ਫਿਰ ਵੀ ਧੰਨ ਨੇ ਮੇਰੇ ਨਾਟਕਾਂ ਦੇ ਪਾਠਕ ਤੇ ਦਰਸ਼ਕ ਜਿੰਨ੍ਹਾਂ ਨੇ ਸੀਮਤ ਸਮਰੱਥਾ ਵਾਲੇ ਮੇਰੇ ਵਰਗੇ ਨਾਟਕਕਾਰ ਨੂੰ ਉਸਦੀ ਸਮਰੱਥਾ ਤੋਂ ਕਿਤੇ ਵੱਧ ਮਾਨਤਾ ਦੇ ਮਾਣ-ਸਨਮਾਨ ਬਖ਼ਸ਼ਿਆ।

ਸਵਾਲ : ਸਦੀਆਂ ਪਹਿਲਾਂ ਗਰੀਕ ਅਤੇ ਮਿਸਰੀ ਸਭਿਅਤਾਵਾਂ ਵਿਚ ਨਾਟਕ ਦੀ ਬੜੀ ਮਹੱਤਤਾ ਸੀ। ਕੀ ਕਦੇ ਵਿਚਾਰਿਆ ਹੈ ਕਿ ਉਨ੍ਹਾਂ ਦੇ ਸਮਕਾਲੀ ਸਮੇਂ ਭਾਰਤ ਵਿਚ ਨਾਟਕ ਦੀ ਕੀ ਹਾਲਤ ਰਹੀ ਹੋਵੇਗੀ?

ਔਲਖ : ਨਾਟਕ ਜਾਂ ਰੰਗਮੰਚ ਦੇ ਇਤਿਹਾਸਕ ਵਿਰਸੇ ਬਾਰੇ ਮੇਰੀ ਅਕਾਦਮਿਕ ਜਾਣਕਾਰੀ ਕਾਫੀ ਸੀਮਤ ਹੈ। ਮੈਂਨੂੰ ਐਨੀ ਕੁ ਜਾਣਕਾਰੀ ਤਾਂ ਜ਼ਰੂਰ ਐ ਕਿ ਗਰੀਕ ਕੋਲ ਬੜਾ ਪੁਰਾਣਾ ਤੇ ਅਮੀਰ ਨਾਟਕੀ ਤੇ ਰੰਗਮੰਚੀ ਵਿਰਸਾ ਹੈ ਪਰ ਉਸ ਸਮੇਂ ਭਾਰਤੀ ਨਾਟਕ ਦੀ ਸਥਿਤੀ ਕੀ ਸੀ, ਸੱਚੀ ਗੱਲ ਐ, ਇਸ ਪੱਖੋ ਮੈਂ ਅਗਿਆਨੀ ਹੀ ਹਾਂ।

ਸਵਾਲ : ਪੰਜਾਬੀ ਅਤੇ ਖ਼ਾਸਕਰ ਸਿੱਖ ਸਮਾਜ ਵਿਚ ਨਾਟਕ ਨੂੰ ਨਕਾਰਿਆ ਤਾਂ ਨਹੀਂ ਗਿਆ ਪਰ ਇੱਕ ਮੂਕ ਵਿਰੋਧਤਾ ਦਾ ਮੁਹਾਜ ਜ਼ਰੂਰ ਖੜ੍ਹਾ ਰਹਿੰਦਾ ਹੈ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਨਾਇਕ ਦਾ ਪਾਰਟ ਕਰਨ ਵਾਲਾ ਐਕਟਰ ਪਤਾ ਨਹੀਂ ਕਿਹੋ ਜਿਹਾ ਹੋਵੇ। ਕੀ ਇਸ ਨਾਲ ਪੰਜਾਬੀ ਨਾਟਕ ਨੂੰ ਕੋਈ ਨੁਕਸਾਨ ਹੋਇਆ ਹੈ?

ਔਲਖ : ਹਾਂ, ਨੁਕਸਾਨ ਤਾਂ ਹੋਣਾ ਹੀ ਹੋਇਆ। ਸਾਡੇ ਨਾਟਕਕਾਰ ਅਪਣੇ ਅਗਾਂਹਵਧੂ ਸਿੱਖ ਵਿਰਸੇ ਨੂੰ ਅੱਜ ਦੇ ਸਮਾਜ ਦੀਆਂ ਸਮੱਸਿਆਵਾਂ ਸਨਮੁੱਖ ਵਰਤਣ ਵੇਲੇ ਬਹੁਤ ਸਾਰੀਆਂ ਝਿਜਕਾਂ ਦਾ ਸ਼ਿਕਾਰ ਹੋ ਜਾਂਦੇ ਹਨ। 1999 ਵਿਚ ਖਾਲਸੇ ਦੀ ਸਿਰਜਣਾ ਦੇ ਤਿੰਨ ਸੌ ਸਾਲਾ ਉਤਸਵ ਵੇਲੇ ਮੈਂ 'ਐਸੇ ਰਚਿਓ ਖਾਲਸਾ' ਨਾਂ ਦਾ ਇੱਕ ਨਾਟਕ ਲਿਖਿਆ ਤੇ ਤਿੰਨ-ਚਾਰ ਥਾਂਵਾਂ 'ਤੇ ਖੇਡਿਆ ਸੀ। ਫਰੀਦਕੋਟ ਵਿਖੇ ਇਸ ਨਾਟਕ ਦੀ ਪੇਸ਼ਕਾਰੀ ਤੋਂ ਬਾਦ ਇੱਕ 'ਅੰਮ੍ਰਿਤਧਾਰੀ' ਨੌਜਵਾਨ ਮੇਰੇ ਕੋਲ ਆ ਕੇ ਮੈਂਨੂੰ ਪੁੱਛਣ ਲੱਗਾ, ''ਸਰਦਾਰ ਜੀ, ਜਿੰਨ੍ਹਾਂ ਮੁੰਡਿਆਂ ਨੇ ਇਸ ਨਾਟਕ ਵਿਚ ਪੰਜ ਪਿਆਰਿਆਂ ਦਾ ਰੋਲ ਕੀਤਾ ਹੈ, ਕੀ ਉਹਨਾਂ ਨੇ ਅੰਮ੍ਰਿਤਪਾਨ ਕੀਤਾ ਹੋਇਆ ਸੀ?'' ਮੈਂਨੂੰ ਗੁੱਸਾ ਆ ਗਿਆ ਤੇ ਗੁੱਸੇ ਵਿਚ ਮੈਂ ਉਸਨੂੰ ਹੀ 'ਪੁੱਠਾ' ਸਵਾਲ ਕਰ ਦਿਤਾ, ''ਖਾਲਸਾ ਜੀ ਤੁਸੀਂ ਅੰਮ੍ਰਿਤਪਾਨ ਕੀਤਾ ਹੋਇਐ, ਤੁਸੀਂ ਜਾਤ-ਪਾਤ ਦੇ ਮੱਕੜ-ਜਾਲ ਵਿਚੋਂ ਨਿਕਲ ਗਏ ਹੋ ਜਾਂ ਨਹੀਂ?'' ਉਹ ਮੇਰੇ ਵੱਲ ਕੌੜ-ਕੌੜ ਅੱਖਾਂ ਕਢਦਾ ਹੋਇਆ ਬੋਲਿਆ, ''ਇਹ ਵੀ ਕੋਈ ਮੇਰੇ ਸਵਾਲ ਦਾ ਜਵਾਬ ਹੋਇਆ?'' ਤੇ ਉਸੇ ਤਰ੍ਹਾਂ ਗੁੱਸੇ ਦਾ ਭਰਿਆ ਮੇਰੇ ਤੋਂ ਦੂਰ ਚਲਿਆ ਗਿਆ। ਮੇਰੇ ਖਿਆਲ ਵਿਚ ਸਿੱਖੀ ਵਿਚ ਤਾਂ ਨਾਟਕਾਂ ਦਾ ਕੋਈ ਵਿਰੋਧ ਨਹੀਂ, ਹਾਂ ਕਰਮਕਾਂਡੀ 'ਸਿੱਖ' ਇਸਨੂੰ ਜ਼ਰੂਰ ਚੰਗਾ ਨਹੀਂ ਸਮਝਦੇ। ਤੇ ਸਿੱਖ ਸਮਾਜ ਵਿਚ ਅੱਜ ਅਜਿਹੇ 'ਕਰਮਕਾਂਡੀਆਂ' ਦਾ ਹੀ ਵਧੇਰੇ ਬੋਲ-ਬਾਲਾ ਹੈ। ਅਜਿਹੇ ਮਾਹੌਲ ਵਿਚ ਸਾਡੇ ਸਿੱਖੀ ਵਾਲੇ ਇਨਕਲਾਬੀ ਵਿਰਸੇ ਦਾ ਨਾਟ-ਮੰਚਣ ਤੋਂ ਵਾਂਝਾ ਰਹਿ ਜਾਣਾ ਨੁਕਸਾਨ ਵਾਲਾ ਵਰਤਾਰਾ ਤਾਂ ਹੋਣਾ ਈ ਹੋਇਆ।

### ਸ਼ੈਕਸਪੀਅਰ ਵੱਡਾ ਕਿਉਂ

ਸਵਾਲ : ਸ਼ੈਕਸਪੀਅਰ ਨੇ ਅਪਣੇ ਜੀਵਨ ਵਿਚ ਸੈਂਤੀ ਨਾਟਕ ਲਿਖੇ ਤੇ ਖੇਡੇ ਵੀ, ਦੁਨੀਆ ਭਰ ਵਿਚ ਕਿਸੇ ਨੇ ਇੱਕ ਨਾਟਕ ਨੂੰ ਵੀ ਹਲਕਾ ਜਾਂ ਮਾੜਾ ਨਹੀਂ ਕਿਹਾ। ਕਾਰਲ ਮਾਰਕਸ ਸਮੇਤ ਸਭ ਵਿਚਾਰਵਾਨਾਂ ਨੇ ਉਸਦੀ ਮਹਾਨਤਾ ਨੂੰ ਸਵੀਕਾਰਿਆ, ਹਾਲਾਂਕਿ ਉਹਦੇ ਬਹੁਤੇ ਨਾਟਕਾਂ ਰਾਜਿਆਂ-ਰਾਣੀਆਂ ਬਾਰੇ ਹੀ ਸਨ। ਤੁਸੀਂ ਕੀ ਸਮਝਦੇ ਹੋ ਕਿ ਕੀ

ਨਵੀਂ ਦੁਨੀਆ

ਕਾਰਨ ਸੀ ਉਸਦੀ ਮਹਾਨਤਾ ਦਾ?

ਔਲਖ : ਨਿਸ਼ਚੇ ਹੀ ਸ਼ੈਕਸਪੀਅਰ ਸੰਸਾਰ-ਸਾਹਿਤ ਵਿਚ ਇੱਕ ਮਹਾਨ ਨਾਟਕਕਾਰ ਦੀ ਪਦਵੀ ਰਖਣਵਾਲਾ ਨਾਟਕਕਾਰ ਹੈ। ਉਸਦੀ ਇਸ ਮਹਾਨਤਾ ਪਿਛੇ ਜਿੰਨਾ ਉਸਦੇ ਦੁਖਾਂਤਕ ਨਾਟਕਾਂ ਦਾ ਹੱਥ ਹੈ ਓਨਾ ਸੁਖਾਂਤਕ ਨਾਟਕਾਂ ਦਾ ਨਹੀਂ। ਉਸਦੇ ਨਾਟਕਾਂ ਦੇ ਪਲਾਟ ਭਾਵੇਂ ਰਾਜਸ਼ਾਹੀ ਜੀਵਨ ਦੀਆਂ ਘਟਨਾਵਾਂ ਲੈ ਕੇ ਬੁਣੇ ਗਏ ਹਨ ਪਰ ਉਹਨਾਂ ਰਾਹੀਂ ਮਨੁੱਖ ਦੀ ਹੋਣੀ ਨਾਲ ਜੁੜੇ ਬਹੁਤ ਸਾਰੇ ਜੀਵਨ-ਸੱਚਾਂ ਨੂੰ ਬਹੁਤ ਹੀ ਕਲਾਤਮਿਕ ਢੰਗ ਨਾਲ ਦ੍ਰਿਸ਼ਟਮਾਨ ਕੀਤਾ ਗਿਆ ਹੈ। ਕਾਰਲ ਮਾਰਕਸ ਇੱਕ ਅਜਿਹਾ ਵਿਚਾਰਵਾਨ ਸੀ ਜਿਹੜਾ ਕਿਸੇ ਕਲਾ ਜਾਂ ਸਾਹਿਤਕ ਕਿਰਤ ਦੇ ਰੂਪ ਰਾਹੀਂ ਉਸ ਅੰਦਰਲੇ ਸਾਰ ਤੱਕ ਪਹੁੰਚਦਾ ਸੀ। ਸਾਹਿਤ ਦੇ ਰੂਪ ਤੱਕ ਅਪਣੇ-ਆਪ ਨੂੰ ਸੀਮਤ ਰੱਖਣ ਵਾਲੇ ਵਿਦਵਾਨ, ਭਾਵੇਂ ਉਹ ਅਪਣੇ-ਆਪ ਨੂੰ ਮਾਰਕਸਵਾਦੀ ਹੀ ਕਿਉਂ ਨਾ ਅਖਵਾਉਂਦੇ ਹੋਣ, ਸ਼ੈਕਸਪੀਅਰ ਦੇ ਨਾਟਕਾਂ ਵਿਚੋਂ 'ਰਾਜੇ-ਰਾਣੀਆਂ ਦੀਆਂ ਕਹਾਣੀਆਂ' ਤੋਂ ਵੱਧ ਕੁਝ ਨਹੀਂ ਲੱਭ ਸਕਦੇ। ਕਾਰਲ ਮਾਰਕਸ ਨੇ ਅਪਣੀ ਵਿਗਿਆਨਕ ਸੋਚ ਦੇ ਆਧਾਰ 'ਤੇ ਸ਼ੈਕਸਪੀਅਰ ਦੇ ਨਾਟਕਾਂ ਵਿਚ ਉਸ ਵੇਲੇ ਦੇ ਭੂਪਵਾਦੀ ਸਮਾਜ ਵਿਚੋਂ ਰਾਜਸ਼ਾਹੀ ਵਰਗ ਦੀਆਂ ਅੰਦਰੂਨੀਆਂ ਵਿਰੋਧਤਾਈਆਂ ਨੂੰ ਪਛਾਣਿਆ ਸੀ। ਬਾਦ ਵਿਚ ਵੀ, ਜਦ ਲੈਨਿਨ ਨੇ ਇਸੇ ਨਜ਼ਰੀਏ ਨਾਲ ਤਾਲਸਤਾਏ ਦੇ ਨਾਵਲਾਂ ਦਾ ਅਧਿਐਨ ਕੀਤਾ ਸੀ, ਤਾਂ ਉਸਨੇ ਵੀ ਇਹ ਸਿੱਟਾ ਕੱਢਿਆ ਸੀ ਕਿ 'ਤਾਲਸਤਾਏ ਦੀਆਂ ਕਿਰਤਾਂ ਰੂਸੀ ਇਨਕਲਾਬ ਦਾ ਸ਼ੀਸ਼ਾ ਹਨ।' ਜੇ ਸਾਡੇ ਮਾਰਕਸਵਾਦੀ ਆਲੋਚਕ ਮਾਰਕਸਵਾਦ ਦੀ ਮਕਾਨਕੀ ਵਰਤੋਂ ਛੱਡ ਕੇ ਕਾਰਲ ਮਾਰਕਸ ਤੇ ਲੈਨਿਨ ਵਾਲੀ ਦ੍ਰਿਸ਼ਟੀ ਅਪਣਾ ਲੈਣ ਤਾਂ ਉਹ ਵੀ ਸਾਡੇ ਇਤਿਹਾਸਕ, ਸਾਹਿਤਕ ਤੇ ਸਭਿਆਚਾਰਕ ਸਿੱਖ ਵਿਰਸੇ ਵਿਚੋਂ ਬੜੇ ਇਨਕਲਾਬੀ ਤੱਤ ਲੱਭਣ ਦੇ ਸਮਰੱਥ ਹੋ ਜਾਣ।

ਸਵਾਲ : ਲੰਡਨ ਵਿਚ 'ਚੂਹੇ ਦਾ ਪਿੰਜਰਾ' ਨਾਮ ਦਾ ਨਾਟਕ ਪਿਛਲੇ ਅਠਵੰਜਾ ਸਾਲਾਂ ਤੋਂ ਲਗਾਤਾਰ ਚੱਲ ਰਿਹਾ ਹੈ। ਦਰਸ਼ਕਾਂ ਦੀਆਂ ਤਿੰਨ-ਤਿੰਨ ਪੀੜ੍ਹੀਆਂ ਨੇ ਇਸਨੂੰ ਦੇਖਿਆ ਹੈ। ਤੁਸੀਂ ਇਸ ਚਮਤਕਾਰ ਨੂੰ ਕਿਸ ਤਰ੍ਹਾਂ ਵੇਖਦੇ ਹੋ?

ਔਲਖ : ਮੈਂ ਇਹ ਨਾਟਕ ਖੁਦ ਨਹੀਂ ਵੇਖਿਆ, ਸੁਣਿਆ ਈ ਐ ਇਸ ਬਾਰੇ। ਇਸ ਲਈ ਸੁਣੇ-ਸੁਣਾਏ ਬਾਰੇ ਪੂਰੇ ਨਿਸ਼ਚੇ ਨਾਲ ਕੁਝ ਕਹਿਣਾ ਮੁਸ਼ਕਲ ਐ। ਲੋਕ ਇਹ ਤਾਂ ਕਹਿੰਦੇ ਹਨ ਕਿ ਇਹ ਨਾਟਕ ਐਨੇ ਲੰਬੇ ਸਮੇਂ ਤੋਂ ਲੰਡਨ ਵਿਚ ਲਗਾਤਾਰ ਖੇਡਿਆ ਜਾ ਰਿਹੈ ਪਰ ਇਹ ਕਿਸੇ ਨੇ ਘੱਟ-ਵੱਧ ਹੀ ਦੱਸਿਆ ਹੈ ਕਿ ਇਸ ਨਾਟਕ ਦੇ ਕਨਟੈਂਟ, ਇਸਦੇ ਸਾਰ ਵਿਚ ਅਜਿਹੀ ਕਿਹੜੀ ਗੱਲ ਐ ਜਿਸਨੂੰ ਲੋਕ ਐਨੇ ਸਾਲਾਂ ਤੋਂ ਲਗਾਤਾਰ ਵੇਖਦੇ ਤੁਰੇ ਆ ਰਹੇ ਹਨ। ਅਸਲ ਗੱਲ ਤਾਂ ਨਾਟਕ ਦੇ ਕਨਟੈਂਟ ਦੀ ਹੈ। 'ਚੂਹੇ ਦਾ ਪਿੰਜਰਾ' ਨਾਟਕ ਸਾਡੇ ਜੀਵਨ ਦੇ ਕਿਹੜੇ ਯਥਾਰਥ ਨਾਲ ਜੁੜਿਆ ਹੋਇਆ ਹੈ ਜਿਸਦਾ ਰਹਸ ਸਮਝਣ ਲਈ ਦਰਸ਼ਕ ਇਸਨੂੰ ਵਾਰ-ਵਾਰ ਵੇਖਣ ਲਈ ਜਾ ਰਹੇ ਹਨ? ਤੇ ਜੇ ਇਸ ਨਾਟਕ ਵਿਚ ਅਜਿਹਾ ਗੁਣ ਨਹੀਂ, ਤਾਂ ਇਹ ਭਾਵੇਂ ਅਠਵੰਜਾ ਸਾਲ ਹੋਰ ਚਲਦਾ ਰਹੇ ਤਾਂ, ਮੇਰੀ ਜਾਚੇ, ਇਸਦਾ ਕੋਈ ਸਾਹਿਤਕ ਮਹੱਤਵ ਨਹੀਂ।

ਸਵਾਲ : ਸ਼ੈਕਸਪੀਅਰ ਨੇ ਸਮੁੱਚੇ ਜੀਵਨ ਨੂੰ ਹੀ ਰੰਗਮੰਚ ਕਿਹਾ ਹੈ, ਤੁਹਾਨੂੰ ਇਹ ਵਿਚਾਰ ਕਿਵੇਂ ਲਗਦਾ ਹੈ?

ਔਲਖ : ਇਸ ਵਿਚ ਸ਼ੈਕਸਪੀਅਰ ਨੇ ਜੀਵਨ ਦੀ ਇੱਕ ਅਟੱਲ ਸਚਾਈ ਕਾਵਿਕ- ਭਾਸ਼ਾ ਵਿਚ ਪਰਗਟਾਈ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ : ''ਘਲੇ ਆਵਹਿ ਨਾਨਕਾ, ਸੱਦੇ ਉਠਿ ਜਾਹਿ!'' ਸਾਡੇ ਲੋਕ-ਕਵੀਸ਼ਰ ਕਰਨੈਲ ਸਿੰਘ 'ਪਾਰਸ' ਨੇ ਇਸ ਨਾ-ਭੁਲਾਏ ਜਾਣ ਵਾਲੇ ਸੱਚ ਨੂੰ ਅਪਣੀ ਕਵੀਸ਼ਰੀ-ਭਾਸ਼ਾ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ : ''ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ!'' ਇਸ ਕਥਨ ਦਾ ਰੰਗਮੰਚ ਦੇ ਕਿਸੇ ਸਿਧਾਂਤ ਜਾਂ ਪਰਿਭਾਸ਼ਾ ਨਾਲ ਕੋਈ ਸੰਬੰਧ ਨਹੀਂ। ਰੰਗਮੰਚ ਦੇ ਦ੍ਰਿਸ਼ਟਾਂਤ ਰਾਹੀਂ ਮਨੁੱਖੀ ਜੀਵਨ ਦੀ ਇੱਕ ਅਟੱਲ ਸਚਾਈ ਨੂੰ ਬਿਆਨ ਕਰਨ ਵਾਲੀ ਇਹ ਇੱਕ ਕਾਵਿਕ ਉਕਤੀ ਹੈ।

ਸਵਾਲ : ਸ਼ੈਕਸਪੀਅਰ, ਇਬਸਨ, ਬਰੈਖ਼ਤ ਸੰਸਾਰ ਦੇ ਵੱਡੇ ਨਾਟਕਕਾਰ ਹੋਏ ਹਨ। ਬਰੈਖ਼ਤ ਨੇ ਤਾਂ ਨਾਟਕ ਵਿਚ ਨਵੇਂ ਇਆਮ ਜੋੜ ਕੇ ਅਨਕਿਆਸੀਆਂ ਸਿਖਰਾਂ ਛੂਹੀਆਂ ਹਨ। ਭਾਵੇਂ ਸਾਡੇ ਕੋਲ ਅੱਜ ਹੈਰਿਲਡ ਪਿੰਟਰ ਵੀ ਹੈ ਪਰ ਕੀ ਤੁਸੀਂ ਸਮਝਦੇ ਹੋ ਕਿ ਭਵਿਖ ਵਿਚ ਕਿਸੇ ਤਰ੍ਹਾਂ ਇਨ੍ਹਾਂ ਦੀਆਂ ਕਾਇਮ ਕੀਤੀਆਂ ਹੱਦਾਂ ਦੇ ਟੁੱਟ ਜਾਣ ਦੀ ਸੰਭਾਵਨਾ ਹੈ?

ਔਲਖ : ਤੁਹਾਡੇ ਵੱਲੋਂ ਦੱਸੇ ਗਏ ਨਾਟਕਕਾਰਾਂ ਨੇ ਮੇਰੇ ਖ਼ਿਆਲ ਵਿਚ ਕੋਈ ਹੱਦਾਂ ਕਾਇਮ ਨਹੀਂ ਕੀਤੀਆਂ। ਇਹਨਾਂ ਨੇ ਅਪਣੇ-ਅਪਣੇ ਸਮਿਆਂ ਦੀਆਂ ਸਮਜਕਿ ਹਾਲਤਾਂ ਦੇ ਪ੍ਰਤੀਕਰਮ ਵਜੋਂ ਸਾਹਿਤਕ ਤੇ ਕਲਾਤਮਿਕ ਉੱਚਾਈਆਂ ਛੂਹੀਆਂ ਹਨ। ਤੇ ਕਲਾ ਤੇ ਸਾਹਿਤ ਦੇ ਖ਼ੇਤਰ ਵਿਚ ਕੋਈ ਉਚਾਈ ਅੰਤਮ ਨਹੀਂ ਹੁੰਦੀ। ਭਵਿਖ ਵਿਚ ਇਸ ਤਰ੍ਹਾਂ ਦੀਆਂ ਉਚਾਈਆਂ ਛੂਹੀਆਂ ਜਾਂਦੀਆਂ ਰਹਿਣਗੀਆਂ। ਹੀਣਤਾ-ਭਾਵ ਦਾ ਸ਼ਿਕਾਰ ਅਸੀਂ ਦੂਜਿਆਂ ਦੀ ਪਰਸੰਸਾ ਦੇ ਪੁਲ ਬੰਨ੍ਹ ਦਿੰਦੇ ਹਾਂ ਪਰ ਅਸੀਂ ਅਪਣਿਆਂ ਦਾ ਮੁੱਲ ਪਾਉਣ ਨਹੀਂ ਜਾਣਦੇ। ਮੁੱਲ ਪਾਉਣਾ ਤਾਂ ਕੀ, ਉਲਟਾ ਉਹਨਾਂ ਦੇ ਕਾਰਜ ਨੂੰ ਨੀਵਾਂ ਵਖਾਉਣ ਦੇ ਇਰਾਦੇ ਨਾਲ ਉਸ ਉਤੇ ਨੱਕ ਚੜ੍ਹਾਉਂਦੇ ਹਾਂ। ਰੰਗਮੰਚ ਦੇ ਖੇਤਰ ਵਿਚ ਜੋ ਮਹਾਨ ਕਾਰਜ ਸਾਡੇ ਪੰਜਾਬ ਦੇ ਰੰਗਕਰਮੀ ਭਾਅ ਗੁਰਸ਼ਰਨ ਸਿੰਘ ਜੀ ਨੇ ਕੀਤਾ ਹੈ, ਉਸਦੀ ਉਦਾਹਰਣ ਸੰਸਾਰ ਦੇ ਕਿਸੇ ਹੋਰ ਰੰਗਮੰਚ ਵਿਚ ਸ਼ਾਇਦ ਹੀ ਮਿਲਦੀ ਹੋਵੇ। ਪਰ ਇਥੇ ਤਾਂ ਰੰਗਮੰਚ ਦੇ ਬਹੁਤੇ 'ਧਨੰਤਰ' ਗੁਰਸ਼ਰਨ ਸਿੰਘ ਦੇ ਰੰਗਮੰਚ ਨੂੰ ਰੰਗਮੰਚ ਹੀ ਨਹੀਂ ਸਮਝਦੇ।

## ਊਲ ਜਲੂਲ ਤੇ ਨਵਾਂ ਨਾਟਕ


ਮਾਂ ਅਤੇ ਤਿੰਨੇ ਭਰਾਵਾਂ ਹਰਨੇਕ, ਮਹਿੰਦਰ ਤੇ ਚੰਦ ਨਾਲ- 1981

ਸਵਾਲ : ਪਿਛਲੀ ਸਦੀ ਵਿਚ ਊਲ-ਜਲੂਲ ਨਾਟਕ ਦਾ ਬੜਾ ਹੀ ਬੋਲਬਾਲਾ ਰਿਹਾ। ਅੱਜ ਵੀ 'ਵੇਟਿੰਗ ਫਾਰ ਗੋਡੋ' ਵਰਗੇ ਨਾਟਕ ਦੀ ਹਰ ਥਾਂ ਗੱਲ ਚਲਦੀ ਹੈ। ਇਹ ਸਭ ਕਿਉਂ ਹੋਇਆ ? ਕੀ ਪੰਜਾਬੀ ਨਾਟਕ ਨੂੰ ਅਗਾਂਹ ਟੋਰਨ ਲਈ ਤੁਸੀਂ ਵੀ ਇਹੋ-ਜਹੀ ਕੋਈ ਕਲਾਸਕ ਰਚਨਾ ਕਰਨ ਬਾਰੇ ਸੋਚਿਆ ਸੀ?

ਔਲਖ : ਊਲ-ਜਲੂਲ ਨਾਟਕ ਦਾ ਬੋਲਾ-ਬਾਲਾ ਤਾਂ ਐਨਾ ਨਹੀਂ ਰਿਹਾ, ਹਾਂ ਇਸਦੀ ਇੱਕ ਸਮੇਂ ਚਰਚਾ ਵਾਹਵਾ ਹੋਈ, ਉਹ ਵੀ ਪੱਛਮ ਵਿਚ। ਇਸਦੇ ਸਮਾਜਕ-ਰਾਜਨੀਤਕ ਕਾਰਨ ਸਨ। ਪਿਛਲੀ ਸਦੀ ਵਿਚ ਦੂਜੀ ਸੰਸਾਰ-ਜੰਗ ਕਾਰਨ ਹੋਈ ਮਨੁੱਖੀ ਤਬਾਹੀ ਨੇ ਪਛਮ ਦੇ ਇੱਕ ਸੰਵੇਦਨਸ਼ੀਲ ਬੌਧਿਕ ਵਰਗ ਨੂੰ ਇਸ ਹੱਦ ਤੱਕ ਅੰਦਰੋਂ ਹਿਲਾ ਦਿੱਤਾ ਸੀ ਕਿ ਉਸਨੂੰ ਮਨੁੱਖੀ ਹੋਂਦ ਉਤੇ ਹੀ ਸੁਆਲੀਆ ਚਿੰਨ ਲਗਦਾ ਨਜ਼ਰ ਆਉਣ ਲੱਗ ਪਿਆ ਸੀ। ਉਸਨੂੰ ਮਨੁੱਖੀ ਹੋਂਦ ਹੀ ਫਜ਼ੂਲ, ਬੇਅਰਥੀ ਤੇ ਊਲ-ਜਲੂਲ ਮਹਿਸੂਸ ਹੋਣ ਲੱਗ ਪਈ ਸੀ। ਸੈਮੂਅਲ ਬੈਕਟ ਵਰਗੇ ਨਾਟਕਕਾਰ ਇਹ ਸੋਚਣ ਲੱਗੇ ਕਿ ਮਨੁੱਖ ਬੇਵਜਾਹ ਹੀ ਅਪਣਾ ਕੋਈ ਬੇਮਤਲਬ 'ਗੋਡੋ' ਜਾਂ 'ਗੋਦੋ' ਵਰਗਾ ਆਦਰਸ਼ ਘੜ ਲੈਂਦਾ ਹੈ ਤੇ ਫਿਰ ਉਸਦੀ ਉਡੀਕ ਵਿਚ ਜੀਵਨ ਬਿਤਾ ਦਿੰਦਾ ਹੈ। ਇਸ ਤਰ੍ਹਾਂ ਉਹ ਇੱਕ ਰਸਹੀਣ ਜ਼ਿੰਦਗੀ ਬਿਤਾ ਕੇ ਤੁਰਦਾ ਬਣਦਾ ਹੈ। ਇਹ ਸੋਚ ਉਸ ਵੇਲੇ ਆਮ ਪਛਮੀ ਜਗਤ ਦੀ ਮਾਨਸਿਕਤਾ ਦੇ ਵੀ ਅਨੁਕੂਲ ਸੀ। ਇਸ ਲਈ ਉਸਨੂੰ ਅਜਿਹੇ ਊਲ-ਜਲੂਲ ਨਾਟਕ ਚੰਗੇ ਲੱਗਣ ਲੱਗੇ। ਪਰ ਸਮਾਂ ਬੀਤਣ ਨਾਲ ਜੀਵਨ-ਯਥਾਰਥ ਨੇ ਉਹਨਾਂ ਦੀ ਇਹ ਮਾਨਸਿਕਤਾ ਤਬਦੀਲ ਕਰ ਦਿੱਤੀ। ਮਨੁੱਖ ਨੂੰ ਅਪਣੀ ਹੋਂਦ ਦੇ ਮਹੱਤਵ ਦਾ ਮੁੜ ਅਹਿਸਾਸ ਹੋਣ ਲੱਗਾ। ਤੇ ਬਦਲੇ ਜੀਵਨ-ਯਥਾਰਥ ਦੀ ਅਨੁਕੂਲਤਾ ਅਨੁਸਾਰ ਲਿਖੇ ਜਾਣ ਵਾਲੇ ਨਾਟਕ ਮੁੜ ਮਹੱਤਵ ਪ੍ਰਾਪਤ ਕਰਨ ਲੱਗੇ। ਮੈਂ ਨਾ ਹੀ 'ਪੰਜਾਬੀ ਨਾਟਕ ਨੂੰ ਅਗਾਂਹ ਟੋਰਨ' ਦੇ ਆਸ਼ੇ ਨੂੰ ਮੁੱਖ ਰੱਖ ਕੇ ਨਾਟਕ ਲਿਖਦਾ ਹਾਂ ਤੇ ਨਾ ਹੀ 'ਕੋਈ ਕਲਾਸਕ ਰਚਨਾ' ਰਚਣ ਦੇ ਇਰਾਦੇ ਨੂੰ ਸਾਹਮਣੇ ਰੱਖ ਕੇ। ਮੈਨੂੰ ਕੁਦਰਤ ਵੱਲੋਂ ਜਿੰਨੀ ਕੁ ਨਾਟਕ-ਸਿਰਜਣ ਦੀ 'ਯੋਗਤਾ' ਤੇ 'ਸਮਰੱਥਾ' ਮਿਲੀ ਹੋਈ ਹੈ ਬਸ ਉਸ ਰਾਹੀਂ 'ਅਪਣੀ ਗੱਲ' ਆਮ ਲੋਕਾਂ ਤੱਕ ਪੁਜਦਾ ਕਰਨ ਲਈ ਵਰਤਣਾ ਚਾਹੁੰਦਾ ਹਾਂ। ਮੈਨੂੰ ਅਪਣੀ ਕਲਾਤਮਿਕ ਤੇ ਬੌਧਿਕ ਸੀਮਾ ਦਾ ਭਲੀ-ਭਾਂਤ ਪਤਾ ਹੈ। ''ਮੈਂ ਕੋਈ ਕਲਾਸਕ ਰਚਨਾ ਵੀ ਕਰ ਸਕਦਾ ਹਾਂ'' ਅਜਿਹੇ ਭੁਲੇਖੇ ਦਾ ਸ਼ਿਕਾਰ ਹੋਣ ਤੋਂ ਮੈਂ ਸਦਾ ਬਚ ਕੇ ਹੀ ਰਹਿੰਦਾ ਹਾਂ। ਨਾਲੇ ਕਲਾਸਕੀ ਰਚਨਾਵਾਂ ਸੋਚ ਸਮਝ ਕੇ ਨਹੀਂ ਲਿਖੀਆਂ ਜਾਂਦੀਆਂ ਹੁੰਦੀਆਂ। ਲੇਖਕ ਦੀ ਸਿਰਜਣਾਤਮਿਕ ਸਮਰੱਥਾ ਅਪਣੇ-ਆਪ ਹੀ ਉਹਨਾਂ ਨੂੰ ਜਨਮ ਦੇ ਦਿੰਦੀ ਹੈ।

ਸਵਾਲ : ਖ਼ਿਆਲ ਹੈ ਕਿ ਨਾਟਕ ਵਿਚ ਜਿੰਨੀ ਮਾਰ ਤ੍ਰੈਜਡੀ ਦੀ ਹੈ, ਉਨੀ ਕਾਮੇਡੀ ਦੀ ਨਹੀਂ। ਨਾਟਕ ਦੇ ਅੰਤ 'ਤੇ ਜਦੋਂ ਦਰਸ਼ਕ ਡੁਭ-ਡਬਾਈਆਂ ਅੱਖਾਂ ਨਾਲ ਘਰ ਜਾਂਦੇ ਹਨ ਤਾਂ ਅਸਰ ਪ੍ਰਤੱਖ ਹੁੰਦਾ ਹੈ । ਸ਼ੈਕਸਪੀਅਰ ਦੀਆਂ ਵੀ ਤ੍ਰੈਜਡੀਆਂ ਅਤੇ ਖ਼ਾਸਕਰ 'ਕਿੰਗ ਲੀਅਰ' ਬੜੀਆਂ ਪ੍ਰਸਿੱਧ ਹੋਈਆਂ ਹਨ। ਤੁਸੀਂ ਇਸ ਬਾਰੇ ਕਿਵੇਂ ਸੋਚਦੇ ਹੋ?

ਔਲਖ : ਇਕੱਲੇ ਨਾਟਕ ਜਾਂ ਸਾਹਿਤ ਵਿਚ ਹੀ ਨਹੀਂ, ਆਮ ਜ਼ਿੰਦਗੀ ਵਿਚ ਵੀ ਤ੍ਰੈਜਡੀ ਦਾ ਅਸਰ ਵਧੇਰੇ ਦਿਲ-ਹਲਾਊ ਹੁੰਦਾ ਹੈ। ਸੁਖਾਂਤ ਦੀ 'ਮਾਰ' ਅਕਸਰ ਸਾਡੇ ਮਨ ਦੀ ਉਪਰਲੀ ਤਹਿ ਤੱਕ ਹੀ ਬਹੁਤੀ ਹੁੰਦੀ ਹੈ। ਇਸਦੇ ਉਲਟ ਦੁਖਾਂਤ ਸਾਡੇ ਮਨ ਦੀਆਂ ਡੂੰਘੀਆਂ ਤੇ ਛਿਪੀਆਂ ਪਈਆਂ ਤਹਿਆਂ ਤੱਕ ਮਾਰ ਕਰਦਾ ਹੋਇਆ ਸਾਡੀ ਸੋਚ ਦੇ ਜੰਮੇ ਪਏ ਖਲੇਪੜਾਂ ਨੂੰ ਵੀ ਉਖੇੜ ਸੁਟਦਾ ਹੈ। ਜੀਵਨ ਦੇ ਗੁਝੇ ਭੇਦ ਖੋਲ੍ਹਣ ਵਿਚ ਜਿੰਨੀ ਸਮਰੱਥਾ ਦੁਖਾਂਤ ਵਿਚ ਹੈ, ਓਨੀ ਸੁਖਾਂਤ ਵਿਚ ਨਹੀਂ। ਤਾਂ ਹੀ ਤਾਂ 'ਪਿਆਰ ਵਿਚ ਮੋਏ ਹੋਏ ਬੰਦਿਆਂ ਦੇ ਬੋਲ' ਸਾਨੂੰ ਵਧੇਰੇ ਹਲੂਣਦੇ ਨੇ। ਸ਼ੈਕਸ਼ਪੀਅਰ ਨੂੰ ਜਿੰਨੀ ਪ੍ਰਸਿੱਧੀ ਉਸਦੇ ਦੁਖਾਂਤਕ ਨਾਟਕਾਂ ਕਰ ਕੇ ਮਿਲੀ ਹੈ, ਓਨੀ ਸੁਖਾਂਤਕ ਨਾਟਕਾਂ ਕਰ ਕੇ ਨਹੀਂ। ਇਸ ਪਿਛੇ ਜਿਥੇ ਹੋਰ ਕਾਰਕਾਂ ਦਾ ਵੀ ਬੜਾ ਹੱਥ ਹੈ ਓਥੇ ਇੱਕ ਇਹ ਦੁਖਾਂਤ ਵਾਲਾ ਕਾਰਕ ਵੀ ਬੜਾ ਕਾਰਜਸ਼ੀਲ ਹੈ।

ਸਵਾਲ : ਥੋੜ੍ਹੀ ਦੇਰ ਹੋਈ ਇੱਕ ਅਫਰੀਕਨ ਨਾਟਕ ਲੇਖਕ ਤੇ ਨਿਰਦੇਸ਼ਕ ਨਾਲ ਟਾਕਰਾ ਹੋਇਆ ਸੀ। ਉਹਨੇ ਦੱਸਿਆ ਕਿ ਅਸੀਂ ਤਾਂ ਨਾਟਕ ਨੂੰ ਲੋਕ-ਪ੍ਰਿਅ ਬਣਾਉਣ ਲਈ ਪਿੰਡਾਂ ਵਿਚ ਲੈ ਜਾਂਦੇ ਹਾਂ ਅਤੇ ਉਥੋਂ ਦੇ ਵਸਨੀਕਾਂ ਵਿਚੋਂ ਹੀ ਪਾਤਰ ਲੈ ਕੇ ਨਾਟਕ ਖੇਡਦੇ ਹਾਂ। ਕਈ ਵਾਰੀ ਤਾਂ ਸਾਰੇ ਦਾ ਸਾਰਾ ਪਿੰਡ ਹੀ ਨਾਟਕ ਵਿਚ ਸ਼ਾਮਿਲ ਹੋ ਜਾਂਦਾ ਹੈ। ਤੁਸੀਂ ਕਦੀ ਸੋਚਿਆ ਹੈ ਇਹੋ-ਜਹੇ ਤਜੁਰਬੇ ਬਾਰੇ?

ਔਲਖ : ਮੈਂ ਦੱਸਿਆ ਹੈ ਕਿ ਰੰਗਮੰਚ ਅਨੇਕਾਂ ਢੰਗ-ਤਰੀਕਿਆਂ, ਅਨੇਕਾਂ ਰੰਗ-ਸ਼ੈਲੀਆਂ ਨਾਲ ਕੀਤਾ ਜਾ ਸਕਦਾ ਹੈ। ਹਰ ਨਿਰਦੇਸ਼ਕ ਅਪਣੀ ਲੋੜ, ਆਪਣੀ ਸੁਵਿਧਾ ਤੇ ਮਿਸ਼ਨ ਮੁਤਾਬਿਕ ਅਪਣੀ ਰੰਗ-ਸ਼ੈਲੀ ਘੜਦਾ ਹੈ। ਭਾਅ ਗੁਰਸ਼ਰਨ ਸਿੰਘ ਜੀ ਆਮ ਕਿਰਤੀ-ਕਾਮਿਆਂ ਵਿਚ ਜਾ ਕੇ ਆਮ ਕਿਰਤੀ-ਕਾਮਿਆਂ ਲਈ ਨਾਟਕ ਕਰਦੇ ਹਨ, ਇਸ ਲਈ ਇਸ ਸਭ ਕੁਝ ਨੂੰ ਮੁਖ ਰੱਖ ਕੇ ਉਹ ਅਪਣੇ ਨਾਟਕਾਂ ਦੀ ਰੰਗ-ਸ਼ੈਲੀ ਸਿਰਜਦੇ ਹਨ। ਕੁਝ ਲੋਕ ਵਾਹ-ਵਾਹ ਖੱਟਣ ਲਈ ਨਾਟਕ ਕਰਦੇ ਹਨ ਇਸ ਲਈ ਉਹ ਸੈੱਟ, ਲਾਈਟ ਐਂਡ ਸਾਉਂਡ-ਇਫੈਕਟਾਂ ਵਰਗੇ ਜੁਗਾੜਾਂ ਉਤੇ ਬਹੁਤਾ ਜ਼ੋਰ ਦਿੰਦੇ ਹਨ। ਸਾਡਾ ਨੌਜਵਾਨ ਨਿਰਦੇਸ਼ਕ ਸੈਮੂਅਲ ਜੌਨ ਪਿੰਡਾਂ ਦੇ ਦਲਿਤ ਵਿਹੜਿਆਂ ਵਿਚ ਜਾ ਕੇ ਨਾਟਕ ਕਰਨ ਦੇ ਮਿਸ਼ਨ ਨੂੰ ਸਾਹਮਣੇ ਰੱਖ ਕੇ ਅਪਣੇ ਨੁੱਕੜ ਨਾਟਕਾਂ ਦੀ ਪੇਸ਼ਕਾਰੀ ਦੋ-ਤਿੰਨ ਕਲਾਕਾਰਾਂ ਨਾਲ ਹੀ ਪੂਰੀ ਸਫਲਤਾ ਨਾਲ ਕਰ ਰਿਹਾ ਹੈ। ਮੈਂ ਨਾਟਕ ਜਾਂ ਰੰਗਮੰਚ ਤਜਰਬੇ ਕਰਨ ਲਈ ਨਹੀਂ ਕਰਦਾ, ਸਗੋਂ ਮੇਰੀ ਲੋੜ ਹੀ ਮੇਰੇ ਰੰਗਮੰਚ ਦਾ ਮੂੰਹ-ਮੁਹਾਂਦਰਾ ਘੜਦੀ ਹੈ। ਭਾਰਤ ਦੇ ਮੰਨੇ-ਪਰਮੰਨੇ ਨਿਰਦੇਸ਼ਕ ਮਰਹੂਮ ਹਬੀਬ ਤਨਵੀਰ ਨੇ ਅਪਣਾ ਰੰਗਮੰਚ ਬਿਲਕੁਲ ਪੇਂਡੂ ਤੇ ਅਨਪੜ੍ਹ ਮਰਦ ਤੇ ਔਰਤਾਂ ਨੂੰ ਲੈ ਕੇ ਕੀਤਾ ਹੈ। ਉਹ ਕੋਈ 'ਰੰਗਮੰਚੀ ਤਜਰਬਾ' ਨਈਂ ਸੀ ਕਰ ਰਿਹਾ, ਸਗੋਂ ਆਮ ਬੰਦੇ ਅੰਦਰਲੀ ਰੰਗਮੰਚੀ ਪ੍ਰਤਿਭਾ ਦਾ ਰੰਗਮੰਚੀ ਫਾਇਦਾ ਉਠਾ ਕੇ ਇੱਕ ਸਮਾਜਕ ਕਾਰਜ ਨਿਭਾ ਰਿਹਾ ਸੀ। ਰੰਗਮੰਚ ਤਜਰਬੇ ਕਰਨ ਦੀ ਧਰਤੀ ਨਹੀਂ ਸਗੋਂ ਕਿਸੇ ਵੱਡੇ ਸਮਾਜਕ ਉਦੇਸ਼ ਦੀ ਸਿੱਧੀ ਦਾ ਮਾਧਿਅਮ ਹੈ। ਤਜਰਬੇ ਤਾਂ ਆਪੇ ਹੀ ਅਉੜਦੇ ਰਹਿੰਦੇ ਨੇ।

## ਹੋਸ਼ ਸੰਭਾਲਦਿਆਂ

ਸਵਾਲ : ਤੁਹਾਡੀ ਜੀਵਨ-ਯਾਤਰਾ ਦੇ ਸਭ ਤੋਂ ਪਹਿਲੇ ਵਰ੍ਹੇ, ਜਦੋਂ ਤੁਸੀਂ ਹਾਲੇ ਸੁਰਤ ਹੀ ਸੰਭਾਲ਼ੀ ਸੀ, ਕਿਹੋ-ਜਿਹੇ ਸਨ?

ਔਲਖ : ਸਰਟੀਫਿਕੇਟਾਂ ਵਿਚ ਮੇਰੀ ਜਨਮ-ਤਾਰੀਖ 19 ਅਗਸਤ 1942 ਲਿਖੀ ਹੋਈ ਹੈ ਪਰ ਮੇਰੀ ਮਾਂ ਦੇ ਕਹਿਣ ਮੁਤਾਬਿਕ ਮੈਂ ਸਰਟੀਫਿਕੇਟਾਂ ਵਿਚ ਲਿਖੀ ਤਾਰੀਖ ਤੋਂ ਸਾਲ ਛੇ ਮਹੀਨੇ ਪਹਿਲਾਂ ਜੰਮਿਆ ਸੀ। ਮੇਰੀ ਜਨਮ-ਭੋਇੰ ਤਾਂ ਪਿੰਡ ਕੁੰਭੜਵਾਲ ਹੈ ਜਿਹੜਾ ਅੱਜ-ਕੱਲ੍ਹ ਜ਼ਿਲਾ ਬਰਨਾਲਾ ਵਿਖੇ ਹੈ ਪਰ 1945 ਦੇ ਨੇੜੇ-ਤੇੜੇ ਸਾਡਾ ਪਰਿਵਾਰ ਇੱਕ ਮੁਜ਼ਾਰਾ ਪਿੰਡ ਕਿਸ਼ਨਗੜ੍ਹ ਫਰਵਾਹੀ ਵਿਖੇ ਆ ਵਸਿਆ ਸੀ। ਇਹ ਪਿੰਡ ਅੱਜ-ਕੱਲ੍ਹ ਜ਼ਿਲਾ ਮਾਨਸਾ ਵਿਚ ਹੈ। ਜਦੋਂ ਮੈਂ ਸੁਰਤ ਸੰਭਾਲੀ ਤਾਂ ਮੈਨੂੰ ਪਤਾ ਲੱਗਿਆ ਕਿ ਮੈਂ ਇੱਕ ਗਰੀਬ ਮੁਜ਼ਾਰੇ ਕਿਸਾਨ ਦਾ ਪੁੱਤ ਹਾਂ। ਜਿਸ ਜ਼ਮੀਨ 'ਤੇ ਸਾਡਾ ਪਰਿਵਾਰ ਖੇਤੀ ਦਾ ਕੰਮ ਕਰਦਾ ਹੈ ਉਹ ਸਾਡੀ ਨਹੀਂ ਬਲਕਿ ਇਸਦਾ ਅਸਲੀ ਮਾਲਕ ਪਿੰਡ ਦੇ ਦੋ ਜਾਗੀਰਦਾਰਾਂ ਵਿਚੋਂ ਇੱਕ ਜਾਗੀਰਦਾਰ ਹੈ।

ਸਵਾਲ : ਤੁਹਾਡੇ ਪਿੰਡ ਦੇ ਦੋ ਜਾਗੀਰਦਾਰ ਸਨ?

ਔਲਖ : ਸ਼ੁਰੂ ਵਿਚ ਜਾਗੀਰ ਵਿਚ ਮਿਲਿਆ ਤਾਂ ਪਟਿਆਲੇ ਦੇ ਰਾਜੇ ਵੱਲੋਂ ਸਾਡਾ ਪਿੰਡ ਇੱਕ ਜਾਗੀਰਦਾਰ ਨੂੰ ਹੀ ਸੀ ਪਰ ਬਾਅਦ ਵਿਚ ਉਸਦੇ ਦੋ ਪੁੱਤਾਂ ਵਿਚਕਾਰ ਵੰਡਿਆ ਗਿਆ ਸੀ। ਸਾਡੇ ਪਿੰਡ ਦੇ ਲੋਕ ਵੱਡੇ ਭਰਾ ਵਾਲੇ ਪਾਸੇ ਨੂੰ 'ਵੱਡਾ ਪਾਸਾ' ਕਹਿੰਦੇ ਸੀ ਤੇ ਛੋਟੇ ਭਰਾ ਵਾਲੇ ਪਾਸੇ ਨੂੰ 'ਛੋਟਾ ਪਾਸਾ'।

ਸਵਾਲ : ਜਾਨੀ ਉਸ ਸਮੇਂ ਤੁਹਾਡੇ ਪਿੰਡ ਵਿਚ ਜਾਗੀਰਦਾਰੀ ਸਿਸਟਮ ਸੀ?

ਔਲਖ : ਹਾਂ। ਮੇਰੀ ਬਾਲ ਉਮਰ ਵਿਚ ਵਾਪਰੇ ਇਸ ਜਾਗੀਰਦਾਰੀ ਸਿਸਟਮ ਦੇ ਨਮੋਸ਼ੀ-ਭਰੇ ਵਰਤਾਰਿਆਂ ਦੇ ਕਈ ਚਿਤਰ ਅੱਜ ਵੀ ਮੇਰੀਆਂ ਯਾਦਾਂ ਦਾ ਅਭੁੱਲ ਹਿੱਸਾ ਬਣੇ ਹੋਏ ਹਨ।

ਸਵਾਲ : ਕਿਹੋ ਜਿਹੇ ਵਰਤਾਰੇ?

ਔਲਖ : ਮਿਸਾਲ ਵਜੋਂ, ਕਿਵੇਂ ਮੁਜ਼ਾਰਿਆਂ ਵੱਲੋਂ ਪੈਦਾ ਕਰ ਕੇ ਕੱਢੀ ਜਿਨਸ ਦੇ ਬੋਹਲਾਂ ਉਤੇ ਜਾਗੀਰਦਾਰ ਦਾ ਮੁਖਤਿਆਰ ਜਾਂ ਉਸਦੇ ਕਰਿੰਦੇ 'ਠੱਪੇ ਲਾਉਂਦੇ' ਹੁੰਦੇ ਸੀ। ਕਿਵੇਂ ਕਿਸਾਨ ਰਾਹੀਂ ਪੈਦਾ ਕੀਤੀ ਜਿਨਸ ਦਾ ਇੱਕ ਵੱਡਾ ਹਿੱਸਾ ਜਾਗੀਰਦਾਰ ਦੀ ਝੋਲੀ ਵਿਚ ਜਾ ਪੈਂਦਾ ਸੀ! ਜਾਗੀਰਦਾਰ ਦਾ ਹਿੱਸਾ ਕੱਟੇ ਜਾਣ ਬਾਦ ਕਿਵੇਂ ਜਾਗੀਰਦਾਰ ਦਾ ਧੜਵਾਈ ਆਪ ਵੀ ਪਾਈਆ-ਮਣ ਦੇ ਹਿਸਾਬ ਨਾਲ ਆਪਣਾ ਹਿੱਸਾ ਕੱਟਿਆ ਕਰਦਾ ਸੀ! ਕਿਵੇਂ ਪਿੜ ਵਿਚ ਪਿਆ ਉੱਚਾ ਵਿਖਾਈ ਦਿੰਦਾ ਕਣਕ ਜਾਂ ਬਾਜਰੇ ਦਾ ਬੋਹਲ ਸਾਡੇ ਘਰ ਵਿਚ ਵੜਨ ਤੱਕ ਸੁੰਗੜ ਕੇ ਇੱਕ ਨਿੱਕੀ ਜਿਹੀ ਢੇਰੀ ਦਾ ਰੂਪ ਧਾਰਨ ਕਰ ਲੈਂਦਾ ਸੀ! ਜਦ ਮੁਜ਼ਾਰੇ-ਕਿਸਾਨ ਜਾਗੀਰਦਾਰੀ ਸਿਸਟਮ ਖ਼ਤਮ ਕਰਨ ਲਈ ਜਦੋ-ਜਹਿਦ ਕਰਨ ਦੇ ਰਾਹ ਪੈਂਦੇ ਤਾਂ ਕਿਵੇਂ ਜਾਗੀਰਦਾਰ ਦੀ ਮਦਦ ਲਈ ਪਹੁੰਚੀ ਪੁਲਸ ਮੁਜ਼ਾਰਿਆਂ ਦਾ ਕੁਟਾਪਾ ਚਾੜ੍ਹਿਆ ਕਰਦੀ ਸੀ! ਤੇ ਇੱਕ ਤਸਵੀਰ ਇਹ ਵੀ ਕਿ ਜਦ ਖੇਤਾਂ ਵਿਚ ਕੰਮ ਕਰਨ ਤੋਂ ਬਾਦ ਕਿਸਾਨ ਮਰਦ ਤੇ ਇਸਤਰੀਆਂ ਆਥਣੇ ਵਾਪਿਸ ਆਪਣੇ ਘਰਾਂ ਨੂੰ ਆਉਂਦੇ ਸੀ ਤਾਂ ਪਿੰਡ ਦੀ ਸੱਥ ਵਿਚ ਜਾਗਰਿਦਾਰ ਦੇ ਕਰਿੰਦੇ ਕਿਵੇਂ ਉਹਨਾਂ ਦੀਆਂ ਹਰੇ ਦੀਆਂ ਭਰੀਆਂ, ਗੱਠੜੀਆਂ ਤੇ ਭਾਂਡਿਆਂ-ਟੀਂਡਿਆਂ ਦੀ ਫਰੋਲਾ-ਫਰਾਲੀ ਕਰਦੇ ਤੇ ਉਹਨਾਂ ਦੀ ਤਲਾਸ਼ੀ ਲਿਆ ਕਰਿਆ ਕਰਦੇ ਸੀ!

ਸਵਾਲ : ਤਲਾਸ਼ੀ ਕਿਉਂ?

ਔਲਖ : ਤਲਾਸ਼ੀ ਇਸ ਲਈ ਕਿ ਕਿਤੇ ਕੋਈ ਮਰਦ ਜਾਂ ਤੀਵੀਂ ਖੇਤਾਂ ਵਿਚੋਂ ਚਰ੍ਹੀ ਦੀ ਭਰੀ ਜਾਂ ਪਤੀਲੇ, ਗੜਬੇ, ਘੜੇ ਬਗੈਰਾ ਵਿਚ ਕਪਾਹ ਦਾ ਰੁੱਗ, ਗੰਨੇ ਦੀ ਪੋਰੀ, ਛੱਲੀ, ਕੱਦੂ, ਤੋਰੀ ਬਗੈਰਾ ਛੁਪਾ ਨਾ ਲਿਆਇਆ ਹੋਵੇ। ਜੇ ਕੋਈ ਅਜਿਹਾ ਕਰਦਾ ਫੜਿਆ ਜਾਂਦਾ ਤਾਂ ਉਸਦੀ ਪੂਰੀ ਲਾਹ-ਪਾ ਕੀਤੀ ਜਾਂਦੀ ਤੇ ਕਈ

ਵਾਰ ਜੁਰਮਾਨੇ ਵਜੋਂ ਮੁਜ਼ਾਰੇ ਕਿਸਾਨ ਦੀ ਜਿਨਸ ਦੇ ਹਿੱਸੇ ਵਿਚੋਂ ਵੱਡੀ ਕਟੌਤੀ ਵੀ ਕਰ ਲਈ ਜਾਂਦੀ ਸੀ।

## ਥੁੜਾਂ ਦੇ ਮਾਰੇ ਹੋਏ ਦਿਨ

ਸਵਾਲ : ਹੋਰ ਕਿਵੇਂ ਗੁਜ਼ਾਰਿਆ ਸੀ ਤੁਸੀਂ ਅਪਣਾ ਬਚਪਨ?

ਔਲਖ : ਇਸ ਉਮਰ ਦਾ ਮੇਰਾ ਬਚਪਨ ਉਨ੍ਹੀ-ਬੀਹ ਦੇ ਫਰਕ ਨਾਲ ਮੁਜ਼ਾਰੇ ਕਿਸਾਨਾਂ ਦੇ ਬਾਕੀ ਬੱਚਿਆਂ ਵਾਲਾ ਹੀ ਸੀ। ਇਸ ਉਮਰ ਵਿਚ ਮੈਂ ਜਾਂ ਤਾਂ ਤੇੜੋਂ ਨੰਗਾ ਹੁੰਦਾ ਸੀ ਜਾਂ ਫਿਰ ਤੇੜ ਵਿਚ ਜਾਂਘੀਆ, ਜਿਸਨੂੰ ਪਹਿਲਵਾਨੀ ਭਾਸ਼ਾ ਵਿਚ 'ਲੰਗੋਟਾ' ਕਿਹਾ ਜਾਂਦਾ ਹੈ, ਬੰਨ੍ਹਦਾ ਹੁੰਦਾ ਸੀ। ਉਸ ਉਮਰ ਵਿਚ ਕੱਛਾ ਤਾਂ ਸਾਡੇ ਪਿੰਡ ਜੱਟਾਂ ਦਾ ਕੋਈ ਵੀ ਮੁੰਡਾ ਨਹੀਂ ਸੀ ਪਾਉਂਦਾ। ਹਾਂ, ਬਾਣੀਆਂ-ਮਹਾਜਨਾਂ ਦੇ ਮੁੰਡੇ ਜ਼ਰੂਰ ਕੱਛੇ ਪਾਉਂਦੇ ਹੁੰਦੇ ਸੀ। ਛੀ-ਸੱਤ ਸਾਲ ਦੀ ਉਮਰ ਵਿਚ ਮੇਰੇ ਚਿੱਤੜਾਂ, ਲੱਤਾਂ ਬਾਹਾਂ 'ਤੇ ਫੋੜੇ ਬੜੇ ਨਿਕਲਦੇ ਹੁੰਦੇ ਸੀ। ਅਪਣੇ ਹਾਣੀਆਂ ਨਾਲ ਖੇਡਣ ਦਾ ਮੈਨੂੰ ਬੜਾ ਹੀ ਭੁੱਸ ਸੀ। ਇਸ ਭੁੱਸ ਕਾਰਨ ਕਈ ਵਾਰ ਮੈਂ ਰੋਟੀ ਖਾਣਾ, ਨਹਾਉਣਾ ਧੋਣਾ ਵੀ ਭੁੱਲ ਜਾਂਦਾ ਸੀ, ਜਿਸ ਸਦਕਾ ਬਹੁਤੀ ਵਾਰ ਮੇਰੇ ਸਿਰ ਵਿਚ ਜੂੰਆਂ ਵੀ ਪੈ ਜਾਂਦੀਆਂ ਸੀ। ਜੂੰਆਂ ਪੈ ਜਾਣ 'ਤੇ ਮਾਂ ਮੈਨੂੰ ਖੇਡਦੇ ਨੂੰ ਬਾਹੋਂ ਫੜ ਕੇ ਬੁੱਧ ਰਾਮ ਨਾਈ ਕੋਲ ਲੈ ਜਾਂਦੀ ਸੀ ਜਿਹੜਾ ਇੱਕ ਵੱਡੀ ਸਾਰੀ ਕੈਂਚੀ ਨਾਲ ਮੇਰਾ ਸਿਰ ਮੁੰਨ ਕੇ ਘੋਨ-ਮੋਨ ਕਰ ਦਿੰਦਾ ਸੀ। ਪਿੰਡੋਂ ਬਾਹਰ ਪਿੰਡ ਦੇ ਪਿੜਾਂ, ਖੇਤੀ-ਬੰਨ੍ਹਿਆਂ ਵਿਚ ਕੁਦਦੇ ਫਿਰਨਾ, ਸਰਦਾਰਾਂ ਦੇ ਬਾਗ਼ ਵਿਚੋਂ ਅਨਾਰ ਅਮਰੂਦ ਚੋਰੀ ਕਰ ਕੇ ਖਾਣੇ, ਬਾਹਰੋਂ ਆਏ ਸਾਧਾਂ-ਸੰਤਾਂ ਕੋਲ ਜਾ-ਜਾ ਉਹਨਾਂ ਨੂੰ ਰਹੱਸਮਈ ਢੰਗ ਨਾਲ ਵੇਖਣਾ, ਪਿੰਡ ਦੀ ਨਹਿਰ ਵਿਚ ਦਰੱਖਤਾਂ ਉਤੇ ਚੜ੍ਹ-ਚੜ੍ਹ ਪਿੰਡ ਦੇ ਟੋਭਿਆਂ ਤੇ ਨਹਿਰ ਵਿਚ ਛਾਲਾਂ ਮਾਰ-ਮਾਰ ਨਹਾਉਣ ਦੇ ਨਜ਼ਾਰੇ ਲੈਣੇ, ਇਹ ਸਭ ਨਜ਼ਾਰੇ ਅੱਠ-ਦਸ ਸਾਲ ਤੱਕ ਦੇ ਮੇਰੇ ਬਚਪਨ ਦਾ ਹਿੱਸਾ ਹਨ।

ਸਵਾਲ : ਡੰਗਰ ਵੀ ਚਾਰੇ ਛੋਟੇ ਹੁੰਦਿਆਂ ?

ਔਲਖ : ਸਾਡੇ ਕੋਲ ਜ਼ਮੀਨ ਥੋੜ੍ਹੀ ਸੀ ਤੇ ਘਰ ਵਿਚ ਕੰਮ ਕਰਨ ਵਾਲੇ ਬੰਦੇ ਬਾਹਲੇ ਸੀ। ਇਸ ਲਈ ਡੰਗਰ ਚਾਰਨ ਦਾ ਕੰਮ ਵੀ ਅਕਸਰ ਘਰ ਦੇ ਵੱਡੇ ਬੰਦਿਆਂ ਵਿਚੋਂ ਹੀ ਕੋਈ ਕਰਦਾ ਸੀ। ਜਦ ਘਰ ਦਾ ਕੋਈ ਡੰਗਰ ਚਾਰਨ ਵਾਲਾ ਜੀਅ ਕਿਤੇ ਬਾਹਰ ਰਿਸ਼ਤੇਦਾਰੀ ਬਗੈਰਾ ਵਿਚ ਮਿਲਣ-ਗਿਲਣ ਚਲਿਆ ਜਾਂਦਾ ਜਾਂ ਖੇਤੀ ਦੇ ਕੰਮ ਵਿਚ ਬਹੁਤੇ ਬੰਦਿਆਂ ਦੇ ਇਕੱਠਾ ਕੰਮ ਕਰਨ ਦੀ ਰੁੱਤ ਆ ਜਾਂਦੀ, ਮੈਂ ਤਾਂ ਬਸ ਇਹੋ-ਜਿਆਂ ਮੌਕਿਆਂ 'ਤੇ ਹੀ ਡੰਗਰ ਚਾਰਨ ਜਾਂਦਾ। ਪਰ ਇਹ ਕੰਮ ਮੈਂ ਰੋਂਦਾ-ਕੁਰਲਾਉਂਦਾ ਹੀ ਕਰਦਾ। ਜਦੋਂ ਮੈਂ ਡੰਗਰ ਚਾਰਨ ਜਾਂ ਖੇਤ ਕੰਮ ਕਰਦੇ ਕਿਸੇ ਜੀਅ ਦੀ ਰੋਟੀ ਲਿਜਾਣ ਦਾ ਕੰਮ ਕਰਨ ਵੇਲੇ ਰੀਂ-ਰੀਂ ਕਰਨ ਲੱਗ ਪੈਂਦਾ ਤਾਂ ਮੇਰੀ ਮਾਂ ਮੈਨੂੰ ਇਹ ਆਖ ਕੇ ਕੋਸਦੀ, ''ਰੋਂਦਾ ਘੋੜ ਚੜ੍ਹਾਇਆ ਹੱਗ ਕੇ ਪਲਾਣ ਭਰਿਆ!'' ਮੈਨੂੰ ਡੰਗਰ ਚਾਰਨ ਤੇ ਖੇਤੀ ਦੇ ਹੋਰ ਮੁਸ਼ਕਤੀ ਕੰਮ ਕਰਨ ਤੋਂ ਹਮੇਸ਼ਾਂ ਡਰ ਲਗਦਾ ਸੀ। ਬਸ ਖੇਡਣਾ ਕੁੱਦਣਾ ਹੀ ਬਾਹਲ਼ਾ ਚੰਗਾ ਲਗਦਾ ਸੀ।

ਸਵਾਲ : ਉਨ੍ਹਾਂ ਦਿਨਾਂ ਦੀਆਂ ਕੁਝ ਖੱਟੀਆਂ-ਮਿੱਠੀਆਂ ਯਾਦਾਂ ਦੀ ਪਟਾਰੀ ਵੀ ਤਾਂ ਤੁਹਾਡੇ ਮਨ ਦੇ ਕਿਸੇ ਖੂੰਜੇ ਸਾਂਭੀ ਪਈ ਹੋਵੇਗੀ?

ਔਲਖ : ਬਹੁਤ ਨੇ। ਉਪਰ ਬਚਪਨ ਦੀ ਗੱਲ ਕਰਦਿਆਂ ਮੈਂ ਤੁਹਾਨੂੰ ਦੱਸਿਆ ਐ ਕਿ ਸਾਡੇ ਮਜ਼ਾਰਾ ਪਿੰਡ ਵਿਚ ਖੇਤਾਂ ਵਿਚ ਕੰਮ ਕਰਨ ਤੋਂ ਬਾਦ ਘਰਾਂ ਨੂੰ ਪਰਤਦੇ ਕਿਸਾਨ ਮਰਦ-ਔਰਤਾਂ ਦੇ ਭਾਂਡੇ-ਟੀਂਡਿਆਂ ਦੀ ਪਿੰਡ ਦੀ ਸੱਥ ਵਿਚ ਤਲਾਸ਼ੀ ਕੀਤੀ ਜਾਂਦੀ ਸੀ। ਅਸੀਂ ਪਿੰਡ ਦੇ ਜਵਾਕ ਦੂਰ ਖੜ੍ਹੇ ਇਹੋ-ਜਿਹੀਆਂ ਝਾਕੀਆਂ ਨਿੱਤ ਹੀ ਵੇਖਦੇ। ਇਸ ਨਾਲ ਹੀ ਬਚਪਨ ਦੀ ਮੇਰੀ ਇੱਕ ਅਭੁੱਲ ਯਾਦ ਜੁੜੀ ਹੋਈ ਹੈ। ਪਿੰਡ ਦੇ ਹੋਰ ਬੱਚਿਆਂ ਵਾਂਗ ਰੋਜ਼ ਹੀ ਇਹ ਝਾਕੀ ਵੇਖਦਿਆਂ ਇੱਕ ਦਿਨ ਮੈਂ ਵੇਖਿਆ ਕਿ ਜਾਗੀਰਦਾਰ ਦਾ ਇੱਕ ਕਰਿੰਦਾ ਇੱਕ ਕਿਸਾਨ ਤ੍ਰੀਮਤ ਨੂੰ ਉੱਚੀ-ਉੱਚੀ ਕੁਝ ਬੁਰਾ-ਭਲਾ ਕਹਿੰਦਾ ਝਿੜਕਾਂ ਤੇ ਲਾਹਣਤਾਂ ਪਾ ਰਿਹਾ ਸੀ। ਤ੍ਰੀਮਤ ਵੀ ਕੁਝ ਬੋਲ ਰਹੀ ਸੀ ਪਰ ਬਹੁਤਾ ਉਚਾ ਨਹੀਂ। ਕਰਿੰਦੇ ਤੇ ਉਸ ਕਿਸਾਨ ਤ੍ਰੀਮਤ ਦੁਆਲੇ ਇੱਕ ਭੀੜ ਇਕੱਠੀ ਹੋ ਗਈ। ਭੀੜ ਹੋਈ ਤੋਂ ਉਸ ਤ੍ਰੀਮਤ ਦੀ ਆਵਾਜ਼ ਪਹਿਲਾਂ ਨਾਲੋਂ ਕੁਝ ਹੋਰ ਵਧੇਰੇ ਕਰੜੀ ਤੇ ਗੁਸੈਲੀ ਹੋ ਗਈ। ਕਰਿੰਦੇ ਦੀਆਂ ਪਾਈਆਂ ਝਾੜਾਂ ਦਾ ਗੁੱਸੇ ਵਿਚ ਜਵਾਬ ਦਿੰਦੀ ਉਹ ਕਹਿ ਰਹੀ ਸੀ :''ਕੀ ਹੋ ਗਿਆ ਕੰਜਰਾ, ਜਾਏ-ਖਾਣੇ ਦੀ ਇੱਕ ਛੱਲੀਓ ਈ ਤਾਂ ਸੀ? ਤੜਕੇ ਘਰੋਂ ਤੁਰਨ ਵੇਲੇ ਜੁਆਕ ਨੇ ਕਹਿਤਾ ਸੀ ਬਈ ਬੇਬੇ ਮੇਰਾ ਭੁੰਨੀ ਹੋਈ ਛੱਲੀ ਖਾਣ ਨੂੰ ਜੀਅ ਕਰਦੈ, ਤਾਂ ਲੈ ਆਈ ਸੀ ਖੇਤੋਂ। ਲੈ ਤੂੰ ਰੱਖ ਲੈ ਇਹ ਛੱਲੀ! ਭਰਦੇ ਆਵਦੇ ਸਰਦਾਰ ਦੇ ਕਾਕਿਆਂ ਦੇ ਢਿੱਡ! ਸਾਡੇ ਜੁਆਕ ਤਾਂ ਭੁੱਖੇ-ਨੰਗੇ ਵੀ ਗੁਜ਼ਾਰਾ ਕਰ ਲੈਣਗੇ ਕਿਵੇਂ ਨਾ ਕਿਵੇਂ!'' ਤੇ ਛੱਲੀ ਵਗਾਹ ਕੇ ਕਰਿੰਦੇ ਦੇ ਪੈਰਾਂ ਵਿਚ ਮਾਰਨ ਤੋਂ ਬਾਅਦ ਜਦ ਉਹ ਤ੍ਰੀਮਤ ਭੀੜ ਵਿਚੋਂ ਬਾਹਰ ਨਿਕਲ ਕੇ ਘਰ ਵੱਲ ਤੁਰ ਪਈ ਸੀ ਓਦੋਂ ਹੀ ਮੈਨੂੰ ਪਤਾ ਲਗਿਆ ਕਿ ਇਹ ਤਾਂ ਮੇਰੀ ਮਾਂ ਹੈ। ਮੈਨੂੰ ਝੱਟ ਯਾਦ ਆ ਗਿਆ ਕਿ ਮੈਂ ਆਪ ਹੀ ਤਾਂ ਅੱਜ ਤੜਕੇ, ਜਦ ਮਾਂ ਖੇਤ ਨੂੰ ਜਾਣ ਲੱਗੀ ਸੀ, ਉਸਨੂੰ ਖੇਤੋਂ ਛੱਲੀ ਲਿਆਉਣ ਲਈ ਕਿਹਾ ਸੀ। ਤੁਸੀਂ ਹੀ ਦੱਸੋ ਇਹੋ-ਜੀਆਂ 'ਝਾਕੀਆਂ' ਮਨ ਉਤੋਂ ਮਿੱਟਣ ਵਾਲੀਆਂ ਨੇ ਕਿਤੇ। (ਅੱਖਾਂ ਭਰ ਆਉਂਦੀਆਂ ਹਨ)

## ਮਾਂ ਤੋਂ ਮਿਲੇ ਨਾਟਕੀ ਅੰਸ਼

ਸਵਾਲ : ਮਾਂ ਦੀ ਗੱਲ ਚੱਲੀ ਹੈ ਤਾਂ ਯਾਦ ਆਇਆ ਕਿ ਤੁਸੀਂ ਕਿਤੇ ਕਿਹਾ ਹੈ: ''ਮੈਨੂੰ ਕੁਝ ਨਾਟਕੀ ਅੰਸ਼ ਮੇਰੀ ਮਾਂ ਤੋਂ ਹੀ ਮਿਲੇ।'' ਤੁਹਾਡੇ ਅੰਦਰ ਨਾਟਕ ਦਾ ਬੀਜ ਬੋਣ ਵਾਲੀ ਇਹ ਮਾਂ ਸਮੁੱਚੇ ਤੌਰ 'ਤੇ ਕਿਹੋ ਜਹੀ ਸੀ?

ਔਲਖ : ਮੇਰੀ ਮਾਂ ਭਾਵੇਂ ਅਨਪੜ੍ਹ ਸੀ ਪਰ ਸਾਡੇ ਥੁੜਾਂ-ਮਾਰੇ ਤੇ ਅਨਪੜ੍ਹ ਟੱਬਰ ਵਿਚ ਉਹ ਸਭ ਜੀਆਂ ਤੋਂ ਵੱਧ ਸਿਆਣੀ ਸੀ। ਘਰ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਜਿੰਨੀ ਸ਼ਿੱਦਤ ਨਾਲ ਉਹ ਮਹਿਸੂਸ ਕਰਦੀ ਸੀ, ਓਨੀ ਸ਼ਿੱਦਤ ਨਾਲ ਪਰਿਵਾਰ ਦਾ ਦੂਜਾ ਕੋਈ ਜੀਅ ਨਹੀਂ ਸੀ ਕਰਦਾ। ਪਹਿਲੇ ਨੰਬਰ 'ਤੇ ਸਾਡੇ ਘਰ ਵਿਚ ਸਭ ਤੋਂ ਵੱਡਾ ਮੇਰਾ ਤਾਇਆ ਸੀ। ਉਸਦਾ ਪਹਿਲਾਂ ਵਿਆਹ ਹੋਇਆ ਤਾਂ ਵਿਆਹ ਤੋਂ ਬਾਅਦ ਕੁਝ ਮਹੀਨਿਆਂ ਦੇ ਅੰਦਰ-ਅੰਦਰ ਘਰ ਵਾਲੀ ਦੀ ਮੌਤ ਹੋ ਗਈ ਸੀ। ਫਿਰ ਦੂਜਾ ਹੋਇਆ ਤਾਂ ਦੂਜੀ ਨਾਲ ਵੀ ਇਹੋ ਭਾਣਾ ਵਰਤਿਆ। ਨਤੀਜੇ ਦੇ ਤੌਰ 'ਤੇ ਉਹ ਤਿਆਗੀ-ਜੀ ਵਿਰਤੀ ਵਾਲਾ ਬੰਦਾ ਬਣ ਗਿਆ ਤੇ ਖੇਤਾਂ ਵਿਚ ਹੀ ਮਿੱਟੀ ਨਾਲ ਮਿੱਟੀ ਹੋ ਕੇ ਅਪਣੇ ਨਾਲ ਵਾਪਰੇ ਦੁਖਾਂਤ ਨੂੰ ਭੁੱਲ ਜਾਣ ਦੇ ਜਤਨ ਕਰਨ ਦੇ ਰਾਹ ਪੈ ਗਿਆ ਸੀ। ਘਰ ਦੀ ਕਬੀਲਦਾਰੀ ਨਾਲੋਂ ਉਸਨੇ ਅਪਣੇ-ਆਪ ਨੂੰ ਉੱਕਾ ਹੀ ਤੋੜ ਲਿਆ ਸੀ।

ਸਵਾਲ : ਦੂਜੇ ਨੰਬਰ 'ਤੇ ?

ਔਲਖ : ਦੂਜੇ ਨੰਬਰ 'ਤੇ ਮੇਰਾ ਬਾਪੂ ਸੀ ਜਿਹੜਾ ਸਿੱਧੜ-ਜਿਹੀ ਬਿਰਤੀ ਵਾਲਾ ਬੰਦਾ ਸੀ। ਉਹ ਘਰ ਦੇ ਕਿਸਾਨੀ ਨਾਲ ਜੁੜੇ ਉਤਲੇ-ਉਤਲੇ, ਮੋਟੇ-ਮੋਟੇ ਤੇ ਸੌਖੇ-ਜੇ ਕੰਮ ਹੀ ਕਰਦਾ ਹੁੰਦਾ ਸੀ। ਵੱਧ ਤੋਂ ਵੱਧ ਡੰਗਰ ਚਾਰ ਲੈਣੇ, ਲੁਹਾਰ-ਤਰਖਾਣ ਕੋਲੋਂ ਖੇਤੀ ਦਾ ਕੋਈ ਸੰਦ-ਸੰਦੇੜਾ ਬਣਵਾ ਜਾਂ ਠੀਕ ਕਰਵਾ ਲਿਆਉਣਾ ਤੇ ਘਰ ਦਾ ਮੋਹਰੀ ਹੋਣ ਕਾਰਨ ਪਿੰਡ ਦੇ ਸ਼ਾਹ ਕੋਲੋਂ ਕਰਜ਼ਾ ਚੁੱਕਣਾ ਤੇ ਅੰਗੂਠਾ ਲਾਉਣਾ। ਉਹ ਬਹੁਤਾ ਹੱਡ-ਰੱਖ ਬੰਦਾ ਹੀ ਸੀ। ਤੀਜੇ ਨੰਬਰ 'ਤੇ ਮੇਰੀ ਭੂਆ ਦਾ ਇੱਕ ਪੁੱਤ ਜੰਗੀਰ ਵੀ ਸਾਡੇ ਘਰ ਦਾ ਜੀਅ ਬਣ ਕੇ ਸਾਡੇ ਘਰ ਵਿਚ ਹੀ ਰਹਿੰਦਾ ਸੀ। ਉਹ ਮੇਰੇ ਬਾਪੂ ਨਾਲੋਂ ਵੀ ਵੱਧ ਸਿੱਧੜ ਸੀ। ਉਹ ਖੇਤੀ ਦਾ ਕੰਮ ਕਰਨ ਵਿਚ ਤਾਂ ਪੂਰਾ ਧੁਸ ਸੀ ਪਰ ਦੁਨਿਆਵੀ ਸਿਆਣਪ ਤੋਂ ਉਹ ਉੱਕਾ ਹੀ ਕੋਰਾ ਸੀ।

ਸਵਾਲ : ਤੁਹਾਡੇ ਬਾਕੀ ਭੈਣ-ਭਰਾ ?

ਔਲਖ : ਭੈਣ ਮੇਰੀ ਕੋਈ ਨਹੀਂ ਸੀ। ਇੱਕ ਸੀ ਪਰ ਉਸਦੀ ਬਚਪਨ ਵਿਚ ਹੀ ਮੌਤ ਹੋ ਗਈ ਸੀ। ਮੇਰੇ ਤੋਂ ਪੰਜ-ਛੀ ਸਾਲ ਵੱਡਾ ਮੇਰਾ ਇੱਕ ਭਰਾ ਹਰਨੇਕ ਸੀ ਉਹਦਾ ਦਿਮਾਗ ਤਾਂ ਤੇਜ਼ ਸੀ ਪਰ ਜਵਾਨੀ ਵਿਚ ਪੈਰ ਰਖਦਿਆਂ ਹੀ ਉਹ ਵੈਲਪੁਣੇ ਵਿਚ ਪੈ ਕੇ ਨਸ਼ੇ ਕਰਨ ਲੱਗ ਪਿਆ ਸੀ। ਦੋ ਭਰਾ ਮੇਰੇ ਤੋਂ ਛੋਟੇ ਸੀ ਮੇਰੇ ਸਮੇਤ ਉਹ ਵੀ ਅਜੇ ਨਿਆਣੇ ਸੀ। ਬਸ ਲੈ-ਦੇ ਕੇ ਘਰ ਵਿਚ ਇੱਕ ਮਾਂ ਹੀ ਰਹਿਗੀ ਸੀ ਜਿਹੜੀ ਘਰ ਦੇ ਲੈਣ-ਦੇਣ ਨਾਲ ਦੋ-ਚਾਰ ਹੁੰਦੀ ਰਹਿੰਦੀ ਸੀ। ਮਾਂ ਇਹ ਸਭ ਕੁਝ ਸ਼ਿੱਦਤ ਨਾਲ ਤਾਂ ਜ਼ਰੂਰ ਮਹਿਸੂਸ ਕਰਦੀ ਸੀ ਪਰ ਉਹ ਘਰ ਦੀਆਂ ਤੰਗੀਆਂ-ਤੁਰਸ਼ੀਆਂ ਦਾ ਕਿਸੇ ਬਾਹਰਲੇ ਬੰਦੇ ਮੂਹਰੇ ਢੰਡੋਰਾ ਨਹੀਂ ਸੀ ਪਿੱਟਦੀ। ਦੂਜਿਆਂ ਨਾਲ ਉਹ ਹੱਸ-ਹੱਸ ਗੱਲਾਂ ਹੀ ਕਰਦੀ ਸੀ। ਬਸ, ਰਾਤ ਨੂੰ ਸਾਉਣ ਤੋਂ ਪਹਿਲਾਂ ਮੰਜੇ 'ਤੇ ਪਈ ਕਦੇ-ਕਦੇ ਇਹਨਾਂ ਤੰਗੀਆਂ-ਤੁਰਸ਼ੀਆਂ ਦੇ ਮੱਕੜ-ਜਾਲ ਵਿਚ ਘਿਰ ਜਾਂਦੀ ਸੀ। ਤੇ ਅਜਿਹੇ ਮੌਕੇ ਕਈ ਵਾਰ ਉਹ ਰੱਬ ਨੂੰ ਵੀ ਉਲਾਂਭਾ ਦੇਣ ਲੱਗ ਪੈਂਦੀ ਸੀ।

ਸਵਾਲ : ਉਲਾਂਭਾ ਕੇਹਾ ?

ਔਲਖ : ਬਸ ਆਹੀ ਕਿ ਰੱਬ ਸਾਡੇ ਘਰ ਦੇ ਮਗਰ ਕਿਉਂ ਪਿਆ ਹੋਇਆ ਸੀ? ਕਿਉਂ ਉਸਨੇ ਸਾਡੇ ਘਰ ਨੂੰ ਹੇਠਾਂ ਈ ਹੇਠਾਂ ਲਿਜਾਣ 'ਤੇ ਲੱਕ ਬੰਨ੍ਹਿਆ ਹੋਇਆ ਸੀ?

ਸਵਾਲ : ਪਰ ਨਾਟਕੀ ਤੱਤ ਵਾਲੀ ਕਿਹੜੀ ਗੱਲ ਸੀ ਤੁਹਾਡੀ ਮਾਤਾ ਵਿਚ?



ਇਉਂ ਜੁੜ ਬੈਠੇ ਖ਼ਲਕਤ- ਔਲਖ ਦੇ ਨਾਟਕਾਂ ਦੇ ਪੇਂਡੂ ਦਰਸ਼ਕ

ਔਲਖ : ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਮੇਰੀ ਮਾਂ ਵਿਆਹ-ਸ਼ਾਦੀਆਂ ਦੇ ਮੌਕਿਆਂ 'ਤੇ ਗੀਤ ਗਾਉਣ, ਗਿੱਧਾ ਪਾਉਣ ਤੇ ਗਿੱਧੇ ਵਿਚ ਦੂਜਿਆਂ ਦੀਆਂ ਨਕਲਾਂ ਲਾਹੁਣ ਵਿਚ ਪੂਰੀ ਪਰਵੀਨ ਸੀ। ਉਂਜ ਵੀ ਉਹ ਹਾਸੇ ਵਿਚ ਵੱਡੇ ਤੋਂ ਵੱਡੇ ਸੇਠ-ਸਰਦਾਰ ਦੀ ਨਕਲ ਲਾਹੁਣ ਤੇ ਉਹਨਾਂ ਉਤੇ ਟਕੋਰ ਲਾਉਣ ਤੋਂ ਨਹੀਂ ਸੀ ਟਲਦੀ। ਮੋਟੀ ਗੋਗੜ ਵਾਲਾ ਸੇਠ ਜੇਠੂ ਰਾਮ, ਜਿਸਦਾ ਸਾਡਾ ਘਰ ਹਮੇਸ਼ਾਂ ਕਰਜ਼ਈ ਰਹਿੰਦਾ ਸੀ, ਜਦ ਅਪਣੇ ਚਾੜ੍ਹੇ ਕਰਜ਼ੇ ਦੇ ਸੰਬੰਧ ਵਿਚ ਸਾਡੇ ਘਰ ਗੇੜਾ ਤੇ ਗੇੜਾ ਮਾਰਨ ਲੱਗ ਪੈਂਦਾ ਸੀ ਤਾਂ ਮਾਂ ਹਮੇਸ਼ਾਂ ਇਹ ਕਹਿ ਕੇ ਉਸ ਦੇ ਵਧੇ ਢਿੱਡ ਦਾ ਵਿਰਵਾ ਪਾਉਂਦੀ ਉਸ ਉੱਤੇ ਚੋਟ ਕੱਸਿਆ ਕਰਦੀ ਸੀ, ''ਬਸ ਕਰ ਵੇ ਜੇਠੂ ਰਾਮਾ! ਬਥੇਰੀ ਗੋਗੜ ਭਰ-ਲੀ ਜੱਟਾਂ ਦਾ ਖ਼ੂਨ ਪੀ-ਪੀ! ਕਿਤੇ ਹੋਰ ਈ ਨਾ ਭੜਾਕਾ ਪੈ-ਜੇ ਇਹਦਾ?'' ਤੇ ਸੇਠ ਜੇਠੂ ਰਾਮ 'ਹੀਂ-ਹੀਂ-ਹੀਂ' ਕਰ ਕੇ ਗੱਲ ਟਾਲ ਛੱਡਦਾ ਸੀ। ਇੱਕ ਵਾਰ ਮਾਂ ਮੇਰੀ ਪੜ੍ਹਾਈ ਦੇ ਕਿਸੇ ਖਰਚੇ ਲਈ ਇੱਕ ਬਣਿਆਣੀ ਤੋਂ ਦਸੌ-ਗਿਆਰ੍ਹੀ 'ਤੇ ਕੁਝ ਪੈਸੇ ਲੈਣ ਗਈ। ਪੈਸੇ ਦੇਣ ਵੇਲੇ ਬਣਿਆਣੀ ਨੇ ਪਹਿਲਾਂ ਦਿੱਤੇ ਪੈਸੇ ਨਾ ਮੋੜਨ ਦਾ ਵਿਰਵਾ ਵੀ ਅਪਣੇ ਬਾਣੀਆਂ ਅੰਦਾਜ਼ ਵਿਚ ਮਾਂ ਕੋਲ ਕਰ ਦਿੱਤਾ। ਮਾਂ ਨੂੰ ਅੰਦਰੇ-ਅੰਦਰ ਗੁੱਸਾ ਤਾਂ ਬਹੁਤ ਆਇਆ ਪਰ ਬਣਿਆਣੀ ਦੀ ਕਰਜ਼ਈ ਹੋਣ ਕਾਰਨ ਉਹ ਮੂੰਹੋਂ ਕੁੱਝ ਨਾ ਭਾਸਰ ਸਕੀ। ਪਰ ਜਦ ਮਾਂ ਘਰ ਵੜ ਰਹੀ ਸੀ ਤਾਂ ਉਹ ਬੁੜ-ਬੁੜ ਕਰਦੀ ਅਪਣਾ ਗੁੱਸਾ ਕੁਝ ਇਸ ਤਰ੍ਹਾਂ ਕੱਢ ਰਹੀ ਸੀ, ''ਇੱਕ ਦਸ ਰੁਪਏ ਦੇ ਨੋਟ ਪਿੱਛੇ ਕੁੱਤੀ ਕਰਿਆੜੀ ਨੇ ਸੌ-ਸੌ ਸਣੌਤਾਂ ਸੁਣਾਈਆਂ! ਕੋਈ ਪੁੱਛਣਵਾਲਾ ਹੋਵੇ ਬਈ ਤੇਰੇ ਦਸ ਰੁਪਈਆਂ ਪਿੱਛੇ ਅਸੀਂ ਪਿੰਡ ਛੱਡ ਕੇ ਤਾਂ ਨੀ ਚਲੇ ਜਾਂਦੇ। ਆਹ ਫਸਲ ਆਈ ਤੋਂ ਮਾਰਾਂਗੇ ਮੱਥੇ। ਤੂੰ ਜਿਹੜੀ ਦਸੌ-ਗਿਆਰ੍ਹੀ ਲਾਉਣੀ ਐਂ ਲਾਈ ਚੱਲ!'' ਮੇਰੀ ਮਾਂ ਦਾ ਵਿਆਹ ਮੇਰੇ ਬਾਪੂ ਨਾਲ ਕਰਨ ਵੇਲੇ ਮੇਰੇ ਨਾਨੇ ਨੇ ਮੇਰੇ ਬਾਬੇ ਤੋਂ ਪੈਸੇ ਲਏ ਸੀ। ਕਈ ਵਾਰ ਆਪਸੀ 'ਤੂੰ-ਤੂੰ, ਮੈਂ-ਮੈਂ ਵੇਲੇ ਮੇਰਾ ਬਾਪੂ ਇਹਨਾਂ ਲਏ ਪੈਸਿਆਂ ਦੀ ਗੱਲ ਚਿਤਾਰ ਬੈਠਦਾ। ਮਾਂ ਝੱਟ ਕਰੜਾ ਜਵਾਬ ਦਿੰਦੀ ਪਰ ਬੜੀ ਹੀ ਧੀਮੀ ਤੇ ਕਾਬੂ ਕੀਤੀ ਆਵਾਜ਼ ਵਿਚ। ਉਸਦਾ ਜਵਾਬ ਆਮ ਤੌਰ 'ਤੇ ਇਹ ਹੁੰਦਾ : ''ਹੋਰ ਥੋਨੂੰ ਨੰਗਾਂ ਨੂੰ ਪੁੰਨ ਦੀ ਵਿਆਹ ਦਿੰਦਾ? ਤੁਸੀਂ ਸ਼ੁਕਰ ਕਰੋ ਬਈ ਥੋਨੂੰ ਤੀਵੀਂ ਜੁੜ-ਗੀ! ਨਹੀਂ ਫਿਰਦੇ ਰਹਿੰਦੇ ਤਵਿਆਂ ਉਤੇ ਹੱਥ ਫੂਕਦੇ!'' ਬਾਪੂ ਚੁੱਪ ਕਰ ਜਾਂਦਾ। ਚੁੱਪ ਨਾ ਕਰਦਾ ਤਾਂ ਹੋਰ ਕੀ ਕਰਦਾ? ਮਾਂ ਦੀ ਗੱਲ ਇੱਕ ਕਰੂਰ ਸੱਚ ਸੀ। ਮਾਂ ਦੇ ਬੋਲੇ ਇਹ ਤੇ ਅਜਿਹੇ ਹੋਰ ਕਿਤਨੇ ਹੀ ਵਾਰਤਾਲਾਪ ਥੋੜ੍ਹੀ ਬਹੁਤੀ ਤਬਦੀਲੀ ਨਾਲ ਬਾਅਦ ਵਿਚ ਮੈਂ ਅਪਣੇ ਕਿੰਨੇ ਨਾਟਕਾਂ ਵਿਚ ਵਰਤੇ ਹਨ।

ਸਵਾਲ : ਇਹਦਾ ਮਤਲਬ ਐ ਬੋਲ-ਬੁਲਾਰੇ ਵਿਚ ਤੇਜ਼ ਸੀ ਤੁਹਾਡੀ ਮਾਂ?

ਔਲਖ : ਨਹੀਂ ਬਿਲਕੁਲ ਹੀ ਨਹੀਂ। ਉਸ ਤਰ੍ਹਾਂ ਮੇਰੀ ਮਾਂ ਲੜਾਈ-ਝਗੜੇ ਤੋਂ ਦੂਰ ਰਹਿਣ ਵਾਲੀ ਤ੍ਰੀਮਤ ਹੀ ਸੀ। ਕਿਸੇ ਲੜਾਕੀ ਤੀਵੀਂ ਵਾਂਗ ਕਿਸੇ ਨਾਲ ਆਢਾ ਲਾਉਣ ਤੋਂ ਹਮੇਸ਼ਾਂ ਟਾਲਾ ਵੱਟਦੀ ਸੀ। ਜੇ ਆਂਢ-ਗੁਆਂਢ ਦੀ ਕੋਈ ਲੜਾਕੀ ਜਨਾਨੀ ਉਸ ਨਾਲ ਬਹੁਤਾ ਬੋਲਣ ਤੋਂ ਹੱਟਦੀ ਹੀ ਨਾ ਤਾਂ ਵੱਧ ਤੋਂ ਵੱਧ ਮਾਂ ਐਨਾ ਹੀ ਕਹਿ ਸਕਦੀ, ''ਮਾਰੀ ਜਾ ਭਕਾਈ! ਮੇਰੇ ਤੋਂ ਨੀ ਤੇਰੇ ਨਾਲ ਕੁੱਤੇ ਵਾਂਗੂੰ ਭੌਂਕਿਆਂ ਜਾਂਦਾ!'' ਮੈਂ ਅਪਣੀ ਸਾਰੀ ਉਮਰ ਵਿਚ ਅਪਣੀ ਮਾਂ ਨੂੰ ਸਿਰਫ ਇੱਕ ਵਾਰ ਉੱਚੀ ਬੋਲਦਾ ਸੁਣਿਆ ਹੈ। ਉਹ ਵੀ ਉਸ ਸਮੇਂ ਜਦ ਪਿੰਡ ਦੀ ਸੱਥ ਵਿਚ ਜਾਗੀਰਦਾਰ ਦੇ ਕਰਿੰਦੇ ਨੇ ਉਸ ਕੋਲੋਂ ਖੇਤੋਂ ਅਪਣੇ ਪੁੱਤ ਦੇ ਚੱਬਣ ਵਾਸਤੇ ਲਿਆਂਦੀ ਛੱਲੀ ਖੋਹ ਲਈ ਸੀ। ਪਰ ਤੰਗੀਆਂ ਤੁਰਸ਼ੀਆਂ ਵਿਚ ਘਿਰੀ ਹੋਈ ਮਾਂ ਵਿਆਹਾਂ-ਸ਼ਾਦੀਆਂ ਵਿਚ ਖ਼ੂਬ ਨੱਚਦੀ, ਗਾਉਂਦੀ ਤੇ ਦੂਜਿਆਂ ਦੀਆਂ ਨਕਲਾਂ ਲਾਹੁੰਦੀ ਹੁੰਦੀ ਸੀ। ਬਸ ਮਾਂ ਦੇ ਦੁੱਖ, ਦੁੱਖਾਂ ਵਿਚ ਘਿਰੀ ਦੇ ਉਸਦੇ ਬੋਲੇ ਵਾਰਤਾਲਾਪ, ਉਸਦੇ ਨੱਚਣ, ਟੱਪਣ ਤੇ ਨਕਲ ਕਰਨ ਦੀ ਖ਼ੂਬੀ, ਇਹ ਸਭ ਮੇਰੇ ਨਾਟਕਾਂ ਵਿਚ ਕਿਤੇ ਨਾ ਕਿਤੇ ਅਪਣੇ ਆਪ ਆ ਜਾਂਦੇ ਹਨ। ਜਦ ਵੀ ਕਿਸੇ ਨਿਮਨ ਕਿਸਾਨੀ ਦੀ ਤ੍ਰੀਮਤ ਨੂੰ ਅਪਣੇ ਨਾਟਕ ਵਿਚ ਚਿਤ੍ਰਣ ਲਗਦਾ ਹਾਂ ਤਾਂ ਸਭ ਤੋਂ ਪਹਿਲਾਂ ਮੇਰੀਆਂ ਅੱਖਾਂ ਸਾਹਮਣੇ ਮੇਰੀ ਮਾਂ ਆ ਕੇ ਹੀ ਖੜੋਂਦੀ ਹੈ। ਜਿਵੇਂ ਪੁਛਦੀ ਹੋਵੇ, ''ਬੋਲ ਪੁੱਤ, ਕੀ ਲਿਖਣੈਂ ਤੂੰ? ਮੈਂ ਲਿਖਾਵਾਂ!''

## ਪੰਜਾਬ ਦੀ ਮੁਜ਼ਾਰਾ ਲਹਿਰ

ਸਵਾਲ : ਮੁਜ਼ਾਰਾ ਲਹਿਰ ਦੀਆਂ ਕੁਝ ਝਾਕੀਆਂ ਬਚਪਨ ਵਿਚ ਤੁਸੀਂ ਵੀ ਵੇਖੀਆਂ। ਪੈਪਸੂ ਦੀ ਇਹ ਮੁਜ਼ਾਰਾ ਲਹਿਰ ਪੰਜਾਬ ਦੇ ਇਤਿਹਾਸ ਦਾ ਇੱਕ ਵੱਡਾ ਕਾਂਡ ਹੈ। ਲਿਖਤੀ ਤਾਂ ਇਹਦੇ ਬਾਰੇ ਬੜਾ ਕੁਝ ਮਿਲ ਜਾਵੇਗਾ ਪਰ ਤੁਹਾਡੇ ਮੂੰਹੋਂ ਸੁਣਨਾ ਚਾਹਾਂਗੇ ਇਹਦਾ ਵਿਸਥਾਰ?

ਔਲਖ : ਇਸ ਲਹਿਰ ਦੇ ਸਿਲਸਿਲੇਵਾਰ ਇਤਿਹਾਸਕ ਵੇਰਵਿਆਂ ਦੀ ਤਾਂ ਮੈਨੂੰ ਵੀ ਬਹੁਤੀ ਜਾਣਕਾਰੀ ਨਹੀਂ। ਜਦ ਮੈਂ ਛੋਟਾ ਜਿਹਾ ਸੀ ਓਦੋਂ ਇਹ ਲਹਿਰ ਸੰਘਰਸ਼ ਦੇ ਅਪਣੇ ਸਿੱਖ਼ਰ ਉਤੇ ਪਹੁੰਚੀ ਹੋਈ ਸੀ। ਪੈਪਸੂ ਦੀ ਇਹ ਲਹਿਰ ਪਹਿਲਾਂ ਪਰਜਾ ਮੰਡਲ ਦੇ ਨਾਂ ਹੇਠ ਚਲਦੀ ਸੀ ਤੇ ਇਸ ਵਿਚ ਪਰਜਾ-ਮੰਡਲ ਦੇ ਮੋਢੀ ਲੀਡਰ ਸੇਵਾ ਸਿੰਘ ਠੀਕਰੀ ਵਾਲਾ, ਗਿਆਨੀ ਜ਼ੈਲ ਸਿੰਘ, ਬਾਬੂ ਬ੍ਰਿਸ਼ ਭਾਨ, ਜੰਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ ਆਦਿ ਦਾ ਵੀ ਬੜਾ ਯੋਗਦਾਨ ਸੀ। ਫਿਰ ਇਸਦੇ ਕੁਝ ਲੀਡਰ ਕਾਂਗਰਸ ਵਿਚ ਚਲੇ ਗਏ ਤੇ ਕੁਝ ਹਥਿਆਰਬੰਦ ਰਾਹ 'ਤੇ ਪਈ 'ਲਾਲ ਪਾਰਟੀ' ਵਿਚ। ਲਾਲ ਪਾਰਟੀ ਦੀ ਅਗਵਾਈ ਹੇਠ ਚਲ ਰਹੀ ਇਸ ਲਹਿਰ ਦਾ ਸਭ ਤੋਂ ਵੱਧ ਸੁਲਝਿਆ ਤੇ ਮਜ਼ਬੂਤ ਆਗੂ ਕਾਮਰੇਡ ਤੇਜਾ ਸਿੰਘ ਸੁਤੰਤਰ ਸੀ। ਪੈਪਸੂ ਵਿਚੋਂ ਜਾਗੀਰਦਾਰੀ ਦੇ ਕੋਹੜ ਨੂੰ ਖ਼ਤਮ ਕਰਨ ਦਾ ਸਿਹਰਾ ਇਸ ਲਹਿਰ ਨੂੰ ਹੀ ਜਾਂਦਾ ਹੈ। ਇਸ ਲਹਿਰ ਦੀ ਇੱਕ ਵੱਡੀ ਦੇਣ ਇਹ ਵੀ ਸੀ ਕਿ ਇਸ ਨੇ ਪੈਪਸੂ ਦੇ ਕਿਸਾਨੀ ਤਬਕੇ ਵਿਚ ਇਨਕਲਾਬੀ ਚੇਤਨਤਾ ਪੈਦਾ ਕਰਨ ਵਿਚ ਬੜਾ ਭਾਰੀ ਰੋਲ ਅਦਾ ਕੀਤਾ ਸੀ। ਬਦਕਿਸਮਤੀ ਨੂੰ ਇਸਦੇ ਕਮਿਊਨਿਸਟ ਪਾਰਟੀ ਵਿਚ ਰਲੇਵੇਂ ਨੇ ਅੱਜ ਇਹ ਤੱਤ ਇਸ ਧਰਤੀ ਵਿਚੋਂ ਉੱਕਾ ਈ ਗਾਇਬ ਕਰ ਦਿੱਤਾ। ਇਸ ਲਹਿਰ ਸਦਕਾ 1952 ਵਿਚ ਪੈਪਸੂ ਦੇ ਮੁਜ਼ਾਰਾ ਕਿਸਾਨ ਉਹਨਾਂ ਜ਼ਮੀਨਾਂ ਦੇ ਮਾਲਕ ਬਣ ਗਏ ਸੀ ਜਿਸਨੂੰ ਉਹ ਓਦੋਂ ਤੱਕ ਮਾਰੂਸੀ ਤੇ ਗੈਰ-ਮਾਰੂਸੀ ਮੁਜ਼ਾਰਿਆਂ ਦੇ ਰੂਪ ਵਿਚ 'ਵਟਾਈ' ਉਤੇ ਵਾਹੁੰਦੇ ਬੀਜਦੇ ਆ ਰਹੇ ਸੀ। ਮੇਰੇ ਬਚਪਨ ਦੇ ਹਿੱਸੇ ਉਤੇ ਸਭ ਤੋਂ ਵੱਧ ਇਸੇ ਸਿਆਸੀ ਕਿਸਾਨ ਲਹਿਰ ਦਾ ਪ੍ਰਭਾਵ ਪਿਆ ਹੈ''। ਮੈਂ ਛੋਟਾ ਹੁੰਦਾ ਹੀ ਅਪਣੇ ਹਾਣੀਆਂ ਨਾਲ ਮਿਲ ਕੇ ਜਾਗੀਰਦਾਰਾਂ ਦੇ ਖ਼ਿਲਾਫ ਨਾਹਰੇ ਵੀ ਲਾਇਆ ਕਰਦਾ ਸੀ ਤੇ ਨੌਂ-ਦਸ ਸਾਲ ਦੀ ਉਮਰ ਵਿਚ ਇਸ ਵਿਰੁਧ ਤੇ ਕਿਸਾਨਾਂ ਦੇ ਹੱਕ ਵਿਚ ਗੀਤ ਲਿਖ ਕੇ ਗਾਇਆ ਵੀ ਕਰਦਾ ਸੀ।

ਸਵਾਲ : ਤੁਹਾਡਾ ਟੱਬਰ ਮੁਜ਼ਾਰਿਆਂ ਦਾ ਟੱਬਰ ਸੀ। ਹਰ ਸਮੇਂ ਥੁੜਾਂ ਹੀ ਥੁੜਾਂ। ਅਜਿਹੇ ਵਿਚ ਬਾਪ ਕਿਵੇਂ ਮਹਿਸੂਸ ਕਰਦਾ ਸੀ, ਤੇ ਹੋਰ ਤਾਏ-ਚਾਚੇ, ਭੈਣ-ਭਰਾ ? ਕਦੇ ਉਨ੍ਹਾਂ ਦੇ ਦਿਲਾਂ 'ਚ ਕੋਈ ਪ੍ਰਤੀਕਰਮ ਨਹੀਂ ਸੀ ਹੁੰਦਾ?

ਔਲਖ : ਮੇਰਾ ਬਾਪੂ ਘਰ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਨਾ ਹੀ ਸ਼ਿੱਦਤ ਨਾਲ ਮਹਿਸੂਸ ਕਰਦਾ ਸੀ ਤੇ ਨਾ ਹੀ ਬਹੁਤੀ ਗੰਭੀਰਤਾ ਨਾਲ ਲੈਂਦਾ ਸੀ। ਨਾ ਹੀ ਘਰ ਦੀ ਆਰਥਿਕ ਤੰਗੀ ਦੂਰੀ ਕਰਨ ਵਾਸਤੇ ਮੁਸ਼ੱਕਤ-ਭਰਿਆ ਖੇਤੀ ਦਾ ਕੰਮ-ਧੰਦਾ ਹੀ ਕਰਦਾ ਸੀ। ਹਾਲਾਂਕਿ ਘਰ ਵਾਸਤੇ ਪੈਸੇ-ਟਕੇ ਦਾ ਬਾਹਰ ਦਾ ਲੈਣ-ਦੇਣ ਉਸ ਰਾਹੀਂ ਹੀ ਹੁੰਦਾ ਸੀ। ਕਿਸੇ ਸੇਠ-ਸ਼ਾਹੂਕਾਰ ਤੋਂ ਘਰ ਵਾਸਤੇ ਕਰਜ਼ਾ ਬਗੈਰਾ ਚੁੱਕਣਾ ਹੁੰਦਾ ਤਾਂ ਉਸੇ ਦਾ ਅੰਗੂਠਾ

ਲਗਦਾ। ਉਹ ਥੋੜ੍ਹਾ ਜਿਹਾ ਵਡਿਆਈ ਦਾ ਵੀ ਭੁੱਖਾ ਸੀ। ਪੈਸਾ-ਧੇਲਾ ਦੇਣ ਵਾਲੇ ਸੇਠ-ਸ਼ਾਹੂਕਾਰ ਉਸਦੀ ਇਸ ਕਮਜ਼ੋਰੀ ਨੂੰ ਭਲੀ-ਭਾਂਤ ਜਾਣਦੇ ਸਨ। ਉਹ ਉਸਦੀ ਝੂਠੀ ਵਡਿਆਈ ਕਰ ਕੇ ਉਸਤੋਂ ਗਲਤ-ਮਲਤ ਅੰਗੂਠੇ ਵੀ ਲਵਾ ਲੈਂਦੇ ਸੀ। ਉਸਨੂੰ ਇਸ ਚੀਜ਼ ਦਾ ਵੀ ਘੱਟ-ਵਧ ਹੀ ਦੁੱਖ ਸੀ ਕਿ ਉਹ ਇੱਕ ਮੁਜ਼ਾਰਾ ਜਾਂ ਗਰੀਬ ਕਿਸਾਨ ਹੈ। ਜੇ ਮੁਜ਼ਾਰਾ-ਕਿਸਾਨਾਂ ਨੇ ਕੋਈ ਸੰਘਰਸ਼ ਕਰਨਾ ਹੁੰਦਾ ਤਾਂ ਉਹ ਸੰਘਰਨ ਕਰਨ ਜਾ ਰਹੇ ਕਿਸਾਨਾਂ ਨਾਲ ਵੀ ਤੁਰ ਪੈਂਦਾ ਤੇ ਜੇ ਕਿਸੇ ਨੇ ਉਸ ਮੂਹਰੇ ਜਾਗੀਰਦਾਰ ਦੇ ਗੁਣ ਗਾਉਣੇ ਸ਼ੁਰੂ ਕਰ ਦੇਣੇ ਤਾਂ ਉਹ ਉਸ ਮਗਰ ਵੀ ਸਿਰ ਹਿਲਾਉਣ ਲੱਗ ਪੈਂਦਾ। ਹਾਂ, ਮੇਰੀ ਮਾਂ ਜਾਗੀਰਦਾਰੀ ਦੀਆਂ ਮਾਰਾਂ ਨੂੰ ਜ਼ਰੂਰ ਬੁਰੀ ਤਰ੍ਹਾਂ ਮਹਿਸੂਸ ਕਰਦੀ ਸੀ। ਉਹ ਅਕਸਰ ਕਿਹਾ ਕਰਦੀ ਸੀ : ''ਪਤਾ ਨੀ ਨਪੁੱਤਿਆਂ ਦੇ ਸਰਦਾਰ ਕਦੋਂ ਮਰ-ਮਿਟਣਗੇ! ਪਤਾ ਨੀ ਸਾਨੂੰ ਕਦੋਂ ਸੁੱਖ ਦਾ ਸਾਹ ਆਊ!'' ਨੇੜੇ-ਤੇੜੇ ਦੀਆਂ ਕਿਸਾਨ-ਕਾਨਫਰੰਸਾਂ ਵਿਚ ਵੀ ਉਹ ਜਾ-ਆ ਆਉਂਦੀ ਸੀ। ਤਾਏ ਮੇਰੇ ਨੂੰ ਖੇਤਾਂ ਵਿਚ ਕੰਮ ਕਰਨ ਤੋਂ ਬਿਨਾ ਦੁਨੀਆਦਾਰੀ ਦੇ ਹੋਰ ਕਿਸੇ ਕੰਮ ਨਾਲ ਉਂਜ ਈ ਕੋਈ ਵਾਹ-ਵਾਸਤਾ ਨਹੀਂ ਸੀ। ਘਰ ਵਿਚ ਤੰਗੀ-ਤੁਰਸ਼ੀ ਦਾ ਤਾਂ ਇਹ ਹਾਲ ਸੀ ਕਿ ਹਾੜੀ ਦੀ ਫਸਲ ਆਉਣ ਤੋਂ ਕਿੰਨਾ ਚਿਰ ਹੀ ਪਹਿਲਾਂ ਖਾਧ-ਖੁਰਾਕ ਵਾਲੀ ਸਾਉਣੀ ਦੀ ਬਾਜਰੇ ਆਦਿ ਦੀ ਜਿਨਸ ਮੁੱਕ-ਮੁਕਾ ਜਾਂਦੀ ਸੀ ਤੇ ਸਾਉਣੀ ਦੀ ਫਸਲ ਆਉਣ ਤੋਂ ਪਹਿਲਾਂ ਹਾੜੀ ਦੇ ਕਣਕ-ਛੋਲੇ। ਬਸ ਫੇਰ ਕਿਸੇ ਸੇਠ-ਸ਼ਾਹੂਕਾਰ ਤੋਂ ਦਸੋ-ਗਿਆਰ੍ਹੀ 'ਤੇ ਜਿਨਸ ਚੁੱਕ ਕੇ ਹੀ ਡੰਗ ਟਪਾਇਆ ਜਾਂਦਾ ਸੀ।

ਸਵਾਲ : ਦਸੋ-ਗਿਆਰ੍ਹੀ ਕੀ?

ਔਲਖ : ਕਣਕ-ਬਾਜਰਾ ਆਦਿ ਲੈਣੇ ਤਾਂ ਸ਼ਾਹੂਕਾਰ ਤੋਂ ਦਸ ਮਣ ਤੇ ਮੋੜਨੇ ਗਿਆਰਾਂ ਮਣ! ਘਰ ਵਿਚ ਜਦ ਦਾਣੇ ਮੁੱਕਣੇ ਤਾਂ ਸਾਨੂੰ ਜੁਆਕਾਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਸੀ ਕਿ ਇਸ ਪਿਛੋਂ ਅਸੀਂ ਦਸੋ-ਗਿਆਰ੍ਹੀ ਵਾਲੀ ਰੋਟੀ ਹੀ ਖਾਵਾਂਗੇ। ਇਸ ਤਰ੍ਹਾਂ ਆਏ ਸਾਲ ਆਈ ਨਵੀਂ ਜਿਨਸ ਦਾ ਇੱਕ ਵੱਡਾ ਹਿੱਸਾ ਪਹਿਲਾਂ ਜਾਗੀਰਦਾਰ ਲੈ ਜਾਂਦਾ ਸੀ, ਉਸ ਪਿਛੋਂ ਸ਼ਾਹੂਕਾਰ ਤੇ ਬਾਕੀ ਘਰ ਦੀ ਬੁੱਚੀ-ਜੀ ਕਬੀਲਦਾਰੀ ਦੇ ਢਿੱਡ ਵਿਚ ਜਾ ਪੈਂਦੀ। ਘਰ ਆਏ ਦਾਣੇ ਤਾਂ ਮੁਸ਼ਕਲ ਨਾਲ ਇੱਕ-ਦੋ ਮਹੀਨੇ ਹੀ ਚਲਦੇ। 'ਮੀਂਹ ਜਾਵੇ, ਅੰਨ੍ਹੇਰੀ ਜਾਵੇ' ਹਰ ਸਾਲ ਇਹੋ ਹਾਲ ਹੁੰਦਾ।

## ਲਿਖਾਈ ਪੜ੍ਹਾਈ

ਸਵਾਲ : ਸੁਣਿਆ ਹੈ ਤੁਹਾਡੇ ਘਰ ਵਿਚ ਸਿਰਫ ਤੁਹਾਡਾ ਹੀ ਭਾਗ ਸੀ ਕਿ ਤੁਸੀਂ ਸਕੂਲਾਂ, ਕਾਲਜਾਂ ਦੀਆਂ ਬਰੂਹਾਂ ਲੰਘ ਕੇ ਜਮਾਤਾਂ ਦੀਆਂ ਪੌੜੀਆਂ ਚੜ੍ਹ ਸਕੇ। ਇਹਦੇ ਵੱਡੇ ਕਾਰਨ ਕੀ ਸਨ?

ਔਲਖ : ਸਾਡੇ ਘਰ ਦਾ ਤਾਂ ਕੀ, ਸਾਡੇ ਘਰ ਦੀਆਂ ਦੂਰ ਦੀਆਂ ਰਿਸ਼ਤੇਦਾਰੀਆਂ ਵਿਚ ਵੀ ਕੋਈ ਬੰਦਾ ਊੜਾ-ਆੜਾ ਤੱਕ ਪੜ੍ਹਨ ਨਹੀਂ ਸੀ ਜਾਣਦਾ। ਦੂਜੇ, ਜਾਗੀਰਦਾਰੀ ਦੇ ਬੌਂਦਲਾਏ ਹੋਏ ਸਾਡੇ ਪਿੰਡ ਦੇ ਕਿਸਾਨ ਪਰਿਵਾਰਾਂ ਵਿਚ ਉਂਞ ਹੀ ਬੱਚਿਆਂ ਨੂੰ ਪੜ੍ਹਾਉਣ ਦਾ ਮਾਹੌਲ ਨਹੀਂ ਸੀ। ਇਸ ਲਈ ਪੜ੍ਹਾਈ ਦੇ ਮਹੱਤਵ ਦਾ ਕਿਸੇ ਨੂੰ ਪਤਾ ਹੀ ਨਹੀਂ ਸੀ। ਨਾ ਹੀ 1948 ਤੱਕ ਤੱਕ ਸਾਡੇ ਪਿੰਡ ਵਿਚ ਕੋਈ ਸਕੂਲ ਸੀ। ਬਾਣੀਆਂ ਦੇ ਪਰਿਵਾਰਾਂ ਦੇ ਪੰਜ-ਚਾਰ ਮੁੰਡੇ ਜ਼ਰੂਰ ਪੜ੍ਹਦੇ ਸੀ ਉਹ ਵੀ ਨੇੜੇ ਦੇ ਮਾਨਸਾ, ਬੁਢਲਾਡਾ ਵਰਗੇ ਕਸਬਿਆਂ ਦੇ ਕਿਸੇ ਰਿਸ਼ਤੇਦਾਰ ਜਾਂ ਜਾਣੂ ਦੇ ਘਰ ਰਹਿ-ਰਹਾ ਕੇ। ਸਕੂਲ ਕਿਥੋਂ ਖੁਲ੍ਹਦਾ? ਜਾਗੀਰਦਾਰਾਂ ਨੇ ਨਾ ਸਾਡੇ ਪਿੰਡ ਵਿਚ ਗੁਰਦੁਆਰਾ ਬਣਨ ਦਿੱਤਾ ਸੀ ਤੇ ਨਾ ਹੀ ਸਕੂਲ।



ਜੀਵਨ ਸਾਥਣ ਮਨਜੀਤ ਤੇ ਧੀਆਂ ਸੁਹਜਦੀਪ ਤੇ ਅਜਮੀਤ ਨਾਲ - 1985

ਸਵਾਲ : ਕਿਉਂ?

ਔਲਖ : ਅਖੇ, ''ਜੇ ਗੁਰਦੁਆਰਾ ਬਣ ਗਿਆ ਤਾਂ ਲੋਕ ਗੁਰਦੁਆਰੇ ਵਿਚ ਇਕੱਠੇ ਹੋ ਕੇ ਜਾਗੀਰਦਾਰੀ ਵਿਰੁਧ ਸਲਾਹਾਂ-ਮਸ਼ਵਰੇ ਕਰਿਆ ਕਰਨਗੇ ਤੇ ਜੇ ਸਕੂਲ ਖੁੱਲ੍ਹ ਗਿਆ ਤਾਂ ਇਹਨਾਂ ਦੇ ਮੁੰਡਿਆਂ ਨੂੰ ਅਕਲ ਆ-ਜੂ। ਅਕਲ ਆ-ਗੀ ਤਾਂ ਉਹ ਜਾਗੀਰਦਾਰੀ ਵਿਰੁੱਧ ਲੜਾਈਆਂ ਵਿਢਣ ਦੀਆਂ ਵਿਉਂਤਾਂ ਘੜਨ ਲੱਗ ਪੈਣਗੇ!''

ਸਵਾਲ : ਫੇਰ ਕਿਵੇਂ ਤੇ ਕਦ ਖੁੱਲ੍ਹਿਆ ਸਕੂਲ ਤੁਹਾਡੇ ਪਿੰਡ ਵਿਚ?

ਔਲਖ : 1948 ਵਿਚ ਪਿੰਡ ਦੇ ਬਾਣੀਆਂ-ਮਹਾਜਨਾਂ ਨੇ ਆਪਸ ਵਿਚ ਸਲਾਹ-ਮਸ਼ਵਰਾ ਕਰ ਕੇ ਅਪਣੇ ਬੱਚਿਆਂ ਦੀ ਪੜ੍ਹਾਈ ਦੀ ਸੌਖ ਖ਼ਾਤਰ ਪਹਿਲਾਂ ਮਾਨਸਾ ਕਸਬੇ ਤੋਂ ਇੱਕ ਗੋਰਾ ਲਾਲ ਨਾਂ ਦਾ ਮਾਸਟਰ ਲਿਆਂਦਾ ਜਿਸਨੇ ਪਿੰਡ ਤੋਂ ਉਜੜ ਕੇ ਗਏ ਇੱਕ ਮੁਸਲਮਾਨ ਪਰਿਵਾਰ ਦੇ ਸੁੰਨੇ ਪਏ ਘਰ ਵਿਚ ਚੌਥੀ ਜਮਾਤ ਤੱਕ ਦਾ ਪ੍ਰਾਈਵੇਟ ਸਕੂਲ ਚਲਾਇਆ। ਫਿਰ 1949 ਵਿਚ ਸਰਕਾਰ ਨੇ ਸਰਕਾਰੀ ਪ੍ਰਾਇਮਰੀ ਸਕੂਲ ਖੋਲ੍ਹ ਦਿੱਤਾ। ਗੋਰਾ ਲਾਲ ਦੇ ਸਕੂਲ ਵਿਚ ਜੱਟਾਂ ਦੇ ਮੁੰਡਿਆਂ ਵਿਚੋਂ ਤਾਂ ਮੈਂ ਤੇ ਮੇਰੇ ਬਚਪਨ ਦਾ ਦੋਸਤ ਸੁਖਦੇਵ ਇੱਕ-ਇੱਕ ਦਿਨ ਹੀ ਗਏ ਤੇ ਗੋਰਾ ਲਾਲ ਹੱਥੋਂ ਕਈ ਮੁੰਡਿਆਂ ਉਤੇ ਪੈਂਦੀ ਕੁੱਟ ਵੇਖ ਕੇ ਅਸੀਂ ਮੁੜ ਕੇ ਉਸਦੇ ਸਕੂਲ ਵੱਲ ਮੂੰਹ ਨਾ ਕੀਤਾ । ਫੇਰ ਜਦ ਸਰਕਾਰੀ ਸਕੂਲ ਵਿਚ ਸੁਖਦੇਵ ਦੇ ਘਰਦਿਆਂ ਨੇ ਸੁਖਦੇਵ ਨੂੰ ਸਖਤਾਈ ਨਾਲ ਭੇਜਣਾ ਸ਼ੁਰੂ ਕਰ ਦਿੱਤਾ ਤਾਂ ਅਪਣੇ ਦੋਸਤ ਸੁਖਦੇਵ ਬਿਨਾ ਜੀਅ ਨਾ-ਲੱਗਣ ਕਾਰਨ ਮੈਨੂੰ ਵੀ ਸਕੂਲ ਲੱਗਣਾ ਪਿਆ। ਅਜਿਹਾ ਜਾਣ ਲੱਗਿਆ ਕਿ ਪੜ੍ਹਾਈ ਵਿਚ ਜੀਅ ਲੱਗਣ ਕਾਰਨ ਮੁੜ ਹਟਣ ਨੂੰ ਜੀਅ ਹੀ ਨਾ ਕੀਤਾ। 1952 ਵਿਚ ਮੈਂ ਪਿੰਡ ਦੇ ਸਕੂਲ ਤੋਂ ਚੌਥੀ ਜਮਾਤ ਪਾਸ ਕੀਤੀ। ਉਸ ਵਕਤ ਚੌਥੀ ਜਮਾਤ ਵਿਚ ਦੋ ਹੀ ਵਿਦਿਆਰਥੀ ਸੀ, ਉਹ ਵੀ ਜੱਟਾਂ ਦੇ। ਇੱਕ ਮੈਂ ਤੇ ਦੂਜਾ ਸੁਖਦੇਵ। ਮੈਂ ਫਸਟ ਆ ਗਿਆ ਤੇ ਸੁਖਦੇਵ ਸੈਕਿੰਡ। ਉਸ ਤੋਂ ਬਾਦ ਮੈਂ ਪਿੰਡ ਤੋਂ ਚਾਰ-ਪੰਜ ਕਿਲੋ-ਮੀਟਰ ਦੂਰ ਦੇ ਕਸਬੇ ਭੀਖੀ ਦੇ ਸਰਕਾਰੀ ਹਾਈ ਸਕੂਲ ਵਿਚ ਦਾਖਲ ਹੋ ਕੇ ਉਥੋਂ 1958 ਵਿਚ ਦਸਵੀਂ ਪਾਸ ਕੀਤੀ। ਇੱਕ ਗੱਲ ਤੁਹਾਨੂੰ ਹਰਾਨੀ ਵਾਲੀ ਦੱਸਾਂ? ਮੇਰੇ ਪਿੰਡ ਦੇ ਕਿਸਾਨ-ਪਰਿਵਾਰਾਂ ਵਿਚੋਂ ਮੈਂ ਪਹਿਲਾ ਮੁੰਡਾ ਸੀ ਜਿਸਨੇ ਦਸਵੀਂ ਕੀਤੀ ਸੀ ਤੇ ਉਹ ਵੀ ਫਸਟ ਡਿਵਿਜ਼ਨ ਵਿਚ। ਭਾਵੇਂ ਮੇਰੀ ਫਸਟ ਡਿਵਿਜ਼ਨ ਸਿਰਫ ਪੰਜ ਨੰਬਰਾਂ ਉਤੇ ਹੀ ਆਈ ਸੀ ਪਰ ਮੇਰੇ ਪਿੰਡ ਦੇ ਕਿਸਾਨ-ਪਰਿਵਾਰਾਂ ਵਿਚ ਇਸਦੀ ਇਸ ਤਰ੍ਹਾਂ ਚਰਚਾ ਹੋਈ ਜਿਵੇਂ ਮੈਂ ਸਾਰੇ ਪੰਜਾਬ ਵਿਚੋਂ ਫਸਟ ਆਇਆ ਹੋਵਾਂ! ਪਿੰਡ ਦੀ ਸੱਥ ਵਿਚ ਇਕੱਠ ਕਰ ਕੇ ਉਹਨਾਂ ਮੈਨੂੰ ਬੁਲਾ ਕੇ ਮੈਨੂੰ ਇਸ ਤਰ੍ਹਾਂ ਸ਼ਾਬਾਸ਼ ਦਿੱਤੀ ਜਿਵੇਂ ਮੈਂ ਸਾਰੀ ਦੁਨੀਆਂ ਵਿਚ ਪਿੰਡ ਦੇ ਸਾਰੇ ਕਿਸਾਨ-ਘਰਾਂ ਦੀ 'ਬੱਲੇ-ਬੱਲੇ' ਕਰਵਾ ਦਿੱਤੀ ਹੋਵੇ। ਉਹ ਤਾਂ ਕਦੇ ਸੁਫਨੇ ਵਿਚ ਵੀ ਨਹੀਂ ਸੀ ਸੋਚ ਸਕਦੇ ਕਿ ਜੱਟਾਂ ਦਾ ਮੁੰਡਾ ਵੀ ਐਨਾ 'ਸਿਆਣਾ' ਹੋ ਸਕਦੈ!?

ਸਵਾਲ : ਫੇਰ ਦਸਵੀਂ ਤੋਂ ਬਾਦ?

ਔਲਖ : ਦਸਵੀਂ ਤੋਂ ਅੱਗੇ ਮੈਂ ਪੜ੍ਹਨਾ ਤਾਂ ਚਾਹੁੰਦਾ ਸੀ ਪਰ ਘਰ ਦੀ ਆਰਥਿਕ ਹਾਲਤ ਕਾਲਜ ਭੇਜਣ ਵਾਲੀ ਨਹੀਂ ਸੀ। ਪਰ ਮੇਰਾ ਦਿਲ ਅੱਗੇ ਪੜ੍ਹਨ ਨੂੰ ਬਹੁਤ ਕਰ ਰਿਹਾ ਸੀ। ਮੈਂ ਤੇ ਹਾਈ ਸਕੂਲ ਦੀ ਪੜ੍ਹਾਈ ਦੁਰਾਨ ਬਣਿਆ ਮੇਰਾ ਮਿੱਤਰ ਹਾਕਮ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਐਗਰੀਕਲਚਰ ਦੀ ਪੜ੍ਹਾਈ ਕਰਨ ਦੀਆਂ ਗੱਲਾਂ ਵੀ ਕਰਦੇ ਰਹਿੰਦੇ ਸੀ। ਪਰ ਅਪਣੇ ਘਰ ਬਾਰੇ ਸੋਚਦਿਆਂ ਅੱਗੇ ਪੜ੍ਹਨ ਵਾਸਤੇ ਘਰ ਦਿਆਂ ਨੂੰ ਕਹਿਣ ਦੀ ਮੇਰੀ ਹਿੰਮਤ ਨਹੀਂ ਸੀ ਪੈ ਰਹੀ। ਅਖੀਰ ਮੇਰੇ ਮਿੱਤਰ ਹਾਕਮ ਨੇ ਇਸ ਬਾਰੇ ਕਿਵੇਂ ਨਾ ਕਿਵੇਂ ਮੇਰੀ ਮਾਂ ਨੂੰ ਮਨਾ ਲਿਆ ਤੇ ਮਾਂ ਨੇ ਪਿੰਡ ਦੀ ਇੱਕ ਬਣਿਆਣੀ ਤੋਂ ਸੱਤ-ਅੱਠ ਸੌ ਰੁਪਈਆ ਕਰਜ਼ੇ 'ਤੇ ਚੁੱਕ ਕੇ ਮੇਰੀ ਜੇਬ ਵਿਚ ਪਾ ਦਿੱਤਾ। ਇਸ ਤਰ੍ਹਾਂ ਅਸੀਂ ਐਗਰੀਕਲਚਰ ਦੀ ਪੜ੍ਹਾਈ ਕਰਨ ਦੇ ਇਰਾਦੇ ਨਾਲ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪਹੁੰਚ ਗਏ। ਖਾਲਸਾ ਕਾਲਜ ਦੇ ਪ੍ਰਿੰਸਪਲ ਨੇ ਸਾਨੂੰ ਐਗਰੀਕਲਚਰ ਵਿਚ ਤਾਂ ਦਾਖਲਾ ਨਾ ਦਿੱਤਾ ਪਰ ਇਹ ਕਹਿ ਕੇ ਕਿ ਸਾਨੂੰ ਨਾਨ-ਮੈਡੀਕਲ ਵਿਚ ਦਾਖਲ ਕਰ ਲਿਆ ਕਿ ਜਦ ਕੋਈ ਐਗਰੀਕਲਚਰ ਵਾਲਾ ਵਿਦਿਆਰਥੀ ਐਗਰੀਕਲਚਰ ਛੱਡ ਗਿਆ ਤਾਂ ਪਹਿਲ ਦੇ ਆਧਾਰ 'ਤੇ ਸਾਨੂੰ ਹੀ ਨਾਨ-ਮੈਡੀਕਲ ਤੋਂ ਐਗਰੀਕਲਚਰ ਵਿਚ ਤਬਦੀਲ ਕਰ ਦਿੱਤਾ ਜਾਵੇਗਾ। ਪਰ ਜਦ ਕੁਝ ਚਿਰ ਬਾਦ ਸਾਨੂੰ ਇਹ ਪਤਾ ਲਗਿਆ ਕਿ ਸਾਡੇ ਤੋਂ ਪਿੱਛੋਂ ਆਏ ਤੇ ਸਾਡੇ ਤੋਂ ਘੱਟ ਨੰਬਰਾਂ ਵਾਲੇ ਮੁੰਡਿਆਂ ਨੂੰ ਐਗਰੀਕਲਚਰ ਵਿਚ ਦਾਖਲਾ ਦੇ ਦਿੱਤਾ ਗਿਆ ਹੈ ਤਾਂ ਅਸੀਂ ਗੁੱਸੇ ਵਿਚ ਅਪਨਾ ਨਾਂ ਕਟਵਾ ਕੇ ਵਾਪਿਸ ਘਰਾਂ ਨੂੰ ਆ ਗਏ।

ਸਵਾਲ : ਫਿਰ?

ਔਲਖ : ਆ ਤਾਂ ਗਏ ਪਰ ਮੇਰਾ ਮਨ ਅੱਗੇ ਪੜ੍ਹਨ ਨੂੰ ਬਹੁਤ ਕਰਦਾ ਸੀ। ਪਰ ਪਹਿਲਾਂ ਹੀ ਕਰਜ਼ੇ 'ਤੇ ਚੁੱਕੇ ਪੈਸਿਆਂ ਦੀ ਕੀਤੀ ਬਰਬਾਦੀ ਕਾਰਨ ਹੁਣ ਮੇਰੀ ਆਤਮਾ ਹੀ ਘਰਦਿਆਂ ਉਤੇ ਹੋਰ ਬੋਝ ਪਾਉਣ ਨੂੰ ਨਹੀਂ ਸੀ ਮੰਨ ਰਹੀ। ਅਖੀਰ ਮੈਂ ਕੋਈ ਨੌਕਰੀ ਲੈਣ ਲਈ ਪਟਿਆਲੇ ਰਹਿੰਦੇ ਸਾਡੇ ਪਿੰਡ ਦੇ ਸਾਬਕਾ ਜਾਗੀਰਦਾਰ ਕੋਲ ਪਟਿਆਲੇ ਚਲਿਆ ਗਿਆ ਤਾਂ ਜੋ ਉਸਦੀ ਸਿਫਾਰਿਸ਼ ਨਾਲ ਕੋਈ ਨਿੱਕੀ-ਮੋਟੀ ਨੌਕਰੀ ਵੀ ਹਾਸਲ ਕਰ ਸਕਾਂ ਤੇ ਨੌਕਰੀ ਕਰਦਿਆਂ ਨਾਲ-ਨਾਲ ਪ੍ਰਾਈਵੇਟ ਤੌਰ 'ਤੇ ਆਪਣੀ ਪੜ੍ਹਾਈ ਦਾ ਵੀ ਹੀਲਾ ਕਰ ਸਕਾਂ।

## ਜਗੀਰਦਾਰ ਦੀ ਸ਼ਰਨ

ਸਵਾਲ : ਉਸੇ ਜਾਗਰੀਦਾਰ ਕੋਲ ਗਏ ਜਿਸਦਾ ਤੁਹਾਡੇ ਪਿੰਡ ਨਾਲ ਇੱਟ-ਕੁੱਤੇ ਦਾ ਵੈਰ ਸੀ?

ਔਲਖ : ਜਾਗੀਰਦਾਰੀ ਟੁੱਟਣ ਪਿਛੋਂ 1958 ਤੱਕ ਜਾਗੀਰਦਾਰ ਦੇ ਸਾਡੇ ਪਿੰਡ ਦੇ ਕਿਸਾਨਾਂ ਨਾਲ ਚੰਗੇ ਸੰਬੰਧ ਬਣ ਗਏ ਸੀ। ਸਿਆਸਤ ਵਿਚ ਆਉਣ ਕਰ ਕੇ ਉਹ ਕਾਂਗਰਸ ਦੀ ਟਿਕਟ 'ਤੇ ਇੱਕ ਵਾਰ ਐਮ ਐਲ ਏ ਵੀ ਬਣ ਚੁੱਕਾ ਸੀ ਤੇ ਬਦਲਦੇ ਹਾਲਾਤ ਵਿਚ ਪਿੰਡ ਦੇ ਕਈ ਲੋਕ ਅਪਣੇ ਕੰਮ-ਧੰਦਿਆਂ ਦੇ ਸੰਬੰਧ ਵਿਚ ਉਸ ਕੋਲ ਆਉਣ ਜਾਣ ਲੱਗ ਪਏ ਸੀ।

ਸਵਾਲ : ਫੇਰ ਮਿਲੀ ਨੌਕਰੀ?

ਔਲਖ : ਨੌਕਰੀ ਤਾਂ ਨਾ ਮਿਲੀ ਪਰ ਸਰਦਾਰ ਦੀ ਕੋਠੀ ਦਾ ਮਾਹੌਲ ਵੇਖ ਕੇ ਮੈਂ ਇਹ ਅੰਦਾਜ਼ਾ ਜ਼ਰੂਰ ਲਾ ਲਿਆ ਕਿ ਸਰਦਾਰ ਦੀ ਕੋਠੀ ਵਿਚ ਮੁਫਤ ਵਿਚ ਰਹਿ ਕੇ ਤੇ ਮੁਫਤ ਵਿਚ ਖਾ-ਪੀ ਕੇ ਮੈਂ ਅਪਣੀ ਪੜ੍ਹਾਈ ਪ੍ਰਾਈਵੇਟ ਤੌਰ 'ਤੇ ਜਾਰੀ ਰੱਖਣ ਦਾ ਜੁਗਾੜ ਜ਼ਰੂਰ ਕਰ ਸਕਦਾ ਹਾਂ। ਮੇਰੇ ਵਰਗੀਆਂ ਗਰਜ਼ਾਂ ਵਾਲੇ ਇੱਕ-ਦੋ ਮੁੰਡੇ ਉਥੇ ਪਹਿਲਾਂ ਹੀ ਇਸ ਤਰ੍ਹਾਂ ਰਹਿ ਰਹੇ ਸੀ। ਸਰਦਾਰ ਦੀ ਸਰਦਾਰਨੀ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਸੀ। ਸਰਦਾਰ ਦਾ ਮੁੰਡਾ ਡੇਹਰਾਦੂਨ ਪੜ੍ਹਦਾ ਸੀ। ਬਸ ਕੋਠੀ ਵਿਚ ਇਕੱਲਾ ਸਰਦਾਰ ਹੀ ਰਹਿੰਦਾ ਸੀ ਜਾਂ ਉਸਦਾ ਰਸੋਈਆ ਤੇ ਜਾਂ ਫਿਰ ਮੇਰੇ ਵਰਗੇ 'ਲਾਧੜੂ'। ਸੋ, ਇਸ ਤਰ੍ਹਾਂ ਸਰਦਾਰ ਦੀ ਕੋਠੀ ਵਿਚ ਸਾਲ ਭਰ ਰਹਿ ਕੇ ਉਸਦੇ ਨਿੱਕੇ-ਮੋਟੇ ਕੰਮ ਕਰਦਿਆਂ ਪਹਿਲਾਂ ਮੈਂ ਗਿਆਨੀ ਦਾ ਇਮਤਿਹਾਨ ਦਿੱਤਾ। ਫਿਰ ਅਗਲੇ ਸਾਲ ਮੈਂ ਹਾਕਮ ਨੂੰ ਵੀ ਪਟਿਆਲੇ ਸਰਦਾਰ ਦੀ ਕੋਠੀ ਵਿਚ ਹੀ ਬੁਲਾ ਲਿਆ। ਪਰ ਹਾਕਮ ਨੂੰ ਸਰਦਾਰ ਦੇ ਨਿੱਕੇ-ਮੋਟੇ ਕੰਮ ਕਰਨੇ ਗੁਲਾਮੀ ਦੀ ਨਿਸ਼ਾਨੀ ਲੱਗੀ ਤੇ ਅਸੀਂ ਜਲਦੀ ਹੀ ਸਰਦਾਰ ਦੀ ਕੋਠੀ ਛੱਡ ਦਿੱਤੀ। ਫਿਰ ਮੈਂ ਤੇ ਹਾਕਮ ਨੇ ਕਰਾਏ 'ਤੇ ਇੱਕ ਚੁਬਾਰਾ ਲੈ ਕੇ ਉਸ ਵਿਚ ਰਹਿ ਕੇ ਪੜ੍ਹਾਈ ਕਰਨੀ ਸ਼ੁਰੂ ਕਰ ਦਿੱਤੀ। ਹਾਕਮ ਨੇ ਮਹਿੰਦਰਾ ਕਾਲਜ ਵਿਚ ਬਾਕਾਇਦਾ ਦਾਖਲਾ ਲੈ ਕੇ ਤੇ ਮੈਂ ਟਿਊਸ਼ਨਾਂ ਬਗੈਰਾ ਪੜ੍ਹਾ-ਪੜ੍ਹਾ ਪ੍ਰਾਈਵੇਟ ਤੌਰ 'ਤੇ ਹੀ ਅਪਣੀ ਬੀ ਏ ਤੱਕ ਦੀ ਪੜ੍ਹਾਈ ਦਾ ਸਫਰ ਨੇਪਰੇ ਚਾੜ੍ਹਿਆ। ਉਨ੍ਹਾਂ ਦਿਨਾਂ ਵਿਚ ਪ੍ਰਾਈਵੇਟ ਤੌਰ 'ਤੇ ਐਮ ਏ ਦਾ ਪੰਜਾਬੀ ਯੂਨੀਵਰਸਿਟੀ ਨੇ ਅਜੇ ਕੋਈ ਨਿਯਮ ਨਹੀਂ ਸੀ ਬਣਾਇਆ ਇਸ ਲਈ ਐਮ ਏ ਮੈਨੂੰ ਯੂਨੀਵਰਸਿਟੀ ਵਿਚ ਦਾਖਲਾ ਲੈ ਕੇ ਕਰਨੀ ਪਈ, ਨਹੀਂ ਤਾਂ ਅਪਣੇ ਘਰ ਦੀ ਆਰਥਿਕ ਤੰਗੀ ਦੇ ਮੱਦੇ-ਨਜ਼ਰ ਐਮ ਏ ਮੈਂ ਪ੍ਰਾਈਵੇਟ ਤੌਰ 'ਤੇ ਹੀ ਕਰਨੀ ਸੀ। ਅਪਣੀ ਐਮ ਏ ਪੜ੍ਹਾਈ ਤੱਕ ਮੈਂ ਅਪਣੇ ਮਾਪਿਆਂ ਉਤੇ ਘੱਟ ਤੋਂ ਘੱਟ ਆਰਥਿਕ ਬੋਝ ਪਾਉਣ ਦੀ ਕੋਸ਼ਿਸ਼ ਕੀਤੀ। ਪਟਿਆਲੇ ਰਹਿੰਦਿਆਂ ਮੈਂ ਪੰਜਵੀਂ-ਛੇਵੀਂ ਦੇ ਬੱਚਿਆਂ ਨੂੰ ਪੜ੍ਹਾਉਣ ਦੀਆਂ ਟਿਊਸ਼ਨਾਂ ਵੀ ਕੀਤੀਆਂ ਤੇ ਗਿਆਨੀ ਪਾਸ ਕਰਨ ਤੋਂ ਬਾਅਦ ਮੈਂ ਇੱਕ ਗਿਆਨੀ ਕਾਲਜ ਵਿਚ ਬੁਧੀਮਾਨ ਤੇ ਵਿਦਵਾਨ ਕਰਦੇ ਨੌਜਵਾਨ ਮੁੰਡੇ-ਕੁੜੀਆਂ ਨੂੰ ਪੜ੍ਹਾਉਣ ਲਈ ਨੌਕਰੀ ਵੀ ਕੀਤੀ। ਮੈਨੂੰ ਯਾਦ ਹੈ ਮੈਨੂੰ ਇੱਕ ਮਹੀਨੇ ਦੀ ਪਹਿਲੀ ਤਨਖਾਹ ਪੰਦਰਾਂ ਰੁਪਏ ਮਿਲੀ ਸੀ। ਹਾਕਮ ਨੇ ਵੀ ਮੇਰੀ ਪੜ੍ਹਾਈ ਵਿਚ ਬਹੁਤ ਮਦਦ ਕੀਤੀ। ਮੈ



'ਬਗਾਨੇ ਬੋਹੜ ਦੀ ਛਾਂ' ਨਾਟਕ ਖੇਡਣ ਤੋਂ ਬਾਅਦ ਔਲਖ ਤੇ ਕਲਾਕਾਰਾਂ ਨਾਲ ਗੁਰਬਚਨ ਸਿੰਘ ਭੁੱਲਰ, ਗੁਰਚਰਨ ਸਿੰਘ ਜਸੂਜਾ, ਸੰਤੋਖ ਸਿੰਘ ਧੀਰ ਅਤੇ ਗੁਰਦਿਆਲ ਸਿੰਘ- 1978- ਦਿਲੀ

## ਇਤਿਹਾਸ ਦੇ ਵਰਕੇ

# ਪਹਿਲੀ ਸੰਸਾਰ ਜੰਗ, ਦੂਜਾ ਗ਼ਦਰ ਤੇ ਭਾਰਤੀ ਮਾਨਸਿਕਤਾ

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



ਪਹਿਲੀ ਸੰਸਾਰ ਜੰਗ ਦਾ ਭਾਰਤੀ ਆਜ਼ਾਦੀ ਦੇ ਇਤਿਹਾਸ ਵਿਚ ਖ਼ਾਸ ਸਥਾਨ ਹੈ। ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਜੋ ਸੁਪਨਾ ਬਾਬਾ ਸੋਹਣ ਸਿੰਘ ਭਕਨਾ ਤੇ ਉਨ੍ਹਾਂ ਦੇ ਸਾਥੀਆਂ ਨੇ ਦੇਖਿਆ; ਉਹ ਪੂਰਾ ਨਹੀਂ ਸੀ ਹੋਇਆ। ਗ਼ਦਰੀਆਂ ਬਾਰੇ ਬਰਤਾਨਵੀ ਸਰਕਾਰ ਏਨੀ ਸਖ਼ਤ ਸੀ ਕਿ ਇਨ੍ਹਾਂ ਦੇਸ਼ ਭਗਤਾਂ ਨੂੰ ਕਿਸੇ ਵੀ ਕੀਮਤ 'ਤੇ ਫ਼ਾਂਸੀਆਂ ਦੇ ਫ਼ੰਦਿਆਂ 'ਤੇ ਲਟਕਦਿਆਂ ਦੇਖਣਾ ਚਾਹੁੰਦੀ ਸੀ। ਦੂਸਰੇ ਪਾਸੇ ਗ਼ਦਰੀਆਂ ਦੀ ਆਰਥਕ ਹਾਲਤ ਏਨੀ ਮਾੜੀ ਸੀ ਕਿ ਉਨ੍ਹਾਂ ਕੋਲ ਵਕੀਲ ਨੂੰ ਫ਼ੀਸ ਦੇਣ ਜੋਗੇ ਵੀ ਪੈਸੇ ਨਹੀਂ ਸਨ।

ਅੱਜ ਦੇ ਇਤਿਹਾਸਕਾਰਾਂ ਦੇ ਸਾਹਮਣੇ ਇਹ ਸਵਾਲ ਮੂੰਹ ਅੱਡੀ ਖੜਾ ਹੈ ਕਿ ਗ਼ਦਰ ਫੇਲ੍ਹ ਕਿਉਂ ਹੋਇਆ? ਭਾਰਤੀ ਅਵਾਮ ਨੇ ਗ਼ਦਰੀਆਂ ਦਾ ਸਾਥ ਕਿਉਂ ਨਹੀਂ ਦਿੱਤਾ? ਵੱਖ-ਵੱਖ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਕੈਦ ਗ਼ਦਰੀਆਂ ਲਈ ਉਸ ਸਮੇਂ ਵੀ ਇਹ ਸਵਾਲ ਮਹੱਤਵ ਦਾ ਲਖ਼ਾਇਕ ਸੀ ਤੇ ਅੱਜ ਵੀ ਹੈ। ਸ਼ਾਇਦ ਉਸ ਸਮੇਂ ਇਹ ਸਾਰੀਆਂ ਗੁੰਝਲਾਂ ਸਮਝਣੀਆਂ ਆਸਾਨ ਨਹੀਂ ਸਨ। ਉਸ ਸਮੇਂ ਦੇ ਮੱਧ ਵਰਗ ਦੀਆਂ ਚਲਾਕੀਆਂ ਤੇ ਨਿਮਨ ਵਰਗ ਦੀਆਂ ਮਜਬੂਰੀਆਂ ਇਕ ਸਦੀ ਬਾਅਦ ਹੁਣ ਸਮਝੀਆਂ ਜਾ ਸਕਦੀਆਂ ਹਨ।

ਸੰਸਾਰ ਯੁੱਧ ਵਿੱਚ ਭਾਰਤੀ ਲੋਕ ਗ਼ਦਰੀ ਦੇਸ਼ ਭਗਤਾਂ ਦਾ ਸਾਥ ਨਾ ਦੇ ਕੇ ਬਰਤਾਨਵੀ ਹਾਕਮਾਂ ਦਾ ਸਾਥ ਇਸ ਬੇਸ਼ਰਮੀ ਨਾਲ ਦੇਣਗੇ ਇਸ ਦੀ ਭਿਣਕ ਤਾਂ ਕਿਸੇ ਨੂੰ ਵੀ ਨਹੀਂ ਸੀ। ਪਰ ਭਾਰਤੀਆਂ ਨੇ ਬਰਤਾਨਵੀ ਸਾਮਰਾਜ ਦੀਆਂ ਹੱਦਾਂ ਦੇ ਵਿਸਥਾਰ ਲਈ ਜਿਸ ਤਰੀਕੇ ਨਾਲ ਅਪਣੀਆਂ ਜਾਨਾਂ ਦੀ ਪ੍ਰਵਾਹ ਤੱਕ ਨਹੀਂ ਕੀਤੀ; ਉਸ ਬਾਰੇ ਜਾਣ ਕੇ ਤਾਂ ਆਤਮਾ ਕੁਰਲਾ ਉੱਠਦੀ ਹੈ। ਭਾਰਤੀਆਂ ਨੇ ਤਨ, ਮਨ ਤੇ ਧਨ ਨਾਲ ਅੰਗ਼ਰੇਜ਼ਾਂ ਦੀ ਪਹਿਲੇ ਵਿਸ਼ਵ ਯੁੱਧ ਵਿਚ ਸਿਰੇ ਦੀ ਮਦਦ ਕੀਤੀ ਸੀ। ਇਨ੍ਹਾਂ ਤੱਥਾਂ ਨੂੰ ਧੋਤਾ ਨਹੀਂ ਜਾ ਸਕਦਾ ਸਗੋਂ ਇਹ ਤੱਥ ਸਮੇਂ ਦੇ ਨਾਲ ਹੋਰ ਵੀ ਗੂੜੇ ਹੋ ਕੇ ਸਾਹਮਣੇ ਆ ਰਹੇ ਹਨ। ਭਾਰਤ ਦੇ ਰਾਜੇ ਮਹਾਰਾਜੇ ਅਤੇ ਨਵਾਬ ਸਲਤਨਤਾਂ ਬਰਤਾਨੀਆ ਦੀ ਸਹਾਇਤਾ ਲਈ ਕਿਵੇਂ ਇਕ ਦੂਸਰੇ ਤੋਂ ਮੋਹਰੇ ਹੋ ਕੇ ਦੌੜ ਪਈਆਂ ਸਨ; ਇਹ ਦਿਲਚਸਪ ਕਹਾਣੀ ਹੈ, ਹੈਦਰਾਬਾਦ ਦੇ ਨਿਜ਼ਾਮ ਨੇ ਗਵਰਨਰ ਜਰਨਲ ਨੂੰ ਤਾਰ ਰਾਹੀਂ ਲਿਖਿਆ-

''ਹਜ਼ੂਰ ਨੂੰ ਪਤਾ ਹੀ ਹੈ ਕਿ ਮੇਰੀ ਰਿਆਸਤ ਦੀ ਪੂਰੀ ਦੌਲਤ ਬਰਤਾਨਵੀ ਸਰਕਾਰ ਨੂੰ ਭੇਟਾ ਹੋ ਚੁੱਕੀ ਹੈ ਅਤੇ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੇਰੀ ਰੈਜੀਡੈਂਸੀ ਦੀਆਂ ਖ਼ਿਦਮਤਾਂ ਮਨਜ਼ੂਰ ਕਰ ਲਈਆਂ ਗਈਆਂ ਹਨ।'' (ਭਾਰਤੀ ਸਵਾਧੀਨਤਾ ਸੰਗਰਾਮ ਦਾ ਇਤਿਹਾਸ, ਪੰਨਾ 168)

ਇਸੇ ਤਰ੍ਹਾਂ ਦਾ ਪੱਤਰ ਮੈਸੂਰ ਦੇ ਮਹਾਰਾਜਾ ਨੇ ਵਾਇਸਰਾਏ ਨੂੰ ਲਿਖਿਆ-

''ਇਹ ਐਸਾ ਸਮਾਂ ਹੈ ਕਿ ਬਰਤਾਨਵੀ ਸਾਮਰਾਜ ਦੇ ਸਭ ਸਾਮੰਤਾਂ ਤੇ ਪਰਜਾ ਨੂੰ ਮੋਢੇ ਨਾਲ ਮੋਢਾ ਲਾ ਕੇ ਬਰਤਾਨੀਆ ਦੀ ਰੱਖਿਆ ਲਈ ਤਿਆਰ ਹੋ ਜਾਣਾ ਚਾਹੀਦਾ ਹੈ। ਮੈਂ ਸ੍ਰੀਮਾਨ ਜੀ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਤੇ ਮੇਰੀ ਪਰਜਾ ਸਾਮਰਾਜ ਦੀ ਰੱਖਿਆ ਲਈ ਹਰ ਪ੍ਰਕਾਰ ਦਾ ਬਲੀਦਾਨ ਦੇਣ ਨੂੰ ਤਿਆਰ ਹੈ।'' (ਉਹੀ 169)

ਇਸ ਤਰ੍ਹਾਂ ਸਭ ਛੋਟੇ ਵੱਡੇ ਨਰੇਸ਼ਾਂ ਨੇ ਬਰਤਾਨਵੀ ਸਾਮਰਾਜ ਦੀ ਸੇਵਾ ਲਈ ਆਪਣਾ ਤਨ, ਮਨ, ਧਨ ਅਰਪਤ ਕਰ ਦਿੱਤਾ ਸੀ। ਇਨ੍ਹਾਂ ਸੈਨਿਕ ਸਹਾਇਤਾ ਦਿੱਤੀ ਹੀ, ਖੁੱਲ੍ਹੇ ਦਿਲ ਨਾਲ ਧਨ ਦੌਲਤ ਵੀ ਬਰਤਾਨਵੀ ਹਕੂਮਤ ਨੂੰ ਭੇਟ ਕੀਤੀ।

ਹੈਦਰਾਬਾਦ ਦੇ ਨਰੇਸ਼ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਮਦਦ ਵਜੋਂ ਬਰਤਾਨਵੀ ਹਕੂਮਤ ਨੂੰ ਫੌਰੀ ਸਹਾਇਤਾ ਤੋਂ ਇਲਾਵਾ ਦੋ ਕਰੋੜ ਰੁਪਏ ਦਿੱਤੇ। ਗਵਾਲੀਅਰ ਨਰੇਸ਼ ਨੇ ਵੀ ਸੈਨਿਕ ਮਦਦ ਦੇ ਨਾਲ-ਨਾਲ ਲਗਭਗ 2 ਕਰੋੜ ਰੁਪਏ ਸਹਾਇਤਾ ਵਜੋਂ ਦਿੱਤੇ।'' ਇਸ ਤਰ੍ਹਾਂ ਵੱਡੇ ਨਰੇਸ਼ਾਂ ਦੁਆਰਾ ਦਿੱਤੀ ਗਈ ਸਹਾਇਤਾ ਦੀਆਂ ਖ਼ਬਰਾਂ ਜਦੋਂ ਨਿੱਕੇ-ਨਿੱਕੇ ਨਰੇਸ਼ਾਂ ਕੋਲ ਪਹੁੰਚੀਆਂ ਤਾਂ ਉਨ੍ਹਾਂ ਵਿਚ ਇਕ ਦੌੜ ਜਿਹੀ ਲੱਗ ਗਈ ਕਿ ਉਹ ਵੀ ਅੰਗ਼ਰੇਜ਼ਾਂ ਦੀ ਮਦਦ ਕਰਨ। ਆਪਣੀ ਗ਼ਰੀਬ ਪਰਜਾ ਦੇ ਖ਼ੂਨ ਪਸੀਨੇ ਦੀ ਕਮਾਈ ਉਪਰ ਟੈਕਸ ਲਗਾ ਕੇ ਇਕੱਠੀ ਕੀਤੀ ਧਨ ਰਾਸ਼ੀ ਰਾਤੋ-ਰਾਤ ਬਰਤਾਨਵੀ ਸ਼ਾਸਕਾਂ ਦੀ ਭੇਟਾ ਹੋਣ ਲੱਗੀ। ਇਹ ਉਸ ਵੇਲੇ ਦੀ ਭਾਰਤ ਦੇ ਹਾਕਮਾਂ ਦੀ ਮਾਨਸਿਕਤਾ ਸੀ, ਜਿਸ ਵਿਚੋਂ ਗ਼ਦਰੀ ਸੂਰਮੇ ਆਜ਼ਾਦੀ ਲੱਭਦੇ ਸਨ।

ਪਹਿਲੇ ਵਿਸ਼ਵ ਯੁੱਧ ਵਿਚ ਕੇਵਲ ਰਾਜੇ ਮਹਾਰਾਜੇ ਹੀ ਅੰਗਰੇਜ਼ਾਂ ਦੇ ਹੱਕ ਵਿੱਚ ਨਹੀਂ ਸਨ ਭੁਗਤੇ ਸਗੋਂ ਬਹੁਤ ਸਾਰੇ ਕੌਮੀ ਲੀਡਰ, ਭਾਰਤ ਦੇ ਮਾਡਰੇਟ ਦਲ ਦੇ ਵੱਡੇ-ਵੱਡੇ ਨੇਤਾ ਵੀ ਅੰਗਰੇਜ਼ਾਂ ਦੇ ਹੱਕ ਵਿਚ ਡਟ ਕੇ ਖੜ੍ਹੇ ਹੋ ਗਏ ਸਨ। ਉਨ੍ਹਾਂ ਨੇ ਲੋਕਾਂ ਦੀ ਮਾਨਸਿਕਤਾ ਵਿੱਚ ਇਹ ਧਾਰਨਾ ਪੱਕਿਆਂ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ ਕਿ ਪਰਮਾਤਮਾ ਨੇ ਭਾਰਤ ਤੇ ਭਾਰਤੀਆਂ ਦੀ ਭਲਾਈ ਲਈ ਅੰਗ਼ਰੇਜ਼ਾਂ ਨੂੰ ਇੱਥੇ ਭੇਜਿਆ ਹੈ। ਧਰਮਾਂ ਦੀ ਜਕੜ 'ਚ ਬੱਝੇ ਭਾਰਤ ਵਾਸੀਆਂ ਲਈ ਧਾਰਮਕ ਮੁਹਾਵਰੇ ਵਿੱਚ ਅੰਗਰੇਜ਼ ਪ੍ਰਸਤੀ ਦਾ ਇਹ ਪ੍ਰਚਾਰ ਲੋਕ ਮਾਨਸਿਕਤਾ ਨੂੰ ਅੰਗਰੇਜ਼ ਪ੍ਰਸਤ ਬਣਾਉਣ ਵਿੱਚ ਅਹਿਮ ਰੋਲ ਅਦਾ ਕਰ ਰਿਹਾ ਸੀ। ਦਾਦਾ ਭਾਈ ਨਾਰੋਜੀ ਨੇ ਯੁੱਧ ਦੇ ਐਲਾਨ ਤੋਂ ਇਕ ਹਫ਼ਤਾ ਪਹਿਲਾਂ ਲਿਖੇ ਲੇਖ ਵਿੱਚ ਲਿਖਿਆ ਸੀ-

''ਮੇਰੇ ਮਨ ਵਿਚ ਕੁਝ ਵੀ ਸੰਦੇਹ ਨਹੀਂ ਹੈ ਕਿ ਭਾਰਤ ਦਾ ਹਰੇਕ ਬਾਸ਼ਿੰਦਾ ਕੇਵਲ ਇਕੋ-ਇਕ ਇੱਛਾ ਤੋਂ ਪ੍ਰੇਰਿਤ ਹੋਵੇਗਾ ਕਿ ਇੰਗਲੈਂਡ ਦੀ ਪਰਜਾ ਨਿਆਂ, ਆਤਮ ਸਨਮਾਨ ਅਤੇ ਮਨੁੱਖਤਾ ਦੀ ਮਹੱਤਤਾ ਅਤੇ ਪ੍ਰਸੰਨਤਾ ਲਈ ਸ਼ਾਨਦਾਰ ਸੰਘਰਸ਼ ਵਿੱਚ ਲੱਗੀ ਹੋਈ ਹੈ। ਇਸ ਵਿੱਚ ਸਾਨੂੰ ਅੰਗਰੇਜ਼ਾਂ ਦੀ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ।''( ਉਹੀ )

ਅਜਿਹੇ ਹੀ ਵਿਚਾਰ ਸਰ ਫ਼ਿਰੋਜ਼ਸ਼ਾਹ ਮਹਿਤਾ ਨੇ ਪ੍ਰਗਟ ਕਰਦਿਆਂ ਕਿਹਾ ਸੀ, ''ਅਸੀਂ ਇਸ ਲਈ ਇਕੱਠੇ ਹੋਏ ਹਾਂ ਕਿ ਆਪਣੇ ਪਵਿੱਤਰ ਸਵਾਮੀ ਤੇ ਆਪਣੇ ਪਿਆਰੇ ਸਮਰਾਟ ਦੇ ਚਰਨਾਂ ਵਿੱਚ ਆਪਣੀ ਨਿਸ਼ਕਾਮ ਭਗਤੀ, ਅਟੁੱਟ ਵਿਸ਼ਵਾਸ ਅਤੇ ਜੋਸ਼ੀਲੀ ਵੰਦਨਾ ਅਰਪਿਤ ਕਰੀਏ।''(ਉਹੀ)




ਪੰਡਿਤ ਮਦਨ ਮੋਹਨ ਮਾਲਵੀਆ ਨੇ ਇਲਾਹਾਬਾਦ ਦੀ ਇਕ ਸਭਾ ਵਿਚ ਕਿਹਾ, ''ਸਾਡਾ ਭਵਿੱਖ ਇੰਗਲੈਂਡ ਦੇ ਭਵਿੱਖ ਨਾਲ ਪੱਕੀ ਤਰ੍ਹਾਂ ਬੱਝਿਆ ਹੋਇਆ ਹੈ। ਇੰਗਲੈਂਡ ਹਾਰਿਆ ਤਾਂ ਸਾਡੇ ਉਪਰ ਸੰਕਟ ਆਉਣਗੇ। ਮੈਨੂੰ ਇਹ ਐਲਾਨ ਕਰਨ ਵਿੱਚ ਕੋਈ ਸੰਕੋਚ ਨਹੀਂ ਕਿ ਮੈਂ ਬਰਤਾਨਵੀ ਤਾਜ ਦਾ ਵਫ਼ਾਦਾਰ ਹਾਂ ਕਿਉਂਕਿ ਮੈਂ ਆਪਣੇ ਦੇਸ਼ ਨੂੰ ਪਿਆਰ ਕਰਦਾ ਹਾਂ।''(ਉਹੀ )

ਭਾਰਤ ਦੇ ਭਵਿੱਖ ਨੂੰ ਪੱਕੇ ਤੌਰ 'ਤੇ ਬਰਤਾਨਵੀ ਭਵਿੱਖ ਨਾਲ ਜੋੜ ਦੇਣ ਵਾਲੀ ਮਾਨਸਿਕਤਾ ਦਾ ਵਿਕਾਸ ਵੀ ਭਾਰਤ ਦੇ ਕੌਮੀ ਲੀਡਰਾਂ ਦੀ ਬਦੌਲਤ ਹੀ ਹੋਇਆ ਸੀ। ਇਸੇ ਤਰਜ਼ 'ਤੇ ਚੱਲਦਿਆਂ ਲੋਕ ਮਾਨਿਆ ਤਿਲਕ ਨੇ 'ਮਰਾਠਾ' ਦੇ 21 ਸਤੰਬਰ 1914 ਦੇ ਅੰਕ ਵਿੱਚ ਲਿਖਿਆ ਸੀ:-

''ਇਹ ਠੀਕ ਹੀ ਕਿਹਾ ਗਿਆ ਹੈ ਕਿ ਬਰਤਾਨਵੀ ਸ਼ਾਸਨ ਭਾਰਤ ਉੱਪਰ ਸਭਿਅਤਾਪੂਰਕ ਸ਼ਾਸਨ ਦੁਆਰਾ ਵੱਖ-ਵੱਖ ਧਰਮਾਂ ਤੇ ਜਾਤੀਆਂ ਵਿੱਚ ਏਕਤਾ ਉਤਪੰਨ ਕਰਕੇ ਇਕ ਰਾਸ਼ਟਰ ਵਿੱਚ ਬੰਨ੍ਹਣ ਲਈ ਸਹਾਇਕ ਸਿੱਧ ਹੋ ਰਿਹਾ ਹੈ। ਮੈਂ ਵਿਸ਼ਵਾਸ ਨਹੀਂ ਕਰ ਸਕਦਾ ਕਿ ਅਗਰ ਆਜ਼ਾਦੀ ਪ੍ਰੇਮੀ ਅੰਗਰੇਜ਼ਾਂ ਤੋਂ ਬਿਨਾਂ ਕੋਈ ਹੋਰ ਜਾਤੀ ਸਾਡੇ ਉੱਪਰ ਰਾਜ ਕਰ ਰਹੀ ਹੁੰਦੀ ਤੇ ਉਹ ਸਾਡੀ ਰਾਸ਼ਟਰੀ ਭਾਵਨਾ ਦਾ ਇਸ ਕਦਰ ਵਿਕਾਸ ਕਰਦੀ। ਇਸ ਕਰਕੇ ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਇਸ ਮੌਕੇ (ਵਿਸ਼ਵ ਯੁੱਧ ਦੇ ਮੌਕੇ) ਹਰੇਕ ਵੱਡੇ ਛੋਟੇ, ਅਮੀਰ ਗ਼ਰੀਬ ਭਾਰਤੀ ਦਾ ਇਹ ਫ਼ਰਜ਼ ਬਣਦਾ ਹੈ ਕਿ ਅੰਗਰੇਜ਼ ਬਾਦਸ਼ਾਹ ਦੀ ਵੱਧ ਤੋਂ ਵੱਧ ਸਹਾਇਤਾ ਕਰੇ।'' (ਉਹੀ,170 )

ਅਜਿਹਾ ਹੀ ਮਹਾਤਮਾ ਗਾਂਧੀ ਨੇ ਇਕ ਭਾਸ਼ਣ ਵਿੱਚ ਕਿਹਾ :- ''ਬਿਨਾਂ ਕਿਸੇ ਵੀ ਸ਼ਰਤ 'ਤੇ ਪੂਰੇ ਮਨ ਨਾਲ ਅੰਗਰੇਜ਼ ਸਰਕਾਰ ਦੀ ਲੜਾਈ ਜਿੱਤਣ ਲਈ ਸਹਿਯੋਗ ਕਰਨਾ ਸਾਨੂੰ ਜਿੰਨਾ ਛੇਤੀ ਸਾਡੇ ਲਕਸ਼ ਦੇ ਕੋਲ ਲੈ ਜਾਵੇਗਾ, ਓਨਾ ਹੋਰ ਕੋਈ ਸਾਧਨ ਨਹੀਂ।.... ਅਸੀਂ ਸਾਮਰਾਜ ਲਈ ਲੜ ਕੇ ਦੇਸ਼ ਦੀ ਆਜ਼ਾਦੀ ਨੂੰ ਪ੍ਰਾਪਤ ਕਰ ਸਕਦੇ ਹਾਂ। ਸਾਮਰਾਜ ਦੀ ਸਹਾਇਤਾ ਨਾ ਕਰਨਾ ਰਾਸ਼ਟਰੀ ਆਤਮ ਹੱਤਿਆ ਕਰਨ ਦੇ ਬਰਾਬਰ ਹੈ।''( ਉਹੀ )

ਉਸ ਸਮੇਂ ਸਾਡੇ ਸਾਰੇ ਹੀ ਕੌਮੀ ਲੀਡਰਾਂ ਨੇ ਅੰਗਰੇਜ਼ਾਂ ਦਾ ਸਾਥ ਦੇਣ ਲਈ ਲੋਕ ਮਾਨਸਿਕਤਾ ਤਿਆਰ ਕਰ ਦਿੱਤੀ ਸੀ ਜਿਸ ਵਿਚੋਂ ਜਿਵੇਂ ਆਜ਼ਾਦੀ ਆਪਣੇ-ਆਪ ਹੀ ਆ ਜਾਣੀ ਹੋਵੇ। ਇਹ ਸਾਰੇ ਲੀਡਰ ਇਸ ਗੱਲ 'ਤੇ ਵਾਰ-ਵਾਰ ਜ਼ੋਰ ਦਿੰਦੇ ਸਨ ਕਿ ਜੇਕਰ ਪਹਿਲਾਂ ਵਿਸ਼ਵ ਯੁੱਧ ਬਰਤਾਨੀਆ ਨੇ ਜਿੱਤ ਲਿਆ ਤਾਂ ਇਸ ਯੁੱਧ ਵਿੱਚ ਭਾਰਤੀਆਂ ਦੇ ਦਿੱਤੇ ਸਹਿਯੋਗ ਦੇ ਬਦਲੇ ਭਾਰਤੀਆਂ ਨੂੰ ਆਜ਼ਾਦੀ ਨਾਲ ਸਨਮਾਨਿਆ ਜਾਵੇਗਾ। ਜਦਕਿ ਗ਼ਦਰੀਆਂ ਦੀ ਇਹ ਪੱਕੀ ਧਾਰਨਾ ਬਣ ਚੁੱਕੀ ਸੀ ਕਿ ਇਹ ਵਿਸ਼ਵ ਯੁੱਧ ਸਾਮਰਾਜੀ ਧਿਰਾਂ ਦੇ ਆਪਸੀ ਵਿਰੋਧ ਦਾ ਸਿੱਟਾ ਹੈ। ਇਹ ਸਾਮਰਾਜੀ ਸ਼ਕਤੀਆਂ ਆਪਣਾ ਵਿਸਥਾਰ ਕਰਕੇ ਦੁਨੀਆ ਦੇ ਵੱਧ ਤੋਂ ਵੱਧ ਦੇਸ਼ਾਂ ਨੂੰ ਅਪਣੀਆਂ ਬਸਤੀਆਂ ਬਣਾਉਣ ਲਈ ਆਪੋ-ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰ ਰਹੀਆਂ ਹਨ। ਪਰ ਭਾਰਤ ਦੇ ਕੌਮੀ ਲੀਡਰ ਬਰਤਾਨੀਵੀ ਸਾਮਰਾਜ ਦੇ ਖ਼ਾਸੇ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਨ ਸਕੇ ਤੇ ਇਸੇ ਅਲਪ ਬੁੱਧੀ ਵਿੱਚੋਂ ਹੀ ਭਾਰਤੀ ਲੋਕ ਮਾਨਸਿਕਤਾ ਨੂੰ ਅੰਗਰੇਜ਼ ਪ੍ਰਸਤੀ ਦਾ ਪਾਠ ਪੜ੍ਹਾਇਆ ਗਿਆ ਸੀ। ਜਿਸ ਦਾ ਲਾਹਾ ਪਹਿਲੇ ਵਿਸ਼ਵ ਯੁੱਧ ਵਿੱਚ ਬਰਤਾਨਵੀ ਹਾਕਮਾਂ ਨੇ ਰੱਜ ਕੇ ਲਿਆ।

ਇਸ ਸਮੇਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਭਾਰਤ ਦੇ ਗਵਰਨਰ ਜਨਰਲ ਤੱਕ ਆਪਣੇ ਭਾਸ਼ਨਾਂ ਵਿੱਚ ਭਾਰਤ ਵਾਸੀਆਂ ਦੇ ਸਹਿਯੋਗ ਦਾ ਸਵਾਗਤ ਕਰਦੇ ਵੱਧ ਤੋਂ ਵੱਧ ਲਲਚਾਵੇਂ ਐਲਾਨ ਕਰ ਰਹੇ ਸਨ। ਉਹ ਵਾਰ-ਵਾਰ ਇਹ ਕਹਿ ਰਹੇ ਸਨ ਕਿ ਭਾਰਤੀਆਂ ਤੇ ਅੰਗਰੇਜ਼ਾਂ ਦੀ ਪ੍ਰੇਮ ਅਤੇ ਬਰਾਬਰੀ ਦੀ ਜਿਹੜੀ ਭਾਵਨਾ ਹੁਣ ਪੈਦਾ ਹੋਈ ਹੈ; ਉਹ ਸਥਾਈ ਰਹੇਗੀ। ਇਹੋ ਹੀ ਕਾਰਨ ਹੈ ਦੇਸ਼ ਤੋਂ ਪ੍ਰਕਾਸ਼ਤ ਹੋਣ ਵਾਲੀਆਂ ਅਖ਼ਬਾਰਾਂ ਅਤੇ ਭਾਰਤ ਦੇ ਬੁੱਧੀਜੀਵੀ ਵਰਗ, ਗੱਲ ਕੀ ਹਰ ਪਾਸੇ ਅੰਗਰੇਜ਼ ਪ੍ਰਸਤੀ ਦੀ ਲਹਿਰ ਤੇਜ਼ ਹਨੇਰੀ ਬਣ ਕੇ ਚਲ ਰਹੀ ਸੀ। ਇਸ ਸਮੇਂ ਇੰਝ ਜਾਪਦਾ ਸੀ ਜਿਵੇਂ ਸਮੁੱਚਾ ਭਾਰਤ ਅੰਗਰੇਜ਼ਾਂ ਲਈ ਮਰ ਮਿਟਣ ਲਈ ਤਿਆਰ ਹੋ ਗਿਆ ਸੀ।

''ਇਸ ਵਿਸ਼ਵ ਯੁੱਧ ਵਿੱਚ 10 ਕਰੋੜ ਤੋਂ ਵੱਧ ਦੀ ਧਨ ਰਾਸ਼ੀ ਅੰਗਰੇਜ਼ਾਂ ਨੂੰ ਮਦਦ ਲਈ ਦਿੱਤੀ ਗਈ ਸੀ। ਇਸ ਤੋਂ ਇਲਾਵਾ 1 ਕਰੋੜ 86 ਹਜ਼ਾਰ ਰੁਪਿਆ ਭਾਰਤ ਸਰਕਾਰ ਦੇ ਫ਼ੰਡ ਵਿਚੋਂ ਦਿੱਤਾ ਗਿਆ ਸੀ।''(ਉਹੀ,171)

ਇਸ ਨਗਦ ਸਹਾਇਤਾ ਤੋਂ ਬਿਨਾਂ ਭਾਰਤ 'ਚੋਂ ਵਿਦੇਸ਼ਾਂ ਵਿੱਚ ਭੇਜੀਆਂ ਗਈਆਂ ਭਾਰਤੀ ਫ਼ੌਜਾਂ ਦਾ ਖ਼ਰਚ ਲਗਾਤਾਰ ਡੇਢ ਅਰਬ ਪੌਂਡ ਸੀ'' (ਉਹੀ )

ਭਾਰਤ ਵਾਸੀਆਂ ਵੱਲੋਂ ਦਿਲ ਖੋਲ੍ਹ ਕੇ ਦਿੱਤੇ ਗਏ ਚੰਦੇ ਇਸ ਮੋਟੀ ਰਕਮ ਤੋਂ ਵੱਖਰੇ ਸਨ। ਜੇਕਰ ਸਭ ਕਿਸਮ ਦੀ ਸਹਾਇਤਾ ਦਾ ਮੋਟਾ ਮੋਟਾ ਹਿਸਾਬ ਲਗਾਇਆ ਜਾਵੇ ਤਾਂ ਇਹ ਰਾਸ਼ੀ ਅਰਬਾਂ ਤੱਕ ਪਹੁੰਚ ਜਾਂਦੀ ਹੈ। ਇਹ ਅਰਬਾਂ ਦੀ ਰਾਸ਼ੀ ਨੂੰ ਉਸ ਸਮੇਂ ਦੇ ਭਾਰਤ ਦੀ ਆਮ ਜਨਤਾ ਦੇ ਪ੍ਰਸੰਗ਼ ਵਿੱਚ ਰੱਖ ਕੇ ਦੇਖੀਏ ਤਾਂ ਇਸ ਦਾ ਮਹੱਤਵ ਉਜਾਗਰ ਹੁੰਦਾ ਹੈ। ਜਦੋਂ ਅਕਾਲ ਨਾਲ ਲੋਕ ਕਰੋੜਾਂ ਦੀ ਗਿਣਤੀ ਵਿੱਚ ਮਰ ਰਹੇ ਸਨ; ਉਸ ਸਮੇਂ ਭਾਰਤੀਆਂ ਵੱਲੋਂ ਬਰਤਾਨੀਆਂ ਨੂੰ ਯੁੱਧ ਜਿੱਤਣ ਲਈ ਏਨੀ ਵੱਡੀ ਧਨ ਰਾਸ਼ੀ ਮਦਦ ਦੇ ਰੂਪ ਵਿੱਚ ਦਿੱਤੀ ਗਈ। ਇਹ ਆਪਣੇ-ਆਪ ਵਿੱਚ ਮਹੱਤਵ ਦੀ ਲਖ਼ਾਇਕ ਹੈ ਤੇ ਸ਼ਰਮ ਦੀ ਵੀ।

ਇਕ ਪਾਸੇ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਉਹ ਗ਼ਦਰੀ ਦੇਸ਼ ਭਗਤ ਸਨ, ਜਿਹੜੇ ਇਸ ਸੰਸਾਰ ਜੰਗ ਵਿੱਚ ਫਸੀ ਬਰਤਾਨਵੀ ਹਕੂਮਤ ਦੀ ਮਜਬੂਰੀ ਦਾ ਫ਼ਾਇਦਾ ਲੈ ਕੇ ਇਸ ਯੁੱਧ ਨੂੰ ਭਾਰਤ ਦੀ ਆਜ਼ਾਦੀ ਦੇ ਯੁੱਧ ਵਿੱਚ ਤਬਦੀਲ ਕਰਨਾ ਚਾਹੁੰਦੇ ਸਨ। ਅੱਠ ਹਜ਼ਾਰ ਤੋਂ ਵੱਧ ਗ਼ਦਰੀ ਦੇਸ਼ ਭਗਤ ਹਥਿਆਰਬੰਦ ਘੋਲ ਵਿੱਚ ਹਿੱਸਾ ਲੈਣ ਲਈ ਅਮਰੀਕਾ, ਕੈਨੇਡਾ ਤੇ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚੋਂ ਆ ਪਹੁੰਚੇ ਸਨ। ਪਰ ਭਾਰਤੀਆਂ ਨੇ ਕੋਈ ਖ਼ਾਸ ਮਦਦ ਨਹੀਂ ਸੀ ਕੀਤੀ, ਇਸੇ ਕਰਕੇ ਗ਼ਦਰੀਆਂ ਨੂੰ ਲੁੱਟਾਂ-ਮਾਰਾਂ ਕਰਨ ਦੀ ਜ਼ਰੂਰਤ ਪਈ ਸੀ। ਇਨ੍ਹਾਂ ਲੁੱਟਾਂ-ਮਾਰਾਂ ਨਾਲ ਇਕੱਠੇ ਕੀਤੇ ਪੈਸੇ ਨਾਲ ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਦਾ ਇਤਿਹਾਸਕ ਯੁੱਧ ਲੜਨਾ ਸੀ। ਜੇ ਲੋਕਾਂ ਨੇ ਇਨ੍ਹਾਂ ਗ਼ਦਰੀਆਂ ਦੀ ਵਿੱਤੀ ਮਦਦ ਕੀਤੀ ਹੁੰਦੀ ਤਾਂ ਉਨ੍ਹਾਂ ਨੂੰ ਲੁੱਟਾਂ ਮਾਰਾਂ ਕਰਨ ਦੀ ਕੀ ਲੋੜ ਸੀ? ਇਨ੍ਹਾਂ ਲੁੱਟ-ਮਾਰ ਦੀਆਂ ਇਕ ਦੋ ਘਟਨਾਵਾਂ ਵਿੱਚ, ਜਿੱਥੇ ਉਨ੍ਹਾਂ ਦੇ ਗ਼ਦਰੀ ਸਾਥੀਆਂ ਦੀਆਂ ਜਾਨਾਂ ਚਲੀਆਂ ਗਈਆਂ ਸਨ, ਉਥੇ ਲੋਕ ਮਾਨਸਿਕਤਾ ਵਿੱਚੋਂ ਉਨ੍ਹਾਂ ਦਾ ਹੀਰੋ ਵਾਲਾ ਬਿੰਬ ਵੀ ਟੁੱਟਿਆ ਸੀ। ਜਿਹੜੇ ਭਾਰਤੀ ਆਜ਼ਾਦੀ ਦੀ ਲੜਾਈ ਦਾ ਘੋਲ ਲੜਨ ਦੀ ਥਾਂ ਤੇ ਬਰਤਾਨੀਆ ਦੇ ਫ਼ੌਜੀ ਬਣ ਕੇ ਉਨ੍ਹਾਂ ਦੇ ਰਾਜ ਦੀਆਂ ਭੂਗੋਲਿਕ ਹੱਦ ਬੰਦੀਆਂ ਨੂੰ ਦੂਰ-ਦੂਰ ਤੱਕ ਪ੍ਰਸਾਰਨ ਲਈ ਲੜਦੇ ਹੋਏ ਮਰ ਮਿਟ ਗਏ ਸਨ; ਉਨ੍ਹਾਂ ਬਾਰੇ ਸੋਚ ਕੇ ਤਾਂ ਅੱਜ ਹੈਰਾਨੀ ਹੁੰਦੀ ਹੈ।

''ਪਹਿਲੇ ਵਿਸ਼ਵ ਯੁੱਧ ਵਿੱਚ 9,53,374 ਭਾਰਤੀ ਸੈਨਿਕ ਭਾਰਤ ਤੋਂ ਬਾਹਰ ਭੇਜੇ ਗਏ। ਇਸ ਵਿੱਚ ਪੰਜਾਬ ਦੇ 4,60,000 ਜਵਾਨ ਸਨ। ਇਨ੍ਹਾਂ ਵਿਚੋਂ 53,496 ਤੋਂ ਵੱਧ ਮਾਰੇ ਗਏ ਤੇ 64,310 ਦੇ ਲਗਭਗ ਜ਼ਖ਼ਮੀ ਹੋ ਕੇ ਅਪਾਹਜ਼ ਹੋ ਗਏ। ਸਾਢੇ ਸੱਤ ਹਜ਼ਾਰ ਦੇ ਕਰੀਬ ਬੰਦੀ ਬਣਾ ਲਏ ਗਏ ਅਤੇ 5 ਹਜ਼ਾਰ ਦੇ ਲਗਭਗ ਲਾਪਤਾ ਹੋ ਗਏ।'' (1919 ਦਾ ਪੰਜਾਬ )

ਇਨ੍ਹਾਂ ਫ਼ੌਜੀਆਂ ਵਿੱਚ ਬਹੁਤ ਵੱਡੀ ਗਿਣਤੀ ਪੰਜਾਬੀ ਸਿੱਖਾਂ ਦੀ ਸੀ ਇਨ੍ਹਾਂ ਨੂੰ 'ਮਾਰਸ਼ਲ ਕੌਮ' ਦਾ ਖੰਭ ਲਾ ਕੇ ਪਰਾਈ ਮੌਤੇ ਮਰਨ ਲਈ ਭੇਜਿਆ ਗਿਆ ਸੀ। ਇਸ ਜੰਗ ਵਿੱਚ 'ਇਕੱਲੇ ਪੰਜਾਬ ਵਿਚੋਂ 12,794 ਫੌਜੀ ਮੌਤ ਦਾ ਸ਼ਿਕਾਰ ਹੋਏ। 24,732 ਤੋਂ ਵੱਧ ਲਾਪਤਾ ਹੋਏ, ਜਾਂ ਬੰਦੀ ਬਣਾ ਲਏ ਗਏ ਜਾਂ ਮੌਤ ਦੀ ਭਿਆਨਕ ਤਬਾਹੀ ਤੋਂ ਡਰਦੇ ਇਧਰ ਉਧਰ ਭੱਜ ਗਏ।'' (ਉਹੀ 171)

ਇਕ ਪਾਸੇ ਗ਼ਦਰੀ ਦੇਸ਼ ਭਗਤ ਸਨ, ਜਿਹੜੇ ਵੱਡੀਆਂ-ਵੱਡੀਆਂ ਕੁਰਬਾਨੀਆਂ ਦੇਣ ਲਈ ਸੀਸ ਤਲੀ 'ਤੇ ਰੱਖ ਕੇ ਸਮੁੰਦਰਾਂ ਨੂੰ ਚੀਰਦੇ ਹੋਏ ਬੰਦੇ ਮਾਤਰਮ ਦਾ ਗੀਤ ਗਾਉਂਦੇ ਭਾਰਤ ਮਾਂ ਨੂੰ ਗ਼ੁਲਾਮੀ ਦੀਆਂ ਜੰਜੀਰਾਂ ਤੋਂ ਆਜ਼ਾਦ ਕਰਾਉਣ ਲਈ ਪਹੁੰਚੇ ਸਨ ਤੇ ਦੂਸਰੇ ਪਾਸੇ ਉਹ ਭਾਰਤੀ ਜਿਹੜੇ ਅੰਗਰੇਜ਼ਾਂ ਦੀ ਖ਼ਾਤਰ ਜੰਗ ਦੀ ਅੱਗ ਵਿੱਚ ਛਾਲਾਂ ਮਾਰ ਰਹੇ ਸਨ ਤੇ ਚੁੱਪ ਚਪੀਤੇ ਧਨ ਦੇ ਅੰਬਾਰ ਅੰਗਰੇਜ਼ਾਂ ਦੀ ਮਦਦ ਲਈ ਲਗਾ ਰਹੇ ਸਨ।

''ਇਕੱਲੇ ਪੰਜਾਬ ਵਿਚੋਂ ਤਕਰੀਬਨ 2 ਕਰੋੜ 24 ਲੱਖ ਰੁਪਏ ਫ਼ੰਡ ਇਕੱਠਾ ਕੀਤਾ ਗਿਆ।.... ਬਾਰਾਂ ਵਿੱਚ ਫ਼ਸਲ ਦਾ 1/25 ਹਿੱਸਾ ਜੰਗੀ ਕਰਜ਼ੇ ਵੱਜੋਂ ਲੈ ਲਿਆ ਗਿਆ। ਲੁਧਿਆਣੇ ਵਿੱਚ 5 ਰੁਪਏ ਪ੍ਰਤੀ ਜੀਅ ਟੈਕਸ ਲਾਇਆ ਗਿਆ। ਇਸ ਤਰ੍ਹਾਂ ਸਾਢੇ ਗਿਆਰਾਂ ਕਰੋੜ ਰੁਪਿਆ ਜੰਗੀ ਟੈਕਸ ਇਕੱਠਾ ਹੋਇਆ। ਜੰਗ ਵਿੱਚ ਬਰਤਾਨਵੀ ਸਲਤਨਤ ਦੀ ਜਿੱਤ ਦੀਆਂ ਅਰਦਾਸਾਂ ਤੋਂ ਬਿਨਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਕਾਰ ਪ੍ਰਸਤ ਸਰਬਰਾਹਾਂ ਨੇ ਗੁਰਦੁਆਰੇ ਦੀ ਮਾਇਆ ਵਿਚੋਂ 50,000 ਰੁਪਿਆ ਅੰਗਰੇਜ਼ਾਂ ਨੂੰ ਮਦਦ ਲਈ ਦੇ ਦਿੱਤਾ। ਇਸ ਤੋਂ ਬਿਨਾਂ ਹੋਰ ਪਦਾਰਥਕ ਮਦਦ ਵੀ ਦਿੱਤੀ ਗਈ। 8 ਲੱਖ ਰੁਪਏ ਤੋਂ ਵੱਧ ਦੀ ਰਕਮ ਦੀਆਂ ਲੱਕੜਾਂ, ਕਣਕ, ਛੋਲੇ, ਤੰਬੂ, ਘੋੜੇ, ਉਠ ਤੇ ਖ਼ੱਚਰਾਂ ਦਿੱਤੀਆਂ ਗਈਆਂ।

☛ ਬਾਕੀ ਸਫ਼ਾ 32 'ਤੇ

ਸਫ਼ਾ 31 ਦੀ ਬਾਕੀ

# ਪਹਿਲੀ ਸੰਸਾਰ ਜੰਗ.....

ਲਾਇਲਪੁਰ ਜ਼ਿਲ੍ਹੇ ਵਿਚੋਂ 5063 ਊਠ ਅਤੇ ਹਿਸਾਰ ਤੋਂ 5000 ਬਲਦ ਫ਼ੌਜੀ ਕੰਮਾਂ ਦੀ ਵਰਤੋਂ ਲਈ ਲਿਜਾਏ ਗਏ।'' (ਉਹੀ)

ਇਉਂ ਲਗਦਾ ਹੈ ਕਿ ਪਹਿਲੀ ਜੰਗ ਕਹਿਣ ਨੂੰ ਹੀ ਅੰਗਰੇਜ਼ਾਂ ਦੀ ਸੀ ਪਰ ਲੜੀ ਭਾਰਤ ਤੇ ਖ਼ਾਸ ਕਰ ਪੰਜਾਬ ਦੇ ਸਿਰ 'ਤੇ ਹੀ ਗਈ ਸੀ। ਇਸ ਜੰਗ ਵਿੱਚ ਭਾਰਤੀਆਂ ਦੀਆਂ ਜਾਨਾਂ ਹੀ ਨਹੀਂ ਗਈਆਂ ਸਗੋਂ ਅੰਤਾਂ ਦੀ ਮਹਿੰਗਾਈ ਨੇ ਲੋਕਾਂ ਦਾ ਜਿਊਣਾ ਨਰਕ ਬਣਾ ਦਿੱਤਾ। ਜਿਸ ਪਹਿਲੀ ਸੰਸਾਰ ਜੰਗ ਬਾਰੇ ਮਹਾਤਮਾ ਗਾਂਧੀ ਨੂੰ ਇਹ ਵਿਸ਼ਵਾਸ ਸੀ ਕਿ ਇਸ ਜੰਗ ਵਿੱਚ ਅੰਗਰੇਜ਼ਾਂ ਦੀ ਕੀਤੀ ਮਦਦ ਅੰਗਰੇਜ਼ਾਂ ਦੇ ਮਨਾਂ ਅੰਦਰ ਭਾਰਤੀਆਂ ਲਈ ਸਤਿਕਾਰ ਯੋਗ ਥਾਂ ਬਣਾ ਦੇਵੇਗੀ; ਉਹ ਜੰਗ ਮਹਿੰਗਾਈ ਦੇ ਰੂਪ ਵਿੱਚ ਭਾਰਤੀਆਂ ਦੀ ਜਾਨ ਕੱਢ ਰਹੀ ਸੀ। ਬਰਤਾਨੀਆ ਨੇ ਜੰਗ ਦਾ ਸਾਰਾ ਬੋਝ ਭਾਰਤੀਆਂ ਉੱਪਰ ਟੈਕਸਾਂ ਦੇ ਰੂਪ ਵਿੱਚ ਪਾ ਦਿੱਤਾ ਸੀ। ਲੋਕ ਮਹਿੰਗਾਈ ਦੀ ਮਾਰ ਵਿੱਚ ਤਰਾਹ-ਤਰਾਹ ਕਰ ਰਹੇ ਸਨ। ਚੀਜ਼ਾਂ ਦੀ ਵੱਡੀ ਪੱਧਰ 'ਤੇ ਥੁੜ੍ਹ ਮਹਿਸੂਸ ਹੋ ਰਹੀ ਸੀ; ਜਿਸ ਨਾਲ ਲੋਕਾਂ ਵਿੱਚ ਵੱਡੀ ਬੇਚੈਨੀ ਫ਼ੈਲੀ ਹੋਈ ਸੀ। ਕਿਸਾਨਾਂ ਦੀ ਹਾਲਤ ਬਹੁਤ ਹੀ ਬੁਰੀ ਹੋ ਗਈ। ਸ਼ਹਿਰਾਂ ਦੇ ਨੌਕਰੀ ਪੇਸ਼ਾ ਲੋਕਾਂ ਦਾ ਜੀਣਾ ਵੀ ਦੁੱਭਰ ਹੋ ਗਿਆ ਸੀ। ਨਹਿਰੀ ਪਾਣੀ ਹੇਠਲਾ ਬਹੁਤ ਵੱਡਾ ਰਕਬਾ ਫ਼ੌਜੀ ਅਫ਼ਸਰਾਂ, ਸਰਕਾਰ ਪ੍ਰਸਤਾਂ, ਜਗੀਰਦਾਰਾਂ ਤੇ ਅੰਗਰੇਜ਼ਾਂ ਦੇ ਮੁਖ਼ਬਰਾਂ ਵਿੱਚ ਵੰਡ ਦਿੱਤਾ ਗਿਆ ਸੀ। ਜਿਨ੍ਹਾਂ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਅੰਗਰੇਜ਼ਾਂ ਦੀ ਮਦਦ ਕੀਤੀ ਸੀ ਇਨ੍ਹਾਂ ਵਿਚ ਉਹ ਮੁਖ਼ਬਰ ਵੀ ਜਗੀਰਾਂ ਲੈਣ ਵਿਚ ਕਾਮਯਾਬ ਹੋ ਗਏ ਸਨ; ਜਿਨ੍ਹਾਂ ਨੇ ਗ਼ਦਰੀ ਦੇਸ਼ ਭਗਤਾਂ ਦੀ ਮੁਖ਼ਬਰੀ ਕਰਕੇ ਉਨ੍ਹਾਂ ਨੂੰ ਫਾਂਸੀਆਂ ਦੇ ਫੰਦਿਆਂ ਤੱਕ ਜਾਂ ਜੇਲ੍ਹਾਂ ਤੱਕ ਪਹੁੰਚਾਇਆ ਸੀ। ਸਮੁੱਚਾ ਭਾਰਤ ਬੇਚੈਨੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਸਰਕਾਰੀ ਅੰਕੜਿਆਂ ਮੁਤਾਬਕ, ''ਦਸ ਹਜ਼ਾਰ ਲੋਕ ਜੇਲ੍ਹਾਂ ਵਿੱਚ ਨਜ਼ਰਬੰਦ ਸਨ।'' (ਜੋਗਿੰਦਰ ਸਮਸ਼ੇਰ 1919 ਦਾ ਪੰਜਾਬ, 43)

ਜੰਗ ਦੇ ਦਿਨਾਂ ਵਿੱਚ ਡਿਫ਼ੈਂਸ ਆਫ਼ ਇੰਡੀਆ ਰੂਲਜ਼ ਦੀ ਵਰਤੋਂ ਕਰਕੇ ਲੋਕਾਂ ਉੱਪਰ ਸਰਕਾਰੀ ਜ਼ੁਲਮ ਢਾਹਿਆ ਗਿਆ ਸੀ। ਜਿਸ ਦੇ ਸ਼ਿਕਾਰ ਭਾਰਤ ਨੂੰ ਆਜ਼ਾਦ ਕਰਵਾਉਣ ਆਏ ਗ਼ਦਰੀ ਸੂਰਬੀਰਾਂ ਨੂੰ ਬਣਾਇਆ ਗਿਆ ਸੀ। ਬਾਬਾ ਸੋਹਣ ਸਿੰਘ ਭਕਨਾ ਅਪਣੇ ਹਜ਼ਾਰਾਂ ਹਮਦਰਦਾਂ ਤੇ ਗ਼ਦਰੀ ਸੂਰਮਿਆਂ ਨਾਲ ਵੱਖ-ਵੱਖ ਜੇਲ੍ਹਾਂ ਵਿੱਚ ਨਰਕ ਭੋਗ ਰਹੇ ਸਨ। ਸੰਤੋਖ ਸਿੰਘ ਕਿਰਤੀ ਤੇ ਪ੍ਰੋਫ਼ੈਸਰ ਤਾਰਕਨਾਥ ਦਾਸ ਵਰਗਿਆਂ ਨੂੰ ਅਮਰੀਕਾ ਦੇ ਮੈਕਨਿਲਜ਼ ਟਾਪੂ ਦੀ ਜੇਲ੍ਹ ਵਿੱਚ ਅਣਮਨੁੱਖੀ ਤਸ਼ੱਦਦ ਦਿੱਤੇ ਜਾ ਰਹੇ ਸਨ।

ਪਹਿਲੀ ਸੰਸਾਰ ਜੰਗ ਦੇ ਜਿਨ੍ਹਾਂ ਦਿਨਾਂ ਨੂੰ ਭਾਰਤੀ ਆਜ਼ਾਦੀ ਦੀ ਲੜਾਈ ਵਿਚ ਤਬਦੀਲ ਕਰਨ ਦਾ ਸੁਪਨਾ ਜਦੋਂ ਗ਼ਦਰੀ ਦੇਸ਼ ਭਗਤਾਂ ਨੇ ਲਿਆ ਸੀ; ਅਸਲ ਵਿੱਚ ਇਨ੍ਹਾਂ ਦਿਨਾਂ ਦੀ ਲੋਕ ਮਾਨਸਿਕਤਾ ਦਾ ਜੇ ਵਿਸ਼ਲੇਸ਼ਣ ਕਰੀਏ ਤਾਂ ਪਤਾ ਲਗਦਾ ਹੈ ਕਿ ਇਹ ਉਹ ਦਿਨ ਸਨ ਜਦੋਂ ਅੰਗਰੇਜ਼ ਪ੍ਰਸਤੀ ਦੇ ਬੀਜ ਪੰਜਾਬ ਦੀ ਲੋਕ ਮਾਨਸਿਕਤਾ ਦੇ ਮਨਾਂ ਵਿੱਚ ਬੀਜੇ ਗਏ ਸਨ। ਪਰ ਇਸ ਜੰਗ ਨਾਲ ਹੋਈ ਮਹਿੰਗਾਈ ਤੇ ਸਰਕਾਰੀ ਜ਼ੁਲਮ ਨੇ ਲੋਕਾਂ ਦੇ ਮਨਾਂ ਵਿੱਚ ਅੰਗਰੇਜ਼ਾਂ ਦੇ ਰਾਜ ਦੇ ਵਿਰੁੱਧ ਇਕ ਨਿੱਕਾ ਜਿਹਾ ਰੋਹ ਵੀ ਪੈਦਾ ਕਰ ਦਿੱਤਾ ਸੀ। ਇਨ੍ਹਾਂ ਦਿਨਾਂ ਵਿੱਚ ਹੋਈ ਰੇਲਵੇ ਦੀ ਹੜਤਾਲ ਇਸ ਹੀ ਆਸਵੰਦੀ ਉਦਾਹਰਣ ਹੈ।

ਇਸ ਸਾਮਰਾਜੀ ਜੰਗ ਬਾਰੇ ਵੀ ਭਾਰਤੀ ਕੌਮੀ ਲੀਡਰਾਂ ਦੇ ਵਿਚਾਰਾਂ ਨੂੰ ਪੜ੍ਹ ਕੇ ਹੈਰਾਨੀ ਹੁੰਦੀ ਹੈ। ਮਹਾਤਮਾ ਗਾਂਧੀ ਦੇ ਅਨੇਕਾਂ ਬਿਆਨ ਦੇਖੇ ਜਾ ਸਕਦੇ ਹਨ। ਉਨ੍ਹਾਂ ਨੇ ਵੀ ਪਹਿਲੇ ਵਿਸ਼ਵਯੁੱਧ ਨੂੰ ਸਹੀ ਪ੍ਰਸੰਗ ਵਿੱਚ ਨਹੀਂ ਸੀ ਸਮਝਿਆ। ਜਦ ਕਿ ਪਹਿਲੇ ਵਿਸ਼ਵਯੁੱਧ ਬਾਰੇ ਲੈਨਿਨ ਦੀ ਅਮਰੀਕੀ ਮਜ਼ਦੂਰਾਂ ਦੇ ਨਾਮ ਚਿੱਠੀ ਪੜ੍ਹ ਕੇ ਗ਼ਦਰੀਆਂ ਦੀ ਸੋਚ ਠੀਕ ਤੇ ਵਿਗਿਆਨਕ ਸਿੱਧ ਹੋ ਗਈ ਸੀ। ਇਸ ਦੇ ਉਲਟ ਮਹਾਤਮਾ ਗਾਂਧੀ ਆਪਣੀ ਉਪਭਾਵਕਤਾ ਵਿਚੋਂ ਅੰਗਰੇਜ਼ਾਂ ਦੇ ਸੋਹਲੇ ਗਾ ਰਿਹਾ ਸੀ। ਮਹਾਤਮਾ ਗਾਂਧੀ ਦੇ ਕਹਿਣ ਮੁਤਾਬਕ, ''ਯੂਰਪ ਦੀ ਜੰਗ ਵਿੱਚ ਭਾਰਤ ਦੀ ਕੀ ਥਾਂ ਹੈ? ਅਸੀਂ ਸਭ ਤੋਂ ਪਹਿਲਾਂ ਮਹਾਨ ਬ੍ਰਿਟਿਸ਼ ਰਾਜ ਦੇ ਸ਼ਹਿਰੀ ਹਾਂ। ਬ੍ਰਿਟਿਸ਼ ਲੋਕ ਮਨੁੱਖੀ ਸਤਿਕਾਰ ਤੇ ਸਭਿਅਤਾ ਦੀ ਸ਼ਾਨ ਅਤੇ ਭਲਾਈ ਦੇ ਨੇਕ ਕੰਮ ਲਈ ਲੜ ਰਹੇ ਹਨ। ਸਾਡਾ ਕਰਤਵ ਸਾਫ਼ ਹੈ। ਬਰਤਾਨੀਆਂ ਦੀ ਵਧ ਚੜ੍ਹ ਕੇ ਸਹਾਇਤਾ ਕਰਨੀ ਆਪਣੇ ਤਨ, ਮਨ ਤੇ ਧਨ ਨਾਲ ਲੜਣਾ।''(ਉਹੀ48) ਮਹਾਤਮਾ ਗਾਂਧੀ ਉਸ ਸਮੇਂ ਉਭਰ ਰਿਹਾ ਕੌਮੀ ਲੀਡਰ ਸੀ।

ਮਹਾਤਮਾ ਗਾਂਧੀ ਸਧਾਰਨ ਲੋਕਾਂ ਨੂੰ ਅੰਗਰੇਜ਼ ਪ੍ਰਸਤੀ ਦਾ ਸਬਕ ਸਿਖਾ ਰਿਹਾ ਸੀ।

ਦੂਸਰੇ ਪਾਸੇ ਉਹ ਗ਼ਦਰੀ ਸਨ ਜਿਹੜੇ ਯੁੱਧ ਦੇ ਦਿਨਾਂ ਨੂੰ ਭਾਰਤੀ ਆਜ਼ਾਦੀ ਲਈ ਵਰਤਣ ਦਾ ਸੁਨੇਹਾ ਦੇ ਰਹੇ ਸਨ। 17 ਫ਼ਰਵਰੀ 1917 ਦੇ ਗ਼ਦਰ ਅਖ਼ਬਾਰ ਵਿਚ ਭਾਰਤੀ ਫ਼ੌਜੀਆਂ ਨੂੰ ਸੰਬੋਧਨ ਕਰਕੇ ਇਹ ਲਿਖਿਆ ਗਿਆ ਸੀ ਕਿ, ''ਤੁਹਾਨੂੰ ਸ਼ਰਮ ਨਹੀਂ ਆਉਂਦੀ ਕਿ ਜੰਗ ਦੇ ਦਿਨਾਂ ਵਿਚ ਤੁਹਾਨੂੰ ਮੋਰਚਿਆਂ 'ਤੇ ਭੇਜਿਆ ਜਾਂਦਾ ਹੈ। ਬਰਤਾਨਵੀ ਫ਼ੌਜਾਂ ਪਿਛੇ ਮਹਿਫੂਜ਼ ਰਹਿੰਦੀਆਂ ਹਨ। ਉਨ੍ਹਾਂ ਸਾਰੇ ਖ਼ਤਰਿਆਂ ਲਈ ਜੋ ਤੁਹਾਡੀ ਜ਼ਿੰਦਗੀ ਨੂੰ ਹਨ, ਸਿਰਫ਼ 9 ਰੁਪਏ ਮਹੀਨਾ ਮਿਲਣਗੇ, ਜਿਨ੍ਹਾਂ ਵਿਚ ਤੁਸੀਂ ਅਪਣੇ ਕੱਪੜੇ ਵੀ ਲੈਣੇ ਹਨ, ਖਾਣਾ ਪੀਣਾ ਵੀ ਹੈ ਅਤੇ ਆਪਣੇ ਪਰਿਵਾਰ ਲਈ ਵੀ ਬਚਾਉਣਾ ਹੈ। ਜਦਕਿ ਅੰਗਰੇਜ਼ ਸਿਪਾਹੀਆਂ ਨੂੰ ਦਿਹਾੜੀ ਵਿਚ ਤਿੰਨ ਵਾਰ ਵਧੀਆ ਖਾਣਾ ਮਿਲਦਾ ਹੈ, ਸੋਹਣੀ ਵਰਦੀ ਦਿੱਤੀ ਜਾਂਦੀ ਹੈ, ਤਨਖ਼ਾਹ ਵਜੋਂ 45 ਰੁਪਏ ਮਹੀਨਾ ਅਤੇ ਬੋਨਸ ਵੱਖਰਾ।'' ( ਉਹੀ 45)

ਭਾਵੇਂ ਗ਼ਦਰੀ ਦੇਸ਼ ਭਗਤ ਆਪਣੀ ਅਖ਼ਬਾਰ ਰਾਹੀਂ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ ਪਰ ਅਮਰੀਕਾ ਵਿਚ ਛਪਦੀ ਗ਼ਦਰ ਅਖ਼ਬਾਰ ਬਹੁਤ ਹੀ ਲੁਕਵੇਂ ਢੰਗ ਨਾਲ ਭਾਰਤ ਪਹੁੰਚਦੀ ਸੀ। ਇਸ ਨੂੰ ਵੰਡਣਾ ਆਸਾਨ ਕੰਮ ਨਹੀਂ ਸੀ ਕਿਉਂਕਿ ਜਿਸ ਕੋਲ ਵੀ ਗ਼ਦਰ ਅਖ਼ਬਾਰ ਫੜੀ ਜਾਂਦੀ ਸੀ, ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਅਮਰੀਕਾ ਦੀ ਸਰਕਾਰ ਨੇ ਸਾਨਫ਼੍ਰਾਂਸਿਸਕੋ ਮੁਕੱਦਮੇ ਦੇ ਸਮੇਂ ਦੌਰਾਨ ਹੀ ਇਸ ਅਖ਼ਬਾਰ ਨੂੰ ਅਮਰੀਕੀ ਡਾਕ ਰਾਹੀਂ ਭੇਜਣ 'ਤੇ ਪਾਬੰਦੀ ਲਗਾ ਦਿੱਤੀ ਸੀ। ਫੇਰ ਵੀ ਗ਼ਦਰ ਅਖ਼ਬਾਰ ਛਪਦਾ ਰਿਹਾ ਤੇ ਰੇਲਵੇ ਤੇ ਸਮੁੰਦਰੀ ਜਹਾਜ਼ ਰਾਹੀਂ ਭਾਰਤ ਵਿਚ ਪਹੁੰਚਦਾ ਰਿਹਾ। ਇਸ ਦੀ ਪਹੁੰਚ ਭਾਰਤ ਦੇ ਆਮ ਨਾਗਰਿਕਾਂ ਤੱਕ ਨਹੀਂ ਸੀ ਹੁੰਦੀ। ਇਸ ਕਰਕੇ ਗ਼ਦਰ ਦੀ ਵਿਚਾਰਧਾਰਾ ਆਮ ਲੋਕਾਂ ਤਕ ਨਹੀਂ ਪਹੁੰਚੀ। ਦੂਸਰੇ ਪਾਸੇ ਅੰਗਰੇਜ਼ ਪ੍ਰਸਤਾਂ ਦੀਆਂ ਅਖ਼ਬਾਰਾਂ ਹਰ ਦਰ 'ਤੇ ਦਸਤਕ ਦੇ ਰਹੀਆਂ ਸਨ।

''ਸਰਕਾਰ ਵਲੋਂ ਅਖ਼ਬਾਰ 'ਹੱਕ' ਕੱਢਿਆ ਗਿਆ, ਜਿਸ ਦੀਆਂ ਅੰਗਰੇਜ਼ੀ, ਉਰਦੂ ਤੇ ਗੁਰਮੁਖੀ ਵਿਚ 77,000 ਕਾਪੀਆਂ ਵੰਡੀਆਂ ਜਾਂਦੀਆਂ। ਅੰਗਰੇਜ਼ੀ ਦੇ ਅਖ਼ਬਾਰ 'ਸਿਵਲ ਐਂਡ ਮਿਲਟਰੀ ਗਜ਼ਟ' ਤੋਂ ਬਿਨਾਂ ਜਿਹੜਾ ਸਰਕਾਰ ਦਾ ਪੂਰਾ ਵਫ਼ਾਦਾਰ ਸੀ, ਦੂਜੇ ਦੇਸੀ ਅਖ਼ਬਾਰ ਵੀ ਜੰਗੀ ਸਰਗਰਮੀਆਂ ਵਿਚ ਸਰਕਾਰ ਦੀ ਪੂਰੀ ਹਮਾਇਤ ਕਰਦੇ ਸਨ।''(ਉਹੀ 36)

ਫ਼ੌਜ ਵਿਚ ਹੋਈ ਵੱਡੀ ਕਤਲੋ ਗਾਰਤ ਨੇ ਫ਼ੌਜੀਆਂ ਅੰਦਰ ਵੀ ਬੇਚੈਨੀ ਪੈਦਾ ਕਰ ਦਿੱਤੀ ਸੀ। ਬਹੁਤ ਵੱਡੀ ਗਿਣਤੀ ਵਿਚ ਫ਼ੌਜੀ ਫ਼ੌਜ ਵਿਚੋਂ ਦੌੜਨ ਲੱਗ ਪਏ ਸਨ, ਐਡੀਸ਼ਨਲ ਸੈਕਰੇਟਰੀ ਦੇ 7 ਫ਼ਰਵਰੀ 1918 ਨੂੰ ਦਿੱਤੇ ਬਿਆਨ ਅਨੁਸਾਰ, ''ਕੇਵਲ 1917 ਵਿਚ ਹੀ 26702 ਫ਼ੌਜੀ ਭਗੌੜੇ ਹੋਏ, ਅਰਥਾਤ 25 ਫ਼ੀਸਦੀ, ਜਿਨ੍ਹਾਂ ਵਿਚੋਂ 17338 ਫੜੇ ਗਏ ਤੇ 9364 ਕਾਬੂ ਨਹੀਂ ਆਏ।''(ਉਹੀ42)

ਫ਼ੌਜ ਵਿਚੋਂ ਭਗੌੜੇ ਹੋਣ, ਤੇ ਫ਼ੌਜ ਵਿੱਚ ਜਬਰੀ ਭਰਤੀ ਕਰਨ ਦਾ ਸਿਲਸਿਲਾ ਨਾਲੋਂ ਨਾਲ ਚਲਦਾ ਰਿਹਾ। ਵੱਡੇ-ਵੱਡੇ ਸਰਕਾਰਪ੍ਰਸਤ ਜ਼ੈਲਦਾਰ, ਲੰਬੜਦਾਰ, ਤਹਿਸੀਲਦਾਰ ਤੇ ਹੋਰ ਰਾਏ ਬਹਾਦਰ ਆਪੋ ਆਪਣੇ ਇਲਾਕਿਆਂ ਵਿਚੋਂ ਭਰਤੀ ਦਾ ਕੋਟਾ ਪੂਰਾ ਕਰਨ ਲਈ ਨੌਜਵਾਨਾਂ ਨੂੰ ਪ੍ਰੇਰਦੇ ਸਨ ਪਰ ਫੇਰ ਵੀ ਵੱਡੇ ਪੱਧਰ 'ਤੇ ਹੋਈ ਕਤਲੋ-ਗਾਰਤ ਦੀ ਵਜ੍ਹਾ ਕਰਕੇ ਨੌਜਵਾਨ ਫ਼ੌਜ ਵਿੱਚ ਭਰਤੀ ਹੋਣ ਤੋਂ ਭੱਜਦੇ ਸਨ। ਭਾਵੇਂ ਜਬਰੀ ਭਰਤੀ ਦਾ ਕਾਨੂੰਨ ਲਾਗੂ ਨਹੀਂ ਸੀ ਹੋਇਆ; ਫਿਰ ਵੀ ਪੰਜਾਬ ਵਿੱਚ ਜਬਰੀ ਭਰਤੀ ਕੀਤੀ ਜਾਂਦੀ ਸੀ।

''ਡਿਪਟੀ ਕਮਿਸ਼ਨਰ, ਤਹਿਸੀਲਦਾਰ ਤੇ ਮੈਜਿਸਟਰੇਟ, ਜੈਲਦਾਰਾਂ, ਨੰਬਰਦਾਰਾਂ ਅਤੇ ਝੋਲੀ ਚੁੱਕਾਂ ਦੀ ਧਾੜ ਪੁਲੀਸ ਦੀ ਮਦਦ ਨਾਲ ਪਿੰਡਾਂ ਨੂੰ ਘੇਰੇ ਵਿੱਚ ਲੈ ਲੈਂਦੇ ਤੇ ਫ਼ੌਜ ਵਿੱਚ ਭਰਤੀ ਕਰ ਕਰ ਭੇਜੀ ਜਾਂਦੇ। ਨੌਜਵਾਨ ਧਾੜ ਦਾ ਆਉਣਾ ਸੁਣ ਕੇ ਇਧਰ ਉਧਰ ਲੁਕ ਜਾਂਦੇ। ਜਿਨ੍ਹਾਂ ਪਰਿਵਾਰਾਂ ਦੇ ਨੌਜਵਾਨ ਭੱਜ ਜਾਂਦੇ; ਉਨ੍ਹਾਂ ਨੂੰ ਤਦ ਤੀਕਰ ਤੰਗ ਕੀਤਾ ਜਾਂਦਾ ਜਦ ਤੀਕਰ ਉਹ ਨੌਜਵਾਨ ਪੇਸ਼ ਨਾ ਹੁੰਦੇ। ਕੁਝ ਥਾਵਾਂ 'ਤੇ ਅਜਿਹੇ ਪਰਿਵਾਰਾਂ ਨੂੰ ਲੋਕਾਂ ਸਾਹਮਣੇ ਨੰਗਾ ਕੀਤਾ ਗਿਆ। ਕੰਡਿਆਂ ਵਾਲੇ ਛਾਪਿਆਂ 'ਤੇ ਸਿੱਟਿਆ ਗਿਆ।'' ( ਉਹੀ 41)

ਭਾਵੇਂ ਪੰਜਾਬੀਆਂ ਸਮੇਤ ਭਾਰਤੀਆਂ ਨੇ ਇਸ ਜੰਗ ਨੂੰ ਅਪਣੀ ਸਮਝ ਕੇ ਲੜਿਆ ਸੀ ਪਰ ਇਸ ਜੰਗ ਦੀ ਏਨੀ ਵੱਡੀ ਕੀਮਤ ਉਨ੍ਹਾਂ ਨੂੰ ਤਾਰਨੀ ਪਈ ਸੀ ਕਿ ਉਹ ਤਰਾਹ-ਤਰਾਹ ਕਰ ਉੱਠੇ ਸਨ।

ਬਹੁਤੇ ਗ਼ਦਰੀ ਜਾਂ ਸ਼ਹੀਦੀਆਂ ਪਾ ਚੁੱਕੇ ਸਨ ਜਾਂ ਜੇਲ੍ਹਾਂ ਵਿੱਚ ਸੜ ਰਹੇ ਸਨ। ਰਤਨ ਸਿੰਘ ਰਾਏਪੁਰ ਡੱਬਾ ਤੇ ਹੋਰ ਸਾਥੀ ਅਜੇ ਵੀ ਗ਼ਦਰ ਨੂੰ ਜਾਰੀ ਰੱਖਣ ਤੇ ਬਦਲਦੀਆਂ ਪਰਸਥਿਤੀਆਂ ਅਨੁਸਾਰ ਲੋਕ ਮਾਨਸਿਕਤਾ ਵਿੱਚ ਪੈਦਾ ਹੋਈ ਬੇਚੈਨੀ ਨੂੰ ਇਨਕਲਾਬੀ ਮੋੜਾ ਦੇਣ ਬਾਰੇ ਸੋਚ ਰਹੇ ਸਨ। ਇਸ ਇਨਕਲਾਬੀ ਮੋੜੇ ਵਾਸਤੇ ਤਾਰਕਨਾਥ ਦਾਸ, ਭਾਈ ਸੰਤੋਖ ਸਿੰਘ ਤੇ ਭਗਵਾਨ ਸਿੰਘ ਦੀ ਜੇਲ੍ਹ 'ਚ ਰਿਹਾਅ ਹੋ ਕੇ ਆਜ਼ਾਦ ਹੋਣ ਦੀ ਉਡੀਕ ਯੁਗਾਂਤਰ ਆਸ਼ਰਮ ਵਿੱਚ ਬਹੁਤ ਹੀ ਬੇਸਬਰੀ ਨਾਲ ਹੋ ਰਹੀ ਸੀ। ਜੇਲ੍ਹਾਂ ਵਿਚ ਕੈਦ ਗ਼ਦਰੀ ਅਧੂਰੇ ਪਏ ਕੰਮ ਨੂੰ ਪੂਰਾ ਕਰਨ ਲਈ ਨਵੀਆਂ ਵਿਉਂਤਾਂ ਬਣਾ ਰਹੇ ਸਨ।

ਇਸ ਪਹਿਲੀ ਸੰਸਾਰ ਜੰਗ ਨੇ ਭਾਰਤੀਆਂ ਨੂੰ ਕਈ ਇਤਿਹਾਸਕ ਸਬਕ ਵੀ ਦਿੱਤੇ। ਜਿਹੜੇ ਭਾਰਤੀ ਅੰਗਰੇਜ਼ ਦੇ ਰਾਜ ਦੇ ਸੋਹਲੇ ਗਾਉਂਦੇ ਨਹੀਂ ਸੀ ਥੱਕਦੇ ਉਹ ਵੀ ਹੁਣ ਦੱਬੀ ਜ਼ੁਬਾਨ ਨਾਲ ਇਸ ਰਾਜ ਦੀ ਭੰਡੀ ਕਰ ਰਹੇ ਸਨ। ਜੰਗ ਮੁੱਕਣ 'ਤੇ ਇਕੱਲੇ ਪੰਜਾਬ ਦੇ ਹੀ ਡੇਢ ਲੱਖ ਫ਼ੌਜੀਆਂ ਦੇ ਨਾਮ ਕੱਟ ਦਿੱਤੇ ਗਏ। ਇਹ ਵਿਚਾਰੇ ਫ਼ੌਜੀ ਬੇਰੁਜ਼ਗਾਰ ਹੋ ਕੇ ਘਰਾਂ ਵਿੱਚ ਆ ਬੈਠੇ ਸਨ। ਇਸ ਨਾਲ ਪੰਜਾਬ ਦੇ ਘਰ-ਘਰ ਵਿਚ ਇਹ ਰੋਸ ਪੈਦਾ ਹੋ ਗਿਆ ਸੀ ਕਿ ਜਦੋਂ ਮੌਤ ਦੇ ਮੂੰਹ 'ਚ ਜਵਾਨਾਂ ਨੂੰ ਭੇਜਣਾ ਸੀ ਤਾਂ ਉਸ ਸਮੇਂ ਜਬਰੀ ਭਰਤੀ ਕੀਤੀ ਜਾ ਰਹੀ ਸੀ। ਜਦੋਂ ਫ਼ੌਜ ਨੂੰ ਬੈਰਕਾਂ ਵਿੱਚ ਬਿਠਾਲ ਕੇ ਤਨਖ਼ਾਹ ਦੇਣ ਦਾ ਵਕਤ ਆਇਆ ਤਾਂ ਉਨ੍ਹਾਂ ਦੇ ਨਾਮ ਕੱਟ ਕੇ ਘਰਾਂ ਨੂੰ ਤੋਰ ਦਿੱਤਾ ਗਿਆ ਸੀ। ਜੇ ਪੰਜਾਬ ਦੀਆਂ ਸਥਿਤੀਆਂ ਦਾ ਮੁਲਾਂਕਣ ਕੀਤਾ ਜਾਵੇ ਤਾਂ ਘਰ ਘਰ ਵਿੱਚ ਬੇਰੁਜ਼ਗਾਰ ਜਾਂ ਅਪਾਹਜ ਫ਼ੌਜੀ ਬੈਠਾ ਸੀ। ਜਿਹੜੇ ਘਰ ਬਚੇ ਸਨ, ਉਨ੍ਹਾਂ ਦੇ ਮੈਂਬਰ ਇਸ ਜੰਗ ਵਿੱਚ ਸ਼ਹਾਦਤ ਪ੍ਰਾਪਤ ਕਰ ਚੁੱਕੇ ਸਨ। ਜੰਗ ਨੇ ਹਰ ਪਾਸਿਓਂ ਲੋਕਾਂ ਨੂੰ ਇਤਿਹਾਸਕ ਸਬਕ ਦਿੱਤੇ ਸਨ ਪਰ ਕੌਮੀ ਲੀਡਰ ਅੰਗਰੇਜ਼ਾਂ ਪਾਸੋਂ ਇਸ ਦੇ ਬਦਲੇ ਆਜ਼ਾਦੀ ਵਰਗੀ ਕਿਸੇ ਖੁੱਲ੍ਹ ਦੀ ਆਸ ਲਾਈ ਬੈਠੇ ਸਨ। ਮਹਾਤਮਾ ਗਾਂਧੀ ਨੇ ਇਹ ਭ੍ਰਾਂਤੀ ਲੋਕਾਂ ਦੇ ਮਨਾਂ ਵਿੱਚ ਐਸੀ ਬੀਜੀ ਕਿ ਸਾਧਾਰਨ ਲੋਕ ਅੰਗਰੇਜ਼ ਦੇ ਭਗਤ ਬਣੇ ਬੈਠੇ ਸਨ।

ਜੰਗ ਤੋਂ ਪਹਿਲਾਂ ਦੇ ਬਜ ਬਜ ਘਾਟ ਦੇ ਸਾਕੇ ਤੇ ਅਮਰੀਕਾ ਤੋਂ ਆਏ ਗ਼ਦਰੀਆਂ ਦੀਆਂ ਕਾਰਵਾਈਆਂ ਭਾਵੇਂ ਕੋਈ ਵੱਡਾ ਲੋਕ ਉਭਾਰ ਨਹੀਂ ਸੀ ਪੈਦਾ ਕਰ ਸਕੀਆਂ ਪਰ ਜੰਗ ਤੋਂ ਬਾਅਦ ਬਣੀ ਸਥਿਤੀ ਤੇ ਨਵੀਂ ਸਿਆਸੀ ਚੇਤਨਾ ਦੇ ਦੌਰ ਵਿੱਚ ਗ਼ਦਰੀ ਸੂਰਮੇ ਆਪਣਾ ਬਣਦਾ ਰੋਲ ਜ਼ਰੂਰ ਨਿਭਾਉਣਾ ਚਾਹੁੰਦੇ ਸਨ।

ਮਾਲੀ ਸੰਕਟਾਂ ਵਿਚੋਂ ਲੰਘਦੇ ਭਾਰਤੀਆਂ ਲਈ ਇਹ ਜੰਗ ਤਾਂ ਭਾਵੇਂ ਵੱਡੀਆਂ ਮੁਸੀਬਤਾਂ ਦੇ ਪਹਾੜ ਲੈ ਕੇ ਆਈ ਸੀ ਪਰ ਹੁਣ ਸ਼ਾਂਤੀ ਦੇ ਵੇਲੇ ਭਾਰਤੀ ਅੰਗਰੇਜ਼ਾਂ ਦੇ ਮੂੰਹਾਂ ਵੱਲ ਬੜੀਆਂ ਹੀ ਆਸ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਸਨ ਕਿ ਅਚਾਨਕ ਉਨ੍ਹਾਂ ਦੀਆਂ ਆਸਾਂ ਦਾ ਪਹਾੜ ਰੇਤ ਦੀ ਕੰਧ ਵਾਂਗ ਢਹਿ-ਢੇਰੀ ਹੋ ਗਿਆ ਤੇ ਉਮੀਦਾਂ ਦੀ ਖੇਤੀ ਉਪਰ ਐਸਾ ਪਾਣੀ ਫਿਰਿਆ ਕਿ ਲੋਕ ਹੱਕੇ-ਬੱਕੇ ਰਹਿ ਗਏ। ਜੰਗ ਦੇ ਅੰਤ 'ਤੇ ਆਜ਼ਾਦੀ ਦੀ ਉਡੀਕ ਕਰਦੇ ਲੋਕਾਂ ਨੂੰ ਰੋਲਟ ਐਕਟ ਮਿਲ ਗਿਆ। ਸਰਕਾਰੀ ਰਿਪੋਰਟ ਅਨੁਸਾਰ-

''(ਪੰਜਾਬ ਦੇ) ਲੈਫ਼ਟੀਨੈਂਟ ਗਵਰਨਰ ਨੂੰ ਮਹਿਸੂਸ ਹੋਇਆ ਕਿ ਕੁਝ ਲੀਡਰ ਦਿਖਾਈ ਦਿੰਦੇ ਹਨ, ਕਿ ਉਹ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਕੱਢਣਾ ਚਾਹੁੰਦੇ ਹਨ ਜਾਂ ਕਿਸੇ ਹਾਲਤ ਵਿੱਚ ਰਾਜ ਸ਼ਕਤੀ ਤੋਂ ਲਾਹੁਣਾ ਚਾਹੁੰਦੇ ਹਨ, ਭਾਰਤ ਨਾਲ ਜਾਂ ਸਮੁੱਚੇ ਤੌਰ 'ਤੇ ਲੋਕਾਂ ਦੇ ਸ਼ਾਂਤੀ ਪੂਰਬਕ ਮੁਕਾਬਲੇ ਨਾਲ, ਅਤੇ ਸਰਕਾਰੀ ਮਸ਼ੀਨਰੀ ਨੂੰ ਖੜੀ ਕਰਨ ਵਾਸਤੇ ਉਹ ਜਿਹੜੇ ਢੰਗ ਵਰਤਦੇ ਹਨ। ਉਸ ਵਿੱਚ ਉਹ ਨਸਲੀ ਨਫ਼ਰਤ ਤੇ ਜਜ਼ਬਾਤ ਦੀ ਸ਼ਿੱਦਤ ਨਾਲ ਉਭਾਰਦੇ ਹਨ। ਉਹ ਸਮਝਦੇ ਸਨ ਕਿ ਹਾਲਤ ਬਹੁਤ ਹੱਦ ਤੀਕਰ ਖ਼ਤਰਨਾਕ ਹਨ ਅਤੇ ਫ਼ੌਰੀ ਤੌਰ 'ਤੇ ਇਲਾਜ ਕੀਤੇ ਜਾਣ ਦੀ ਮੰਗ ਕਰਦੇ ਹਨ।''(ਉਹੀ 41)

ਜੰਗ ਦੇ ਦਿਨਾਂ ਵਿੱਚ ਸਰਕਾਰ ਕੋਲ ਡੀਫ਼ੈਂਸ ਆਫ਼ ਇੰਡੀਆ ਰੂਲਜ਼ ਨਾਮ ਦਾ ਕਾਨੂੰਨ ਸੀ। ਉਸ ਕਾਨੂੰਨ ਦੀ ਦੁਰਵਰਤੋਂ ਕਰਦਿਆਂ ਸਰਕਾਰ ਨੇ ਕਰੀਬ ਦਸ ਹਜ਼ਾਰ ਲੋਕਾਂ ਨੂੰ ਜੇਲ੍ਹਾਂ ਵਿੱਚ ਇਸ ਲਈ ਨਜ਼ਰਬੰਦ ਰੱਖਿਆ ਸੀ ਕਿ ਉਹ ਜਾਂ ਤਾਂ ਗ਼ਦਰੀ ਦੇਸ਼ ਭਗਤ ਸਨ, ਜਾਂ ਉਨ੍ਹਾਂ ਦੇ ਰਿਸ਼ਤੇਦਾਰ ਤੇ ਜਾਂ ਹਮਦਰਦ। ਪਰ ਹੁਣ ਨਵਾਂ ਐਕਟ ਤਾਂ ਹੋਰ ਵੀ ਸਖ਼ਤੀ ਨਾਲ ਸਰਕਾਰਾਂ ਨੂੰ ਜ਼ਾਲਮ ਹੱਥ ਕੰਡੇ ਵਰਤਣ ਦਾ ਅਧਿਕਾਰ ਦੇ ਰਿਹਾ ਸੀ। ਇਸ ਬਿੱਲ ਦੇ ਅਨੁਸਾਰ ਤਾਜ਼ੀਰਾਤ ਹਿੰਦ ਅਤੇ ਕਰਿਮਨਲ ਪ੍ਰੋਸੀਜ਼ਰ ਕੋਡ ਵਿੱਚ ਤਰਮੀਮ ਕਰਨਾ ਸੀ, ਤਾਂ ਕਿ ਉਹ ਰਾਜ ਦੇ ਖ਼ਤਰੇ ਵਾਲੀਆਂ ਸਰਗਰਮੀਆਂ ਨੂੰ ਪ੍ਰਭਾਵਸ਼ਾਲੀ ਰੋਕ ਪਾ ਸਕੇ। ਇਹ ਨਵੇਂ ਦੋਸ਼ ਘੜਦਾ ਹੈ-

ਕੋਈ ਵਿਅਕਤੀ ਜਿਹਦੇ ਕਬਜ਼ੇ ਵਿਚੋਂ ਵਿਦਰੋਹੀ ਦਸਤਾਵੇਜ਼ ਫੜੇ ਜਾਣ, ਜਾਂ ਉਸ ਦੀ ਅਜੇਹੇ ਦਸਤਾਵੇਜ਼ ਵੰਡਣ ਜਾਂ ਪ੍ਰਕਾਸ਼ਤ ਕਰਨ ਦੀ ਨੀਅਤ ਹੋਵੇ, ਜੇ ਇਹ ਨਾ ਸਾਬਤ ਕਰ ਸਕੇ ਕਿ ਉਸ ਦੇ ਕਬਜ਼ੇ ਵਿੱਚ ਇਹ ਕਾਨੂੰਨੀ ਮੰਤਵ ਵਾਸਤੇ ਹਨ, ਕੈਦ ਦੀ ਸਜ਼ਾ ਦਾ ਹੱਕਦਾਰ ਹੋਵੇਗਾ, ਜਿਹੜੀ ਕਿ ਦੋ ਸਾਲ ਦੀ ਮਿਆਦ ਤੀਕਰ ਦਿੱਤੀ ਜਾ ਸਕਦੀ ਹੈ।

ਜਿਹੜੇ ਲੋਕ ਜੰਗ ਜਿੱਤਣ ਤੋਂ ਬਾਅਦ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦੇ ਮੀਂਹ ਪੈਣ ਦੀ ਉਡੀਕ ਕਰ ਰਹੇ ਸਨ ਉਹ ਹੱਕੇ-ਬੱਕੇ ਰਹਿ ਗਏ।

6 ਅਪ੍ਰੈਲ ਨੂੰ ਮਹਾਤਮਾ ਗਾਂਧੀ ਨੇ ਇਸ ਕਾਲੇ ਕਾਨੂੰਨਾਂ ਦੇ ਵਿਰੁੱਧ ਸਾਰੇ ਦੇਸ਼ ਵਿੱਚ ਰੋਸ ਦਿਵਸ ਮਨਾਇਆ। ਪੰਜਾਬ ਵਿਚ ਇਸ ਬਿਲ ਦਾ ਵਿਰੋਧ ਵੱਡੀ ਪੱਧਰ 'ਤੇ ਹੋਇਆ ਸੀ। ਜਿਸ ਦੇ ਸਿੱਟੇ ਵਜੋਂ ਪੰਜਾਬੀਆਂ ਨੂੰ ਜ਼ਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੇ ਨਾਲ ਨਿਵਾਜਿਆ ਗਿਆ। ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੇ ਸਾਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਅੰਗਰੇਜ਼ਾਂ ਦੇ ਇਸ ਘ੍ਰਿਣਾਮਈ ਕਾਰਨਾਮੇ ਦੀਆਂ ਖ਼ਬਰਾਂ ਵਿਦੇਸ਼ਾਂ ਵਿੱਚ ਵੀ ਪਹੁੰਚ ਗਈਆਂ। ਜਿਹੜੇ ਕੌਮੀ ਲੀਡਰ ਅੰਗਰੇਜ਼ਾਂ ਪਾਸੋਂ ਯੁੱਧ ਤੋਂ ਬਾਅਦ ਆਜ਼ਾਦੀ ਵਰਗੀ ਕਿਸੇ ਚੀਜ਼ ਦੀ ਮੰਗ ਕਰ ਰਹੇ ਸਨ ਉਹ ਵੀ ਮੂੰਹ ਵਿੱਚ ਉਂਗਲਾਂ ਲੈ ਕੇ ਬੈਠ ਗਏ।

ਇਸ ਦਰਦਨਾਕ ਘਟਨਾ ਦੀ ਖ਼ਬਰ ਮਿਲਣ 'ਤੇ ਮਹਾਤਮਾ ਗਾਂਧੀ ਨੇ 14 ਅਪ੍ਰੈਲ ਨੂੰ ਵਾਇਸਰਾਏ ਦੇ ਨਿੱਜੀ ਸਕੱਤਰ, ਏ.ਐਲ. ਗੈਫ਼ੀ ਨੂੰ ਪੱਤਰ ਲਿਖਿਆ, ''ਅਹਿਮਦਾਬਾਦ ਵਿਚ ਮੈਂ ਬਾਲਸ਼ਵਿਜ਼ਮ ਦੀ ਹੱਦ ਤੱਕ ਅਰਾਜਕਤਾ ਦੇਖੀ...... ਮੈਂ ਉੱਥੇ ਜਨਤਾ ਵਿੱਚ ਨਫ਼ਰਤ ਤੇ ਦੁਰਭਾਵਨਾ ਨੂੰ ਬਹੁਤ ਘੱਟ ਕਰਕੇ ਅੰਕਿਆ, ਇਸ ਲਈ ਵਰਤਮਾਨ ਸਮੇਂ ਵਿੱਚ ਮੇਰਾ ਸਤਿਆਗ੍ਰਹਿ ਮੇਰੇ ਆਪਣੇ ਦੇਸ਼ ਵਾਸੀਆਂ ਦੇ ਵਿਰੁੱਧ ਹੋਵੇਗਾ...... ਜਦੋਂ ਤੱਕ ਮੈਨੂੰ ਇਹ ਭਰੋਸਾ ਨਹੀਂ ਹੋ ਜਾਂਦਾ ਕਿ ਹੋਰ ਸਹਿਯੋਗੀ ਭੀੜ ਨੂੰ ਸੰਭਾਲ ਸਕਦੇ ਹਨ, ਉਸ ਨੂੰ ਕੰਟਰੋਲ ਕਰ ਸਕਦੇ ਹਨ, ਤਦ ਤੱਕ ਮੈਂ ਇਕਰਾਰ ਕਰਦਾ ਹਾਂ ਕਿ ਮੈਂ ਦਿੱਲੀ ਜਾਂ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਨਹੀਂ ਜਾਵਾਂਗਾ।''( ਉਹੀ 38 )

18 ਅਪ੍ਰੈਲ ਨੂੰ ਮਹਾਤਮਾ ਗਾਂਧੀ ਨੇ ਸੱਤਿਆਗ੍ਰਹਿ ਮੁਲਤਵੀ ਕਰ ਦਿੱਤਾ ਤੇ ਕਿਹਾ, ''ਪੰਜਾਬ ਦੇ ਘਟਨਾ ਕ੍ਰਮ ਬਾਰੇ ਮੈਂ ਆਮ ਜਨਤਾ ਵਿੱਚ ਕੋਈ ਬਿਆਨ ਨਹੀਂ ਦਿੱਤਾ। ਮੈਂ ਮਾਰਸ਼ਲ ਲਾਅ ਦੀ ਨਿੰਦਾ ਵਾਸਤੇ ਵੀ ਤਿਆਰ ਨਹੀਂ, ਮੈਂ ਕੋਈ ਵੀ ਅਜਿਹਾ ਕੰਮ ਨਹੀਂ ਕਰਨਾ ਚਾਹੁੰਦਾ, ਜਿਸ ਨਾਲ ਸਥਾਨਕ ਅਧਿਕਾਰੀ ਚਿੜ ਜਾਣ'' ( ਵਿਰਲੀ, ਇਨਕਲਾਬ, 55)

ਮਹਾਤਮਾ ਗਾਂਧੀ ਨੇ ਡਾਇਰ ਦੀ ਨਿੰਦਾ ਤੱਕ ਵੀ ਨਾ ਕੀਤੀ। ਗਾਂਧੀ ਨੇ ਕਿਹਾ, ''ਅਸੀਂ ਡਾਇਰ ਨੂੰ ਸਜ਼ਾ ਨਹੀਂ ਦੇਣੀ ਚਾਹੁੰਦੇ। ਸਾਡੀ ਬਦਲਾ ਲੈਣ ਦੀ ਕੋਈ ਖ਼ਾਹਿਸ਼ ਨਹੀਂ। ਕੇਵਲ ਉਸ ਸਿਸਟਮ ਨੂੰ ਬਦਲਣਾ ਚਾਹੁੰਦੇ ਹਾਂ ਜੋ ਡਾਇਰ ਨੂੰ ਜਨਮ ਦਿੰਦਾ ਹੈ।'' (ਉਹੀ)

ਲੋਕਾਂ ਵਿੱਚ ਵੱਡੇ ਪੱਧਰ 'ਤੇ ਰੋਹ ਤੇ ਵਿਰੋਹ ਸੀ। ਨੋਬੇਲ ਪੁਰਸਕਾਰ ਵਿਜੇਤਾ ਰਬਿੰਦਰ ਨਾਥ ਟੈਗੋਰ ਨੇ ਆਪਣਾ ਸਰ ਦਾ ਖ਼ਿਤਾਬ ਇਸੇ ਦਰਦਨਾਕ ਘਟਨਾ ਦੀ ਖ਼ਬਰ ਸੁਣਦਿਆਂ ਹੀ ਮੋੜ ਦਿੱਤਾ ਤੇ ਉਸ ਨੇ ਵਾਇਸਰਾਏ ਨੂੰ ਇਕ ਚਿੱਠੀ ਵੀ ਲਿਖੀ।

ਪਰ ਦੂਸਰੇ ਪਾਸੇ ਸਰਕਾਰ ਪ੍ਰਸਤਾਂ ਦੀ ਬੇਸ਼ਰਮੀ ਦਾ ਵੀ ਕੋਈ ਅੰਤ ਨਹੀਂ ਸੀ। ਦੇਸ਼ ਆਜ਼ਾਦ ਕਰਵਾਉਣ ਲਈ ਸੰਸਾਰ ਦੇ ਵੱਖ-ਵੱਖ ਕੋਨਿਆਂ ਤੋਂ ਆਏ ਗ਼ਦਰੀ ਬਾਬਿਆਂ ਦੇ ਖ਼ਿਲਾਫ਼ ਨਾ ਮਿਲਵਰਤਨ ਦਾ ਫ਼ਤਵਾ ਜਾਰੀ ਕਰਨ ਵਾਲੇ ਹਰਿਮੰਦਰ ਸਾਹਿਬ ਦੇ ਅੰਗਰੇਜ਼ ਪ੍ਰਸਤ ਆਗੂਆਂ ਨੇ ਜ਼ਲ੍ਹਿਆਂ ਵਾਲੇ ਬਾਗ਼ ਦੀ ਸ਼ਰਮਨਾਕ ਘਟਨਾ ਨੂੰ ਅੰਜ਼ਾਮ ਦੇਣ ਵਾਲਿਆਂ ਨੂੰ ਦਰਬਾਰ ਸਾਹਿਬ ਵਿੱਚ ਸਨਮਾਨਿਤ ਕੀਤਾ, ''ਉਸ ਸਮੇਂ ਦੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅੰਗ੍ਰੇਜ਼ ਪ੍ਰਸਤ ਸਰਬਰਾਹ ਸਰਦਾਰ ਬਹਾਦਰ ਅਰੂੜ ਸਿੰਘ ਨੇ 30 ਅਪ੍ਰੈਲ ਨੂੰ ਭਾਵ ਕਤਲੇਆਮ ਤੋਂ 17 ਦਿਨ ਬਾਅਦ ਜਨਰਲ ਡਾਇਰ ਨੂੰ ਦਰਬਾਰ ਸਾਹਿਬ ਬੁਲਾ ਕੇ ਸਿਰੋਪਾ ਦਿੱਤਾ। ਉਸ ਨੂੰ ਸਿੱਖ ਬਣ ਜਾਣ ਲਈ ਕਿਹਾ ਗਿਆ, ਜਿਸ ਦੇ ਜਵਾਬ ਵਿੱਚ ਉਸ ਨੇ ਕਿਹਾ ਕਿ ਬਰਤਾਨਵੀ ਫ਼ੌਜ ਦਾ ਅਫ਼ਸਰ ਹੋਣ ਕਾਰਨ ਉਹ ਇਉਂ ਨਹੀਂ ਕਰ ਸਕਦਾ।'' (ਪਰਮ ਸਿੰਘ, ''ਪਗੜੀ ਸੰਭਾਲ ਜੱਟਾ ਤੋਂ ਜ਼ਲ੍ਹਿਆਂਵਾਲੇ ਬਾਗ਼ ਤੱਕ''70)

ਉਸ ਸਮੇਂ ਮਹਾਤਮਾ ਗਾਂਧੀ ਅੰਗਰੇਜ਼ ਪ੍ਰਸਤੀ ਦੀ ਸਭ ਤੋਂ ਖ਼ਤਰਨਾਕ ਉਦਾਹਰਣ ਬਣ ਗਿਆ ਸੀ। ਉਸ ਨੂੰ ਭਾਰਤੀਆਂ ਦੇ ਹਰ ਵਿਦਰੋਹ ਵਿਚੋਂ ਬਾਲਸ਼ਵਿਕਾਂ ਦੀ ਬੋਅ ਆਉਣ ਲੱਗ ਪਈ ਸੀ। ਉਹ ਉਸ ਵੇਲੇ ਕਮਿਊਨਿਜ਼ਮ ਦੇ ਖ਼ਤਰਿਆਂ ਬਾਰੇ ਗੱਲ ਕਰਨ ਲੱਗ ਪਿਆ ਸੀ ਜਦੋਂ ਭਾਰਤ ਵਿੱਚ ਅਜੇ ਕਮਿਊਨਿਜ਼ਮ ਦੀਆਂ ਜੜ੍ਹਾਂ ਵੀ ਨਹੀਂ ਸਨ ਲੱਗੀਆਂ। ਪਹਿਲੀ ਸੰਸਾਰ ਜੰਗ ਵਿੱਚ ਸਾਮਰਾਜੀਆਂ ਦੇ ਆਪਸੀ ਭੇੜ ਨੂੰ ਅੱਖੋਂ ਪਰੋਖੇ ਕਰਦਾ ਮਹਾਤਮਾ ਗਾਂਧੀ ਲਿਖਦਾ ਹੈ, ''ਬਾਲਸ਼ਵਿਜ਼ਮ ਜੋ ਯੂਰਪ ਦੇ ਇਕ ਦੇਸ਼ ਦੇ ਪਿੱਛੋਂ ਦੂਜੇ ਦੇਸ਼ ਉੱਪਰ ਹਮਲਾ ਕਰ ਰਿਹਾ ਹੈ, ਜੇ ਭਾਰਤ ਵਿੱਚ ਉਸ ਨੂੰ ਸਫ਼ਲਤਾ ਪੂਰਵਕ ਰੋਕਣਾ ਹੈ, ਭਾਰਤ ਲਈ ਉਸ ਵਾਸਤੇ ਅਨੁਕੂਲ ਵਾਤਾਵਰਣ ਤਿਆਰ ਹੋਣ ਦੀ ਕਿਸੇ ਵੀ ਸੰਭਾਵਨਾ ਨੂੰ ਖ਼ਤਮ ਕਰਨਾ ਹੈ ਤਾਂ ਜ਼ਰੂਰੀ ਹੈ ਕਿ ਭਾਰਤ ਦੇ ਲੋਕਾਂ ਨੂੰ ਉਨ੍ਹਾਂ ਦੀ ਸਭਿਅਤਾ ਅਤੇ ਸਭਿਆਚਾਰ ਯਾਦ ਕਰਵਾਇਆ ਜਾਵੇ, ਜਿਸ ਨੂੰ ਇਕ ਸ਼ਬਦ ਵਿੱਚ ਸਤਿਆਗ੍ਰਹਿ ਕਹਿ ਸਕਦੇ ਹਾਂ।'' (ਭਾਰਤ ਦਾ ਮੁਕਤੀ ਸੰਘਰਸ਼, 333)

ਅਜਿਹੀਆਂ ਟਿੱਪਣੀਆਂ ਮਹਾਤਮਾ ਗਾਂਧੀ ਪਹਿਲਾਂ ਵੀ ਬਹੁਤ ਵਾਰੀ ਕਰ ਚੁੱਕਿਆ ਸੀ। ਅਹਿਮਦਾਬਾਦ ਵਿਖੇ ਮਜ਼ਦੂਰਾਂ ਦੀ ਹੜਤਾਲ ਨੂੰ ਅੰਗਰੇਜ਼ਾਂ ਨੇ ਬੜੀ ਹੀ ਬੇਦਰਦੀ ਨਾਲ ਕੁਚਲਿਆ ਸੀ ਜਿਸ ਵਿੱਚ 50 ਤੋਂ ਵੱਧ ਲੋਕ ਮਾਰੇ ਗਏ ਸਨ ਤੇ 300 ਦੇ ਕਰੀਬ ਜ਼ਖ਼ਮੀ ਹੋ ਗਏ ਸਨ। ਇਸ ਸੰਬੰਧੀ 18 ਜੂਨ 1919 ਨੂੰ ਵਾਇਸਰਾਏ ਦੇ ਨਿੱਜੀ ਸਕੱਤਰ, ਜੇ.ਐਮ. ਮੈਫ਼ੀ ਨੂੰ ਲਿਖੀ ਚਿੱਠੀ ਵਿੱਚ ਮਹਾਤਮਾ ਗਾਂਧੀ ਨੇ ਕਿਹਾ, ''ਪਿਛਲੇ ਢਾਈ ਮਹੀਨਿਆਂ ਦੇ ਕੌੜੇ ਅਨੁਭਵਾਂ ਨੇ ਦਿਖਾ ਦਿੱਤਾ ਹੈ ਕਿ ਕੇਵਲ ਸਤਿਆਗ੍ਰਹਿ ਹੀ ਭਾਰਤ ਨੂੰ ਬਾਲਸ਼ਵਿਜ਼ਮ ਅਤੇ ਉਸ ਤੋਂ ਵੀ ਭੈੜੇ ਖ਼ਤਰਿਆਂ ਤੋਂ ਬਚਾ ਸਕਦਾ ਹੈ।..... ਸਤਿਆਗ੍ਰਹਿ ਹੀ ਭਾਰਤੀਆਂ ਅਤੇ ਅੰਗਰੇਜ਼ਾਂ ਦੇ ਵਿਚਕਾਰ ਸੰਬੰਧਾਂ ਨੂੰ ਸੁਧਾਰ ਸਕਦਾ ਹੈ.... ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਰਿਹਾ ਹਾਂ ਕਿ ਦੇਸ਼ ਦੇ ਹੋਰ ਭਾਗਾਂ ਵਿੱਚ ਸ਼ਾਂਤੀ ਸਥਾਪਤ ਕਰਨ ਲਈ ਸੈਨਿਕ ਤਿਆਰੀਆਂ ਦਾ ਵੀ ਯੋਗਦਾਨ ਰਿਹਾ ਹੈ, ਪਰ ਮੇਰਾ ਮੰਨਣਾ ਹੈ ਕਿ ਸਤਿਆਗ੍ਰਹਿ ਦਾ ਇਸ ਕੰਮ ਵਿੱਚ ਅਸਿੱਧੇ ਤੌਰ 'ਤੇ ਵਧੇਰੇ ਵੱਡਾ ਯੋਗਦਾਨ ਰਿਹਾ ਹੈ।'(ਉਹੀ ਪੰਨਾ 38) (☛ ਬਾਕੀ ਸਫ਼ਾ 41 'ਤੇ)

# ਸਾਹਿਤਕ ਸੂਰਮੇ ਦੀ ਘਾਲਣਾ ਅਤੇ ਇਤਿਹਾਸ-ਮਿਥਿਹਾਸ ਦਾ ਪੁਨਰ ਸਿਰਜਣ



ਬਲਦੇਵ ਸਿੰਘ ਸੜਕਨਾਮਾ
+91-98147-83069

ਡਾ. ਐੱਸ. ਤਰਸੇਮ, ਮੇਰਾ ਬੀ.ਐੱਡ. ਦਾ ਜਮਾਤੀ ਹੈ। ਉਦੋਂ ਉਸ ਦੀਆਂ ਅੱਖਾਂ ਦੀ ਜੋਤ ਬਿਲਕੁਲ ਸਹੀ ਸੀ। ਬਹੁਤ ਬਾਅਦ ਵਿੱਚ ਜਦੋਂ ਮੈਂ ਕਲਕੱਤੇ ਸੀ, ਪਤਾ ਲੱਗਿਆ ਐੱਸ. ਤਰਸੇਮ ਦੀਆਂ ਅੱਖਾਂ ਦੀ ਜੋਤੀ ਹੌਲੀ-ਹੌਲੀ ਘਟਦੀ ਇਕਦਮ ਘਟ ਗਈ। ਦੂਸਰਿਆਂ ਲਈ ਉਸ ਦਾ ਜੀਵਨ ਪ੍ਰੇਰਨਾ ਬਣ ਗਿਆ ਕਿਉਂਕਿ ਜੋਤਹੀਣ ਹੋਣ ਦੇ ਬਾਵਜੂਦ ਉਸ ਨੇ ਕਵਿਤਾ, ਗ਼ਜ਼ਲ, ਕਹਾਣੀ ਅਤੇ ਆਲੋਚਨਾ ਦੇ ਖੇਤਰ ਵਿੱਚ ਨਿਰੰਤਰ ਸਿਰਜਣਾ ਵਿੱਚ ਕੋਈ ਵਿਘਨ ਨਹੀਂ ਪੈਣ ਦਿੱਤਾ। ਇਸ ਤੋਂ ਇਲਾਵਾ ਸਾਹਿਤਕ ਪਰਚਾ 'ਕਮਜ਼ੋਰੀਆਂ' ਕੱਢਣਾ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਅਹੁਦੇਦਾਰੀਆਂ ਨਾਲ ਜੁੜੇ ਰਹਿਣ ਕਾਰਨ ਵੀ ਉਹ ਸਾਹਿਤਕ ਹਲਕਿਆਂ ਵਿੱਚ ਚਰਚਿਤ ਰਿਹਾ ਹੈ। ਸਹੀ ਮਾਅਨਿਆਂ ਵਿੱਚ ਤਰਸੇਮ ਪੰਜਾਬੀ ਸਾਹਿਤ ਦਾ ਸੂਰਮਾ ਲੇਖਕ ਹੈ। ਇਸ ਪੁਸਤਕ ਵਿੱਚ ਉਸ ਦੀਆਂ 52 ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਔਰਤ-ਮਰਦ ਦੇ ਕਾਮ ਸਬੰਧ, ਰਖੇਲਾਂ ਦਾ ਕਿਰਦਾਰ, ਕਾਮੇ ਅਤੇ ਮਜ਼ਦੂਰ ਜਮਾਤ ਦਾ ਸੋਸ਼ਣ ਅਤੇ ਉਨ੍ਹਾਂ ਅੰਦਰ ਇਨਕਲਾਬੀ ਚੇਤਨਾ, ਦਲਿਤ ਸਮਾਜ ਦੀਆਂ ਤਰਾਸਦੀਆਂ ਤੇ ਸਮਾਜਿਕ ਸਰੋਕਾਰਾਂ ਨਾਲ ਸਬੰਧਿਤ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਵਧੇਰੇ ਕਹਾਣੀਆਂ ਵਿੱਚ ਮਾਨਵੀ-ਕੀਮਤਾਂ ਨੂੰ ਤਰਜੀਹ ਦਿੱਤੀ ਗਈ ਹੈ। ਐੱਸ. ਤਰਸੇਮ ਕੋਲ ਆਪਣੀ ਗੱਲ ਕਹਿਣ ਲਈ ਢੁਕਵੀਂ ਸ਼ਬਦਾਵਲੀ ਹੈ ਤੇ ਗੱਲ ਕਹਿਣ ਦੀ ਸੁਚੱਜੀ ਜਾਚ ਵੀ ਹੈ।




ਕਹਾਣੀ ਸੰਗ੍ਰਹਿ 'ਕਣਕ ਦਾ ਬੁੱਕ' ਦੇ ਸਮਰਪਣੀ ਸ਼ਬਦਾਂ ਵਿੱਚੋਂ ਉਸ ਦੇ ਪ੍ਰਤੀਬੱਧਤਾ ਦਾ ਝਲਕਾਰਾ ਮਿਲਦਾ ਹੈ। "ਲੁਟੀਂਦੀ ਜਾ ਰਹੀ ਸ਼੍ਰੇਣੀ, ਜਿਸ ਨੂੰ ਅਜੇ ਲਾਮਬੰਦ ਹੋਣ ਦੀ ਲੋੜ ਹੈ।" 'ਪਾਇਆ ਦੁੱਧ' ਛਪਣ ਤਕ ਉਸ ਦੀਆਂ ਅੱਖਾਂ ਦੀ ਜੋਤ ਚਲੀ ਗਈ ਸੀ, ਪਰ ਉਸ ਦੇ ਹੌਂਸਲੇ ਨੂੰ ਸਲਾਮ ਕਰਨਾ ਬਣਦਾ ਹੈ। ਐੱਸ. ਤਰਸੇਮ ਦੀਆਂ ਕਹਾਣੀਆਂ, ਵਿਸ਼ਿਆਂ ਦੇ ਪੱਖ ਤੋਂ ਅਮੀਰ ਹਨ, ਸਮਾਜਿਕ ਪੱਖ ਤੋਂ ਚੇਤੰਨ ਹਨ ਅਤੇ ਕਲਾਤਮਕ ਪੱਖ ਤੋਂ ਸੂਖ਼ਮ ਹਨ। ਸਾਹਿਤ ਦੇ ਵਿਦਿਆਰਥੀਆਂ ਲਈ ਇਹ ਪੁਸਤਕ ਲਾਹੇਵੰਦ ਹੋਵੇਗੀ। ਐੱਸ. ਤਰਸੇਮ ਦੀ ਅਨੁਭਵ ਸਮਰੱਥਾ, ਪ੍ਰਤੀਬੱਧਤਾ ਅਤੇ ਕਲਾ ਸ਼ਕਤੀ ਪਾਠਕ ਵਰਗ ਨੂੰ ਸਮਾਜ ਅਤੇ ਸਵੈ ਦੀ ਬਹੁਪਰਤੀ ਪਛਾਣ ਕਰਵਾਉਣ ਦੇ ਸਮਰੱਥ ਹੈ।

ਮਨਮੋਹਨ ਬਾਵਾ ਦਾ 'ਨਰਬਲੀ' ਪੰਜਵਾਂ ਕਥਾ ਸੰਗ੍ਰਹਿ ਹੈ। ਇਸ ਤੋਂ ਇਲਾਵਾ 'ਇਕ ਰਾਤ', 'ਚਿੱਟੇ ਘੋੜੇ ਦਾ ਸਵਾਰ', 'ਅਜਾਤ ਸੁੰਦਰੀ' ਅਤੇ 'ਕਾਲਾ ਕਬੂਤਰ' ਉਸ ਦੇ ਕਥਾ ਸੰਗ੍ਰਹਿ ਹਨ। ਉਹ ਨਾਵਲਕਾਰ ਵੀ ਹੈ ਤੇ ਸਫ਼ਰਨਾਮਾ ਲੇਖਕ ਵੀ। ਪੰਜਾਬੀ ਸਾਹਿਤ ਦਾ ਉਹ ਇੱਕੋ-ਇੱਕ ਘੁਮੱਕੜ ਲੇਖਕ ਹੈ ਜਿਸ ਨੇ ਹਜ਼ਾਰਾਂ ਮੀਲ ਪੈਦਲ ਯਾਤਰਾਵਾਂ ਕੀਤੀਆਂ ਹਨ। ਉਸ ਦੀਆਂ ਪ੍ਰਾਚੀਨ ਕਥਾਵਾਂ ਵਿੱਚ ਮਿਥਿਹਾਸ-ਇਤਿਹਾਸ ਦੀਆਂ ਰੌਚਿਕ ਘਟਨਾਵਾਂ ਨੂੰ ਬੜੇ ਹੀ ਕਲਾਤਮਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਹ ਰੌਚਿਕਤਾ ਸੁਤੇ-ਸਿੱਧ ਨਹੀਂ ਆਉਂਦੀ। ਇਸ ਪਿੱਛੇ ਅਣਥੱਕ ਘਾਲਣਾ ਅਤੇ ਸਾਧਨਾ ਦੀ ਭੂਮਿਕਾ ਹੁੰਦੀ ਹੈ। ਆਪਣੇ ਬਾਰੇ ਮਨਮੋਹਨ ਬਾਵਾ ਖ਼ੁਦ ਲਿਖਦਾ ਹੈ: "ਜਦ ਮੈਂ ਗੰਭੀਰਤਾ ਨਾਲ ਲਿਖਣਾ ਸ਼ੁਰੂ ਕੀਤਾ ਅਤੇ ਜਦੋਂ ਮੈਂ ਆਪਣੇ ਆਲੇ-ਦੁਆਲੇ ਦੀਆਂ ਸਮਾਜਿਕ, ਧਾਰਮਿਕ ਅਤੇ ਇਤਿਹਾਸਕ ਪ੍ਰਸਥਿਤੀਆਂ ਤੋਂ ਸੁਚੇਤ ਹੋਣ ਲੱਗਾ ਤਾਂ ਮੇਰੇ ਮਨ ਵਿੱਚ ਇੱਕ ਇੱਛਾ ਉਤਪੰਨ ਹੋਈ ਕਿ ਮੈਂ ਇਤਿਹਾਸ ਅਤੇ ਮਿਥਿਹਾਸ ਦੀਆਂ ਉਨ੍ਹਾਂ ਘਟਨਾਵਾਂ ਅਤੇ ਲੋਕ ਕਥਾਵਾਂ ਨੂੰ ਆਪਣੀਆਂ ਕਹਾਣੀਆਂ ਦੁਆਰਾ ਮੁੜ ਜਾਗਰਿਤ ਕਰਾਂ।" ਇਸੇ ਕਾਰਨ ਹੀ ਉਹ ਵਿਲੱਖਣ ਸੁਰ ਦਾ ਲੇਖਕ ਹੈ। ਇਸ ਸੰਗ੍ਰਹਿ ਵਿੱਚ ਲੇਖਕ ਦੀਆਂ ਦਸ ਕਹਾਣੀਆਂ ਹਨ। 'ਉਦਾਂਬਰਾਂ' ਕਹਾਣੀ ਦਾ ਵਿਸ਼ਾ 2000 ਸਾਲ ਪਹਿਲਾਂ ਦਾ ਹੈ। 'ਮੂਲ ਸਥਾਨ ਦੀ ਦੇਵਦਾਸੀ' ਦੀ ਘਟਨਾ 1020 ਈਸਵੀ ਦੀ ਹੈ। 'ਨਰਬਲੀ' ਕਥਾ 700 ਵਰ੍ਹੇ ਪਹਿਲਾਂ ਦੀ ਹੈ। ਇਉਂ ਸਿੱਖ ਕਾਲ ਅਤੇ ਮੁਗ਼ਲ ਕਾਲ ਦੀਆਂ ਕਥਾਵਾਂ ਵੀ ਹਨ। ਬਾਵਾ ਨੇ ਪ੍ਰਾਚੀਨ ਲੋਕ ਜੀਵਨ, ਲੋਕ ਸਭਿਆਚਾਰ, ਮਿਥਹਾਸ, ਇਤਿਹਾਸ ਅਤੇ ਸਥਾਨਕ ਜਾਤੀਆਂ, ਜਨ ਜਾਤੀਆਂ ਦੀ ਜੀਵਨ ਜਾਚ ਦਾ ਸਿਰਫ਼ ਨੀਝ ਨਾਲ ਅਧਿਐਨ ਹੀ ਨਹੀਂ ਕੀਤਾ ਸਗੋਂ ਇਨ੍ਹਾਂ ਦੀ ਪੇਸ਼ਕਾਰੀ ਰਾਹੀਂ ਨਵੇਂ ਅਰਥ ਸਿਰਜੇ ਹਨ ਜਿਸ ਕਾਰਨ ਇਨ੍ਹਾਂ ਕਥਾਵਾਂ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਕਥਾਵਾਂ ਵਿੱਚ ਪੁਰਾਤਨ ਨਾਵਾਂ ਦੀ ਵਰਤੋਂ ਬਿਰਤਾਂਤ ਨੂੰ ਯਥਾਰਤ ਦੀ ਪੁੱਠ ਚਾੜ੍ਹ ਦਿੰਦੀ ਹੈ। ਜਿਵੇਂ ਰੋਪੜ ਨੂੰ ਰੂਪਨਗਰ ਲਿਖਣਾ, ਰਾਵੀ ਨੂੰ ਪੂਰਜ਼ਿਨੀ ਨਦੀ ਲਿਖਣਾ, ਕਾਂਗੜਾ ਨੂੰ ਤ੍ਰੈਗਾਰਤਾ ਲਿਖਣਾ। ਹੋਰ ਵੀ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਬਾਵਾ ਇਤਿਹਾਸ-ਮਿਥਿਹਾਸ ਨੂੰ ਪੁਨਰ-ਸਿਰਜਤ ਹੀ ਨਹੀਂ ਕਰਦਾ, ਉਸ ਨੂੰ ਵਰਤਮਾਨ ਵਿੱਚ ਸਾਰਥਿਕ ਅਤੇ ਪ੍ਰਸੰਗਿਕ ਵੀ ਬਣਾਉਂਦਾ ਹੈ।




# ਬਿਖਰੇ ਪਲਾਂ ਦੀਆਂ ਕਹਾਣੀਆਂ 'ਉਸ ਪਲ'

ਡਾ. ਸ਼ਰਨਜੀਤ ਕੌਰ




ਆਪਣਾ ਪਹਿਲਾ ਕਹਾਣੀ ਸੰਗ੍ਰਹਿ 'ਆਸ ਅਜੇ ਬਾਕੀ ਹੈ' ਮਗਰੋਂ ਹੁਣ 'ਉਸ ਪਲ' ਕਹਾਣੀ ਸੰਗ੍ਰਹਿ ਲੈ ਕੇ ਸਿਮਰਨ ਧਾਲੀਵਾਲ ਮੁੜ ਹਾਜ਼ਰ ਹੈ। ਉਹ ਆਪਣੇ ਮਨ ਦੇ ਕੈਨਵਸ ਬਾਰੇ ਕਹਿੰਦਾ ਹੈ ਕਿ ਇਹ ਕਹਾਣੀਆਂ ਉਸ ਸ਼ਖ਼ਸ ਦੀਆਂ ਹਨ ਜੋ ਅੰਦਰੋਂ ਬੇਆਰਾਮ ਹੈ, ਉਦਾਸ ਹੈ, ਭਟਕਦਾ ਹੈ। 'ਉਸ ਪਲ' ਕਹਾਣੀ ਸੰਗ੍ਰਹਿ ਵਿੱਚ ਨੌਂ ਕਹਾਣੀਆਂ ਹਨ। ਹਰ ਕਹਾਣੀ ਸੰਬੋਧਨੀ-ਬੋਧ ਰਾਹੀਂ ਆਪਣਾ ਸੰਵਾਦ ਰਚਾਉਂਦੀ ਅੱਗੇ ਵਧਦੀ ਹੈ। ਲਗਪਗ ਸਾਰੀਆਂ ਹੀ ਕਹਾਣੀਆਂ ਇਕਹਿਰੀ ਪਰਤੀ ਤੇ ਇਕਹਿਰੀ ਪਾਤਰੀ ਦੀ ਦਿੱਖ ਪੇਸ਼ ਕਰਦੀਆਂ ਹਨ। ਅਜੋਕੇ ਸੂਚਨਾ ਟੈਕਨਾਲੋਜੀ ਵਾਲੇ ਯੁੱਗ ਵਿੱਚ ਹਰ ਮਨੁੱਖ, ਖ਼ਾਸਕਰ ਨੌਜਵਾਨ ਤਬਕਾ ਇਸ ਤ੍ਰਾਸਦੀ ਵਿੱਚੋਂ ਗੁਜ਼ਰ ਰਿਹਾ ਹੈ। ਸੋ ਇਸ ਹੋਣੀ ਨੂੰ ਸਿਮਰਨ ਧਾਲੀਵਾਲ ਆਪਣੀਆਂ ਕਹਾਣੀਆਂ ਵਿੱਚ ਬਾਖ਼ੂਬੀ ਉਲੀਕ ਸਕਿਆ ਹੈ। 'ਉਸ ਪਲ' ਇਸ ਕਹਾਣੀ ਸੰਗ੍ਰਹਿ ਦੀ ਟਾਈਟਲ ਕਹਾਣੀ ਹੈ। ਉਸ ਪਲ ਭਾਗ ਪਹਿਲਾ ਤੇ ਉਸ ਪਲ ਭਾਗ ਦੂਜਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜੋਕੀ ਔਰਤ ਇੱਕ ਦੁਖਾਂਤ, ਇੱਕ ਸੰਤਾਪ ਲਗਾਤਾਰ ਭੋਗ ਰਹੀ ਹੈ। ਇਸੇ ਕਹਾਣੀ ਵਿੱਚ ਕਹਾਣੀਕਾਰ ਇੱਕ ਸਤਰ ਇਉਂ ਲਿਖਦਾ ਹੈ 'ਔਰਤ ਹੋਣ ਦੀ ਸਜ਼ਾ ਹਰ ਰਾਤ ਮਿਲਦੀ ਹੈ ਉਸ ਨੂੰ।' ਇੱਕ ਥਾਵੇਂ ਉਹ ਲਿਖਦਾ ਹੈ 'ਇਹ ਤਾਂ ਰੇਪ ਹੋਇਆ ਨਾ।' ਮੈਨੂੰ ਨਹੀਂ ਜਾਪਦਾ ਕਿ ਇਸ ਕਹਾਣੀ ਦੇ ਵਿਸ਼ੇ ਵਿੱਚ ਕੋਈ ਅਲੋਕਾਰੀ ਸੋਚਣੀ ਹੈ- ਕਹਾਣੀਕਾਰ ਨੇ ਪਤਾ ਨਹੀਂ ਕਿਉਂ ਇਸ ਕਹਾਣੀ ਦੇ ਦੋ ਪਾਰਟ ਕੀਤੇ ਹਨ, ਮੇਰੀ ਜਾਚੇ ਇੱਕੋ ਭਾਗ ਵਿੱਚ ਵੀ ਇਹ ਸੁਨੇਹਾ ਪਾਠਕਾਂ ਨੂੰ ਦਿੱਤਾ ਜਾ ਸਕਦਾ ਸੀ। ਇਕਹਿਰੇ ਪਾਤਰ ਦੀ ਕਹਾਣੀ ਲਈ ਇਹ ਬਿਰਤਾਂਤ ਕੁਝ ਵਡੇਰਾ ਜਾਪਦਾ ਹੈ। 'ਭੀੜ ਵਿੱਚ ਗੁਆਚਾ ਚਿਹਰਾ' ਕਹਾਣੀ ਰੂਪਾਕਾਰ ਵਜੋਂ ਬਿਹਤਰੀਨ ਕਹਾਣੀ ਹੈ। ਅਜੋਕੇ ਭੱਜਦੇ-ਨੱਸਦੇ ਸਮੇਂ ਨਾਲ ਖਹਿੰਦੀ ਕਦਰਾਂ-ਕੀਮਤਾਂ ਨੂੰ ਨਾਲ ਲਈ ਕਹਾਣੀ ਅਜੋਕੀ ਰਾਜ ਸੱਤਾ ਦਾ ਜ਼ੁਲਮ ਬਿਆਨਦੀ ਹੈ। ਕਹਾਣੀ ਦਾ ਨਿਭਾਅ ਤੇ ਉਸ ਨੂੰ ਕਾਬੂ ਰੱਖਣਾ ਸਿਮਰਨ ਧਾਲੀਵਾਲ ਦੀ ਖ਼ੂਬੀ ਹੈ। ਇਹ ਕਹਾਣੀ ਵਿਦਰੋਹੀ ਚਿਹਰਾ ਵੀ ਦਿਖਾਉਂਦੀ ਹੈ ਤੇ ਜ਼ਮੀਰ ਵੇਚਣ ਵਾਲਾ ਚਿਹਰਾ ਵੀ ਖ਼ੂਬਸੂਰਤੀ ਨਾਲ ਬੇਪਰਦ ਕਰਦੀ ਹੈ। ਉਸ ਦੀ ਕਹਾਣੀ 'ਮੈਂ ਹੁਣ ਝੂਠ ਨਹੀਂ ਬੋਲਦਾ' ਜਾਤ-ਪਾਤੀ ਹੀਣਤਾ ਦੀ ਤ੍ਰਾਸਦੀ ਪੇਸ਼ ਕਰਦੀ ਹੈ। ਉਸ ਦੀਆਂ ਬਾਕੀ ਕਹਾਣੀਆਂ ਵੀ ਸੂਝ-ਬੂਝ ਸੰਗ, ਜ਼ਿੰਦਗੀ ਨਾਲ ਓਤ-ਪ੍ਰੋਤ ਹੁੰਦੀਆਂ ਕੁਝ ਕਹਿ ਜਾਂਦੀਆਂ ਹਨ।

'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

BeLL
STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਈਡਿੰਗ ਸੌਫਟ, ਫੇਸ਼ੀਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਸਿਹਤਮੰਦ ਜ਼ਿੰਦਗੀ ਲਈ ਜ਼ਰੂਰੀ ਹੈ ਦਿਲ ਦੀ ਤੰਦਰੁਸਤੀ

ਡਾ. ਰਿਪੁਦਮਨ ਸਿੰਘ +91-98152-00134



ਸਾਡਾ ਦਿਲ ਮਾਂ ਦੀ ਕੁੱਖ ਵਿੱਚ ਛੇਵੇਂ ਹਫ਼ਤੇ ਤੋਂ ਬਣਦਾ ਅਤੇ ਧੜਕਨ ਵਿੱਚ ਆਉਂਦਾ ਹੈ ਅਤੇ ਸਾਰੀ ਉਮਰ ਕੰਮ ਕਰਦਾ ਰਹਿੰਦਾ ਹੈ। ਦਿਲ ਦਾ ਕੰਮ ਸਾਡੀ ਮੌਤ ਤੋਂ ਬਾਅਦ ਬੰਦ ਹੁੰਦਾ ਹੈ। ਆਲਮੀ ਪੱਧਰ 'ਤੇ ਸੰਸਾਰ ਹਾਰਟ ਦਿਵਸ 2015, ਦਾ ਵੀ ਸੁਨੇਹਾ ਦਿਲ ਦੀ ਤੰਦਰੁਸਤੀ ਨੂੰ ਬਣਾਈ ਰੱਖਣਾ ਹੈ। ਸਾਡਾ ਵੀ ਆਪਣੇ ਆਪ ਅਤੇ ਆਪਣੇ ਦਿਲ ਪ੍ਰਤੀ ਇੱਕ ਫ਼ਰਜ਼ ਹੈ ਕਿ ਅਸੀਂ ਇਸ ਨੂੰ ਤੰਦਰੁਸਤ ਰੱਖਣ ਲਈ ਹਰ ਸੰਭਵ ਯਤਨ ਕਰੀਏ ਤਾਂ ਕਿ ਇਹ ਸਾਰੀ ਜ਼ਿੰਦਗੀ ਠੀਕ ਤਰ੍ਹਾਂ ਧੜਕਦਾ ਰਹੇ।

ਸੰਸਾਰ ਵਿੱਚ ਜਿਹੜੇ ਲੋਕ ਸਰੀਰਕ ਮੁਸ਼ੱਕਤ ਭਰੇ ਕੰਮ ਵਿੱਚ ਰੁੱਝੇ ਰਹਿੰਦੇ ਹਨ, ਉਹ ਵਧੇਰੇ ਤੰਦਰੁਸਤ ਜੀਵਨ ਬਤੀਤ ਕਰਦੇ ਹਨ। ਇਹ ਵੀ ਸਚਾਈ ਹੈ ਕਿ ਉਹ ਆਪਣੇ ਕੰਮ ਨੂੰ ਖ਼ੁਸ਼ੀ ਅਤੇ ਚਾਅ ਨਾਲ ਕਰਦੇ ਹਨ। ਥਕਾਵਟ ਕਾਰਨ ਵਿਹਲੇ ਸਮੇਂ ਨੂੰ ਵੀ ਉਹ ਬਹੁਤ ਆਨੰਦ ਨਾਲ ਗੁਜ਼ਾਰਦੇ ਹਨ। ਇਸ ਦੇ ਉਲਟ ਵਿਹਲੇ ਤੇ ਆਲਸੀ ਲੋਕ ਸਰੀਰਕ ਕਸ਼ਟਾਂ ਵਿੱਚ ਘਿਰੇ ਰਹਿੰਦੇ ਹਨ। ਸਾਡੇ ਸਰੀਰ ਨੂੰ ਖਾਣ ਜਿੰਨਾ ਹੀ ਜ਼ਰੂਰੀ ਕਸਰਤ ਕਰਨਾ ਵੀ ਹੈ।

ਰਾਤ ਨੂੰ ਸਮੇਂ ਸਿਰ ਸੌਣ ਅਤੇ ਸਵੇਰੇ ਜਲਦੀ ਉੱਠਣ ਦੀ ਆਦਤ ਪਾਉਣੀ ਚਾਹੀਦੀ ਹੈ। ਸਵੇਰੇ ਜਲਦੀ ਉੱਠਦੇ ਹੀ ਸੈਰ ਕਰਨੀ ਲਾਜ਼ਮੀ ਆਦਤਾਂ ਵਿੱਚ ਸ਼ਾਮਲ ਕਰੋ। ਸੈਰ ਕਰਨ ਜਾਣਾ ਕੁਝ ਦਿਨ ਔਖਾ ਜ਼ਰੂਰ ਲੱਗੇਗਾ ਪਰ ਜਦੋਂ ਇੱਕ ਵਾਰ ਸੈਰ ਦੀ ਆਦਤ ਪੈ ਗਈ ਤਾਂ ਫਿਰ ਸੈਰ ਕਰਨ ਬਿਨਾਂ ਰਿਹਾ ਨਹੀਂ ਜਾਣਾ। ਸੈਰ ਇਹ ਨਹੀਂ ਕਿ ਘਰੋਂ ਬਾਹਰ ਜਾਣਾ ਹੈ ਤੇ ਇੱਕ ਚੱਕਰ ਲਗਾ ਕੇ ਵਾਪਸ ਆ ਜਾਣਾ ਹੈ। ਸੈਰ 'ਤੇ ਜਾਂਦੇ ਹੋਏ ਇਹ ਲਾਜ਼ਮੀ ਕਰੋ ਕਿ ਤੁਸੀਂ ਤੇਜ਼ ਤੁਰਨਾ ਹੈ ਜੇ ਹਲਕੀ ਦੌੜ ਲਗਾ ਸਕਦੇ ਹੋ ਤਾਂ ਹੋਰ ਵੀ ਚੰਗਾ ਹੈ। ਪਹਿਲੇ ਕੁਝ ਦਿਨ ਥੋੜ੍ਹੀ ਦੂਰੀ ਤਕ ਜਾਵੋ ਤੇ ਫਿਰ ਹੌਲੀ ਹੌਲੀ ਇਸ ਦੀ ਦਾਇਰਾ ਪੰਜ ਕਿਲੋਮੀਟਰ ਤਕ ਕਰ ਸਕਦੇ ਹੋ। ਤੰਬਾਕੂ ਦੀ ਵਰਤੋਂ ਭਾਵੇਂ ਕਿਸੇ ਵੀ ਰੂਪ ਵਿੱਚ ਹੋਵੇ ਇਹ ਸਾਡੀ ਸਿਹਤ ਦਾ ਨੁਕਸਾਨ ਹੀ ਕਰਦੀ ਹੈ ਪਰ ਦਿਲ ਲਈ ਤਾਂ ਤੰਬਾਕੂ ਹੋਰ ਵੀ ਮਾਰੂ ਹੈ।



ਕਿਸੇ ਦਫ਼ਤਰ ਜਾਂ ਸ਼ਾਪਿੰਗ ਮਾਲਾਂ ਆਦਿ ਵਿੱਚ ਲਿਫਟ ਦੀ ਥਾਂ ਪੌੜੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਨਾਲ ਜਿੱਥੇ ਅਸੀਂ ਬਿਜਲੀ ਦੀ ਬੱਚਤ ਕਰਦੇ ਹਾਂ ਉੱਥੇ ਹੀ ਸਰੀਰਕ ਕਸਰਤ ਵੀ ਹੋ ਜਾਂਦੀ ਹੈ। ਰੋਜ਼ਾਨਾ ਪੌੜੀਆਂ ਦੀ ਵਰਤੋਂ ਕਰਨ ਨਾਲ ਸਾਡੇ ਸਰੀਰ ਵਿੱਚ ਖ਼ੂਨ ਦੀ ਸਪਲਾਈ ਠੀਕ ਹੁੰਦੀ ਹੈ। ਬਿਨਾਂ ਕਿਸੇ ਖ਼ਾਸ ਹਰਕਤ ਦੇ ਇਹ ਦਿਲ ਲਈ ਚੰਗੀ ਕਸਰਤ ਸਾਬਿਤ ਹੁੰਦੀ ਹੈ।

ਦਿਲ ਨੂੰ ਰੋਗਾਂ ਤੋਂ ਬਚਾਉਣ ਲਈ ਚੰਗਾ ਤੇ ਪੌਸ਼ਟਿਕ ਭੋਜਨ ਖਾਉ। ਖਾਣਾ ਸਿਰਫ਼ ਉਨਾ ਹੀ ਖਾਉ ਜਿੰਨੇ ਦੀ ਸਾਡੇ ਸਰੀਰ ਨੂੰ ਲੋੜ ਹੈ ਲੋੜ ਤੋਂ ਜ਼ਿਆਦਾ ਖਾਣ ਨਾਲ ਸਾਡਾ ਮੋਟਾਪੇ ਦਾ ਸ਼ਿਕਾਰ ਹੋ ਜਾਵੇਗਾ। ਮੋਟਾਪਾ ਦਿਲ ਨੂੰ ਬਿਮਾਰ ਕਰਨ ਵਾਲੇ ਸਭ ਤੋਂ ਅਹਿਮ ਕਾਰਨਾਂ ਵਿੱਚ ਇੱਕ ਹੈ। ਬਾਹਰ ਵਾਲੇ ਚਟਪਟੇ ਖਾਣੇ ਨਾਲੋਂ ਘਰ ਵਿੱਚ ਬਣੇ ਸਾਦੇ ਭੋਜਨ ਨੂੰ ਤਰਜੀਹ ਦਿਉ। ਥੋੜ੍ਹੀ ਦੂਰੀ ਤਕ ਦਾ ਸਫ਼ਰ ਪੈਦਲ ਕਰੋ ਜੇ ਸਮੇਂ ਦੀ ਸਮੱਸਿਆ ਹੋਵੇ ਤਾਂ ਸਕੂਟਰ ਜਾਂ ਮੋਟਰਸਾਈਕਲ ਦੀ ਵਰਤੋਂ ਕਰਨ ਦੀ ਥਾਂ ਸਾਈਕਲ ਵਰਤੋ। ਇਸ ਨਾਲ ਜਿੱਥੇ ਪੈਸੇ ਦੀ ਬੱਚਤ ਹੁੰਦੀ ਹੈ, ਉੱਥੇ ਹੀ ਸਾਡੀ ਸਿਹਤ ਵੀ ਨਰੋਈ ਹੁੰਦੀ ਹੈ। ਸਾਲ ਵਿੱਚ ਇੱਕ ਵਾਰ ਆਪਣੇ ਸਰੀਰ ਦਾ ਮੈਡੀਕਲ ਚੈਕਅੱਪ ਜ਼ਰੂਰ ਕਰਾਵਾਉ ਤਾਂ ਕਿ ਕੁਝ ਗੰਭੀਰ ਰੋਗਾਂ ਦਾ ਸਮੇਂ ਸਿਰ ਪਤਾ ਲੱਗ ਸਕੇ ਤੇ ਢੁਕਵਾਂ ਇਲਾਜ ਹੋ ਸਕੇ।

ਹਰ ਸਾਲ 29 ਸਤੰਬਰ ਨੂੰ ਵਰਲਡ ਹਾਰਟ ਡੇਅ ਮਨਾਉਣ ਦਾ ਅਸਲ ਮਕਸਦ ਤਾਂ ਉਦੋਂ ਹੀ ਪੂਰਾ ਹੋ ਸਕਦਾ ਹੈ ਜਦੋਂ ਅਸੀਂ ਸਾਰੇ ਆਪਣਾ ਘਰੇਲੂ ਕੰਮ ਆਪ ਕਰਨ ਦੀ ਆਦਤ ਪਾਵਾਂਗੇ। ਜਦੋਂ ਅਸੀਂ ਕੋਈ ਸਰੀਰਕ ਕੰਮ ਕਰਾਂਗੇ ਤਾਂ ਦਿਲ ਹਰਕਤ ਵਿੱਚ ਆਵੇਗਾ ਅਤੇ ਦਿਲ ਮਜ਼ਬੂਤ ਵੀ ਹੋਵੇਗਾ। ਇੰਜ ਸਰੀਰ ਵਿੱਚ ਖ਼ੂਨ ਦਾ ਗੇੜ ਵਧਣ ਨਾਲ ਆਕਸੀਜਨ ਵੀ ਮਾਤਰਾ ਵੀ ਵਧੇਗੀ, ਜਿਸ ਨਾਲ ਸੁਸਤੀ ਦੂਰ ਹੋਵੇਗੀ, ਬਿਮਾਰੀ ਟਲੇਗੀ ਅਤੇ ਜੀਵਨ ਜਿਊਣ ਦੀ ਇੱਛਾ ਵਧੇਗੀ।

ਸਾਨੂੰ ਇਹ ਆਦਤ ਜ਼ਰੂਰ ਬਣਾ ਲੈਣੀ ਚਾਹੀਦੀ ਹੈ ਕਿ ਪਾਣੀ ਪੀਣ ਜਾਂ ਕੋਈ ਛੋਟੀ ਚੀਜ਼ ਨੂੰ ਚੁੱਕਣ ਲਈ ਘਰ ਵਿੱਚ ਕਿਸੇ ਪਰਿਵਾਰਕ ਮੈਂਬਰ ਜਾਂ ਘਰ ਦੇ ਨੌਕਰ ਨੂੰ ਆਵਾਜ਼ ਦੇਣ ਦੀ ਥਾਂ ਇਹ ਸਭ ਅਸੀਂ ਆਪਣੇ ਆਪ ਕਰੀਏ। ਇਸ ਆਦਤ ਨੂੰ ਸਿਰਫ਼ ਆਪਣੇ ਆਪ ਤਕ ਹੀ ਨਹੀਂ ਰੱਖਣਾ ਸਗੋਂ ਘਰ ਵਿੱਚ ਬੱਚਿਆਂ ਨੂੰ ਸਿਖਾਉ। ਜਿੱਥੋਂ ਤਕ ਹੋ ਸਕੇ ਆਪਣੇ ਜੂਠੇ ਭਾਂਡੇ ਆਪ ਸਾਫ਼ ਕਰੋ। ਇੰਜ ਅਸੀਂ ਜਿੱਥੇ ਬਾਕੀ ਪਰਿਵਾਰ ਦੇ ਮੈਂਬਰਾਂ ਦਾ ਹੱਥ ਵਟਾਵਾਂਗੇ, ਉੱਥੇ ਹੀ ਆਪਣੇ ਸਰੀਰ ਲਈ ਹਲਕੀ ਕਸਰਤ ਵੀ ਕਰ ਸਕਾਂਗੇ। ਸਮਾਜ ਦੀ ਚੰਗੀ ਸਿਹਤ ਲਈ ਥੋੜ੍ਹੀ ਬਹੁਤ ਸਰੀਰਕ ਕਸਰਤ, ਚੰਗਾ ਪੌਸ਼ਟਿਕ ਖਾਣਾ ਅਤੇ ਤੰਬਾਕੂ ਮੁਕਤ ਹੋਣਾ ਲਾਜ਼ਮੀ ਹੈ।

ਆਓ ਆਪਾਂ ਵੀ ਆਪਣੀਆਂ ਆਦਤਾਂ ਵਿੱਚ ਥੋੜ੍ਹੀ ਤਬਦੀਲੀ ਕਰੀਏ ਅਤੇ ਸਿਹਤਮੰਦ ਦਿਲ ਨਾਲ ਤੰਦਰੁਸਤ ਜੀਵਨ ਬਤੀਤ ਕਰੀਏ।

# ਅਮਰੂਦ ਦੇ ਫ਼ਾਇਦੇ

ਅਮਰੂਦ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਤੇ ਸਿਹਤ ਨੂੰ ਤੰਦਰੁਸਤ ਰੱਖਣ ਵਾਸਤੇ ਬਹੁਤ ਹੀ ਫ਼ਾਇਦੇਮੰਦ ਹੈ। ਇਸ ਦੀ ਵਰਤੋਂ ਬਵਾਸੀਰ, ਵੀਰਜ ਵਧਾਉਣ, ਪੇਟ ਦਰਦ, ਸੁੱਕੀ ਖੰਘ, ਦੰਦਾਂ ਦੇ ਦਰਦ, ਅੱਧੇ ਸਿਰ ਦੇ ਦਰਦ, ਮਲੇਰੀਆ, ਪੁਰਾਣੇ ਦਸਤ, ਦਿਲ, ਗੋਡਿਆਂ ਦੇ ਦਰਦ, ਬੁਖਾਰ, ਮੂੰਹ ਵਿੱਚ ਛਾਲੇ, ਸ਼ੂਗਰ ਦੇ ਰੋਗ, ਔਰਤਾਂ ਦੇ ਪੇਸ਼ਾਬ ਵਾਲੀ ਥਾਂ 'ਤੇ ਜਲਣ, ਖਾਰਸ ਅਤੇ ਗਠੀਆ ਆਦਿ ਰੋਗਾਂ ਵਿੱਚ ਕੀਤੀ ਜਾਵੇ ਤਾਂ ਬਹੁਤ ਵਧੀਆ ਨਤੀਜੇ ਸਾਹਮਣੇ ਆਉਂਦੇ ਹਨ।

ਪੇਟ ਦਰਦ ਵਿੱਚ ਹੋਵੇ ਤਾਂ ਲੂਣ ਨਾਲ ਪੱਕੇ ਹੋਏ ਅਮਰੂਦ ਖਾਓ ਬਹੁਤ ਜਲਦੀ ਪੇਟ ਦਰਦ ਤੋਂ ਰਾਹਤ ਮਿਲੇਗੀ। ਅਮਰੂਦ ਦੇ ਨਰਮ ਪੱਤਿਆਂ ਨੂੰ ਪੀਹ ਕੇ ਪਾਣੀ ਵਿੱਚ ਮਿਲਾ ਕੇ ਲੈਣ ਨਾਲ ਵੀ ਆਰਾਮ ਮਿਲਦਾ ਹੈ। ਅਮਰੂਦ ਦੇ ਪੱਤਿਆਂ ਨੂੰ ਚੰਗੀ ਤਰ੍ਹਾਂ ਪੀਸ ਕੇ ਕਾਲੇ ਲੂਣ ਨਾਲ ਚੱਟੋ ਪੇਟ ਦਰਦ ਠੀਕ ਹੋਵੇਗਾ। ਅਪਚ (ਖਾਣਾ ਠੀਕ ਤਰ੍ਹਾਂ ਹਜ਼ਮ ਨਾ ਹੁੰਦਾ ਹੋਵੇ), ਮੰਦ ਅਗਨੀ ਅਤੇ ਪੇਟ ਵਿੱਚ ਅਫਾਰਾ ਹੋਣ 'ਤੇ ਅਮਰੂਦ ਬਹੁਤ ਵਧੀਆ ਦਵਾਈ ਹੋ ਸਕਦਾ ਹੈ। ਇਨ੍ਹਾਂ ਰੋਗਾਂ ਵਾਲੇ ਵਿਅਕਤੀ ਨੂੰ ਖਾਣਾ ਖਾਣ ਤੋਂ ਬਾਅਦ ਅਮਰੂਦ ਜ਼ਰੂਰ ਖਾਣਾ ਚਾਹੀਦਾ ਹੈ। ਇਹ ਧਿਆਨ ਰੱਖੋ ਕਿ ਜਿਨ੍ਹਾਂ ਨੂੰ ਕਬਜ਼ ਨਾ ਹੋਵੇ ਉਹ ਅਮਰੂਦ ਖਾਣਾ ਖਾਣ ਤੋਂ ਪਹਿਲਾਂ ਖਾ ਲੈਣ।



ਤਾਕਤ ਅਤੇ ਵੀਰਜ ਵਧਾਉਣ ਲਈ ਇਸ ਦੀ ਵਰਤੋਂ ਕੀਤੀ ਜਾਵੇ ਤਾਂ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਰੀਰ ਰਿਸ਼ਟ-ਪੁਸ਼ਟ ਹੋ ਜਾਂਦਾ ਹੈ। ਚੰਗੀ ਤਰ੍ਹਾਂ ਪੱਕੇ ਹੋਏ ਅਮਰੂਦ ਨੂੰ ਦੁੱਧ ਵਿੱਚ ਮਿਲਾ ਕੇ ਲੈਣ ਨਾਲ ਵੀਰਜ ਅਤੇ ਤਾਕਤ ਵਿੱਚ ਵਾਧਾ ਹੁੰਦਾ ਹੈ। ਅਮਰੂਦ ਨਰਮ ਅਤੇ ਮਿੱਠੇ ਹੋਣੇ ਚਾਹੀਦੇ ਹਨ। ਸਵੇਰੇ ਖਾਲੀ ਪੇਟ ਲਗਾਤਾਰ ਅਮਰੂਦ ਖਾਣ ਵਾਲੇ ਵਿਅਕਤੀਆਂ ਨੂੰ ਬਵਾਸੀਰ ਤੋਂ ਛੁਟਕਾਰਾ ਮਿਲ ਜਾਵੇਗਾ। ਅਮਰੂਦ ਪੱਕੇ ਅਤੇ ਮਿੱਠੇ ਹੋਣੇ ਚਾਹੀਦੇ ਹਨ ਤਾਂ ਹੀ ਪੂਰਾ ਲਾਭ ਮਿਲੇਗਾ। ਗਰਮ ਰੇਤ ਵਿੱਚ ਅਮਰੂਦ ਭੁੰਨ ਕੇ ਖਾਣ ਨਾਲ ਸੁੱਕੀ ਖੰਘ, ਕਫ ਵਾਲੀ ਅਤੇ ਕਾਲੀ ਖੰਘ ਵਿੱਚ ਵੀ ਆਰਾਮ ਮਿਲਦਾ ਹੈ। ਦਿਨ ਵਿੱਚ ਤਿੰਨ ਵਾਰ ਭੁੰਨੇ ਹੋਏ ਅਮਰੂਦ ਦੀ ਵਰਤੋਂ ਨਾਲ ਕੁਝ ਹੀ ਦਿਨਾਂ ਵਿੱਚ ਖੰਘ ਦੂਰ ਹੋ ਜਾਵੇਗੀ। ਅਮਰੂਦ ਦੀਆਂ ਨਰਮ ਪੱਤੀਆਂ ਚੱਬਣ ਨਾਲ ਦੰਦਾਂ ਦੀ ਪੀੜ ਦੂਰ ਹੋ ਜਾਂਦੀ ਹੈ। ਅਮਰੂਦ ਦੇ ਪੱਤਿਆਂ ਨੂੰ ਪਾਣੀ 'ਚ ਚੰਗੀ ਤਰ੍ਹਾਂ ਉਬਾਲ ਲਵੋ, ਉਸ ਵਿੱਚ ਫਟਕੜੀ ਘੋਲ ਕੇ ਕੁਰਲੀ ਕਰੋ ਤੁਹਾਡੇ ਦੰਦਾਂ ਦੀ ਦਰਦ ਗਾਇਬ ਹੋ ਜਾਵੇਗੀ।

ਅੱਧੇ ਸਿਰ ਦੀ ਪੀੜ ਦੇ ਇਲਾਜ ਵਾਸਤੇ ਕੱਚੇ ਅਮਰੂਦ ਨੂੰ ਸਵੇਰੇ ਚੰਗੀ ਤਰ੍ਹਾਂ ਰਗੜ ਕੇ ਉਸ ਦਾ ਲੇਪ ਬਣਾ ਲਵੋ। ਉਸ ਲੇਪ ਨੂੰ ਮੱਥੇ 'ਤੇ ਲਗਾਓ।

ਰੁਕੇ ਹੋਏ ਜੁਕਾਮ ਵਾਸਤੇ ਅਮਰੂਦ ਦੇ ਬੀਜ ਕੱਢ ਕੇ ਖਾਓ। ਬਿਨਾਂ ਬੀਜਾਂ ਤੋਂ ਅਮਰੂਦ ਖਾਣ ਤੋਂ ਬਾਅਦ ਨੱਕ ਬੰਦ ਕਰਕੇ ਇੱਕ ਗਿਲਾਸ ਪਾਣੀ ਪੀ ਲਵੋ। ਦੋ-ਤਿੰਨ ਦਿਨ ਬਾਅਦ ਜੰਮਿਆ ਹੋਇਆ ਰੇਸ਼ਾ ਬਾਹਰ ਆਉਣਾ ਸ਼ੁਰੂ ਹੋ ਜਾਵੇ ਤਾਂ ਉਸ ਨੂੰ ਰੋਕਣ ਲਈ 50-100 ਗ੍ਰਾਮ ਗੁੜ ਖਾ ਲਵੋ। ਇਸ ਤਰ੍ਹਾਂ ਸਿਰਫ਼ ਤਿੰਨ ਦਿਨਾਂ ਵਿੱਚ ਹੀ ਲਗਾਤਾਰ ਅਮਰੂਦ ਖਾਂਦੇ ਰਹਿਣ ਨਾਲ ਪੁਰਾਣੀ ਸਰਦੀ ਅਤੇ ਜੁਕਾਮ ਦੂਰ ਹੋ ਜਾਵੇਗਾ। ਮਲੇਰੀਆ ਬੁਖਾਰ ਵਿੱਚ ਵੀ ਅਮਰੂਦ ਚਮਤਕਾਰੀ ਅਸਰ ਵਿਖਾਉਂਦਾ ਹੈ। ਅਮਰੂਦ ਤੇ ਸੇਬ ਦਾ ਰਸ ਬੁਖਾਰ ਦੂਰ ਕਰਦਾ ਹੈ। ਜੇਕਰ ਕਿਸੇ ਵਿਅਕਤੀ ਨੇ ਭੰਗ ਦਾ ਨਸ਼ਾ ਕਰ ਲਿਆ ਹੋਵੇ ਤਾਂ 2-4 ਅਮਰੂਦ ਖਾਣ ਨਾਲ ਜਾਂ ਅਮਰੂਦ ਦੇ ਪੱਤਿਆਂ ਦਾ 25 ਗ੍ਰਾਮ ਰਸ ਪੀਣ ਨਾਲ ਭੰਗ ਦਾ ਨਸਾ ਉੱਤਰ ਜਾਵੇਗਾ।

ਮਾਨਸਿਕ ਪ੍ਰੇਸ਼ਾਨੀ (ਪਾਗਲਪਨ) ਦੂਰ ਕਰਨ ਲਈ ਸਵੇਰੇ ਖਾਲੀ ਪੇਟ ਅਮਰੂਦ ਨੂੰ ਚੰਗੀ ਤਰ੍ਹਾਂ ਚਬਾ ਚਬਾ ਕੇ ਖਾਣ ਨਾਲ ਚਿੰਤਾ ਖ਼ਤਮ ਹੋ ਜਾਂਦੀ ਹੈ ਅਤੇ ਹੌਲੀ ਹੌਲੀ ਪਾਗਲਪਨ ਦੇ ਲੱਛਣ ਸਮਾਪਤ ਹੋ ਜਾਂਦੇ ਹਨ। ਪੇਟ ਵਿੱਚ ਗੜਬੜ ਹੋਣ 'ਤੇ ਅਮਰੂਦ ਦੀਆਂ ਕਰੂੰਬਲਾਂ ਪੀਸ ਕੇ ਮਰੀਜ਼ ਨੂੰ ਪਿਲਾਓ। ਠੰਢ ਦੂਰ ਕਰਨ ਲਈ ਅਮਰੂਦ ਦੇ ਬੀਜ ਕੱਢ ਕੇ ਉਨ੍ਹਾਂ ਨੂੰ ਪੀਸ ਲਵੋ ਅਤੇ ਲੱਡੂ ਬਣਾ ਕੇ ਗੁਲਾਬ ਜਲ ਵਿੱਚ ਖੰਡ ਮਿਲਾ ਕੇ ਪਿਆਓ।

ਅਮਰੂਦ ਦਾ ਮੁਰੱਬਾ ਖਾਣ ਨਾਲ ਕਬਜ਼ ਦੀ ਸ਼ਿਕਾਇਤ ਦੂਰ ਹੋ ਜਾਂਦੀ ਹੈ। ਅਮਰੂਦ ਖਾ ਕੇ ਉੱਪਰੋਂ ਗਰਮ ਦੁੱਧ ਪੀਣ ਨਾਲ ਵੀ ਕਬਜ਼ ਵਿੱਚ ਫ਼ਾਇਦਾ ਹੁੰਦਾ ਹੈ। ਅਮਰੂਦ ਦੀਆਂ ਕਰੂੰਬਲਾਂ ਦੇ 10 ਗਰਾਮ ਰਸ ਵਿੱਚ ਥੋੜ੍ਹਾ ਜਿਹਾ ਮਿੱਠਾ ਮਿਲਾ ਕੇ ਪੀਣ ਨਾਲ ਕੇਵਲ 7 ਦਿਨਾਂ ਵਿੱਚ ਹੀ ਪੁਰਾਣੀ ਤੋਂ ਪੁਰਾਣੀ ਕਬਜ਼ ਦੂਰ ਹੋ ਜਾਵੇਗੀ।

ਅਰਮੂਦ ਦੇ ਪੱਤਿਆਂ ਦੀ ਪੋਟਲੀ ਬਣਾ ਕੇ ਰਾਤ ਨੂੰ ਸੌਣ ਵੇਲੇ ਅੱਖਾਂ 'ਤੇ ਬੰਨ੍ਹਣ ਨਾਲ ਅੱਖਾਂ ਦਾ ਦਰਦ, ਅੱਖਾਂ ਦੀ ਲਾਲਗੀ ਅਤੇ ਸੋਜ ਆਦਿ ਦੂਰ ਹੋ ਜਾਣਗੇ।

ਮੋਬਾਈਲ: 99152-91533

# ਪੰਜਾਬ ਵਿੱਚੋਂ ਲੋਪ ਹੋ ਰਹੀਆਂ ਲੋਕ ਖੇਡਾਂ

ਦਰਬਾਰਾ ਸਿੰਘ ਢੀਂਡਸਾ



ਖੇਡਾਂ ਦਾ ਮਨੁੱਖੀ ਜੀਵਨ ਨਾਲ ਗਹਿਰਾ ਸਬੰਧ ਹੈ। ਹਰ ਵਰਗ ਅਤੇ ਉਮਰ ਦੇ ਲੋਕ ਖੇਡਾਂ ਵੱਲ ਰੁਚਿਤ ਹੁੰਦੇ ਹਨ। ਲੋਕ ਖੇਡਾਂ ਲੋਕ ਸਮੂਹ ਦੀ ਸਮੂਹਿਕ ਰਚਨਾ ਹੁੰਦੀਆਂ ਹਨ, ਜੋ ਸਹਿਜ ਰੂਪ ਵਿੱਚ ਬਣਦੀਆਂ ਅਤੇ ਵਿਗਸਦੀਆਂ ਰਹਿੰਦੀਆਂ ਹਨ। ਹਰ ਜਾਤੀ ਦੀਆਂ ਖੇਡਾਂ ਵਿੱਚ ਬਹੁਤਾ ਭਾਗ ਲੋਕ ਖੇਡਾਂ ਦਾ ਹੁੰਦਾ ਹੈ। ਜ਼ਿਆਦਾ ਖੇਡਾਂ ਵਿੱਚ ਸਰੀਰਕ ਹਰਕਤਾਂ, ਭੱਜ-ਦੌੜ, ਉਛਲ-ਕੁੱਦ ਤੇ ਸਮੇਂ ਮੁਤਾਬਕ ਦਾਅ-ਪੇਚ ਹੁੰਦੇ ਹਨ। ਇਨ੍ਹਾਂ ਖੇਡਾਂ ਦੇ ਖੇਡਣ ਲਈ ਕੋਈ ਸਮਾਂ ਜਾਂ ਸਥਾਨ ਨਿਯਤ ਨਹੀਂ ਹੁੰਦਾ। ਇਹ ਸਵੇਰੇ, ਦੁਪਹਿਰੇ, ਲੌਢੇ ਵੇਲੇ, ਤ੍ਰਿਕਾਲਾਂ ਸਮੇਂ ਤੇ ਚਾਨਣੀਆਂ ਰਾਤਾਂ ਵਿੱਚ ਜਦੋਂ ਵੀ ਮੁੰਡੇ-ਕੁੜੀਆਂ ਨੂੰ ਵਿਹਲ ਮਿਲ ਜਾਵੇ ਤੇ ਰਲ ਕੇ ਇਕੱਠੇ ਹੋ ਜਾਣ, ਉਦੋਂ ਸ਼ੁਰੂ ਹੋ ਜਾਂਦੀਆਂ ਹਨ। ਖੇਡਣ ਲਈ ਘਰ, ਚੁਰਸਤਾ, ਕੱਚਾ ਵਿਹੜਾ, ਖੁੱਲ੍ਹਾ ਮੈਦਾਨ ਜਾਂ ਸੱਥ ਆਦਿ ਸਭ ਥਾਵਾਂ ਫਿਰ ਖੇਡ ਮੈਦਾਨ ਬਣ ਜਾਂਦੀਆਂ ਹਨ। ਲੋਕ ਖੇਡਾਂ ਲਈ ਸਮਗਰੀ ਸੌਖੀ ਤਰ੍ਹਾਂ ਪ੍ਰਾਪਤ ਹੋ ਜਾਂਦੀ ਹੈ ਅਤੇ ਇਸ ਉੱਤੇ ਖ਼ਰਚਾ ਵੀ ਨਹੀਂ ਹੁੰਦਾ, ਜਿਵੇਂ: ਪੁਰਾਣੇ ਕੱਪੜਿਆਂ ਜਾਂ ਲੀਰਾਂ ਦੀ ਖਿੱਦੋ, ਇੱਟਾਂ ਦੇ ਰੋੜੇ, ਗੀਟੇ, ਗੀਟੀਆਂ, ਠੀਕਰਾਂ, ਕੌਡੀਆਂ, ਲੱਕੜੀ, ਕੋਲਾ, ਡੰਡਾ, ਗੁੱਲੀ, ਖੂੰਡੀਆਂ, ਰੱਸੀਆਂ, ਰੱਸੇ ਆਦਿ ਹੁੰਦੇ ਹਨ। ਲੋਕ ਖੇਡਾਂ ਵੀ ਕੁਝ ਤੈਅ ਕੀਤੇ ਨਿਯਮਾਂ ਅਨੁਸਾਰ ਹੀ ਖੇਡੀਆਂ ਜਾਂਦੀਆਂ ਹਨ, ਪਰ ਇਨ੍ਹਾਂ ਬਾਰੇ ਕਿਸੇ ਨੇ ਕੋਈ ਖ਼ਾਸ ਸਿਖਲਾਈ ਪ੍ਰਾਪਤ ਨਹੀਂ ਕੀਤੀ ਹੁੰਦੀ। ਇਹ ਖੇਡਾਂ ਕਿਵੇਂ ਖੇਡਣੀਆਂ ਹਨ, ਇਹ ਸਭ ਵਿਰਸੇ 'ਚੋਂ ਮਿਲਦਾ ਹੈ ਭਾਵ ਆਪਣੇ ਆਪ ਹੋਰਾਂ ਨੂੰ ਦੇਖ ਕੇ ਬੱਚੇ ਇਹ ਖੇਡਾਂ ਖੇਡਣੀਆਂ ਸਿੱਖ ਜਾਂਦੇ ਹਨ। ਨਿੱਕੇ ਬੱਚਿਆਂ ਦੀ ਆਕੜਾ-ਬਾਕੜਾ, ਲਾਟੂ, ਭੰਬੀਰੀਆਂ ਚਲਾਉਣਾ, ਗੁਲੇਲ ਨਾਲ ਨਿਸ਼ਾਨਾ ਬੰਨ੍ਹਣਾ, ਗੁੱਲੀ ਡੰਡਾ, ਪੈਰਾਂ ਨਾਲ ਮਿੱਟੀ ਦੀਆਂ ਘੋੜੀਆਂ ਬਣਾਉਣਾ ਆਦਿ ਹਰਮਨ ਪਿਆਰੀਆਂ ਲੋਕ ਖੇਡਾਂ ਹਨ। ਖੇਡ ਇੱਕ ਨਿਯਮ ਪੂਰਵਕ ਪ੍ਰਤੀਯੋਗਤਾ ਹੁੰਦੀ ਹੈ, ਜਿਸ ਵਿੱਚ ਇੱਕ ਤੋਂ ਵੱਧ ਵਿਅਕਤੀ ਭਾਗ ਲੈਂਦੇ ਹਨ। ਕੁਝ ਖੇਡਾਂ ਵਿੱਚ ਦੋ ਟੋਲੀਆਂ ਜਾਂ ਟੀਮਾਂ ਇੱਕ-ਦੂਜੇ ਦੇ ਮੁਕਾਬਲੇ ਵਿੱਚ ਖੇਡਦੀਆਂ ਹਨ ਅਤੇ ਕਈ ਖੇਡਾਂ ਵਿੱਚ ਇੱਕ ਖਿਡਾਰੀ ਸਮੁੱਚੀ ਟੋਲੀ ਨਾਲ ਖੇਡਦਾ ਹੈ, ਜਿਵੇਂ ਲੋਕ ਖੇਡਾਂ ਛੂਹਣ-ਛਪਾਈ ਅਤੇ ਲੁਕਣ-ਮਚਾਈ ਆਦਿ। ਪੰਜਾਬ ਦੀਆਂ ਕਈ ਲੋਕ ਖੇਡਾਂ ਪੱਛਮ ਦੀਆਂ ਪ੍ਰਚਲਤ ਖੇਡਾਂ ਦਾ ਰੂਪ ਹਨ, ਜਿਵੇਂ ਕ੍ਰਿਕਟ, ਟੇਬਲ ਟੈਨਿਸ, ਬੈਡਮਿੰਟਨ, ਬਾਸਕਟਬਾਲ, ਵਾਲੀਬਾਲ, ਫੁੱਟਬਾਲ ਆਦਿ ਖੇਡਾਂ ਦੀ ਸਥਾਪਨਾ ਭਾਰਤ ਦੀਆਂ ਪ੍ਰਸਿੱਧ ਖੇਡਾਂ ਦੇ ਰੂਪ ਵਿੱਚ ਹੋ ਚੁੱਕੀ ਹੈ। ਪੰਜਾਬ ਦੀ ਖੇਡ ਖਿੱਦੋ-ਖੂੰਡੀ ਦਾ ਵਿਕਸਤ ਰੂਪ ਹਾਕੀ ਬਣ ਜਾਣ 'ਤੇ ਹੁਣ ਇਹ ਸਾਰੇ ਸੰਸਾਰ ਵਿੱਚ ਖੇਡੀ ਜਾਂਦੀ ਹੈ। ਪੰਜਾਬ ਵਿੱਚ ਜ਼ਿਆਦਾ ਗੱਭਰੂਆਂ ਵਿੱਚ ਸਰੀਰਕ ਤਾਕਤ 'ਚ ਵਾਧਾ ਕਰਨ ਵਾਲੀਆਂ ਖੇਡਾਂ ਖੇਡਣ ਦੀ ਰੁਚੀ ਰਹੀ ਹੈ।



ਪੰਜਾਬ ਵਿੱਚ ਬੱਚਿਆਂ ਤੋਂ ਲੈ ਕੇ ਅੱਧਖੜ ਉਮਰ ਦੇ ਮਰਦਾਂ ਵੱਲੋਂ ਬੜੇ ਸ਼ੌਕ ਨਾਲ 'ਖਿੱਦੋ-ਖੂੰਡੀ', 'ਕੁਸ਼ਤੀ' ਅਤੇ 'ਕਬੱਡੀ' ਲੋਕ ਖੇਡਾਂ ਖੇਡੀਆਂ ਅਤੇ ਦੇਖੀਆਂ ਜਾਂਦੀਆਂ ਹਨ। ਕਈ ਖੇਡਾਂ ਵੱਡੀ ਉਮਰ ਦੇ ਮਰਦਾਂ ਵੱਲੋਂ ਖੇਡੀਆਂ ਜਾਂਦੀਆਂ ਹਨ, ਜਿਵੇਂ 'ਸ਼ਤਰੰਜ', 'ਚੌਪੜ', 'ਬਾਰਾਂ ਟਹਿਣੇ' ਅਤੇ 'ਖੱਡਾ' ਜੋ ਕਿਸੇ ਵੀ ਸਾਂਝੀ ਥਾਂ, ਸੱਥ ਜਾਂ ਕਿਸੇ ਛਾਂ ਵਾਲੇ ਰੁੱਖ ਹੇਠ ਖੇਡੀਆਂ ਜਾਂਦੀਆਂ ਹਨ। ਪੰਜਾਬੀ ਲੋਕ ਖੇਡਾਂ ਵਿੱਚ ਮਾਨਸਿਕ ਅਤੇ ਸਰੀਰਕ ਕਸਰਤ, ਦੋਵੇਂ ਸ਼ਾਮਲ ਹਨ। ਹਰ ਖੇਡ ਵਿੱਚ ਮਾਨਸਿਕ ਅਤੇ ਸਰੀਰਕ ਦੋਵੇਂ ਕਾਰਜ ਭਾਵ ਦਾਅ-ਪੇਚ ਅਤੇ ਸਰੀਰਕ ਸ਼ਕਤੀ ਸ਼ਾਮਲ ਹੁੰਦੇ ਹਨ। ਪੰਜਾਬ ਦੀਆਂ ਮੁੱਖ ਸਰੀਰਕ ਖੇਡਾਂ 'ਕਬੱਡੀ', 'ਕੁਸ਼ਤੀ', 'ਮੂੰਗਲੀਆਂ ਫੇਰਨੀਆਂ', 'ਬੋਰੀ ਜਾਂ ਮੁਗਦਰ ਚੁੱਕਣੇ ਤੇ 'ਛਾਲਾਂ ਮਾਰਨੀਆਂ' ਹਨ। ਕੁਸ਼ਤੀ ਹਰ ਮੇਲੇ ਦਾ ਲਾਜ਼ਮੀ ਅੰਗ ਹੁੰਦੀ ਹੈ। ਕੁਸ਼ਤੀ ਜਾਂ ਘੋਲ ਲਈ ਅਖਾੜੇ ਬੱਝਦੇ ਹਨ। ਪਿੰਡਾਂ ਵਿੱਚ ਛਿੰਝਾਂ ਤੇ ਕੁਸ਼ਤੀਆਂ ਦੇ ਅਖਾੜੇ ਲੱਗਦੇ ਹਨ। ਪਿੰਡਾਂ ਵਿੱਚ ਪਿੰਡ ਦੇ ਮੱਲ ਜਾਂ ਪਹਿਲਵਾਨ ਦੀ ਪਾਲਣਾ ਪਿੰਡ ਵੱਲੋਂ ਸਾਂਝੇ ਤੌਰ 'ਤੇ ਕਰਨ ਦੀ ਪਰੰਪਰਾ ਰਹੀ ਹੈ। 'ਰੱਸਾਕਸ਼ੀ' ਦੀ ਖੇਡ ਵੀ ਜ਼ੋਰ-ਅਜ਼ਮਾਈ ਦੀ ਖੇਡ ਹੈ, ਜੋ ਪਿੰਡਾਂ ਦੇ ਮੇਲਿਆਂ ਵਿੱਚ ਖੇਡਾਂ ਦਾ ਸ਼ਿੰਗਾਰ ਚੱਲੀ ਆਈ ਹੈ। ਪੰਜਾਬੀਆਂ ਦੀ ਹਰਮਨ ਪਿਆਰੀ ਖੇਡ 'ਕਬੱਡੀ' ਹੈ, ਜੋ ਹੁਣ ਹੋਰ ਮੁਲਕਾਂ ਵਿੱਚ ਵੀ ਹਰਮਨ ਪਿਆਰੀ ਹੁੰਦੀ ਜਾਂਦੀ ਹੈ। ਇਸ ਖੇਡ ਵਿੱਚ ਭੱਜ-ਦੌੜ, ਦਾਅ-ਪੇਚ, ਸਾਹ ਬਣਾਈ ਰੱਖਣ ਅਤੇ ਜ਼ੋਰ-ਅਜ਼ਮਾਈ ਜਿਹੇ ਸਾਰੇ ਲੱਛਣ ਮੌਜੂਦ ਹਨ।

ਪੰਜਾਬ ਦੀਆਂ ਲੋਕ ਖੇਡਾਂ, ਜਿਨ੍ਹਾਂ ਵਿੱਚ ਨਿਸ਼ਾਨੇ ਦਾ ਅਭਿਆਸ ਹੁੰਦਾ ਹੈ; 'ਗੁੱਲੀ ਡੰਡਾ', 'ਖਿੰਦੋ ਖੂੰਡੀ', 'ਲੂਣ ਤੇਲ ਲਲ੍ਹੇ' (ਖੁੱਤੀਆਂ), 'ਪਿੱਠੂ', 'ਗੋਲੀਆਂ ਜਾਂ ਬੰਟੇ', 'ਕੌਡੀਆਂ' ਹਨ। ਇਹ ਪੰਜਾਬੀਆਂ ਨੂੰ ਨਿਸ਼ਾਨਚੀ ਬਣਾਉਣ ਵਿੱਚ ਪੂਰੀ ਤਰ੍ਹਾਂ ਸਹਾਈ ਹੁੰਦੀਆਂ ਹਨ। 'ਬਾਂਦਰ ਕਿੱਲਾ' ਖੇਡਣ ਸਮੇਂ ਖਿਡਾਰੀ ਕਿੱਲੇ ਕੋਲ ਪਈਆਂ ਜੁੱਤੀਆਂ ਦੀ ਰਾਖੀ ਕਿੱਲੇ ਨਾਲ ਬੱਧੀ ਰੱਸੀ ਨੂੰ ਫੜ ਕੇ ਟੱਪਦਾ ਹੋਇਆ ਕਰਦਾ ਹੈ। ਦੂਜੇ ਖਿਡਾਰੀ ਜੁੱਤੀਆਂ ਚੁੱਕਣ ਲਈ ਝਕਾਨੀਆਂ ਦਿੰਦੇ ਹਨ। ਇਲਾਕਿਆਂ ਦੇ ਭੇਦ ਹੋਣ ਕਾਰਨ ਇਨ੍ਹਾਂ ਖੇਡਾਂ ਨੂੰ ਕੁਝ ਹਿੱਸਿਆਂ ਵਿੱਚ ਵੱਖਰੇ ਰੂਪ ਜਾਂ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਜਿਵੇਂ 'ਡੰਡਾ-ਡੁੱਕ', 'ਡੰਡ-ਪੜਾਂਗੜ', 'ਪੀਲ-ਪਲੀਂਘਣ' ਤੇ 'ਕੀੜ-ਕੜਾਗਾ' ਆਦਿ। 'ਡੰਡਾ-ਡੁੱਕ' ਖੇਡਣ ਸਮੇਂ ਖਿਡਾਰੀ ਬਹੁਤ ਫੁਰਤੀ ਤੇ ਚਲਾਕੀ ਨਾਲ ਦਰੱਖਤ ਤੋਂ ਹੇਠਾਂ ਟਾਹਣੀਆਂ ਨਾਲ ਲਮਕਦੇ ਹੋਏ ਛਾਲਾਂ ਮਾਰਦੇ ਹਨ ਤੇ ਦਰੱਖਤ ਤੋਂ ਹੇਠਲੇ ਖਿਡਾਰੀ ਭਾਵ ਦਾਹੀ ਵਾਲੇ ਖਿਡਾਰੀ ਕੋਲ ਪਏ ਡੰਡੇ ਨੂੰ ਡੁੱਕਦੇ ਹਨ। ਦਾਹੀ ਵਾਲਾ ਖਿਡਾਰੀ ਬੜੀ ਹੁਸ਼ਿਆਰੀ ਅਤੇ ਦਾਅ ਨਾਲ ਉਨ੍ਹਾਂ ਨੂੰ ਛੂਹਣ ਦਾ ਯਤਨ ਕਰਦਾ ਹੈ। ਪੰਜਾਬੀ ਗੱਭਰੂਆਂ ਦੀ ਖੇਡ 'ਕਾਨਾ ਘੋੜੀ' ਜਾਂ 'ਕਾਵਾਂ ਘੋੜੀ' ਨੂੰ ਕੁਝ ਇਲਾਕਿਆਂ ਵਿੱਚ 'ਘੜਮੱਸ ਘੋੜੀ' ਜਾਂ 'ਸ਼ਕਰ ਭਿੱਜੀ' ਵੀ ਕਿਹਾ ਜਾਂਦਾ ਹੈ। ਇਸ ਖੇਡ ਵਿੱਚ ਘੋੜੀਆਂ ਬਣੇ ਖਿਡਾਰੀਆਂ ਉੱਤੇ ਦੂਜੇ ਖਿਡਾਰੀਆਂ ਨੇ ਦੂਰੋਂ ਦੌੜ ਕੇ ਛੜੱਪਾ ਮਾਰ ਕੇ ਸਵਾਰ ਹੋਣਾ ਹੁੰਦਾ ਹੈ। ਇਸ ਖੇਡ ਵਿੱਚ ਸਰੀਰਕ ਖੇਡ ਦੇ ਨਾਲ ਸਵਾਰਾਂ ਨੂੰ ਡੇਗਣ ਅਤੇ ਜ਼ਮੀਨ ਉੱਤੇ ਲਾਉਣ ਵਿੱਚ ਸਫ਼ਲਤਾ ਪ੍ਰਾਪਤ ਨਾ ਕਰਨ ਦੇਣ ਲਈ ਮਾਨਸਿਕ ਚੇਤੰਨਤਾ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਪੋਠੋਹਾਰ ਵਿੱਚ ਪ੍ਰਚਲਤ ਖੇਡ 'ਆਂਟੜੇ ਮਨ ਮਾਂਟੜੇ' ਦਾ 'ਈਚਣਾ ਪਰ ਮੀਚਣਾ' ਖੇਤਰੀ ਰੂਪ ਹੀ ਹੈ।

## ਕੁਸ਼ਤੀ ਲੀਗ : ਮੁੰਬਈ ਦੇ ਪਹਿਲਵਾਨਾਂ ਨੇ ਮਾਰੀਆਂ ਮੱਲਾਂ




ਲੁਧਿਆਣਾ, (ਨਦਬ) : ਪ੍ਰੋ ਕੁਸ਼ਤੀ ਮੁਕਾਬਲਿਆਂ ਦੌਰਾਨ ਲੁਧਿਆਣਾ ਵਿੱਚ ਰੇਵਾਂਤਾ ਮੁੰਬਈ ਗਰੂਦਾ ਅਤੇ ਬੰਗਲੌਰ ਯੋਧਾ ਦੇ ਪਹਿਲਵਾਨਾਂ ਵਿਚਕਾਰ ਪੰਜਵਾਂ ਕੁਸ਼ਤੀ ਮੁਕਾਬਲਾ ਹੋਇਆ। ਇਸ ਮੈਚ ਵਿੱਚ ਮੁੰਬਈ ਦੀ ਟੀਮ ਨੇ ਆਪਣੀ ਵਿਰੋਧੀ ਟੀਮ ਬੰਗਲੌਰ ਨੂੰ 5-2 ਅੰਕਾਂ ਦੇ ਫਰਕ ਨਾਲ ਮਾਤ ਦਿੱਤੀ। ਇਸ ਮੌਕੇ ਵਿਸ਼ਵ ਪ੍ਰਸਿੱਧ ਭਲਵਾਨ ਦਲੀਪ ਸਿੰਘ ਰਾਣਾ ਉਰਫ ਖਲੀ ਅਤੇ ਨਵਜੋਤ ਸਿੱਧੂ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਰਹੇ।

ਆਪਣੇ ਪਹਿਲੇ ਮੈਚਾਂ ਵਿੱਚ ਪੰਜਾਬ ਰਾਇਲ ਨੂੰ 43-24 ਨਾਲ ਹਰਾਉਣ ਵਾਲੀ ਮੁੰਬਈ ਅਤੇ ਯੂਪੀ ਵਾਰੀਅਰਜ਼ ਨੂੰ 36-19 ਅੰਕਾਂ ਨਾਲ ਹਰਾਉਣ ਵਾਲੀ ਬੰਗਲੌਰ ਦੀ ਟੀਮ ਵਿਚਾਲੇ ਇੱਥੇ ਹੋਏ ਮੁਕਾਬਲੇ ਪ੍ਰਤੀ ਦਰਸ਼ਕਾਂ ਵਿੱਚ ਕਾਫੀ ਉਤਸ਼ਾਹ ਸੀ। ਮੁੰਬਈ ਦੀ ਟੀਮ ਵੱਲੋਂ ਖੇਡੇ ਤਿੰਨ ਵਾਰ ਦੇ ਵਿਸ਼ਵ ਚੈਂਪੀਅਨ ਐਡੀਲਾਈਨ ਗਰੇ ਨੇ ਵੀ ਆਪਣੀ ਚੰਗੀ ਛਾਪ ਛੱਡੀ। 125 ਕਿਲੋ ਭਾਰ ਵਰਗ 'ਚ ਹੋਏ ਪਹਿਲੇ ਮੈਚ ਵਿੱਚ ਮੁੰਬਈ ਦੇ ਲੇਵਨ ਬੇਰੀਆਂਡਜੇ ਨੇ ਬੰਗਲੌਰ ਦੇ ਮੋਡਮਿਨਾਸ਼ਿਵਿਲੀ ਡਾਵਿਟ ਨੂੰ 4-1 ਨਾਲ, 57 ਕਿਲੋ 'ਚ ਮੁੰਬਈ ਦੇ ਰਾਹੁਲ ਅਵਾਰੇ ਨੇ ਸੰਦੀਪ ਤੋਮਰ ਨੂੰ 5-0 ਨਾਲ, 53 ਕਿਲੋ ਭਾਰ ਮੁੰਬਈ ਦੀ ਓਡੂਨਾਇਓ ਅਡਾਕੇਯੂਓਰਵੋ ਨੇ ਲਲਿਤਾ ਸ਼ੇਰਾਵਤ ਨੂੰ ਪਹਿਲੇ ਰਾਊਂਡ ਵਿੱਚ 10-0 ਨਾਲ, 48 ਕਿਲੋ ਭਾਰ 'ਚ ਮੁੰਬਈ ਦੀ ਗੀਤੂ ਫੋਗਟ ਨੇ ਬੰਗਲੌਰ ਦੀ ਅਲਾਯਸਾ ਲਾਂਪੇ ਨੂੰ 6-9 ਨਾਲ, 69 ਕਿਲੋ ਭਾਰ 'ਚ ਮੁੰਬਈ ਦੀ ਆਡੀਲਾਈਨ ਗਰੇ ਨੇ ਬੰਗਲੌਰ ਦੀ ਨਵਜੋਤ ਕੌਰ ਨੂੰ ਪਹਿਲੇ ਹੀ ਰਾਊਂਡ ਵਿੱਚ 10-0 ਨਾਲ ਚਿੱਤ ਕੀਤਾ। ਇਸੇ ਤਰ੍ਹਾਂ 74 ਕਿਲੋ ਭਾਰ ਵਿੱਚ ਬੰਗਲੌਰ ਦੇ ਨਰਸਿੰਘ ਯਾਦਵ ਨੇ ਪ੍ਰਦੀਪ ਨੂੰ 6-0 ਨਾਲ ਜਦਕਿ 65 ਕਿਲੋ ਭਾਰ 'ਚ ਬੰਗਲੌਰ ਦੇ ਬਜਰੰਗ ਪੂਨੀਆ ਨੇ ਮੁੰਬਈ ਦੇ ਅਮਿਤ ਧਨਕਾਰ ਨੂੰ 6-3 ਨਾਲ ਹਾਰ ਦਿੱਤੀ। ਮੁੰਬਈ ਦੀ ਟੀਮ 5 ਦੇ ਮੁਕਾਬਲੇ 2 ਅੰਕਾਂ ਨਾਲ ਆਪਣੀ ਝੋਲੀ ਪਾਇਆ।

ਦੱਸਣਯੋਗ ਹੈ ਕਿ ਅੱਜ ਦੇ ਮੈਚ ਤੋਂ ਪਹਿਲਾਂ ਪੰਜਾਬ ਰਾਇਲ ਦੀ ਟੀਮ 60 ਅੰਕਾਂ ਨਾਲ ਸੂਚੀ ਵਿੱਚ ਸਭ ਤੋਂ ਉਪਰ ਸੀ। ਮੁੰਬਈ ਦੀ ਟੀਮ 43 ਅੰਕਾਂ ਨਾਲ ਸੂਚੀ ਵਿੱਚ ਦੂਜੇ, ਯੂਪੀ ਵਾਰੀਅਰ 39 ਅੰਕਾਂ ਨਾਲ ਤੀਜੇ, ਬੰਗਲੌਰ ਦੀ ਟੀਮ 36 ਅੰਕਾਂ ਨਾਲ ਚੌਥੇ, ਦਿਲੀ ਵੀਰ 30 ਅੰਕਾਂ ਨਾਲ ਪੰਜਵੇਂ ਅਤੇ ਹਰਿਆਣਾ ਹੈਮਰ 25 ਅੰਕਾਂ ਨਾਲ ਸੂਚੀ ਵਿਚੋਂ ਸਭ ਤੋਂ ਹੇਠਾਂ 6ਵੇਂ ਸਥਾਨ 'ਤੇ ਸੀ।

## ਨਿਊਜ਼ੀਲੈਂਡ ਨੇ ਸ੍ਰੀਲੰਕਾ ਨੂੰ ਹਰਾਇਆ

ਡੁਨੇਡਿਨ, (ਨਦਬ) : ਨਿਊਜ਼ੀਲੈਂਡ ਨੇ ਪਹਿਲੇ ਟੈਸਟ ਦੇ ਆਖਰੀ ਦਿਨ ਸ੍ਰੀਲੰਕਾ ਦੀਆਂ ਬਚਦੀਆਂ ਸੱਤ ਵਿਕਟਾਂ ਕੱਢ ਕੇ 122 ਦੌੜਾਂ ਨਾਲ ਜਿੱਤ ਹਾਸਲ ਕਰ ਲਈ। ਨਿਊਜ਼ੀਲੈਂਡ ਨੇ ਸ੍ਰੀਲੰਕਾ ਸਾਹਮਣੇ 405 ਦੌੜਾਂ ਦਾ ਮੁਸ਼ਕਲ ਟੀਚਾ ਰੱਖਿਆ ਸੀ। ਸ੍ਰੀਲੰਕਾ ਦੇ ਕੋਲ ਢੁਕਵਾਂ ਸਮਾਂ ਤਾਂ ਸੀ ਪਰ ਉਸ ਦੇ ਬੱਲੇਬਾਜ਼ ਧੀਰਜ ਖੋ ਬੈਠੇ ਅਤੇ ਆਖ਼ਰੀ ਦਿਨ ਲੰਚ ਤੋਂ ਬਾਅਦ ਉਸ ਦੀ ਪੂਰੀ ਟੀਮ 282 ਦੌੜਾਂ ਉੱਤੇ ਸਿਮਟ ਗਈ। ਸ੍ਰੀਲੰਕਾ ਦੇ ਚੋਟੀ ਦੇ ਦੋ ਬੱਲੇਬਾਜ਼ ਦਿਨੇਸ਼ ਚਾਂਦੀਮਲ ਅਤੇ ਕਪਤਾਨ ਐਂਜਲੋ ਮੈਥਿਊਜ਼ ਨੇ ਦਿਨ ਦੀ ਖੇਡ ਸ਼ੁਰੂ ਹੋਣ ਤੋਂ ਕੁੱਝ ਸਮਾਂ ਤਾਂ ਸੰਘਰਸ਼ ਕੀਤਾ ਅਤੇ ਚੌਥੇ ਵਿਕਟ ਦੇ ਲਈ 56 ਦੌੜਾਂ ਜੋੜੀਆਂ ਪਰ ਤਿੰਨ ਓਵਰਾਂ ਦੇ ਅੰਦਰ ਇੱਕ ਹੀ ਸਕੋਰ ਉੱਤੇ ਇਨ੍ਹਾਂ ਦੇ ਆਊਟ ਹੋਣ ਨਾਲ ਨਿਊਜ਼ੀਲੈਂਡ ਦੀ ਜਿੱਤ ਦਾ ਰਾਸਤਾ ਸਾਫ਼ ਹੋ ਗਿਆ। ਨਿਊਜ਼ੀਲੈਂਡ ਦੀ ਇਹ ਸ੍ਰੀਲੰਕਾ ਉੱਤੇ ਪਿਛਲੇ ਤਿੰਨ ਸਾਲਾਂ ਵਿੱਚ ਤੀਜੀ ਜਿੱਤ ਹੈ। ਬਰੈਡਨ ਮੈਕੱਲਮ ਨੇ ਆਪਣੀ ਦੂਜੀ ਪਾਰੀ ਤਿੰਨ ਵਿਕਟਾਂ 'ਤੇ 267 ਦੌੜਾਂ ਉੱਤੇ ਐਲਾਨਣ ਦੇ ਦਲੇਰਾਨਾਂ ਫੈਸਲੇ ਤੋਂ ਬਾਅਦ ਸ੍ਰੀਲੰਕਾ ਦੇ ਕੋਲ 405 ਦੌੜਾਂ ਦੇ ਟੀਚੇ ਤਕ ਪੁੱਜਣ ਲਈ ਪੰਜ ਸੈਸ਼ਨਾਂ ਤੋਂ ਵੀ ਵੱਧ ਦਾ ਸਮਾਂ ਸੀ।




UFCW local401
A VOICE FOR WORKING ALBERTA

gounion.ca /ufcw401 /ufcw401 joinus@ufcw401.ab.ca
1.877.gounion

# A.K. Auto Detailing & Carpet Cleaning

*Commercial & Residential*



**Gurpreet Nijjar**
**780-236-0436**
aknijjartrucking@gmail.com


DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales vehicle inspection by certified machines
ਲੌਂਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਵਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.


Maharaja
Banquet Facility
Banques Facility From 100 to 1200 People
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।
Big Dance Floor
Full Bar
Excellent Bridal Chair
Great Music System
Beauty Service Elegance
9257-34A Ave. Edmonton, AB.
Call : Tariq Chaudhry 780-695-7200


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS MULTIPLE LISTING SERVICE
R REALTOR
50 SunnyVale Gate, Unit # 7,
Brampton, ON L6S 0C4


ਮੁਲਾਕਾਤ
Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
6:00 pm to 6:30pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
Residential
Commercial
Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ


WILDROSE MASONARY & STONE WORKS
Commercial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca
1404-69th St. SW Edmonton, AB T6L 1L4


HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।


A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# ਵਿਰਾਸਤ-ਏ-ਸਮੁੰਦਾ

ਬਲਵਿੰਦਰ ਸੰਧੂ
+91-98155-14053



ਮੈਂ ਗਾਹੇ ਬਗਾਹੇ ਜਦ ਕਦੇ ਪਿੰਡ ਫੇਰਾ ਪਾਉਂਦਾ ਹਾਂ ਤਾਂ ਅਕਸਰ ਪਿੰਡ ਦੇ ਲਹਿੰਦੇ ਵਾਲੇ ਪਾਸੇ ਪੈਂਦੀਆਂ ਕਬਰਾਂ ਦੇ ਨਾਲ ਲੱਗਦੇ ਕੁਝ ਥੁੜੇ-ਟੁੱਟੇ ਘਰਾਂ ਵਿਚਾਲੇ ਖੜ੍ਹੇ ਇਕ ਝਿੱਕੇ ਜਿਹੇ ਕੋਠੇ ਨੂੰ ਦੇਖ ਕੇ ਮੈਨੂੰ ਬੀਤ ਚੁੱਕਿਆ ਇਕ ਸ਼ਖਸ 'ਸਮੁੰਦਾ' ਬਹੁਤ ਯਾਦ ਆਉਂਦਾ ਹੈ। ਸਮੁੰਦਾ ਜੋ ਪਿੰਡਾਂ ਚ ਵੱਸਦੀ ਇਕ ਖਾਸ ਜਮਾਤ ਦਾ ਪ੍ਰਤੀਨਿਧ ਪਾਤਰ ਸੀ। ਜਿਸਨੂੰ ਸਮੇਂ ਦੇ ਸਮਾਜ ਨੇ ਪਹਿਲਾਂ ਚੂੜ੍ਹਾ ਗਰਦਾਨ ਕੇ ਭੁੰਝੇ ਬਿਠਾਈ ਰੱਖਿਆ ਤੇ ਫਿਰ ਉਸੇ ਸਮਾਜ ਨੇ ਅਪਣੀ ਕੁਟਲ ਆਦਰਸ਼ਕ ਪਹੁੰਚ ਸਦਕੇ ਉਸ ਨੂੰ 'ਹਰੀਜਨ' ਵਡਿਆ ਕੇ ਆਪਣੇ ਕੰਮਾਂ-ਧੰਦਿਆਂ 'ਤੇ ਲਾਈ ਰੱਖਿਆ ਤੇ ਸਮੁੰਦਾ ਉਮਰ ਭਰ ਇਨ੍ਹਾਂ ਦੋ ਪਰਸਪਰ ਵਿਰੋਧੀ ਸ਼ਬਦਾਂ ਵਿਚਾਲੇ ਲਟਕਦਾ ਰਿਹਾ।

ਮੇਰੇ ਇਸ ਛੋਟੇ ਜਿਹੇ ਪਿੰਡ 'ਚ ਸਾਰੇ ਘਰ ਪਾਕਿਸਤਾਨ ਤੋਂ ਉੱਜੜ ਕੇ ਆਏ ਸਨ। ਪਰ ਸਮੁੰਦੇ ਬਾਰੇ ਮੇਰੀ ਉਮਰ ਦੇ ਲੋਕ ਨਹੀਂ ਸੀ ਜਾਣਦੇ ਕਿ ਉਹ ਇਸ ਪਿੰਡ ਨੂੰ ਰਹਿਣ ਬਸੇਰਾ ਬਣਾਉਣ ਤੇ ਇੱਥੇ ਰੋਟੀ ਰੋਜ਼ੀ ਕਮਾਉਣ ਤੋਂ ਪਹਿਲਾਂ ਕਿੱਥੇ ਵੱਸਦਾ ਸੀ। ਅਸਲ 'ਚ ਸਮੁੰਦਾ ਮੇਰੇ ਸੁਰਤ ਪਹਿਰੇ ਆਉਣ ਤੋਂ ਪਹਿਲਾਂ ਹੀ ਇਸ ਪਿੰਡ ਦਾ ਪੱਕਾ ਬਾਸ਼ਿੰਦਾ ਹੋ ਚੁੱਕਿਆ ਸੀ।

ਜਦੋਂ ਮੈਂ ਆਪਣੀ ਦਾਦੀ ਦੀ ਉਂਗਲ ਫੜ ਪਿੰਡ ਦੀਆਂ ਗਲੀਆਂ 'ਚ ਤੁਰਨ ਲੱਗਾ ਉਦੋਂ ਸਮੁੰਦਾ ਪਿੰਡ ਦੇ ਉੱਤਰ ਵਾਲੇ ਪਾਸੇ ਬਾਪੂ ਵਿਰਸਾ ਸਿੰਘ, ਸਰਪੰਚ ਬਾਜ ਸਿੰਘ ਤੇ ਅਮਰੀਕੇ ਬੰਬ ਦਿਆਂ ਘਰਾਂ ਵਿਚਾਲੇ ਖੁੱਲ੍ਹੇ ਪਏ ਦਲਾਨ ਵਿਚਕਾਰ ਆਪੂੰ ਛੱਤੇ ਖਜੂਰ ਦੇ ਛਤੀਰ ਵਾਲੇ ਕੱਚੇ ਕੋਠੇ ਵਿਚ ਰਹਿੰਦਾ ਸੀ। ਪਿੰਡ ਦੀ ਇਹ ਵਿਹਲੀ ਥਾਂ ਖੁਦ-ਬ ਖੁਦ ਮਾਲਕ ਬਣੇ ਇਨ੍ਹਾਂ ਤਿੰਨਾਂ ਘਰਾਂ ਦੀ ਸਾਂਝੀ ਮਲਕੀਅਤ ਸੀ, ਜਿਥੇ ਉਨ੍ਹਾਂ ਨੇ ਥਾਪੀਆਂ ਵਾਲੇ ਗੀਰੇ ਤੇ ਤੂੜੀ ਵਾਲੇ ਕੁੱਪ ਸਜਾ ਰੱਖੇ ਸਨ। ਇਨ੍ਹਾਂ ਕੁੱਪਾਂ-ਘੀਰਿਆਂ ਦੇ ਸਮੁੰਦਰ ਵਿਚਾਲੇ ਸਮੁੰਦੇ ਦਾ ਜਹਾਨ-ਜਜ਼ੀਰਾ ਵੱਸਦਾ ਸੀ। ਉਸ ਦੀ ਤ੍ਰੀਮਤ 'ਤਾਜਾਂ' ਬਾਰਾਂ ਮਹੀਨੇ ਤੀਹ ਦਿਨ ਭਾਰੇ ਪੈਰੀਂ ਹੀ ਰਹਿੰਦੀ ਤੇ ਜ਼ਿਮੀਦਾਰ ਘਰਾਂ ਦਾ ਗੋਹਾ-ਕੂੜਾ ਕਰਦੀ, ਘਰਾਂ ਤੋਂ ਰੂੜੀਆਂ ਤੇ ਰੂੜੀਆਂ ਤੋਂ ਘਰਾਂ ਵਿਚਾਲੇ ਕਿਸੇ ਸ਼ਟਲ ਵਾਂਗ ਨਜ਼ਰ ਆਉਂਦੀ। ਹਰ ਸਾਲ ਸਵਾ ਸਾਲ ਬਾਅਦ ਲਾਗਲੇ ਪਿੰਡੋਂ 'ਸੱਦੋ' ਦਾਈ ਤਾਜਾਂ ਦਾ ਜਣੇਪਾ ਸੰਵਾਰਨ ਆਉਂਦੀ। ਸੱਦੋ ਆਪਣਾ ਕੰਮ ਕਾਰ ਜਿਹਾ ਨਿਪਟਾ ਕੇ ਸਾਡੇ ਘਰਾਂ ਵੱਲ ਆ ਜਾਂਦੀ; ਜਿਥੇ ਉਹ ਰੋਟੀ ਖਾਂਦੀ, ਲੱਸੀ ਪੀਂਦੀ ਤੇ ਨਾਲ ਦੀ ਨਾਲ ਇਹ ਖ਼ਬਰ ਵੀ ਨਸ਼ਰ ਕਰ ਜਾਂਦੀ ਕਿ ਤਾਜਾਂ ਨੇ ਇਸ ਵਾਰ ਕੀ ਜੰਮਿਆਂ ਏ...ਨਿਆਣਾ ਜਿਉਂਦਾ ਏ ਜਾਂ ਮੋਇਆ। ਤਾਜਾਂ ਦੀ ਕੁੱਖੋਂ ਜੰਮੇ ਕਿੰਨੇ ਨਿਆਣੇ ਜੰਮੇ ਤੇ ਕਿੰਨੇ ਜੰਮਦਿਆਂ ਸਾਰ ਹੀ ਅੱਲ੍ਹਾ ਨੂੰ ਪਿਆਰੇ ਹੋ ਗਏ; ਇਸ ਦਾ ਲੇਖਾ-ਜੋਖਾ ਨਾ ਪਿੰਡ ਵਾਲਿਆਂ ਕੋਲ ਸੀ ਤੇ ਸ਼ਾਇਦ ਨਾ ਸਮੁੰਦੇ ਨੂੰ ਇਹਦਾ ਕੋਈ ਇਲਮ ਸੀ। ਪਰ ਉਸ ਦੇ ਬਚ ਗਏ ਨਿਆਣਿਆਂ ਵਿਚੋਂ ਸਭ ਤੋਂ ਵੱਡਾ ਵੀਰੂ, ਜਿਸ ਨੂੰ ਸਮੁੰਦਾ ਲਾਡ ਨਾਲ ਵੀਰ ਭਾਨ ਆਖ ਕੇ ਬਲਾਉਂਦਾ, ਉਸ ਤੋਂ ਛੋਟਾ ਘੋਨੀ, ਫਿਰ ਜੱਗਾ, ਤਦ ਛਿੰਦੀ ਤੇ ਮਾਅਣੀ ਦੋ ਕੁੜੀਆਂ ਤੇ ਸਭ ਤੋਂ ਛੇਕੜਲਾ ਤੇ ਸਤਵਾਂ ਜਿਉਂਦਾ ਨਿਆਣਾ ਸੱਤਾ ਸੀ। ਸੱਤੇ ਦੇ ਜਨਮ ਤੋਂ ਡੇਢ ਕੁ ਵਰ੍ਹੇ ਬਾਅਦ ਸਿਆਲ ਰੁੱਤੇ ਇਕ ਦਿਨ ਪਿੰਡ ਦੇ ਵੱਡੇ ਛੋਟੇ ਜੀਅ ਜਦ ਧੂੰਆਂ ਸੇਕਦੇ ਪਏ ਸਨ ਤਾਂ ਅਚਾਨਕ ਸਮੁੰਦੇ ਦੀ ਤ੍ਰੀਮਤ ਤਾਜਾਂ ਧੂੰਏਂ ਦੇ ਕੋਲੋਂ ਦੀ ਸਿਰ 'ਤੇ ਗੋਹੇ ਕੂੜੇ ਵਾਲਾ ਟੋਕਰਾ ਲੈ ਕੇ ਲੰਘੀ। ਉਹਦੇ ਵੱਲ ਟੇਡਾ ਜਿਹਾ ਝਾਕਦਿਆਂ ਚਾਚੇ ਬੰਤਾ ਸਿੰਘ ਨੇ ਕੋਲ ਬੈਠੇ ਸਮੁੰਦੇ ਨੂੰ ਹੂਰਾ ਮਾਰਦਿਆਂ ਆਖਿਆ, "ਓਹ..ਸਮੁੰਦਿਆ, ਹੁਣ ਤਾਂ ਚੱਜ ਕਰ ਲੈ, ਕਿਵੇਂ ਪਾਲੇਂ ਗਾ ਏਡੇ ਵੱਡੇ ਕੁਟੰਬ ਨੂੰ। ਤੇ ਕੋਲੋਂ ਸਮੁੰਦਾ ਬੋਲਿਆ, ਓ..ਭਾਊ, ਮੈਂ ਕਿਹੜਾ ਇਨ੍ਹਾਂ ਨੂੰ ਕਿੱਲੇ ਕੱਢ ਕੇ ਦੇਣੇ ਨੇ। ਆਪੇ ਕਰਨ ਗੇ, ਆਪੇ ਖਾਣ ਗੇ। ਜਿੰਨੇ ਵੱਧ ਹੱਥ ਹੋਣ ਗੇ, ਓਨੇ ਵੱਧ ਦਾਣੇ ਆਉਣ ਗੇ। ਸਮੁੰਦਾ ਆਪਣੀ ਥਾਵੇਂ ਠੀਕ ਸੀ। ਉਨ੍ਹਾਂ ਸਮਿਆਂ 'ਚ ਪਿੰਡਾਂ ਵਿਚ ਵੱਸਦੇ ਜੱਟਾਂ-ਜ਼ਿੰਮੀਂਦਾਰਾਂ, ਤਰਖਾਣਾਂ-ਲੁਹਾਰਾਂ ਜਾਂ ਇਨ੍ਹਾਂ ਦੇ ਬਰਾਬਰ ਦੀਆਂ ਜ਼ਾਤਾਂ ਗੋਤਾਂ ਵਾਲਿਆਂ ਦੇ ਨਿਆਣੇ ਤਾਂ ਪਿੰਡਾਂ ਦੇ ਸਕੂਲਾਂ ਵਿਚ ਪੜ੍ਹਨ ਪੈਂਦੇ ਸਨ ਪਰ ਇਸ ਤੋਂ ਥੱਲੇ ਵਾਲਿਆਂ ਨੂੰ ਪੜ੍ਹਨ-ਪੜ੍ਹਾਉਣ ਦਾ ਕਦੇ ਖ਼ਿਆਲ ਹੀ ਨਹੀਂ ਸੀ ਆਇਆ। ਬਹੁਤਾ ਕਰਕੇ ਇਨ੍ਹਾਂ ਦੇ ਨਿਆਣੇ ਡੰਗਰਾਂ ਦੇ ਵਾਗੀ ਹੀ ਹੁੰਦੇ। ਏਸ ਤਰਜ਼ੇ ਸਮੁੰਦੇ ਦੇ ਸਾਰੇ ਨਿਆਣਿਆਂ ਲਈ ਓ..ਅ..ਮੁਹਾਰਨੀ ਤੇ ਦੂਣੀ ਦਾ ਪਹਾੜਾ ਗਾਉਣਾ ਵਰਜਿਤ ਹੀ ਰਹਿ ਗਿਆ।

ਸਮੁੰਦੇ ਨੇ ਪਹਿਲ-ਪਲੇਠਾ ਸੀਰ ਚਾਚੇ ਸੂਬਾ ਸਿੰਘ ਨਾਲ ਲਿਆ। ਉਦੋਂ ਓਹਦੇ ਹੱਡ ਨਰੋਏ ਤੇ ਦੇਹੀ 'ਚ ਜਾਨ ਸੀ। ਵਾਹੀ ਜੋਤੀ ਦਾ ਸਾਰਾ ਕੰਮ ਬੰਦਿਆਂ-ਬਲਦਾਂ ਦੇ ਮੋਢਿਆਂ 'ਤੇ ਹੀ ਹੁੰਦਾ ਸੀ। ਪਾਕਿਸਤਾਨੋਂ ਖੁੱਲ੍ਹੀਆਂ ਜ਼ਮੀਨਾਂ ਛੱਡ ਕੇ ਆਏ ਜ਼ਿਮੀਦਾਰਾਂ ਤੇ ਉਨ੍ਹਾਂ ਦੇ ਟੱਬਰਾਂ ਨੂੰ ਮਿਹਨਤ ਮੁਸ਼ੱਕਤ ਤਾਂ ਕਰਨੀ ਪੈਂਦੀ ਸੀ ਪਰ ਉਹ ਲੀੜੇ ਟੁੱਕਰ ਤੋਂ ਆਰੀ ਨਹੀਂ ਸਨ। ਪਰ ਉਨ੍ਹਾਂ ਨਾਲ ਸੀਰਪੁਣਾ ਕਰਦੇ ਸਮੁੰਦੇ ਵਰਗਿਆਂ ਦੀ ਹੋਣੀ ਡਾਹਢੀ ਬਦਤਰ ਸੀ। ਕੰਮ ਕਾਰ ਦੁਗਣਾ ਕਰਨਾ ਪੈਂਦਾ ਤੇ ਰੋਟੀ ਚਾਹ ਵੇਲੇ ਉਨ੍ਹਾਂ ਨੂੰ ਵਿੱਥ 'ਤੇ ਬਿਠਾ ਕੇ ਮਿੱਠੇ-ਥਿੰਦੇ ਤੋਂ ਵਿਰਵੇ ਹੀ ਰੱਖਿਆ ਜਾਂਦਾ। ਹਾੜ ਸਿਆਲ ਦੇ ਭਾਰੇ ਕੰਮ ਤੇ ਵਿਤਕਰੇ ਵਾਲੀ ਖ਼ੁਰਾਕ ਕਰਕੇ ਸਮੁੰਦ ਜਣਾਂ ਦੀਆਂ ਦੇਹਾਂ ਉਮਰੋਂ ਪਹਿਲਾਂ ਹੀ ਖੰਡਰ ਹੋ ਜਾਂਦੀਆਂ। ਉਨ੍ਹਾਂ ਨੂੰ ਸਰੀਰ ਚਲਦੇ ਰੱਖਣ ਲਈ ਜਰਦਾ, ਬੀੜੀਆਂ, ਡੋਡਿਆਂ ਤੇ ਕਦੇ-ਕਦੇ ਅਫ਼ੀਮ ਦਾ ਦਾਸ ਵੀ ਹੋਣਾ ਪੈਂਦਾ। ਤੇ ਸਮੁੰਦੇ ਨਾਲ ਵੀ ਇੰਝ ਹੀ ਹੋਇਆ। ਚਾਚਾ ਸੂਬਾ ਸਿੰਘ ਦੇ ਖੱਤਿਆਂ ਵਿਚ ਚੱਲਣ ਵਾਲੀ ਭਾਰੀ ਕਹੀ ਚੱਤੋ-ਪਹਿਰ ਸਮੁੰਦੇ ਦੇ ਮੋਢਿਆਂ 'ਤੇ ਹੀ ਰਹਿੰਦੀ। ਉਹ ਵਰ੍ਹਦੀਆਂ ਧੁੱਪਾਂ 'ਚ ਪਹਿਲਾਂ ਖੇਤਾਂ ਦੇ ਬੰਨੇ ਛਾਂਗਦਾ, ਫਿਰ ਵੱਟਾਂ ਨੂੰ ਮਿੱਟੀ ਲੇਪਦਾ, ਖੇਤਾਂ 'ਚੋਂ ਲੰਘਦੀਆਂ ਔਡਾਂ-ਖਾਲਾਂ ਖਾਲਦਾ, ਡੰਗਰਾਂ-ਵੱਛਿਆਂ ਲਈ ਖੇਤਾਂ 'ਚੋਂ ਚਰੀ ਦੀਆਂ ਡੇਢ-ਡੇਢ ਮਣ ਭਾਰੀਆਂ ਪੰਡਾਂ ਸਿਰ 'ਤੇ ਢੋਂਅਦਾ, ਘੰਟਾ-ਘੰਟਾ ਹੱਥ ਵਾਲੇ ਟੋਕੇ ਮੂਹਰੇ ਜੁੱਤਿਆ ਲੱਕੜ ਹੋਈ ਚਰੀ ਕੁਤਰਦਾ ਰਹਿੰਦਾ। ਹਾੜ੍ਹ ਮਹੀਨੇ ਗੱਡਿਆਂ ਦੇ ਗੱਡੇ ਇਕੱਠੀ ਹੋਈ ਡੰਗਰਾਂ ਦੀ ਰੂੜ੍ਹੀ ਸਮੁੰਦੇ ਦੇ ਸਿਰ ਤੋਂ ਹੁੰਦੀ ਹੋਈ ਹੀ ਖੇਤਾਂ ਵਿਚ ਪਹੁੰਚਦੀ। ਕਣਕਾਂ ਦੀ ਗਹਾਈ, ਝੋਨਿਆਂ ਦੀ ਲਵਾਈ, ਗੰਨਿਆਂ ਦੀ ਛਿਲਾਈ ਤੇ ਪੱਠੇ-ਦੱਥੇ ਦੀ ਬਿਜਾਈ ਜਹੇ ਸਭ ਧੰਦੇ ਸਮੁੰਦੇ ਸਿਰ ਹੀ ਸਨ। ਘਰ ਵਿੱਚ ਚਾਰ ਦਾਣੇ ਆਉਣ ਸਦਕਾ ਚਾਚਾ ਸੂਬਾ ਸਿਹੁੰ ਸੁੱਖ ਨਾਲ ਹੁਣ ਧੂਵੀਆਂ ਲਾਜ਼ਵਰੀ ਚਾਦਰਾਂ ਬੰਨ੍ਹਣ ਲੱਗ ਪਿਆ ਸੀ ਤੇ ਸਮੁੰਦੇ ਨੂੰ ਚਲਦਾ ਰੱਖਣ ਲਈ ਉਹ ਉਸ ਨੂੰ ਸਵੇਰੇ ਦੁਪਹਿਰੇ ਅਫੀਮ ਦੇ ਗੋਲੇ ਛਕਾ ਛੱਡਦਾ ਤੇ ਆਥਣੇ ਲੂਣ ਦੀਆਂ ਡ.ਲੀਆਂ ਨਾਲ ਘਰ ਦੀ ਕੱਢੀ ਸ਼ਰਬਤੀ ਦਾ ਨੱਕੋ-ਨੱਕ ਭਰਿਆ ਕੜੀ ਵਾਲਾ ਗਿਲਾਸ ਪਿਆ ਛੱਡਦਾ। ਤੇ ਫਿਰ ਸਮੁੰਦਾ ਨਾ ਕਹੀ ਵਾਹੁੰਦਾ ਥੱਕਦਾ ਤੇ ਨਾ ਕਦੇ ਹੱਥ ਵਾਲੇ ਟੋਕੇ ਅੱਗੇ ਝੁਕਦਾ। ਕੰਮ ਦੀ ਬਹੁਤਾਤ ਤੇ ਤਰ੍ਹਾਂ-ਤਰ੍ਹਾਂ ਦੇ ਨਸ਼ਿਆਂ ਦੀ ਤਦਾਦ ਨੇ ਛਿਮਾਹੀਆਂ ਵਿਚ ਹੀ ਸਮੁੰਦੇ ਦੇ ਸੋਤਰ ਸੂਤ ਲਏ। ਉਹਦਾ ਪੌਣੇ ਛੇ ਫੁੱਟਾ ਸਰੀਰ ਸੁੰਗੜ ਕੇ ਸਾਢੇ ਪੰਜ ਫੁੱਟ ਰਹਿ ਗਿਆ। ਉਹਦੀਆਂ ਸਿਆਹ ਘਣੀਆਂ ਮੁੱਛਾਂ ਉਹਦੇ ਬੁੱਲਾਂ 'ਚ ਪੈਣ ਲੱਗੀਆਂ। ਤੇ ਉਹਦੇ ਚਿੱਟੇ ਦੰਦਾਂ 'ਤੇ ਪਲਿੱਤਣ ਚੜ੍ਹ ਗਈ। ਸਿਰ ਦੀ ਚੋਟੀ ਵਾਲਾਂ ਤੋਂ ਸੱਖਣੀ ਹੋ ਗਈ। ਹੌਲੀ-ਹੌਲੀ ਉਹਦੀ ਦੇਹ ਭਾਰੇ ਕੰਮਾਂ ਤੋਂ ਇਨਕਾਰੀ ਹੋਣ ਲੱਗੀ। ਤੇ ਫਿਰ ਜਿਵੇਂ ਸਰਦਾਰ ਸੂਬਾ ਸਿੰਘ ਦੀ ਚਾਹਤ ਸੀ। ਸਮੁੰਦੇ ਨੇ ਸਿਰ ਚੜ੍ਹਿਆ ਕਰਜ਼ਾ ਲਾਹੁਣ ਲਈ ਆਪਣੇ ਪਲੇਠੇ ਪੁੱਤਰ ਵੀਰੂ ਨੂੰ ਆਪਣੀ ਥਾਵੇਂ ਜੱਟ ਦੇ ਜੂਲੇ ਹੇਠ ਕਰ ਦਿੱਤਾ ਤੇ ਆਪ ਘਰਾਂ ਦੇ ਟੁੱਟਵੇਂ ਕੰਮ ਕਰਨ ਲੱਗ ਪਿਆ। ਖਾਓ ਪੀਓ ਵੇਲੇ ਉਹ ਕਿਸੇ ਨਾ ਕਿਸੇ ਘਰ ਦੇ ਵਿਹੜੇ 'ਚ ਜਾ ਖੜ੍ਹਦਾ ਤੇ ਉੱਚੀ ਆਵਾਜ਼ ਦਿੰਦਾ ਆਖਦਾ, ਓਹ ਬੀਬੀਓ ਭੈਣੋ, ਟੋਕਰਾ ਕੁ ਰੋਟੀਆਂ ਦੀ ਖੈਰ ਤਾਂ ਪਾ ਦਿਓ... ਤੇ ਬੀਬੀਆਂ ਉਹਦੀ ਰਮਜ਼ ਨੂੰ ਜਾਣਦੀਆਂ ਛਿੱਕੂਆਂ 'ਚ ਪਏ ਵਧੇ ਘਟੇ ਮਿੱਠੇ ਪਰਸ਼ਾਦੇ ਉਹਦੀ ਅੱਡੀ ਹੋਈ ਝੋਲੀ ਵਿੱਚ ਸੁੱਟ ਦੇਂਦੀਆਂ।

ਜੱਟਾਂ ਦੇ ਭੜੋਲਿਆਂ 'ਚ ਜਦ ਦਾਣੇ ਪੈਣ ਲੱਗੇ ਤਾਂ ਪਿੰਡ ਦੇ ਕੱਚਿਆਂ ਘਰਾਂ ਨੂੰ ਪੱਕੇ ਹੋਣ ਦਾ ਚਾਅ ਚੜ੍ਹਨ ਲੱਗਾ। ਜਿਸ ਕਦਰੇ ਸਮੁੰਦੇ ਦਾ ਨਾਂ ਘਰ ਘਰ ਘੁੰਮਣ ਲੱਗਾ। ਉਨ੍ਹੀਂ ਦਿਨੀਂ ਸੀਮਿੰਟ ਦੀ ਕਿੱਲਤ ਹੋਣ ਕਰਕੇ ਕੰਧਾਂ ਦੀ ਚਿਣਾਈ ਮਿੱਟੀ-ਗਾਰੇ ਨਾਲ ਹੀ ਹੁੰਦੀ ਸੀ। ਤੇ ਸਮੁੰਦਾ ਇਹ ਗਾਰਾ ਬਣਾਉਣ ਦਾ ਮਾਹਰ ਸੀ। ਉਹ ਲੱਤ ਮਾਰ-ਮਾਰ ਕੇ ਗਾਰੇ ਨੂੰ ਐਸਾ ਰਸਾਉਂਦਾ ਕਿ 'ਚਿੱਦੀ' ਹਲਵਾਈ ਦੀ ਕੜਾਹੀ 'ਚ ਪਏ ਤਾਜ਼ੇ ਖੋਏ ਨੂੰ ਵੀ ਮਾਤ



ਪਾ ਦਿੰਦਾ। ਜਿਹੜਾ ਘਰ ਵੀ ਪੱਕੇ ਕੋਠੇ ਛੱਤਣ ਲੱਗਦਾ, ਗਾਰੇ ਦੇ ਕੰਮ ਲਈ ਸਮੁੰਦੇ ਨੂੰ ਬੁਲਾਵਾ ਦੇ ਦਿੰਦਾ। ਸਮੁੰਦਾ ਆਪਣੇ ਹੁਨਰ ਦੇ ਚਾਅ ਵਿਚ ਵਿੱਤੋਂ ਵੱਧ ਜਾਨ ਲਾ ਦਿੰਦਾ। ਲਗਭਗ ਸਾਰੇ ਪਿੰਡ ਦੀ ਚਿਣਾਈ ਸਮੁੰਦੇ ਦੇ ਬਣੇ ਗਾਰੇ ਨਾਲ ਹੀ ਹੋਈ ਤੇ ਉਹਦੀ ਦੇਹ ਵਿਚ ਜੋ ਮਾੜੀ ਮੋਟੀ ਜਾਨ ਸੂਬਾ ਸਿਹੁੰ ਦੇ ਖੇਤਾਂ ਵਿਚੋਂ ਬਚ ਗਈ ਸੀ ਉਹ ਜ਼ਿਮੀਦਾਰਾਂ ਦੇ ਪੱਕੇ ਕੋਠਿਆਂ ਵਿਚ ਚਿਣੀ ਗਈ। ਤੇ ਫਿਰ ਉਹਦੇ ਜਿਹਾ ਗਾਰਾ ਬਣਾਉਣ ਵਾਲੇ ਹੋਰ ਵੀ ਪਿੰਡ ’ਚ ਆ ਗਏ। ਜਿਸ ਸਦਕੇ ਸਮੁੰਦੇ ਦੀ ਪੁੱਛ ਪ੍ਰਤੀਤ ਘਟ ਗਈ। ਉਹਨੇ ਬੀੜੀ ਬੱਤੀ ਦੀ ਪੂਰਤੀ ਲਈ ਏਧਰ ਓਧਰ ਹੱਥ ਪੱਲੇ ਮਾਰਨੇ ਸ਼ੁਰੂ ਕਰ ਦਿੱਤੇ। ਕਦੇ ਉਹ ਰਾਤ ਬਰਾਤੇ ਕਿਸੇ ਦੇ ਖੇਤ ’ਚੋਂ ਕਪਾਹ ਦੀ ਮਗਰੀ ਚੁਗ ਲਿਆਉਂਦਾ, ਕਦੇ ਕਿਸੇ ਦਾ ਬਰਸੀਮ ਵੱਢ ਕੇ ਸ਼ਹਿਰ ਵੇਚ ਆਉਂਦਾ, ਕਦੇ ਕਿਸੇ ਦੇ ਖੇਤ ’ਚੋਂ ਗੰਨੇ ਭੰਨ ਲੈਂਦਾ ਤੇ ਕਦੇ ਕਿਸੇ ਦੇ ਝੋਨੇ ਦੀਆਂ ਮੁੰਜਰਾਂ ਲਾਪਰ ਲੈਂਦਾ। ਉਹਦੀ ਦੇਹ ਦੀਆਂ ਇਹ ਮਜਬੂਰੀਆਂ ਫਿਰ ਜੱਗ ਜ਼ਾਹਰ ਹੋਣ ਲੱਗੀਆਂ ਤੇ ਗਾਹੇ ਬਗਾਹੇ ਉਹ ਫੜ੍ਹਿਆ ਜਾਣ ਲੱਗਿਆ। ਉਸ ਨਾਲ ਬੀਤੀਆਂ ਦੋ-ਤਿੰਨ ਘਟਨਾਵਾਂ ਮੇਰੇ ਜ਼ਿਹਨ ’ਚ ਉਂਝ ਈ ਪਈਆਂ ਹੋਈਆਂ ਨੇ।

ਪਹਿਲੀ ਇਹ ਕਿ ਵੱਡੀ ਸੜਕ ਤੋਂ ਪਿੰਡ ਨੂੰ ਆਉਂਦੇ ਰਾਹ ’ਤੇ ਇਕ ਵੱਡ ਆਕਾਰੀ ਟਾਹਲੀ ਖੜ੍ਹੀ ਸੀ। ਜਿਹਦੇ ਮੁੱਢ ’ਚ ਸਤਨਾਮ ਸਿੰਘ ਦੇ ਖੇਤ ਪੈਂਦੇ ਸਨ। ਸਤਨਾਮ ਸਿੰਘ ਦਾ ਟੱਬਰ ਇਸ ਟਾਹਲੀ ’ਤੇ ਆਪਣਾ ਜਮਹੂਰੀ ਹੱਕ ਸਮਝਦਾ ਸੀ। ਪੱਕੇ ਕੋਠਿਆਂ ਵਾਸਤੇ ਲੱਕੜ ਦੀ ਲੋੜ ਖਾਤਰ ਉਨ੍ਹਾਂ ਟਾਹਲੀ ਦੇ ਮੋਛੇ ਕਰ ਲਏ। ਮਹੀਨਿਆਂ ਬੱਧੀ, ਓਹ ਵੱਢੀ-ਟੁੱਕੀ ਟਾਹਲੀ ਓਥੇ ਹੀ ਸੁੱਕਦੀ ਰਹੀ। ਤੇ ਇਕ ਰਾਤੇ ਸਮੁੰਦੇ ਨੇ ਆਪਣੇ ਕੋਠੇ ਦੇ ਝੁਕੇ ਹੋਏ ਖਜੂਰ ਦੇ ਸ਼ਤੀਰ ਹੇਠ ਥੰਮਲਾ ਦੇਣ ਲਈ ਉਸ ਟਾਹਲੀ ’ਚੋਂ ਲੋੜ ਗੋਚਰੀ ਇਕ ਗੇਲੀ ਚੁੱਕ ਲਿਆਂਦੀ। ਸਵੇਰੇ ਸਤਨਾਮੇ ਕਿਆਂ ਨੂੰ ਪਤਾ ਲੱਗ ਗਿਆ। ਸਤਨਾਮੇ ਦਾ ਵੱਡਾ ਮੁੰਡਾ ਡਾਂਗ ਲੈ ਕੇ ਸਮੁੰਦੇ ਦੇ ਘਰ ਜਾ ਧਮਕਿਆ। ਉਹਨੇ ਜਾਂਦਿਆ ਹੀ ਸਮੁੰਦੇ ਨੂੰ ਕੋਠੇ ’ਚੋਂ ਬਾਹਰ ਧੂਹ ਲਿਆਂਦਾ। ਸਮੁੰਦੇ ਦੀਆਂ ਲੱਤਾਂ-ਬਾਹਾਂ ਤੇ ਮੋਢਿਆਂ-ਗੋਡਿਆਂ ’ਤੇ ਡਾਂਗ ਫਿਰਨ ਲੱਗੀ। ਸਮੁੰਦੇ ਦੇ ਟੱਬਰ ਦੀ ਹਾਲ ਪਾਹਰਿਆ ਨੇ ਪਿੰਡ ਦੀ ਮੰਡੀਰ ਨੂੰ ਆਪਣੇ ਘਰ ਇਕੱਠਾ ਤਾਂ ਕਰ ਲਿਆ ਪਰ ਡਾਂਗ ਵਾਲੇ ਨੂੰ ਹੱਥ ਪਾ ਕੇ ਰੋਕਣ ਦੀ ਕਿਸੇ ’ਚ ਹਿੰਮਤ ਨਾ ਪਈ। ਤੇ ਫਿਰ ਉਹੋ ਹੋਇਆ ਜੋ ਸਮੁੰਦੇ ਵਰਗਿਆਂ ਨਾਲ ਅਕਸਰ ਹੁੰਦਾ ਆਇਐ। ਸਮੁੰਦੇ ਨੇ ਆਪਣੇ ਹੱਥੀਂ ਪਹਿਲਾਂ ਓਹ ਟਾਹਲੀ ਦਾ ਟੁੱਕੜਾ ਝੁਕੇ ਹੋਏ ਛਤੀਰ ਹੇਠੋਂ ਕੱਢਿਆ ਤੇ ਫਿਰ ਡਾਂਗ ਨਾਲ ਭੱਜੀਆਂ ਹੋਈਆਂ ਮੌਰਾਂ ’ਤੇ ਚੁੱਕ ਕੇ ਸਤਨਾਮੇ ਦੇ ਘਰ ਛੱਡ ਆਇਆ।

ਦੂਜੀ ਘਟਨਾ ਖਰਬੂਜ਼ਿਆਂ ਨਾਲ ਜੁੜੀ ਹੋਈ ਏ। ਇਕ ਵਰ੍ਹੇ ਸਮੁੰਦੇ ਦੇ ਪੁਰਾਣੇ ਮਾਲਕ ਸੂਬਾ ਸਿਹੁੰ ਨੇ ਪਿੰਡੋਂ ਦੂਰ ਲਹਿੰਦੇ ਵਾਲੇ ਪਾਸੇ ਆਪਣੀ ਮੈਰ੍ਹੀ ਜ਼ਮੀਨ ’ਚ ਖਰਬੂਜ਼ਿਆਂ ਦੀ ਖੇਤੀ ਦਾ ਸ਼ੌਕ ਪਾਲਿਆ। ਪੱਕੇ ਹੋਏ ਖਰਬੂਜ਼ਿਆਂ ਦੀ ਮਹਿਕ ਜਦ ਸਮੁੰਦੇ ਦੇ ਸਾਹਾਂ ’ਚ ਰਲੀ ਤਾਂ ਇਕ ਦੁਪਹਿਰ ਜਦ ਲੋਕ ਵਗਦੀ ਲੂਅ ਤੋਂ ਡਰਦੇ ਆਪਣੇ ਅੰਦਰੀਂ ਦੁਬਕੇ ਪਏ ਸੀ ਤਾਂ ਸਮੁੰਦਾ ਖਰਬੂਜ਼ਿਆਂ ਦੇ ਵਾੜੇ ਵਿਚ ਜਾ ਪਹੁੰਚਿਆ ਤੇ ਪੰਜ-ਸੱਤ ਸੇਰ ਖਰਬੂਜ਼ੇ ਤੋੜ ਲਿਆਇਆ। ਖਰਬੂਜ਼ੇ ਅਜੇ ਉਹਦੇ ਟੱਬਰ ਦੇ ਪੇਟ ’ਚ ਵੀ ਨਹੀਂ ਸਨ ਪਏ ਕਿ ਕਿਸ ਨੇ ਭਾਨੀ ਮਾਰ ਦਿੱਤੀ। ਸੂਬਾ ਸਿਹੁੰ ਨੂੰ ਪਤਾ ਲੱਗ ਗਿਆ। ਉਹ ਉਠਿਆ ਤੇ ਚਾਹ ਪੀਂਦੇ ਸਮੁੰਦੇ ਨੂੰ ਸਮੇਤ ਖਰਬੂਜ਼ਿਆਂ ਉਹਦੇ ਘਰੋਂ ਚੁੱਕ ਲਿਆਇਆ। ਪਿੰਡ ਦੇ ਵਿਚਾਲੇ ਖੁੱਲ੍ਹੀ ਥਾਵੇਂ ਜਾਮਣ ਦਾ ਦਰੱਖਤ ਸੀ। ਉਸ ਨੇ ਸਮੁੰਦੇ ਨੂੰ ਕਿਸੇ ਡੰਗਰ ਗਲੋਂ ਲੱਥੇ ਸੰਗਲ ਨਾਲ ਜਾਮਣ ਦੇ ਤਣੇ ਨਾਲ ਬੰਨ੍ਹ ਦਿੱਤਾ ਤੇ ਉਹਦੇ ਇਕ ਪਾਸੇ ਲੋਕਾਂ ਦੀ ਤਸੱਲੀ ਲਈ ਤੋੜੇ ਹੋਏ ਖਰਬੂਜ਼ਿਆਂ ਦੀ ਢੇਰੀ ਲਾ ਦਿੱਤੀ। ਲੋਕ ਕੰਮ ਧੰਦੇ ਤੋਂ ਵਿਹਲੇ ਹੋ ਕੇ ਇਹ ਮਜ੍ਹਮਾ ਵੇਖਣ ਲਈ ਜਾਮਣ ਹੇਠ ਜੁੜ ਗਏ। ਸੰਗਲ

ਇਕ ਵਰ੍ਹੇ ਸਮੁੰਦੇ ਦੇ ਪੁਰਾਣੇ ਮਾਲਕ ਸੂਬਾ ਸਿਹੁੰ ਨੇ ਪਿੰਡੋਂ ਦੂਰ ਲਹਿੰਦੇ ਵਾਲੇ ਪਾਸੇ ਆਪਣੀ ਮੈਰ੍ਹੀ ਜ਼ਮੀਨ ’ਚ ਖਰਬੂਜ਼ਿਆਂ ਦੀ ਖੇਤੀ ਦਾ ਸ਼ੌਕ ਪਾਲਿਆ। ਪੱਕੇ ਹੋਏ ਖਰਬੂਜ਼ਿਆਂ ਦੀ ਮਹਿਕ ਜਦ ਸਮੁੰਦੇ ਦੇ ਸਾਹਾਂ ’ਚ ਰਲੀ ਤਾਂ ਇਕ ਦੁਪਹਿਰ ਜਦ ਲੋਕ ਵਗਦੀ ਲੂਅ ਤੋਂ ਡਰਦੇ ਆਪਣੇ ਅੰਦਰੀਂ ਦੁਬਕੇ ਪਏ ਸੀ ਤਾਂ ਸਮੁੰਦਾ ਖਰਬੂਜ਼ਿਆਂ ਦੇ ਵਾੜੇ ਵਿਚ ਜਾ ਪਹੁੰਚਿਆ ਤੇ ਪੰਜ-ਸੱਤ ਸੇਰ ਖਰਬੂਜ਼ੇ ਤੋੜ ਲਿਆਇਆ। ਖਰਬੂਜ਼ੇ ਅਜੇ ਉਹਦੇ ਟੱਬਰ ਦੇ ਪੇਟ ’ਚ ਵੀ ਨਹੀਂ ਸਨ ਪਏ ਕਿ ਕਿਸ ਨੇ ਭਾਨੀ ਮਾਰ ਦਿੱਤੀ। ਸੂਬਾ ਸਿਹੁੰ ਨੂੰ ਪਤਾ ਲੱਗ ਗਿਆ। ਉਹ ਉਠਿਆ ਤੇ ਚਾਹ ਪੀਂਦੇ ਸਮੁੰਦੇ ਨੂੰ ਸਮੇਤ ਖਰਬੂਜ਼ਿਆਂ ਉਹਦੇ ਘਰੋਂ ਚੁੱਕ ਲਿਆਇਆ। ਪਿੰਡ ਦੇ ਵਿਚਾਲੇ ਖੁੱਲ੍ਹੀ ਥਾਵੇਂ ਜਾਮਣ ਦਾ ਦਰੱਖਤ ਸੀ। ਉਸ ਨੇ ਸਮੁੰਦੇ ਨੂੰ ਕਿਸੇ ਡੰਗਰ ਗਲੋਂ ਲੱਥੇ ਸੰਗਲ ਨਾਲ ਜਾਮਣ ਦੇ ਤਣੇ ਨਾਲ ਬੰਨ੍ਹ ਦਿੱਤਾ ਤੇ ਉਹਦੇ ਇਕ ਪਾਸੇ ਲੋਕਾਂ ਦੀ ਤਸੱਲੀ ਲਈ ਤੋੜੇ ਹੋਏ ਖਰਬੂਜ਼ਿਆਂ ਦੀ ਢੇਰੀ ਲਾ ਦਿੱਤੀ।

ਨਾਲ ਨੂੜਿਆ, ਸਿਰੋਂ ਨੰਗਾ, ਤੇੜ ਬਾਪੂ ਵਿਰਸਾ ਸਿਹੁੰ ਦਾ ਲੱਥਾ ਕਛਹਿਰਾ ਤੇ ਬਟਨਾਂ ਤੋਂ ਵਿਰਵਾ ਇਕ ਖੁੱਲ੍ਹਾ ਜਿਹਾ ਝੱਗਾ ਪਾਈ ਸਮੁੰਦਾ ਕਿਸੇ ਮਹਾਂ ਦੋਸ਼ੀ ਵਾਂਗ ਨਜ਼ਰਾਂ ਝੁਕਾਈ ਬੈਠਾ ਹੋਇਆ ਸੀ। ਉਸ ਤੋਂ ਥੋੜ੍ਹਾ ਕੁ ਪਰੇ ਮੰਜੇ ’ਤੇ ਚਾਚਾ ਸੂਬਾ ਸਿਹੁੰ ਮੱਸੇ ਰੰਗੜ ਦੀ ਤਰ੍ਹਾਂ ਆਸਣ ਲਾਈ ਬੈਠਾ ਸੀ। ਜਦੋਂ ਜਾਮਣ ਹੇਠ ਪਿੰਡ ਦੀ ਇੱਲਤੀ ਮੰਡੀਰ ਵਾਹਵਾ ਜੁੜ ਗਈ ਤਾਂ ਸੂਬਾ ਸਿਹੁੰ ਨੇ ਫਰਮਾਨ ਜਾਰੀ ਕੀਤਾ, “ਮਾਰੋ ਏਸ ਕੰਜਰ ਨੂੰ ਛਿੱਤਰ।” ਬੱਸ ਫਿਰ ਕੀ ਸੀ। ਜੁੜੀ ਹੋਈ ਭੀੜ ਨੇ ਆਪਣੀਆਂ ਜੁੱਤੀਆਂ ਲਾਹ ਕੇ ਸਮੁੰਦੇ ਵੱਲ ਵਗਾਉਣੀਆਂ ਸ਼ੁਰੂ ਕਰ ਦਿੱਤੀਆਂ। ਸਮੁੰਦੇ ਨੇ ਜੁੱਤੀਆਂ ਤੋਂ ਬਚਾਓ ਲਈ ਹੱਥਾਂ ਨੂੰ ਸਿਰ ’ਤੇ ਰੱਖਿਆ। ਪਤਾ ਨਹੀਂ ਕਿਹਦਾ ਗੋਹੇ ਦਾ ਲਿਬੜਿਆ ਜਿਹਾ ਇਕ ਛਿੱਤਰ ਓਹਦੇ ਮੂੰਹ ’ਤੇ ਜਾ ਵੱਜਿਆ। ਉਹਦੇ ਬੁੱਲਾਂ ’ਚੋਂ ਲਹੂ ਵਗ ਤੁਰਿਆ। ਸਿਆਹ ਬੁੱਲਾਂ ’ਚੋਂ ਵਗਦੇ ਲਹੂ ਨੇ ਉਸ ਦੀ ਵਜਾ ਕਿਸੇ ਕਿਆਸੇ ਹੋਏ ਭੈਰੋਂ ਨਾਥ ਜਿਹੀ ਬਣਾ ਦਿੱਤੀ। ਮਨੋਰੰਜਨ ਹਿੱਤ ਇਹ ਡਰਾਮਾ ਢਲੀ ਦੁਪਹਿਰ ਤੱਕ ਚਲਦਾ ਰਿਹਾ। ਸਮੁੰਦੇ ਦਾ ਛੁਟਕਾਰਾ ਉਦੋਂ ਹੋਇਆ ਜਦ ਗਰਦੌਰੀਆਂ ਕਰਨ ਆਏ ਪਟਵਾਰੀ ਨੂੰ ਜਾਮਣ ਹੇਠ ਬਿਠਾਉਣਾ ਪਿਆ। ਅਖੀਰ ਸੂਬਾ ਸਿਹੁੰ ਨੇ ਆਪਣੇ ਪੈਰ ਦੀ ਜੁੱਤੀ ਸਮੁੰਦੇ ਦੇ ਸਿਰ ਵਿਚ ਚੰਗੀ ਤਰ੍ਹਾਂ ਝਾੜ ਕੇ ਉਸ ਨੂੰ ਰਿਹਾਅ ਕਰ ਦਿੱਤਾ ਤੇ ਖਰਬੂਜ਼ਿਆਂ ਦੀ ਢੇਰੀ ਜੁੜੀ ਹੋਈ ਮੰਡੀਰ ਵਿਚ ਵੰਡ ਦਿੱਤੀ।

ਸਮੁੰਦੇ ਨਾਲ ਜੁੜੀ ਤੀਸਰੀ ਘਟਨਾ ਦੀਵਾਲੀ ਵਾਲੀ ਰਾਤ ਦੀ ਹੈ। ਜਿਸ ਦਾ ਮੁੱਖ ਗੁਨਾਹਗਾਰ ਮੈਂ ਸਾਂ ਤੇ ਉਸ ਗੁਨਾਹ ਦਾ ਭਾਰ ਅਜੇ ਤੱਕ ਮੇਰੇ ਦਿਲ ’ਤੇ ਪਿਆ ਹੋਇਐ। ਅਸੀਂ ਚਾਚਿਆਂ ਬਾਬਿਆਂ ਦੇ ਰਲੇ ਹੋਏ ਚਾਰ ਪੰਜ ਛੋਹਰ ਨਵੇਂ ਛੱਤੇ ਕੋਠੇ ਦੇ ਬਨੇਰਿਆਂ ’ਤੇ ਦੀਵੇ ਧਰ ਰਹੇ ਸਾਂ ਤੇ ਪਟਾਖੇ ਫੂਕ ਰਹੇ ਸਾਂ। ਹੋਣੀ ਸ਼ਾਮਤ ਨੂੰ ਸਮੁੰਦਾ ਜ਼ਿੰਮੀਦਾਰਾਂ ਦੇ ਘਰਾਂ ’ਚੋਂ ਦੀਵਾਲੀ ਦੀ ਗਜ਼ਾ ਕਰਕੇ ਕੁਝ ਗਾਉਂਦਾ ਹੋਇਆ ਗਲੀ ’ਚੋਂ ਲੰਘਦਾ ਆਪਣੇ ਘਰ ਪਰਤ ਰਿਹਾ ਸੀ ਕਿ ਅਚਾਨਕ ਮੈਨੂੰ ਇਕ ਸ਼ਰਾਰਤ ਸੁੱਝੀ। ਮੈਂ ਵੱਡੇ ਸਾਰੇ ਇਕ ਚੀਤਾ ਬੰਬ ਨੂੰ ਅੱਗ ਲਾਈ ਤੇ ਗਲੀ ’ਚੋਂ ਲੰਘ ਰਹੇ ਸਮੁੰਦੇ ਦੇ ਸਿਰ ਵੱਲੇ ਵਗਾਅ ਮਾਰਿਆ। ਬੰਬ ਸਮੁੰਦੇ ਦੇ ਸਿਰ ਦੇ ਐਨ ਨੇੜੇ ਜਾ ਕੇ ਫਟ ਗਿਆ। ਕੰਨ ਪਾੜਵਾਂ ਧਮਾਕਾ ਹੋਇਆ। ਸਮੁੰਦੇ ਦੀ ਜ਼ੋਰਦਾਰ ਚੰਗਿਆੜ ਨਿਕਲੀ ਤੇ ਉਹ ਧੜੰਮ ਦੇਣੇ ਹਨੇਰੀ ਗਲੀ ’ਚ ਚੁਫਾਲ ਡਿੱਗ ਪਿਆ। ਅਸੀਂ ਸਾਰੇ ਡਰਦੇ ਮਾਰੇ ਛੱਤ ਤੋਂ ਉਤਰ ਕੇ ਰਜਾਈਆਂ ’ਚ ਜਾ ਦੁਬਕੇ। ਮੈਨੂੰ ਸਾਰੀ ਰਾਤ ਨੀਂਦ ਨਾ ਪਈ। ਸਵੇਰੇ ਤੜਕਸਾਰ ਮੈਂ ਘਰ ਦਾ ਬੂਹਾ ਖੋਲ੍ਹ ਕੇ ਗਲੀ ਵਿਚ ਝਾਤੀ ਮਾਰੀ। ਉਧਰ ਕੁਝ ਵੀ ਨਜ਼ਰ ਨਾ ਪਿਆ। ਫਿਰ ਮੈਂ ਉਸ ਘਟਨਾ ਵਾਲੀ ਥਾਂ ਪਹੁੰਚਿਆ। ਵੇਖਿਆ ਤਾਂ ਉਥੇ ਲੱਡੂਆਂ ਜਲੇਬੀਆਂ ਤੇ ਹੋਰ ਨਿੱਕ-ਸੁੱਕ ਦੇ ਛੋਟੇ-ਵੱਡੇ ਟੁਕੜੇ ਖਿਲਰੇ ਪਏ ਸਨ ਤੇ ਕੋਲ ਇਕ ਮੈਲਾ ਕੁਚੈਲਾ ਜਿਹਾ ਪਰਨਾ ਵੀ ਪਿਆ ਸੀ। ਮੈਨੂੰ ਯਕੀਨ ਜਿਹਾ ਆ ਗਿਆ ਕਿ ਸਮੁੰਦਾ ਬਚ ਗਿਆ ਹੋਏ ਗਾ। ਇਸ ਕੁਕਰਮ ’ਤੇ ਮੈਨੂੰ ਬੜੀ ਲੱਜਾ ਆਈ। ਥੋੜ੍ਹੀ ਉਮਰ ਹੋਰ ਵਧੀ ਤਾਂ ਇਹ ਅਹਿਸਾਸ ਵੀ ਹੋਇਆ ਕਿ ਅਸੀਂ ਜ਼ਿੰਮੀਦਾਰਾਂ ਦੇ ਨਿਆਣੇ ਅਜਿਹੀ ਸ਼ਰਾਰਤ ਕੇਵਲ ਸਮੁੰਦੇ ਵਰਗਿਆਂ ਨਾਲ ਹੀ ਕਰ ਸਕਦੇ ਸਾਂ ਕਿਸੇ ਹੋਰ ਪੰਚ-ਖੜਪੰਚ ਨਾਲ ਨਹੀਂ।

ਸਮੁੰਦੇ ਦਾ ਵੱਡਾ ਮੁੰਡਾ ਵੀਰੂ ਜਦ ਚਾਰ ਕੁ ਦਿਨਾਂ ਲਈ ਗਭਰੇਟ ਹੋਇਆ ਤਾਂ ਸਮੁੰਦੇ ਨੇ ਬਣਦੇ ਸਰਦੇ ਢੰਗ ਨਾਲ ਪੁੱਤ ਦਾ ਵਿਆਹ ਜਿਹਾ ਕਰ ਦਿੱਤਾ। ਵੀਰੂ ਦੀ ਘਰਵਾਲੀ ‘ਬੌਬੀ’ ਲਾਗਲੇ ਕਸਬੇ ਵਿਚ ਪੈਂਦੀ ਇਕ ਬਸਤੀ ਦੀ ਜੰਮੀ ਪਲ਼ੀ ਸੀ ਜੋ ਮਾੜਾ-ਮੋਟਾ ਬਣ-ਠਣ ਕੇ ਰਹਿਣ ਦੀ ਸ਼ੁਕੀਨ ਸੀ। ਵੀਰੂ ਵਿਚਾਰੇ ਨੇ ਹਨੀਮੂਨ ਮਣਾਉਣ ਲਈ ਕਿਹੜਾ ਗੁੱਲਮਰਗ ਜਾਣਾ ਸੀ। ਉਹਦਾ ਸਿਰ ਤਾਂ ਵਿਆਹ ਤੋਂ ਅਗਲੇ ਦਿਨ ਹੀ ਰੂੜ੍ਹੀ ਵਾਲੇ ਟੋਕਰੇ ਹੇਠ ਸੀ। ਕੁਝ ਨਵੇਂ ਵਿਆਹ ਕਰਕੇ ਤੇ ਕੁਝ ਸੂਬਾ ਸਿਹੁੰ ਦੇ ਭਾਰੇ ਕੰਮਾਂ ਨੇ ਉਸ ਨੂੰ ਦਿਨਾਂ ਵਿਚ ਹੀ ਮਤਾੜ੍ਹ ਕੇ ਰੱਖ ਦਿੱਤਾ। ਇਹ ਉਹੋ ਵੀਰੂ ਸੀ ਜਿਸ ਨੇ ਅਠਾਰਵੇਂ ਵਰ੍ਹੇ ’ਚ ਪੈਰ ਰੱਖਦਿਆਂ ਇਕ ਵੇਰਾਂ ਦੁੱਧ-ਦਹੀਂ ਨਾਲ ਪਲੇ ਵੱਡਿਆਂ ਦੇ ਬੂਟੇ ਦੀਆਂ ਗੋਡਣੀਆਂ ਲਵਾ ਦਿੱਤੀਆਂ ਸਨ ਤੇ ਇਸ ਮਤਾੜ੍ਹੇ ਗਏ ਵੀਰੂ ਨੇ ਪਤਾ ਨਹੀਂ ਕਿਹੜੀ ਗੱਲੋਂ ਇਕ ਦਿਨ ਇਹ ਅਫ਼ਵਾਹ ਫੈਲਾ ਦਿੱਤੀ ਕਿ ਉਸ ਦੀ ਘਰਵਾਲੀ ਇਸਤਰੀ ਨਾ ਹੋ ਕੇ ਹਿੱਜੜਾ ਏ। ਇਹ ਗੱਲ ਪਿੰਡ ਵਿਚ ਹੀ ਨਹੀਂ ਸਗੋਂ ਨਾਲ ਦੇ ਕਈ ਪਿੰਡਾਂ ਵਿਚ ਵੀ ਧੁੰਮ ਗਈ ਤੇ ਫਿਰ ਇਕ ਦਿਨ ਬੌਬੀ ਦਾ ਪਿਓ ਆਇਆ ਤੇ ਕੁੜੀ ਨੂੰ ਵਾਪਸ ਆਪਣੇ ਘਰ ਈਸਾ ਨਗਰੀ ਲੈ ਗਿਆ। ਕੁਝ ਮਹੀਨਿਆਂ ਬਾਅਦ ਪਤਾ ਚੱਲਿਆ ਕਿ ਬੌਬੀ ਫਿਰ ਮੁੜ ਆਈ ਏ।..ਤੇ ਫਿਰ ਵਰ੍ਹੇ-ਵਰ੍ਹੇ ਦੀ ਵਿੱਥ ਨਾਲ ਬੌਬੀ ਨੇ ਦੋ ਮੁੰਡੇ ਜੰਮੇ। ਹੈਰਾਨ ਹੋਏ ਲੋਕ ਵੀਰੂ ਕੋਲ ਉਹ ਹਿੱਜੜੇ ਵਾਲਾ ਕਿੱਸਾ ਛੇੜਦੇ ਤਾਂ ਵੀਰੂ ਨੀਵੀਂ ਪਾ ਕੇ ਉਥੋਂ ਖਿਸਕ ਜਾਂਦਾ।

ਸਭ ਤੋਂ ਛੋਟੇ ਛੋਹਰ ਸੱਤੇ ਦੇ ਜਗਤ ਪ੍ਰਵੇਸ਼ ਪਿੱਛੋਂ ਸਮੁੰਦੇ ਦੇ ਸਭ ਸਰਵਰ-ਸਰੋਤ ਸੁੱਕ ਗਏ ਤੇ ਤਾਂਜਾਂ ਦੀ ਖੇਤੀ ਵੀ ਨਿਸਰਨੋ ਰੁਕ ਗਈ। ਵੀਰੂ ਤੋਂ ਛੋਟੇ ਘੋਨੀ ਦਾ ਵਿਆਹ ਹੋਇਆ ਤਾਂ ਉਹ ਆਪਣੇ ਸਹੁਰੇ ਪਿੰਡ ਜਾ ਵੱਸਿਆ। ਤੀਜੇ ਨੰਬਰ ਵਾਲੇ ਜੱਗੇ ਦਾ ਢੋਅ-ਢੁੱਕ ਬਣਿਆ ਤਾਂ ਉਹ ਇਕ ਦਿਨ ਖੇਤ ’ਚੋਂ ਬਰਸੀਮ ਵੱਢਦਾ ਡਿੱਗੀ ਪਈ ਬਿਜਲੀ ਦੀ ਤਾਰ ਨਾਲ ਚਿੰਬੜ ਕੇ ਪੂਰਾ ਹੋ ਗਿਆ ਤੇ ਉਹਦੀ ਵਹੁਟੀ ਬਿਨ ਬੂਟਾ ਲਾਇਆਂ ਹੀ ਪੇਕਿਆਂ ਨੂੰ ਮੁੜ ਗਈ। ਇਨ੍ਹਾਂ ਹੀ ਦਿਨਾਂ ਵਿਚ ਸਮੁੰਦਾ ਆਪ ਵੀ ਮਸੀਹ ਨੂੰ ਪਿਆਰਾ ਹੋ ਗਿਆ। ਉਹਦੇ ਤੁਰ ਜਾਣ ਬਾਅਦ ਤਾਂਜਾਂ ਨੇ ਵੱਡੀ ਕੁੜੀ ਛਿੰਦੀ ਨੂੰ ਆਪਣੇ ਚਚੇਰੇ ਭਰਾ ਦੇ ਪੁੱਤ ਨਾਲ ਤੋਰ ਦਿੱਤਾ। ਛੋਟੀ ਕੁੜੀ ਮਾਹਣੀ ਸੱਪ ਦੇ ਡੱਸਣ ਨਾਲ ਚੱਲ ਵੱਸੀ। ਸੱਤੇ ਦਾ ਘਰ ਵੱਸਣ ਤੋਂ ਪਹਿਲਾਂ ਹੀ ਤਾਂਜਾਂ ਦਮ ਤੋੜ ਗਈ। ਜਿਸ ਥਾਵੇਂ ਸਮੁੰਦੇ ਦਾ ਖਜੂਰ ਦੇ ਛਤੀਰ ਵਾਲਾ ਕੋਠਾ ਸੀ, ਉਹ ਥਾਂ ਕਾਬਜ਼ ਭਾਈਵਾਲਾਂ ਨੇ ਵੰਡ ਲਈ। ਸਮੁੰਦੇ ਵੱਲੋਂ ਸੱਤੇ ਨੂੰ ਮਿਲੀ ਇਹ ਅਚੱਲ ਸੰਪਤੀ ਚੱਲ ਕੇ ਪਿੰਡ ਦੇ ਲਹਿੰਦੇ ਪਾਸੇ ਪੈਂਦੀਆਂ ਕਬਰਾਂ ਦੀ ਇਕ ਗੁੱਠੇ ਪਹੁੰਚ ਗਈ। ਇਹ ਨਵਾਂ ਬਣਿਆ ਕੋਠਾ, ਉਸਰਿਆ ਭਾਵੇਂ ਪੱਕੀਆਂ ਇੱਟਾਂ ਨਾਲ ਸੀ ਪਰ ਛੱਤ, ਬੂਹਾ ਤੇ ਬਾਰੀ ਪਹਿਲੇ ਕੋਠੇ ਵਾਲੇ ਹੀ ਸਨ। ਪਿੰਡ ਦੇ ਕੰਮਾਂ-ਧੰਦਿਆਂ ’ਚੋਂ ਰੋਜ਼ੀ-ਰੋਟੀ ਚੁਗਣ ਲਈ ਦੋ ਘਰ ਹੋਰ ਵੀ ਓਥੇ ਆ ਵੱਸੇ। ਇਨ੍ਹਾਂ ’ਚੋਂ ਇਕ ਘਰ ਨੇ ਬਿਜਲੀ ਦਾ ਓੜ-ਪੋੜ ਕਰ ਲਿਆ। ਰਾਤ ਉਤਰਦੀ ਹੈ ਤਾਂ ਇਥੋਂ ਤਾਰ ਖਿੱਚ ਕੇ ਸੱਤਾ ਆਪਣੇ ਪਿਓ ਵੱਲੋਂ ਮਿਲੀ ਵਿਰਾਸਤ ਨੂੰ ਉਂਝ ਹੀ ਜਗਮਗਾ ਦਿੰਦਾ ਏ ਜਿਵੇਂ ਰਾਜਿਆਂ-ਮਹਾਂਰਾਜਿਆਂ ਦੇ ਪੁਰਾਣੇ ਮਹਿਲਾਂ ਨੂੰ ਅੱਜਕੱਲ੍ਹ ਵਿਸ਼ੇਸ ਰੌਸ਼ਨੀਆਂ ਨਾਲ ਜਿਊਂਦਾ ਕਰ ਦਿੱਤਾ ਜਾਂਦੈ।



Summerside FINANCIAL



# ਸਮਰਸਾਈਡ ਫ਼ਾਈਨੈਂਸ਼ੀਅਲ

## Welcome to Summerside Financial

*We, at Summerside Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਮਰਸਾਈਡ ਫ਼ਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨਾਂਸ/ਵੇਚ ਨੂੰ ਇਕੋ ਬਕਸੇ ਵਿਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ ਵਿਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why Summerside Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਮਰਸਾਈਡ ਫ਼ਾਈਨੈਂਸ਼ੀਅਲ ਹੀ ਕਿਉਂ!

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, Summerside Financial is your loyal financial companion. We strive to be the best in the industry by providing innovative ways to help you achieve your financial needs.*

*Summerside Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let Summerside Financial be your loyal financial companion.*



## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ ਵਿਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) ਵਿਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ ਵਿਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ ਵਿਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।

## For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:

**Toll Free:1-877-816-3510**
**www.summersidefinancial.com**
#200, 17834 106A Avenue Edmonton, Alberta T5S 1V3

**Alan Ajit Walia**
**780-995-2719 (Cell)**
**780-705-6668 (Off.)**

*Email: info@summersidefinancial.com, Fax : 780-705-6641*

ਸਫ਼ਾ 26 ਦੀ ਬਾਕੀ

# ਕਾਂਗਰਸ ਜੋ ਰਾਤ ਨੂੰ ਕਰਦੀ ਹੈ, ਭਾਜਪਾ....

**ਸਵਾਲ– 15 ਅਗਸਤ ਨੂੰ ਮੋਦੀ ਨੇ ਲਾਲ ਕਿਲੇ ਤੋਂ ਕਿਹਾ ਸੀ ਕਿ ਫਿਰਕੂਵਾਦ ਨੂੰ 10 ਸਾਲ ਲਈ ਤਾਲੇ ਵਿਚ ਬੰਦ ਕਰ ਦਿਓ। ਘੱਟੋ-ਘੱਟ ਆਪਣੀ ਗੱਲ ਤਾਂ ਉਨ੍ਹਾਂ ਨੇ ਕਹੀ, ਫਿਰ ਜ਼ਿੰਮੇਵਾਰੀ ਉਨ੍ਹਾਂ 'ਤੇ ਕਿਉਂ ਆਉਂਦੀ ਹੈ?**

**ਅਰੁੰਧਤੀ–** ਜਦੋਂ ਤੁਸੀਂ ਪ੍ਰਧਾਨ ਮੰਤਰੀ ਹੁੰਦੇ ਹੋ ਤਾਂ ਜ਼ਿੰਮੇਵਾਰੀ ਤਾਂ ਤੁਹਾਡੇ 'ਤੇ ਆਏਗੀ। ਹੁਣ ਦੋ ਤਾਕਤਾਂ ਕੰਮ ਕਰ ਰਹੀਆਂ ਹਨ। ਵਿਦੇਸ਼ ਤੋਂ ਜੋ ਨਿਵੇਸ਼ ਲਿਆਉਣਾ ਚਾਹੁੰਦੇ ਹਨ, ਉਹ ਕਹਿੰਦੇ ਹਨ ਕਿ ਮਾਹੌਲ ਸੁਧਾਰ ਲਓ ਪਰ ਜੋ ਤੁਹਾਨੂੰ ਵੋਟ ਦਿੰਦੇ ਹਨ, ਉਹ ਕੁਝ ਵੱਖਰਾ ਸੋਚ ਰਹੇ ਹਨ। ਅਜਿਹੇ ਸਮੇਂ ਤੁਸੀਂ ਕਹਿੰਦੇ ਹੋ ਤੇ ਜੋ ਕਰਦੇ ਹੋ, ਦੋਵੇਂ ਵੱਖ ਵੱਖ ਹੋ ਜਾਂਦੇ ਹਨ। ਦਾਦਰੀ ਦੀ ਘਟਨਾ ਵਾਪਰੀ ਤਾਂ ਪ੍ਰਧਾਨ ਮੰਤਰੀ ਚੁੱਪ ਰਹੇ।

**ਸਵਾਲ– ਤਾਂ ਕੀ ਤੁਸੀਂ ਇਹ ਕਹਿ ਰਹੀ ਹੋ ਕਿ ਜੇਕਰ ਆਰ.ਐਸ.ਐਸ. ਹਿੰਦੂ ਰਾਸ਼ਟਰ ਦਾ ਏਜੰਡਾ ਲਾਗੂ ਕਰ ਰਿਹਾ ਹੈ, ਪ੍ਰਧਾਨ ਮੰਤਰੀ ਉਸ ਨਾਲ ਹਨ ਜਾਂ ਉਨ੍ਹਾਂ ਵਿਚਾਲੇ ਕੁਝ ਤਣਾਅ ਜਾਂ ਖਿਚਾਅ ਹੈ?**

**ਅਰੁੰਧਤੀ–** ਮੇਰੇ ਖ਼ਿਆਲ ਨਾਲ ਇਸ ਵਿਚ ਹੋਰ ਤਣਾਅ ਆਉਣ ਵਾਲਾ ਹੈ। ਹਾਲਾਂਕਿ ਮੈਂ ਇਸ ਮਾਮਲੇ ਵਿਚ ਐਕਸਪਰਟ ਤਾਂ ਨਹੀਂ ਹਾਂ ਪਰ ਏਨਾ ਤਾਂ ਤੈਅ ਹੈ ਕਿ ਜਿਨ੍ਹਾਂ ਨੇ ਉਨ੍ਹਾਂ ਨੂੰ ਵੋਟ ਦਿੱਤਾ ਹੈ ਤੇ ਜੋ ਉਦਯੋਗਪਤੀ ਉਨ੍ਹਾਂ ਨੂੰ ਇਸ ਅਹੁਦੇ 'ਤੇ ਲਿਆਏ ਹਨ, ਉਨ੍ਹਾਂ ਦੋਹਾਂ ਵਿਚ ਬਹੁਤ ਤਣਾਅ ਹੈ।

**ਸਵਾਲ– ਅਜਿਹਾ ਕਿਉਂ ਹੈ ਕਿ ਜਦੋਂ ਦਲਿਤਾਂ 'ਤੇ ਅਤਿਆਚਾਰ ਹੁੰਦਾ ਹੈ ਤਾਂ ਸਿਰਫ਼ ਦਲਿਤ ਸੰਗਠਨ ਬਿਆਨ ਦਿੰਦੇ ਹਨ। ਜਦੋਂ ਮੁਸਲਮਾਨਾਂ 'ਤੇ ਅਤਿਆਚਾਰ ਹੁੰਦਾ ਹੈ ਤਾਂ ਕਥਿਤ ਧਰਮ ਨਿਰਪੱਖ ਬ੍ਰਿਗੇਡ ਖੜ੍ਹੀ ਹੋ ਜਾਂਦੀ ਹੈ। ਕੀ ਤੁਹਾਨੂੰ ਨਹੀਂ ਲਗਦਾ ਕਿ ਦਲਿਤਾਂ 'ਤੇ ਕੀਤਾ ਜਾਣ ਵਾਲਾ ਅਤਿਆਚਾਰ, ਕੁਝ ਘੱਟ ਅਤਿਆਚਾਰ ਤੇ ਮੁਸਲਮਾਨਾਂ 'ਤੇ ਅਤਿਆਚਾਰ ਵੱਧ ਮੰਨਿਆ ਜਾਂਦਾ ਹੈ?**

**ਅਰੁੰਧਤੀ–** ਬਿਲਕੁਲ ਸਹੀ ਗੱਲ ਹੈ। ਮੈਂ ਇਹ ਮੰਨਦੀ ਹਾਂ। ਮੈਂ ਇਸ 'ਤੇ ਕਾਫ਼ੀ ਕੁਝ ਲਿਖਿਆ ਵੀ ਹੈ। ਜਦੋਂ ਕੋਈ ਉੱਚੀ ਜਾਤੀ ਦਾ ਹਿੰਦੂ ਮਾਰਿਆ ਜਾਂਦਾ ਹੈ, ਕੋਈ ਦਲਿਤ ਮਾਰਿਆ ਜਾਂਦਾ ਹੈ ਤੇ ਮੁਸਲਮਾਨ ਮਾਰਿਆ ਜਾਂਦਾ ਹੈ ਤਾਂ ਵੱਖ ਵੱਖ ਗੱਲਾਂ ਹੁੰਦੀਆਂ ਹਨ। ਹਾਲ ਹੀ ਵਿਚ ਹੀ ਦਲਿਤਾਂ ਖ਼ਿਲਾਫ਼ ਬਹੁਤ ਕੁਝ ਹੋਇਆ ਹੈ ਪਰ ਏਨਾ ਹੱਲਾ ਨਹੀਂ ਮਚਿਆ।

**ਸਵਾਲ– ਉਦੋਂ ਤੁਸੀਂ ਪੁਰਸਕਾਰ ਵਾਪਸ ਕਰਨ ਦਾ ਫ਼ੈਸਲਾ ਕਿਉਂ ਨਹੀਂ ਲਿਆ?**

**ਅਰੁੰਧਤੀ–** ਨਹੀਂ...ਨਹੀਂ...ਪੁਰਸਕਾਰ ਵਾਪਸ ਕਰਨ ਨਾਲ ਕੀ ਹੁੰਦਾ ਹੈ। ਮੈਂ ਦਲਿਤਾਂ ਬਾਰੇ ਵੀ ਲਿਖਿਆ ਹੈ ਤੇ ਮੈਨੂੰ ਲਗਦਾ ਹੈ ਕਿ ਇਸ ਮੁੱਦੇ 'ਤੇ ਵੀ।

**ਸਵਾਲ– ਕੁਝ ਦਲਿਤ ਵਿਦਵਾਨਾਂ ਦਾ ਮੰਨਣਾ ਹੈ ਕਿ 1947 ਵਿਚ ਜੇਕਰ ਹਰ ਮੁਸਲਮਾਨ ਪਾਕਿਸਤਾਨ ਚਲਾ ਜਾਂਦਾ ਹੈ ਤਾਂ ਦਲਿਤ ਹੀ ਨਿਸ਼ਾਨਾ ਬਣਦੇ ਹਨ। ਸਿ ਮਾਨਤਾ ਵਿਚ ਕੀ ਕੋਈ ਸੱਚ ਹੈ?**

**ਅਰੁੰਧਤੀ–** ਦਲਿਤ ਤਾਂ ਹੁਣ ਵੀ ਨਿਸ਼ਾਨਾ ਬਣ ਰਹੇ ਹਨ। ਦਲਿਤਾਂ ਦੀ ਸਮੱਸਿਆ ਨੂੰ ਸਿਰਫ਼ ਰਾਖਵਾਂਕਰਨ ਤਕ ਸੀਮਤ ਕਰ ਦਿੱਤਾ ਗਿਆ ਹੈ। ਦਲਿਤਾਂ ਦਾ ਮਾਮਲਾ ਸਿਰਫ਼ ਕਤਲੇਆਮ ਤਕ ਨਹੀਂ ਹੈ। ਜਾਤੀ ਬਾਰੇ ਸਾਰੀ ਬਹਿਸ ਸਿਰਫ਼ ਚੋਣਾਂ ਸਮੇਂ ਹੀ ਹੁੰਦੀ ਹੈ। ਕੋਈ ਵੀ ਇਸ ਬਾਰੇ ਗੰਭੀਰ ਬਹਿਸ ਨਹੀਂ ਕਰਦਾ। ਬਿਹਾਰ ਚੋਣਾਂ ਜਦੋਂ ਤਕ ਹਨ, ਉਦੋਂ ਤਕ ਸਾਰੀਆਂ ਜਾਤੀਆਂ ਦੇ ਰਖਵਾਲੇ ਬਣ ਜਾਂਦੇ ਹਨ, ਜਿਵੇਂ ਹੀ ਚੋਣਾਂ ਖ਼ਤਮ ਹੋਈਆਂ, ਜਾਤੀ 'ਤੇ ਕੋਈ ਗੱਲ ਨਹੀਂ ਕਰੇਗਾ। ਦਲਿਤ ਬਾਰੇ ਕੋਈ ਗੱਲ ਨਹੀਂ ਕਰੇਗਾ।

ਇਹ ਕੋਈ ਨਹੀਂ ਪੁਛੇਗਾ ਕਿ ਉਦਯੋਗਪਤੀ, ਸੁਪਰੀਮ ਕੋਰਟ ਦੇ ਜੱਜ, ਪ੍ਰੋਫੈਸਰ, ਸੰਪਾਦਕ ਕਿਸ ਜਾਤੀ ਦੇ ਹਨ? ਅਖ਼ਬਾਰ ਕਿਸ ਜਾਤੀ ਦੇ ਹੱਥ ਵਿਚ ਹੈ। ਪੂੰਜੀ ਕਿਸ ਕੋਲ ਹੈ? ਜਾਤੀ ਅਤੇ ਪੂੰਜੀ ਇਕ ਹੋ ਕੇ ਕੀ ਬਣਿਆ ਹੈ?

**ਸਵਾਲ– ਜੋ ਰੁਖ਼ ਕਲਾਕਾਰਾਂ ਨੇ ਲਿਆ ਹੈ, ਇਹ ਕੀ ਮਜ਼ਬੂਤ ਬਹੁਮਤ ਵਾਲੀ ਸਰਕਾਰ ਨੂੰ ਹਿਲਾ ਸਕੇਗਾ ਜਾਂ ਇਹ ਬਹਿਸ ਸਿਰਫ਼ ਮਜ਼ਾਕ ਬਣ ਕੇ ਰਹਿ ਜਾਏਗੀ?**

**ਅਰੁੰਧਤੀ–** ਜਦੋਂ ਕਿਸੇ ਨੂੰ ਸੱਟ ਲਗਦੀ ਹੈ, ਉਦੋਂ ਹੀ ਤਾਂ ਗਾਲ੍ਹਾਂ ਨਿਕਲਦੀਆਂ ਹਨ, ਉਦੋਂ ਹੀ ਮਜ਼ਾਕ ਉਡਾਇਆ ਜਾਂਦਾ ਹੈ। ਇਹ ਬਹੁਤ ਵੱਡੀ ਗੱਲ ਹੋਈ ਹੈ। ਸਾਰਿਆਂ ਨੂੰ ਪਤਾ ਹੈ। ਇਸ ਤੋਂ ਅੱਗੇ ਕੀ ਹੋਵੇਗਾ ਪਤਾ ਨਹੀਂ। ਐਵਾਰਡ ਲੈਣਾ-ਦੇਣਾ ਬਹੁਤ ਵੱਡੀ ਗੱਲ ਨਹੀਂ ਹੈ ਮੇਰੇ ਲਈ।

**ਸਵਾਲ– ਐਵਾਰਡ ਵਾਪਸ ਕਰਨ ਨਾਲ ਮਾਹੌਲ ਤਾਂ ਘੱਟੋ-ਘੱਟ ਸਿਆਸੀ ਬਣਿਆ ਹੈ? ਤੁਸੀਂ ਕੀ ਮੰਨਦੇ ਹੋ?**

**ਅਰੁੰਧਤੀ–** ਮੈਨੂੰ ਲਗਦਾ ਹੈ ਕਿ ਅੱਗੋਂ ਕਲਾਕਾਰਾਂ, ਲੇਖਕਾਂ ਨੂੰ ਸੋਚ-ਸਮਝ ਕੇ ਲਿਖਣਾ ਪਏਗਾ, ਸਟੈਂਡ ਲੈਣਾ ਪਏਗਾ। ਐਵਾਰਡ ਲੈਣਾ ਜਾਂ ਮਨ੍ਹਾ ਕਰਨਾ ਬਹੁਤ ਵੱਡੀ ਗੱਲ ਹੋ ਜਾਵੇਗੀ।

ਸਫ਼ਾ 16 ਦੀ ਸੰਪਾਦਕੀ ਬਾਕੀ

# ਲੋਕ ਏਕਤਾ ਹੀ ਅਰਾਜਕ ਹਕੂਮਤ ਨੂੰ ਵਾਜਬ ਜੁਆਬ

ਜਿਸ ਨੂੰ ਭਾਰਤੀ ਅਵਾਮ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕਰ ਸਕਦਾ। ਦੁਨੀਆ ਦਾ ਲੋਕ ਇਤਿਹਾਸ ਅਜਿਹੀਆਂ ਹਜ਼ਾਰਾਂ-ਹਜ਼ਾਰ ਮਿਸਾਲਾਂ ਨਾਲ ਭਰਿਆ ਪਿਆ ਹੈ ਜਦੋਂ ਕੁਰਸੀ ਦੇ ਪਾਵਿਆਂ ਨੂੰ ਚਿੰਬੜੇ ਰਹਿਣ ਦੀ ਚਾਹਤ ਵਿਚ ਹਾਕਮਾਂ ਦੀ ਅਵਾਮੀ ਹਕ-ਹਕੂਕਾਂ ਨੂੰ ਦਰੜ ਦੇਣ ਦੀ ਨੀਤੀ ਨੂੰ ਲੋਕ-ਸ਼ਕਤੀ ਨੇ ਖੇਰੂੰ-ਖੇਰੂੰ ਕੀਤਾ ਹੈ। ਪੰਜਾਬੀ ਅਵਾਮ ਵਿਚ ਵੀ ਬਰਦਾਸ਼ਤ ਦਾ ਕਾਫ਼ੀ ਮਾਦਾ ਹੈ ਪਰ ਹਰ ਚੀਜ਼ ਦੀ ਸੀਮਾ ਤਾਂ ਕੋਈ ਨਾ ਕੋਈ ਹੁੰਦੀ ਹੀ ਹੈ ਨਾ? ਪੰਜਾਬੀ ਅਵਾਮ ਦੀ ਬਰਦਾਸ਼ਤ ਦੀ ਸੀਮਾ ਵੀ ਟੁੱਟਣ ਹੀ ਵਾਲੀ ਹੈ। ਅਸਹਿਮਤੀ ਅਤੇ ਵਿਰੋਧ ਦੇ ਹੱਕ ਨਾ ਕਦੇ ਪਹਿਲਾਂ ਅਵਾਮ ਨੇ ਛੱਡੇ ਹਨ ਤੇ ਨਾ ਹੀ ਹੁਣ ਛੱਡਣੇ ਹਨ ਪਰ ਵਿਰੋਧ ਦੇ ਤੌਰ ਤਰੀਕਿਆਂ ਦਾ ਚਿੰਤਨ-ਮਨਨ ਕਰਨਾ ਜ਼ਰੂਰੀ ਹੈ। ਇਸ ਅਰਾਜਕ ਸੱਤਾ ਦਾ ਵਿਰੋਧ ਇੱਕਾ-ਦੁੱਕਾ ਨਾ ਹੋ ਕੇ ਸਮੂਹਕ ਹੋਵੇ; ਇਹਦੀ ਜ਼ਿੰਮੇਵਾਰੀ ਉਨ੍ਹਾਂ ਲੋਕ-ਪੱਖੀ ਧਿਰਾਂ ਸਿਰ ਹੈ; ਜਿਹੜੀਆਂ ਹਰ ਪੱਧਰ 'ਤੇ ਹਕੂਮਤੀ ਜਬਰ ਵਿਰੁੱਧ ਲੜਦੀਆਂ-ਭਿੜਦੀਆਂ ਆਈਆਂ ਹਨ ਪਰ ਲੋਕ ਸ਼ਕਤੀ ਦੀ ਇਕਮੁੱਠਤਾ ਵੱਲ ਨਹੀਂ ਵੱਧ ਪਾ ਰਹੀਆਂ ਹਨ। ਪੰਜਾਬ ਵਿਚ ਕਾਰਜਸ਼ੀਲ ਲੋਕ-ਪੱਖੀ ਧਿਰਾਂ ਨੂੰ ਅੱਜ ਪੰਜਾਬੀ ਅਵਾਮ ਦੀਆਂ ਸਾਂਝੀਆਂ ਲੋੜਾਂ, ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦਿਆਂ ਨਿੱਕੇ-ਮੋਟੇ ਮਤਭੇਦਾਂ ਨੂੰ ਤਿਆਗ ਕੇ ਵਿਸ਼ਾਲ ਅਤੇ ਇਕਮੁੱਠ ਜੱਦੋ-ਜਹਿਦ ਵੱਲ ਵੱਧਣ ਦੀ ਜ਼ਰੂਰਤ ਹੈ। ਇਹੀ ਇਕੋ-ਇਕ ਰਸਤਾ ਹੈ; ਜੋ ਹਕੂਮਤ ਦੇ ਹਰ ਹਮਲੇ ਦਾ ਵਾਜਬ ਜੁਆਬ ਹੋ ਸਕਦਾ ਹੈ। ਇਸ ਮਹੱਤਵਪੂਰਨ ਕਾਰਜ ਵਿਚ ਪੰਜਾਬ ਦੀ ਚਿੰਤਾ ਕਰਨ ਵਾਲੇ ਬੁੱਧੀਜੀਵੀ ਵਰਗ ਦੀ ਸਰਗਰਮ ਸ਼ਮੂਲੀਅਤ ਵੀ ਬੇਹੱਦ ਜ਼ਰੂਰੀ ਹੈ।

ਸਫ਼ਾ 32 ਦੀ ਬਾਕੀ

# ਪਹਿਲੀ ਸੰਸਾਰ ਜੰਗ, ਦੂਜਾ ਗ਼ਦਰ ਤੇ ਭਾਰਤੀ ਮਾਨਸਿਕਤਾ

ਮਹਾਤਮਾ ਗਾਂਧੀ ਦੇ ਵਾਇਸਰਾਏ ਦੇ ਨਿੱਜੀ ਸਕੱਤਰ ਨੂੰ ਲਿਖੇ ਪੱਤਰ ਇਸ ਗੱਲ ਦਾ ਸਬੂਤ ਹਨ ਕਿ ਮਹਾਤਮਾ ਗਾਂਧੀ ਅੰਗਰੇਜ਼ਾਂ ਲਈ ਉਸ ਸੇਫ਼ਟੀ ਵਾਲਵ ਦਾ ਕੰਮ ਕਰ ਰਿਹਾ ਸੀ। ਅਹਿੰਸਾ ਦਾ ਹਥਿਆਰ ਗਾਂਧੀ ਅੰਗਰੇਜ਼ਾਂ ਦੇ ਰਾਜ ਦੀ ਉਮਰ ਲੰਮੇਰੀ ਕਰਨ ਨੂੰ ਵਾਰ-ਵਾਰ ਵਰਤਦਾ ਰਿਹਾ ਤੇ ਇਸ ਦੇ ਨਾਲ ਅੰਗਰੇਜ਼ਾਂ ਦੇ ਸੈਨਿਕ ਜ਼ੁਲਮ ਨੂੰ ਸ਼ਾਂਤੀ ਲਈ ਵਾਜਬ ਠਹਿਰਾਉਂਦਾ ਰਿਹਾ। ਇਸ ਤਰੀਕੇ ਨਾਲ ਸਤਿਆਗ੍ਰਹਿ ਤੇ ਬਰਤਾਨਵੀ ਸੈਨਾ ਇਕ ਦੂਸਰੇ ਦੇ ਪੂਰਕ ਸਨ। ਦੋਹਾਂ ਦਾ ਕੰਮ ਲੋਕ ਵਿਦਰੋਹ ਨੂੰ ਕੁਚਲਣਾ ਸੀ। ਇਸੇ ਕਰਕੇ ਨਿੱਜੀ ਸਕੱਤਰ ਨੇ ਗਾਂਧੀ ਨੂੰ ਸਲਾਹ ਦਿੰਦਿਆਂ ਲਿਖਿਆ ਸੀ, ''ਬਹੁਤ ਜ਼ਿਆਦਾ ਵਰਤ ਨਾ ਰੱਖੋ, ਤੁਸੀਂ ਅਜੇ ਐਨੇ ਤਾਕਤਵਰ ਵੀ ਨਹੀਂ ਹੋ, ਮੇਰਾ ਭਰੋਸਾ ਹੈ ਕਿ ਤੁਹਾਡਾ ਪ੍ਰਭਾਵ ਅਜਿਹਾ ਹੈ ਜਿਸ ਦੀ ਸਾਨੂੰ ਪੂਰੀ ਲੋੜ ਰਹਿੰਦੀ ਹੈ।'' (ਭਾਰਤ ਦਾ ਮੁਕਤੀ ਸੰਘਰਸ਼ (ਜੇ ਐਲ. ਗੈਫ਼ੀ. ਨੂੰ ਗਾਂਧੀ, 20 ਅਪ੍ਰੈਲ 1919, ਸੀਰੀਅਲ ਨੰ. 6551, ਬਰਾਊਨ : ਗਾਂਧੀਜ਼ ਰਾਈਜ਼ ਟੂ ਪਾਵਰ, ਪੰਨਾ 179 ਤੋਂ ਉਧਰਿਤ))

ਇਕ ਪਾਸੇ ਗਾਂਧੀ ਤੇ ਉਸ ਦੀ ਅਗਵਾਈ ਵਾਲੀ ਪਾਰਟੀ ਸੀ ਅਤੇ ਦੂਸਰੇ ਪਾਸੇ ਭਾਰਤ ਨੂੰ ਆਜ਼ਾਦ ਕਰਾਉਣ ਵਾਲੇ ਗ਼ਦਰੀ ਜੇਲ੍ਹਾਂ ਵਿੱਚ ਸੜ ਰਹੇ ਸਨ।

ਗ਼ਦਰੀਆਂ ਲਈ ਚਿੰਤਾ ਇਹ ਸੀ ਕਿ ਸ਼ਰੀਕ ਉਨ੍ਹਾਂ ਦੇ ਜੰਮਣ ਤੋਂ ਪਹਿਲਾਂ ਹੀ ਜਵਾਨ ਹੋ ਚੁੱਕੇ ਸਨ; ਜੋ ਗਰਭ ਵਿੱਚ ਹੀ ਇਨਕਲਾਬੀ ਸੰਭਾਵਨਾਵਾਂ ਦਾ ਖ਼ਾਤਮਾ ਕਰ ਦੇਣਾ ਚਾਹੁੰਦੇ ਸਨ। ਇਸ ਦੇ ਨਾਲ ਹੀ ਉਹ ਧਿਰਾਂ ਵੀ ਚਿੰਤਾ ਦਾ ਵਿਸ਼ਾ ਸਨ ਜਿਨ੍ਹਾਂ ਦੀ ਬਦੌਲਤ 1857 ਦਾ ਗ਼ਦਰ ਫੇਲ੍ਹ ਹੋਕਿਆ ਸੀ ਤੇ ਜਿਹੜੀਆਂ ਅੱਜ ਵੀ ਬਰਤਾਨਵੀ ਤੰਤਰ ਦੀਆਂ ਭਾਰਤ ਵਿੱਚ ਜੜ੍ਹਾਂ ਮਜਬੂਤ ਕਰ ਰਹੀਆਂ ਸਨ।

ਅੰਗਰੇਜ਼ ਪ੍ਰਸਤ ਸਿੱਖ ਆਗੂਆਂ ਵੱਲੋਂ ਅੰਗਰੇਜ਼ਾਂ ਦੀ ਮਦਦ ਲਈ ਬਣਾਈ ਜਥੇਬੰਦੀ ਚੀਫ਼ ਖ਼ਾਲਸਾ ਦੀਵਾਨ ਦੇ ਆਗੂਆਂ ਨੇ ਸਰ ਮਾਈਕਲ ਉਡਵਾਇਰ ਦੀ ਰਿਟਾਇਰਮੈਂਟ ਪਾਰਟੀ 'ਤੇ 12 ਮਈ 1919 ਨੂੰ ਲਾਹੌਰ ਗੌਰਮਿੰਟ ਹਾਊਸ ਵਿੱਚ ਇਹ ਐਡਰਸ ਪੜ੍ਹਿਆ ਸੀ, ''ਵਕਤ ਜਿਸ ਵਿਚੋਂ ਅਸੀਂ ਲੰਘ ਚੁੱਕੇ ਹਾਂ ਬੜਾ ਸਖ਼ਤ ਤੇ ਚਿੰਤਾਜਨਕ ਸੀ। ਆਪਣੀ ਦ੍ਰਿੜਤਾ, ਸਿਆਣਪ ਅਤੇ ਭਿੰਨ-ਭਿੰਨ ਤਜਰਬੇ ਨਾਲ ਤੁਸੀਂ ਸੂਬੇ ਦੇ ਲੋਕਾਂ ਨੂੰ ਉਨ੍ਹਾਂ ਦੇ ਸਲਤਨਤ ਪ੍ਰਤੀ ਕਰਤਵ ਨੂੰ ਕੀਮਤੀ ਅਤੇ ਯੋਗ ਢੰਗਾਂ ਨਾਲ ਨਿਭਾਉਣ ਲਈ ਅਗਵਾਈ ਦਿੱਤੀ ਇਹ ਸਭ ਹਜ਼ੂਰ ਵੱਲੋਂ ਹਾਲਤ ਨੂੰ ਸਿਆਣਪ ਨਾਲ ਨਜਿੱਠਣ ਨਾਲ ਹੋਇਆ।''(ਵਿਰਲੀ, ਇਨਕਲਾਬ, 53)

ਇਹ ਬਹੁਤ ਹੀ ਸ਼ਰਮ ਦੀ ਗੱਲ ਸੀ ਕਿ ਭਾਰਤ ਦਾ ਕੋਈ ਵੀ ਕੌਮੀ ਆਗੂ ਬਰਤਾਨਵੀ ਹਾਕਮਾਂ ਦੀਆਂ ਚਾਲਾਂ ਦੇ ਵਿਰੁੱਧ ਲੋਕ ਉਭਾਰ ਪੈਦਾ ਕਰਨਾ ਤਾਂ ਦੂਰ ਸਗੋਂ ਉਨ੍ਹਾਂ ਦੀਆਂ ਘਟੀਆਂ ਚਾਲਾਂ ਦਾ ਵਿਰੋਧ ਵੀ ਨਹੀਂ ਸੀ ਕਰਦਾ। ਇਸ ਦੇ ਉਲਟ ਅੰਗਰੇਜ਼ ਪ੍ਰਸਤਾਂ ਦੀ ਇਕ ਵੱਡੀ ਫ਼ੌਜ ਆਪਣਾ ਕੰਮ ਕਰ ਰਹੀ ਸੀ। ਭਾਵੇਂ ਭਾਰਤੀਆਂ ਨੇ ਪਹਿਲੀ ਸੰਸਾਰ ਜੰਗ ਵਿੱਚ ਵੱਡੀਆਂ ਕੁਰਬਾਨੀਆਂ ਕੀਤੀਆਂ ਸਨ ਪਰ ਇਨ੍ਹਾਂ ਕੁਰਬਾਨੀਆਂ ਦੇ ਬਦਲੇ ਭਾਰਤੀਆਂ ਨੂੰ ਮਿਲਿਆ ਸੀ ਰੌਲਟ ਐਕਟ ਅਤੇ ਜਲ੍ਹਿਆਂ ਵਾਲੇ ਬਾਗ਼ ਦਾ ਕਤਲੇਆਮ। ਦੂਸਰੇ ਪਾਸੇ ਰੂਸੀ ਫ਼ੌਜ ਦਾ ਇਤਿਹਾਸ ਹੈ, ਜਿਹੜੀ ਪਹਿਲੀ ਸੰਸਾਰ ਜੰਗ ਹਾਰ ਕੇ ਜਦੋਂ ਆਪਣੇ ਪਿੰਡਾਂ ਵਿੱਚ ਪਹੁੰਚੀ ਤਾਂ ਉਹ ਰਜਵਾੜਾਸ਼ਾਹੀ ਦੇ ਖ਼ਿਲਾਫ਼ ਉਠ ਖੜ੍ਹੀ ਹੋਈ ਤੇ ਉਹ ਕਿਸਾਨੀ ਦੀ ਲਹਿਰ ਵਿੱਚ ਸ਼ਾਮਲ ਹੋ ਗਈ ਜਦ ਕਿ ਪੰਜਾਬ ਤੇ ਭਾਰਤ ਦੇ ਜੇਤੂ ਫ਼ੌਜੀ ਬਰਤਾਨੀਆ ਦੇ ਹੱਕ ਵਿੱਚ ਆਪਣਿਆਂ ਦੇ ਖ਼ਿਲਾਫ਼ ਡਟ ਗਏ।

ਇਸ ਗ਼ੁਲਾਮ ਜ਼ਹਿਨੀਅਤ ਬਾਰੇ ਭਾਈ ਸੰਤੋਖ ਸਿੰਘ ਕਿਰਤੀ ਨੇ ਲਿਖਿਆ ਸੀ, ''ਇਸ ਨਾਜ਼ੁਕ ਘੜੀ, ਭਾਰਤ ਦੀ ਅਖੌਤੀ ਕੌਮਪ੍ਰਸਤ ਪਾਰਟੀ ਤੇ ਇਹਦੇ ਨੇਤਾ ਬਰਤਾਨੀਆ ਦੀ ਸਹਾਇਤਾ ਲਈ ਵਚਨਬੱਧ ਹੋ ਗਏ ਸਨ ਤੇ ਅਸਲ ਵਿੱਚ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕਰ ਰਹੇ ਸਨ। ਇਨ੍ਹਾਂ ਨੇਤਾਵਾਂ ਦੀ ਸਹਾਇਤਾ ਨਾਲ ਬਰਤਾਨਵੀ ਸਰਕਾਰ ਇਨਕਲਾਬੀਆਂ ਵਿਰੁੱਧ ਆਮ ਲੋਕਾਂ ਦੇ ਮਨਾਂ ਵਿੱਚ ਇਹ ਆਖ ਕੇ ਜ਼ਹਿਰ ਭਰ ਰਹੀ ਸੀ ਕਿ ਇਹ ਧਰਮ ਦੇ ਦੋਖੀ ਹਨ ਤੇ ਉਨ੍ਹਾਂ ਨੂੰ ਡਾਕੂ ਆਖ ਕੇ ਬਦਨਾਮ ਕੀਤਾ ਜਾ ਰਿਹਾ ਸੀ। ਜੋ ਜਨਤਕ ਅਮਨ ਤੇ ਲੋਕਾਂ ਦੇ ਜਾਨ-ਮਾਲ ਲਈ ਖ਼ਤਰਨਾਕ ਸਨ। ਉਸ ਵੇਲੇ ਆਮ ਲੋਕ ਸੁਤੰਤਰਤਾ ਤੇ ਆਜ਼ਾਦੀ ਆਦਿ ਦੇ ਅਰਥਾਂ ਤੋਂ ਲਗਭਗ ਬੇਖ਼ਬਰ ਹੀ ਸਨ।'' (ਜੋਸ਼, ਗ਼ਦਰ ਪਾਰਟੀ ਦਾ ਇਤਿਹਾਸ, 138 )

ਪਹਿਲੀ ਸੰਸਾਰ ਜੰਗ ਵਿੱਚ ਕੀਤੀ ਅੰਗਰੇਜ਼ਾਂ ਦੀ ਮਦਦ ਤੇ ਬਦਲੇ ਵਿੱਚ ਮਿਲਿਆ ਇਨਾਮ ਭਾਰਤੀਆਂ ਨੂੰ ਸ਼ਰਮਸਾਰ ਕਰ ਰਿਹਾ ਸੀ। ਭਾਰਤੀਆਂ ਦੇ ਕੰਨਾਂ ਵਿੱਚ ਜਨਰਲ ਡਾਇਰ ਦੇ ਬੋਲ ਗੂੰਜ ਰਹੇ ਸਨ ਜੋ ਉਸ ਨੇ ਜਲ੍ਹਿਆਂਵਾਲੇ ਬਾਗ਼ ਵਿੱਚ ਬੜੀ ਬੇਸ਼ਰਮੀ ਨਾਲ ਕਹੇ ਸਨ, ''ਜੇ ਤੁਸੀਂ ਅਮਨ ਲੋੜਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਣਾ ਕਰੋ...ਨਹੀਂ ਤਾਂ ਮੈਂ ਗੋਲੀ ਮਾਰ ਦਿਆਂਗਾ। ਮੇਰੇ ਲਈ ਫ਼ਰਾਂਸ ਤੇ ਅੰਮ੍ਰਿਤਸਰ ਦੇ ਮੈਦਾਨੇ-ਜੰਗ ਇਕ ਸਮਾਨ ਹੀ ਹਨ।''

ਭਾਰਤ ਦੀਆਂ ਪਰਸਥਿਤੀਆਂ ਇਨਕਲਾਬੀ ਗਤੀਵਿਧੀਆਂ ਲਈ ਭਾਵੇਂ ਬਹੁਤੀਆਂ ਸਾਜ਼ਗਰ ਨਹੀਂ ਸਨ ਪਰ ਗ਼ਦਰੀ ਦੇਸ਼ ਭਗਤ ਆਜ਼ਾਦੀ ਪ੍ਰਾਪਤ ਕਰਨ ਦੇ ਆਪਣੇ ਪਹਿਲੇ ਇਰਾਦੇ ਉੱਪਰ ਦ੍ਰਿੜ ਬੈਠੇ ਸਨ। ਉਨ੍ਹਾਂ ਨੇ ਜੇਲ੍ਹ ਵਿੱਚ ਹੀ ਜਲ੍ਹਿਆਂਵਾਲੇ ਬਾਗ਼ ਦੇ ਕਤਲੇਆਮ ਦੀ ਨਿਖੇਧੀ ਕੀਤੀ ਸੀ ਤੇ ਅਮਰੀਕਾ ਵਿੱਚ ਇਸ ਜ਼ੁਲਮ ਦੇ ਖ਼ਿਲਾਫ਼ ਵੱਡਾ ਇਕੱਠ ਕਰਕੇ ਆਪਣਾ ਰੋਸ ਦੁਨੀਆ ਭਰ ਵਿੱਚ ਦਰਜ ਕਰਵਾਇਆ ਸੀ। ਇਸ ਕਤਲੇਆਮ ਦੀ ਤੁਲਨਾ 1905 ਦੇ ਇਨਕਲਾਬ ਦੇ ਖ਼ੂਨ-ਖ਼ਰਾਬੇ ਨਾਲ ਕਰਦਿਆਂ ਤਾਰਕਨਾਥ ਦਾਸ ਨੇ ਕਿਹਾ ਸੀ, ''ਸਾਨੂੰ ਸੰਸਾਰ ਭਰ ਦੇ ਸਮਾਜਵਾਦੀਆਂ ਦੀ ਮਦਦ ਦੀ ਲੋੜ ਹੈ।'' ਉਸ ਵੇਲੇ ਤੱਕ ਅਜੇ ਭਾਰਤ ਅੰਦਰ ਨਾ ਤੇ ਕਮਿਉਨਿਸਟ ਪਾਰਟੀ ਹੀ ਬਣੀ ਸੀ ਤੇ ਨਾ ਹੀ ਮਾਰਕਸਵਾਦ ਦੀਆਂ ਜੜ੍ਹਾਂ ਹੀ ਲੱਗੀਆਂ ਸਨ ਪਰ ਮਹਾਤਮਾ ਗਾਂਧੀ ਤੇ ਅੰਗਰੇਜ਼ ਦੀ ਤਰਜ਼ 'ਤੇ ਮੈਗਜ਼ੀਨ 'ਲਿਟ੍ਰੇਰੀ ਡਾਈਜੈਸਟ' ਨੇ ਅਮਰੀਕਾ ਵਿੱਚ ਬਰਤਾਨਵੀ ਹਾਕਮਾਂ ਦੇ ਇਸ਼ਾਰੇ 'ਤੇ ਇਹ ਕੂੜ ਪ੍ਰਚਾਰ ਕਰਦਿਆਂ ਲਿਖਿਆ ਸੀ, ''ਬਾਲਸ਼ਵਿਕਾਂ ਨੇ ਹਿੰਦੁਸਤਾਨ ਵਿੱਚ ਕਤਲੋਗਾਰਤ ਕਰਵਾਈ ਹੈ ਅਤੇ ਬਰਤਾਨਵੀ ਸਰਕਾਰ ਨੇ ਰੂਸ ਦੇ ਬਾਲਸ਼ਵਿਕਾਂ ਤੇ ਪੰਜਾਬ ਵਿਚਲੀ ਗੜਬੜ ਦਰਮਿਆਨ ਸਿੱਧਾ ਸੰਬੰਧ ਲੱਭ ਲਿਆ ਹੈ।'' ਅਜਿਹਾ ਕੂੜ ਪ੍ਰਚਾਰ ਭਾਰਤ ਦੇ ਅੰਦਰ ਵੀ ਤੇ ਭਾਰਤ ਦੇ ਬਾਹਰ ਵੀ ਕੀਤਾ ਜਾ ਰਿਹਾ ਸੀ।

ਇਹ ਸਾਰੀਆਂ ਸਥਿਤੀਆਂ ਵਿੱਚ ਬੁਲੰਦ ਹੌਂਸਲਿਆਂ ਵਾਲੇ ਗ਼ਦਰੀਆਂ ਨੇ ਇਸ ਚੁਰਸਤੇ 'ਤੇ ਆਪਣਾ ਇਤਿਹਾਸਕ ਮੋੜ ਕੱਟਣਾ ਸੀ। ਇਸ ਇਤਿਹਾਸਕ ਮੋੜ 'ਤੇ ਭਾਈ ਸੰਤੋਖ ਸਿੰਘ ਧਰਦਿਓ ਨੇ ਅਗਵਾਈ ਕਰਨੀ ਸੀ। ਨੌਜਵਾਨ ਕ੍ਰਾਂਤੀਕਾਰੀ ਭਗਤ ਸਿੰਘ ਵਰਗੇ ਸੂਰਮੇਂ ਇਸ ਵਿੱਚ ਘੋਲ ਵਿਚ ਕੁਦ ਪਏ ਸਨ ਜਿਨ੍ਹਾਂ ਨੇ ਇਤਿਹਾਸ ਦੇ ਪੰਨਿਆਂ ਉਪਰ ਆਪਣੇ ਪਾਕਿ ਖ਼ੂਨ ਨਾਲ ਆਪਣਾ ਅਮਰ ਸੁਨੇਹਾ ਲਿਖਣਾ ਸੀ। ਇਨਕਲਾਬ ਜ਼ਿੰਦਾਬਾਦ ਦਾ ਸੁਨੇਹਾ।

Harjeet Sandhu
REALTOR
''Serving all your Real Estate needs''
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਕਹਾਣੀ

# ਇਕ ਮੁੱਠੀ ਅਸਮਾਨ

ਇੰਦਰਜੀਤਪਾਲ ਕੌਰ
+91-99152-92229



''ਬੈਲੰਸ ਪਲੀਜ਼ ਬੈਲੰਸ। ਤੂੰ ਆਪਣੀ ਹਾਲਤ ਵੇਖੀ ਏ ਕਦੀ? ਰੁੱਖੀ ਚਮੜੀ, ਸੁੱਕੇ ਵਾਲ ਫਟੀਆਂ ਅੱਡੀਆਂ। ਜਦੋਂ ਤੈਨੂੰ ਐਨੇ ਸੰਘਣੇ ਤੇ ਲੰਬੇ ਵਾਲ ਸੰਭਾਲਣ ਦੀ ਵੇਹਲ ਨਹੀਂ ਤਾਂ ਇਨਾਂ ਨੂੰ ਕਟਵਾ ਕਿਉਂ ਨਹੀਂ ਦਿੰਦੀ। ਜੂੜਾ ਖੋਲ੍ਹ ਕੇ ਵੇਖ ਕਿੰਨੀਆਂ ਅੜ੍ਹਕਾਂ ਨੇ ਵਾਲਾਂ ਵਿਚ। ਜੇਕਰ ਐਦਾਂ ਹੀ ਹਫ਼ਤੇ ਵਿਚ ਚਾਰ ਦਿਨ ਬਿਨਾਂ ਕੰਘੀ ਕੀਤਿਆਂ, ਜੂੜਾ ਲਪੇਟ ਕੇ ਜਾਲੀ ਲਗਾਂਦੀ ਰਹੇਂਗੀ ਤਾਂ ਛੇਤੀ ਹੀ ਵਾਲਾਂ ਦੀਆਂ ਜਟਾਵਾਂ ਬਣ ਜਾਣਗੀਆਂ।''

ਉਹਨੇ ਜੂੜੇ ਤੋਂ ਜਾਲੀ ਉਤਾਰ ਕੇ ਲੰਬੀ ਗੁੱਤ ਖੋਲ੍ਹ ਦਿੱਤੀ। ਥੱਬਾ-ਥੱਬਾ ਵਾਲ ਪਿੱਠ ਤੇ ਲਹਿਰਾ ਗਏ।

''ਕੀ ਕਟਵਾ ਦੇਵਾਂ ਵਾਲ?'' ਉਸ ਨੇ ਆਪਣੇ-ਆਪ ਤੋਂ ਹੀ ਪੁੱਛਿਆ। ਕੰਘੀ ਵਿਚੋਂ ਟੁੱਟੇ ਵਾਲ ਕੱਢ ਕੇ ਉਸ ਇਕ ਨਜ਼ਰ ਸ਼ੀਸ਼ੇ 'ਤੇ ਪਾਈ- ਕਿੰਨੇ ਫੱਬ ਰਹੇ ਸਨ ਬਾਬ ਕੱਟ ਵਾਲ ਉਸ ਦੇ ਗੋਲ ਚੇਹਰੇ 'ਤੇ! ਜਾਗਦੀਆਂ ਅੱਖਾਂ ਦਾ ਸੁਪਨਾ।

ਬੜੇ ਪਿਆਰ ਨਾਲ ਦਾਦੀ ਉਹਦੇ ਵਾਲਾਂ ਵਿਚ ਸਰ੍ਹੋਂ ਦਾ ਤੇਲ ਝੱਸਦੀ ਹੁੰਦੀ ਸੀ। ''ਲੈ ਕੁੜੇ, ਕਰਦੇ ਸੁ ਗੁੱਤ।'' ਮੇਰੀਆਂ ਤਾਂ ਬਾਵਾਂ ਥੱਕ ਜਾਂਦੀਆਂ ਨੇ, ਐਡੀ ਲੰਬੀ ਗੁੱਤ ਕਰਦਿਆਂ।

ਸ਼ੀਸ਼ੇ ਸਾਹਮਣੇ ਖੜ੍ਹੀ ਉਹ ਕੁੱਝ ਚਿਰ ਅਪਣੇ ਹੱਥ ਧਿਆਨ ਨਾਲ ਵੇਖਦੀ ਰਹੀ। ਟੁੱਟੇ ਨਹੁੰਆਂ ਤੇ ਗਠੀਲੇ ਜੋੜ੍ਹਾਂ ਕਰਕੇ, ਕਦੇ ਫਲੀਆਂ ਵਰਗੀਆਂ ਸਹੁਣੀਆਂ ਉਂਗਲਾਂ ਭੈੜੀਆਂ ਲੱਗ ਰਹਿਆਸਣ।

''ਕੀ ਵੇਖ ਰਹੀ ਏਂ? ਹੱਥਾਂ ਦੀਆਂ ਲਕੀਰਾਂ? ਕੌਣ ਲਿਖਦਾ ਏ ਕਿਸਮਤ? ਕੋਈ ਦਰਵਾਜ਼ਾ ਆਪ ਨਹੀਂ ਖੁਲ੍ਹਦਾ। ਖੜਕਾਉਣਾ ਪੈਂਦਾ ਏ। ਕਦੇ-ਕਦੇ ਧੱਕਾ ਵੀ ਮਾਰਨਾ ਪੈਂਦਾ ਏ।''

''ਪਰਾਜਿਤਾ ਹੋ ਕੀ ਗਿਆ ਏ ਤੈਨੂੰ? ਸਾਢੇ ਸੱਤ ਵੱਜ ਗਏ ਨੇ ਤੇ ਤੂੰ ਅਜੇ ਸ਼ੀਸ਼ੇ ਦੇ ਸਾਹਮਣੇ ਖਲੋਤੀ ਹੋਈ ਏਂ।''

ਪਤੀ ਦੀ ਅਵਾਜ਼ ਸੁਣ ਕੇ ਉਹ ਤ੍ਰਬਕ ਗਈ।

ਉਹਦਾ ਨਾਂ, ਕੋਈ ਐਨਾ ਖ਼ਾਸ ਲੰਬਾ ਵੀ ਨਹੀਂ ਸੀ। ਪਰ ਪਤੀ ਦੇਵ ਨੂੰ ''ਪਰਾਜਿਤਾ'' ਦੇ ਅੱਗੇ 'ਐੜਾ' ਲਗਾਉਣ ਲੱਗਿਆਂ ਮੁਸ਼ਕਲ ਹੁੰਦੀ ਸੀ। ਸ਼ੁਰੂ ਵਿਚ ਉਸ ਨੇ ਵਿਰੋਧ ਕੀਤਾ ਸੀ। ਕਈ ਵਾਰ ਉਹ ਪਰਾਜਿਤਾ ਕਹਿ ਕੇ ਬੁਲਾਏ ਜਾਣ 'ਤੇ ਜਵਾਬ ਨਹੀਂ ਸੀ ਦੇਂਦੀ। ਫਿਰ ਇਹ ਗੱਲ ਵੀ ਕਲੇਸ਼ ਦੇ ਕਈ ਕਾਰਨਾਂ ਵਿਚੋਂ ਇਕ ਹੋ ਗਈ। ਅਖ਼ੀਰ ਉਸ ਅਪਰਾਜਿਤਾ ਤੋਂ ਪਰਾਜਿਤਾ ਹੋਣਾ ਪ੍ਰਵਾਨ ਕਰ ਲਿਆ।

ਸ਼ਾਇਦ ਉਹ ਉਸ ਦੀ ਪਹਿਲੀ ਭੁੱਲ ਸੀ।

ਉਸ ਛੇਤੀ-ਛੇਤੀ ਗੁੱਤ ਦਾ ਜੂੜਾ ਲਪੇਟਦਿਆਂ ਦੀਵਾਰ 'ਤੇ ਲੱਗੀ ਘੜੀ ਵੱਲ ਵੇਖਿਆ। ਪੈਂਡੂਲਮ ਟਿਕ-ਟਿਕ ਦੀ ਆਵਾਜ਼ ਕਰਦਾ ਸੱਜੇ-ਖੱਬੇ ਡੋਲ ਰਿਹਾ ਸੀ। ਪੈਂਡੂਲਮ! ਚਾਬੀ ਦੇ ਕੇ ਚਲਾਈ ਜਾਣ ਵਾਲੀ ਘੜੀ ਦਾ ਜਿਉਂਦਾ ਦਿਸਦਾ ਨਿਰਜੀਵ ਹਿੱਸਾ।

ਪੌਣੇ ਅੱਠ ਵੱਜ ਗਏ ਸਨ। ਅਜੇ ਨਾਸ਼ਤਾ ਬਣਾਉਣਾ ਸੀ।

ਸਵਾ ਅੱਠ। ਉਹ ਥੈਲਾ ਲੈ ਕੇ ਤੇਜ਼ ਕਦਮੀ ਸਬਜ਼ੀ ਲੈਣ ਜਾ ਰਹੀ ਸੀ। ਲਾਗੇ ਦੀ ਸਬਜ਼ੀ ਮੰਡੀ ਤੋਂ ਤਾਜ਼ੀ ਤੇ ਸਸਤੀ ਸਬਜ਼ੀ ਮਿਲ ਜਾਂਦੀ ਸੀ। ਪੈਦਲ ਜਾਣ ਨਾਲ ਸਵੇਰ ਦੀ ਸੈਰ ਵੀ ਹੋ ਜਾਂਦੀ ਸੀ। ਇਕ ਪੰਥ ਦੋ ਕਾਜ।

ਮਟਰਾਂ ਦੀਆਂ ਫਲੀਆਂ ਟੋਕਰੀ ਵਿਚ ਪਾਉਂਦਿਆਂ ਉਸ ਨੂੰ ਆਪਣੇ ਬਚਪਨ ਦੀ ਇਕ ਘਟਨਾ ਯਾਦ ਆ ਗਈ।

''ਵਿਖਾ ਤਾਂ ਬਹੂ ਸਬਜ਼ੀ ਕਿੱਦਾਂ ਦੀ ਬਣੀ ਏ?'' ਮਾਂ ਦੀ ਲਿਆਂਦੀ ਸਬਜ਼ੀ ਵਾਲੀ ਕੌਲੀ ਵਿਚੋਂ ਮਟਰ ਦਾ ਇਕ ਦਾਣਾ ਚੁੱਕ ਕੇ ਦਾਦੀ ਨੇ ਗੁੱਸੇ ਨਾਲ ਆਖਿਆ ਸੀ। ''ਆਹ ਕੀ ਕਰ ਦਿੱਤਾ ਈ ਕੁੜੀਏ? ਮਟਰ ਥੋੜ੍ਹੇ ਘੱਟ ਗਲਾਉਣੇ ਸਨ। ਤੈਨੂੰ ਅਜੇ ਤੱਕ ਪਤਾ ਨਹੀਂ ਲੱਗਾ ਛਿੰਦਰ ਦੇ ਭਾਪਾ ਜੀ ਨੂੰ ਵੱਧ ਗਲੇ ਹੋਏ ਮਟਰ ਪਸੰਦ ਨਹੀਂ।''

ਦਾਦੀ ਨੂੰ ਬੁਖ਼ਾਰ ਸੀ। ਪਰ ਫਿਰ ਵੀ ਉਸ ਨੇ ਦੋਬਾਰਾ ਆਪ ਸਬਜ਼ੀ ਬਣਾਈ ਸੀ। ਪਤੀ ਤੇ ਪਰਿਵਾਰ ਹੀ ਦਾਦੀ ਦੇ ਜੀਵਨ ਦਾ ਧੁਰਾ ਸਨ। ਆਪਣੀ ਹੋਂਦ ਨੂੰ ਭੁੱਲ ਕੇ ਉਹ ਖ਼ੁਸ਼ ਸੀ, ਸੰਤੁਸ਼ਟ ਸੀ। ਉਸ ਦਾ ਸਾਰਾ-ਸੰਸਾਰ ਘਰ ਦੀ ਚਾਰ-ਦਿਵਾਰੀ ਵਿਚ ਹੀ ਸੀ। ਬਾਹਰ ਦੀ ਦੁਨੀਆ ਨਾਲ ਉਸ ਨੂੰ ਕੋਈ ਸਰੋਕਾਰ ਨਹੀਂ ਸੀ। ਦੂਸਰਾ ਵਿਸ਼ਵ ਯੁੱਧ; ਹੀਰੋਸ਼ਿਮਾ, ਨਾਗਾਸਾਕੀ ਤੇ ਪ੍ਰਮਾਣੂ ਬੰਬ ਦਾ ਸੁੱਟਿਆ ਜਾਣਾ, ਦੇਸ਼ ਦਾ ਬਟਵਾਰਾ ਉਸ ਲਈ ਕੋਈ ਮਾਇਨੇ ਨਹੀਂ ਸਨ ਰੱਖਦੇ।

ਦਾਦੀ ਚੌਦਾਂ ਸਾਲਾਂ ਦੀ ਵਿਆਹੀ ਗਈ ਸੀ। ਕੱਚੀ ਮਿੱਟੀ। ਮਾਂ, ਦਾਦੀ ਨਾਲੋਂ ਇਕ ਕਦਮ ਹੀ ਅੱਗੇ ਵਧੀ ਸੀ। ਉਹ ਪਿੰਡ ਦੇ ਸਕੂਲ ਤੋਂ ਮਾੜੇ ਮੋਟੇ ਅੱਖਰ ਜੋੜਨਾ ਸਿੱਖੀ ਸੀ। ਜੋੜ-ਜੋੜ ਕੇ ਕੈਦਾ ਪੜ੍ਹ ਲੈਂਦੀ। ''ਕ ਨੂੰ ਸਿਹਾਰੀ, ਤ ਨੂੰ ਕੰਨਾ, ਬ ਕਿਤਾਬ।'' ਪਰ ਕਿਤਾਬ ਉਸ ਨੇ ਵੀ ਕੋਈ ਨਹੀਂ ਸੀ ਪੜ੍ਹੀ। ਬਟਵਾਰੇ ਦਾ ਉਸ ਨੂੰ ਕੇਵਲ ਐਨਾ ਹੀ ਦੁੱਖ ਸੀ ਕਿ ਉਸ ਦੀਆਂ ਮੁਸਲਮਾਨ ਸਹੇਲੀਆਂ ਨਵੇਂ ਬਾਡਰ ਦੇ ਉਸ ਪਾਰ ਚਲੀਆਂ ਗਈਆਂ ਸਨ।

......

ਅਪਰਾਜਿਤਾ ਨੂੰ ਅਕਸਰ ਇਕ ਸੁਪਨਾ ਆਉਂਦਾ। ਉਹ ਪਹਾੜ ਦੀ ਟੀਸੀ 'ਤੇ ਖੜ੍ਹੀ ਹੈ। ਜਿੱਥੋਂ ਹੱਥ ਵਧਾਏ ਤਾਂ ਅੰਬਰ ਛੂਹ ਲਵੇ। ਪਹਾੜ ਦੀ ਪਿਛਲੀ ਢਲਾਣ ਤੋਂ ਥੱਲੇ, ਸਮਤਲ ਧਰਤੀ 'ਤੇ ਉਸ ਦੀ ਦਾਦੀ ਹੈ। ਸੁਪਨੇ ਵਿਚ ਹੀ ਉਹ ਦਾਦੀ ਦਾ ਚਿਹਰਾ ਸਪਸ਼ਟ ਵੇਖ ਸਕਦੀ ਸੀ। ਬੁਢਾਪੇ ਦੀ ਤ੍ਰਿਪਤ ਸੁੰਦਰਤਾ ਨਾਲ ਦਹਿਕਦਾ ਭੋਲਾ ਮੂੰਹ। ਜਿਸ ਦੀਆਂ ਸਾਰੀਆਂ ਰੇਖਾਵਾਂ, ਸੰਤੁਸ਼ਟੀ, ਖ਼ੁਸ਼ੀ, ਮੁਸਕਾਨ ਦੀਆਂ ਗਵਾਹ ਸਨ। ਚਿੰਤਾ ਦੀ ਕੋਈ ਲਕੀਰ ਨਹੀਂ ਸੀ।

ਪਹਾੜ ਦੇ ਅਗਲੇ ਪਾਸੇ, ਦੂਰ ਢਲਾਨ ਤੋਂ ਉਤਰਦੀ ਇਕ ਔਰਤ ਦਿਖਦੀ। ਪਛਾਣ ਵਿਚ ਨਾ ਆਣ ਵਾਲਾ ਚੇਹਰਾ। ਜਿਸ ਦੇ ਭਾਵ ਉਹ ਕਦੇ ਨਾ ਪੜ੍ਹ ਸਕੀ। ਦੇਖਦਿਆਂ-ਦੇਖਦਿਆਂ ਉਹ ਜਵਾਨ ਔਰਤ ਸੰਘਣੇ ਜੰਗਲ ਵਿਚ ਗੁਆਚ ਜਾਂਦੀ।

ਸੁਪਨੇ ਵਿਚ ਹੀ ਟੀਸੀ 'ਤੇ ਖਲੋਤਿਆਂ ਉਸ ਨੂੰ ਜਾਪਦਾ ਹਨ੍ਹੇਰੀ ਵਰਗੀਆਂ ਤੇਜ਼ ਹਵਾਵਾਂ ਚੱਲਣ ਲੱਗ ਪਈਆਂ ਹਨ। ਉਸ ਨੂੰ ਸਿਰ ਛੁਪਾਉਣ ਲਈ ਕੋਈ ਥਾਂ ਨਾ ਲੱਭਦੀ। ਉਹ ਹੱਥਾਂ ਵਿਚ ਮੂੰਹ ਲਕੋ ਕੇ ਗੋਡਿਆਂ ਭਾਰ ਬੈਠ ਜਾਂਦੀ। ਉਸ ਵੇਲੇ ਦੂਸਰੀ ਔਰਤ ਦੇ ਆਸ-ਪਾਸ ਹੋਣ ਦਾ ਅਹਿਸਾਸ ਉਸ ਨੂੰ ਘੇਰ ਲੈਂਦਾ।

......

''ਮੈਂ ਪਰਸੋਂ ਕੁੱਝ ਦਿਨਾਂ ਲਈ ਕਸ਼ਮੀਰ ਜਾ ਰਿਹਾ ਹਾਂ। ਮੇਰੇ ਕੁੱਝ ਗਰਮ ਕੱਪੜੇ ਪੈਕ ਕਰ ਦੇਵੀਂ।''

ਉਸ ਨੂੰ ਹੈਰਾਨੀ ਪਤੀ ਦੇ ਕਸ਼ਮੀਰ ਜਾਣ 'ਤੇ ਨਹੀਂ, ਪਰ ਦੂਜੇ ਪਰਿਵਾਰਾਂ ਨਾਲ ਉਹਨਾਂ ਦੇ ਇਕੱਲਿਆਂ ਜਾਣ 'ਤੇ ਹੋਈ ਸੀ।

ਫਿਰ ਤਾਂ ਇਹ ਰੁਟੀਨ ਹੋ ਗਈ ਸੀ। ਪਤੀ ਦੇਵ ਸਾਲ ਵਿਚ ਦੋ-ਤਿਨ ਵਾਰ ਆਪਣੇ ਮਿੱਤਰ ਪਰਿਵਾਰਾਂ ਨਾਲ ਘੁੰਮਣ ਫਿਰਨ ਜਾਂਦੇ। ਪਰ ਉਸ ਨੂੰ ਤੇ ਬੱਚਿਆਂ ਨੂੰ ਉਨ੍ਹਾਂ ਕਦੇ ਨਾਲ ਚੱਲਣ ਲਈ ਨਹੀਂ ਸੀ ਕਿਹਾ।

ਰਿਸ਼ਤੇਦਾਰੀ, ਵਿਆਹ-ਸ਼ਾਦੀ, ਖ਼ੁਸ਼ੀ-ਗ਼ਮੀ 'ਤੇ ਵੀ ਉਸ ਨੂੰ ਨਾਲ ਖੜ੍ਹਨਾ ਜ਼ਰੂਰੀ ਨਹੀਂ ਸੀ ਸਮਝਿਆ ਜਾਂਦਾ।

ਜਦੋਂ ਤੱਕ ਉਸ ਦੇ ਮਾਪੇ ਜਿਉਂਦੇ ਸਨ ਉਹ ਛੁੱਟੀਆਂ ਵਿਚ ਬੱਚਿਆਂ ਨਾਲ ਪੇਕੇ ਚਲੀ ਜਾਂਦੀ। ਉਹਨਾਂ ਦੇ ਗੁਜ਼ਰ ਜਾਣ ਦੇ ਬਾਅਦ ਉਸਦਾ ਇਕੱਲਾ ਭਰਾ ਆਪਣੇ ਪਰਿਵਾਰ ਨਾਲ ਅਮਰੀਕਾ ਜਾ ਕੇ ਵਸ ਗਿਆ ਸੀ।

......

ਦੂਸਰੀ ਔਰਤ ਘਰ ਦਾ ਕੁੱਝ ਸਮਾਨ - ਕੁਰਸੀ, ਮੇਜ, ਪੱਖਾ, ਕੂਕਰ, ਗਮਲਾ, ਬਾਲਟੀ ਇਕੱਠਿਆਂ ਕਰ ਰਹੀ ਸੀ।

''ਇਹ ਕੀ ਕਰ ਰਹੀ ਏਂ?'' ਉਸ ਹੈਰਾਨੀ ਨਾਲ ਪੁੱਛਿਆ।

''ਘਰ ਦੀਆਂ ਉਪਯੋਗੀ ਨਿਰਜੀਵ ਵਸਤੂਆਂ ਨੂੰ ਇਕ ਲਾਈਨ ਵਿਚ ਖੜ੍ਹਾ ਕਰ ਰਹੀ ਹਾਂ।'' ਕਹਿੰਦਿਆਂ ਉਸ ਔਰਤ ਨੇ ਉਹਦੀ ਬਾਂਹ ਫੜ੍ਹ ਕੇ ਲਾਈਨ ਦੇ ਆਖੀਰ ਵਿਚ ਖੜ੍ਹਾ ਕਰ ਦਿੱਤਾ।

''ਮੈਨੂੰ ਐਥੇ ਕਿਉਂ ਖਲਾਰ ਦਿੱਤਾ ਏ'' ਉਸ ਨੇ ਵਿਰੋਧ ਕੀਤਾ।

''ਕਿਉਂਕਿ ਤੂੰ ਵੀ ਇਕ ਵਸਤੂ ਹੋ ਗਈ ਏਂ। ਨਿਰਜੀਵ ਵਸਤੂ।''

ਘਬਰਾ ਕੇ ਉਸ ਦੀ ਨੀਂਦ ਖੁੱਲ ਗਈ। ਉਸ ਨੇ ਹੱਥ ਪੈਰ ਹਿਲਾ ਕੇ ਦੇਖੇ। ਨਹੀਂ ਉਹ ਨਿਰਜੀਵ ਨਹੀਂ ਸੀ।

''ਕੀ ਕੇਵਲ ਹੱਥ ਪੈਰ ਹਿੱਲਦੇ ਹੋਣ ਕਰਕੇ ਹੀ ਕੋਈ ਜਿਉਂਦਾ ਗਿਣੀਦਾ ਏ? ਕਿਸ ਮਿੱਟੀ ਦੀ ਬਣੀ ਏਂ ਤੂੰ? ਤੈਨੂੰ ਕਿਸੇ ਨਾਲ ਕੋਈ ਗਿਲਾ ਨਹੀਂ, ਕੋਈ ਸ਼ਿਕਾਇਤ ਨਹੀਂ?''

ਉਸ ਦੀ ਦਾਦੀ ਤੇ ਮਾਂ ਨੂੰ ਵੀ ਕਦੇ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ ਸੀ। ਪਰ ਕੀ ਕਦੇ ਉਨ੍ਹਾਂ ਤੋਂ ਵੀ ਕੋਈ ਸਵਾਲ ਪੁੱਛਦਾ ਸੀ? ਸਵਾਲ ਜਿਨ੍ਹਾਂ ਨੂੰ ਉਹ ਅਣਗੌਲਿਆਂ ਛੱਡ ਦਿੰਦੀ ਸੀ।

......

ਅਲਮਾਰੀ ਸਾਫ ਕਰਦਿਆਂ ਉਸ ਦੀ ਨਜ਼ਰ ਸੰਭਾਲ ਕੇ ਰੱਖੀ ਫ਼ਾਇਲ 'ਤੇ ਕੁੱਝ ਚਿਰ ਠਹਿਰੀ ਰਹੀ। ਉਹਨੇ ਹੌਲੀ ਜਿਹੀ ਫ਼ਾਇਲ ਚੁੱਕ ਕੇ ਖੋਲੀ। ਸਰਟੀਫਿਕੇਟ, ਡਿਗਰੀਆਂ ਹੈਰਾਨੀ ਨਾਲ ਉਸ ਵੱਲ ਤੱਕਣ ਲੱਗ ਪਈਆਂ।

ਐਸ.ਐਸ.ਸੀ. ਦੇ ਇਮਤਿਹਾਨ ਵਿਚ ਅਠਾਹਟ ਪ੍ਰਤੀਸ਼ਤ। ਬੀ.ਐਸ.ਸੀ. ਵਿਚ ਤਰੇਹਟ ਪ੍ਰਤੀਸ਼ਤ।

''ਅਗਲਾ ਕਾਗ਼ਜ਼ ਨਾ ਚੁੱਕ, ਪਿਆ ਰਹਿਣ ਦੇ ਜਿਵੇਂ ਸਾਲਾਂ ਤੋਂ ਪਿਆ ਹੋਇਆ ਏ।''

''ਕਾਗ਼ਜ਼? ਕਾਗਜ਼ ਨਹੀਂ ਇਹ ਮੇਰੀ ਪੋਸਟਗਰੈਜੂਏਸ਼ਨ ਦੀ ਡਿਗਰੀ ਏ।'' ਉਸ ਦੀ ਆਵਾਜ਼ ਕੰਬ ਗਈ।

''ਕੀ ਫ਼ਰਕ ਏ ਡਿਗਰੀ ਵਿਚ ਤੇ ਕਾਗ਼ਜ਼ ਦੇ ਇਕ ਟੁਕੜੇ ਵਿਚ। ਜੇ ਉਸ ਦੀ ਵਰਤੋਂ ਈ ਨਈਂ ਹੋਣੀ''

ਉਹ ਡਿਗਰੀਆਂ ਹੱਥ ਵਿਚ ਫੜ੍ਹ ਕੇ ਖੜ੍ਹੀ ਸੋਚ ਰਹੀ ਸੀ, ''ਕੀ ਸਾਲਾਂ ਦੀ ਸਖ਼ਤ ਮਿਹਨਤ ਸਿਰਫ਼ ਕਾਗ਼ਜ਼ ਬਣ ਕੇ ਹੀ ਰਹਿ ਜਾਏਗੀ।''

ਦੂਸਰੀ ਔਰਤ ਦਾ ਬੋਲ ਫਿਰ ਉਸਦੇ ਕੰਨਾਂ ਵਿਚ ਪਿਆ। ਤੇਰੇ ਵਿਚ ਤੇ ਤੇਰੀ ਮਾਂ, ਦਾਦੀ ਵਿਚ ਕੀ ਫਰਕ ਏ? ਘਰ ਪਰਿਵਾਰ ਤਾਂ ਉਹ ਵੀ ਬਾਖ਼ੂਬੀ ਚਲਾਉਂਦੀਆਂ ਸਨ।

ਕੁੱਝ ਦੇਰ ਦੀ ਚੁੱਪੀ ਦੇ ਬਾਅਦ ਦੂਸਰੀ ਔਰਤ ਫੇਰ ਬੋਲੀ - ''ਪਾਏਦਾਨ।''

''ਪਾਏਦਾਨ?''

''ਹਾਂ ਸਭ ਲੰਘੀ ਜਾਂਦੇ ਨੇ। ਤੇ ਤੂੰ.......।''

''ਪਲੀਜ਼ ਰੱਬ ਦੇ ਵਾਸਤੇ ਚੁੱਪ ਕਰ ਜਾ।'' ਉਸ ਨੇ ਦੂਸਰੀ ਔਰਤ ਦੀ ਗੱਲ ਵਿਚੇ ਕੱਟ ਦਿੱਤੀ।

''ਜਿਸ ਦਿਨ ਮੈਂ ਬੋਲਣਾ ਬੰਦ ਕਰ ਦਿਆਂਗੀ। ਲੱਖਾਂ ਔਰਤਾਂ ਵਾਂਗ ਤੂੰ ਵੀ 'ਜ਼ੌਂਬੀ' ਹੋ ਜਾਵੇਂਗੀ। ਕਦੇ ਤੂੰ ਸੋਚਿਆ ਏ ਇਹ ਬੇਚੈਨੀ, ਇਹ ਤੜਫ, ਇਹ ਵਿਆਕੁਲਤਾ ਕਿਉਂ ਏ?''

ਜਿਵੇਂ ਉਸ ਦੇ ਬਚਾਅ ਵਿਚ ਟੈਲੀਫ਼ੋਨ ਦੀ ਘੰਟੀ ਵੱਜਣ ਲੱਗ ਪਈ। ਜੇ ਉਹ ਘੜੀ ਵੱਲ ਨਾ ਵੀ ਵੇਖਦੀ ਤਾਂ ਵੀ ਉਸ ਨੂੰ ਵਕਤ ਦਾ ਪਤਾ ਚੱਲ ਜਾਂਦਾ। ਹਰ ਰੋਜ਼ ਪੂਰੇ ਡੇਢ ਵਜੇ ਇਹ ਘੰਟੀ ਵੱਜਦੀ ਹੈ। ਸਿਰਫ਼ ਇਹ ਜਾਨਣ ਲਈ ਕਿ ਰੋਟੀ ਤਿਆਰ ਹੈ ਕਿ ਨਹੀਂ। ਇਸ ਤੋਂ ਇਲਾਵਾ, ਇਕ ਸ਼ਬਦ ਵੀ ਨਹੀਂ।

ਅੱਜ ਪਹਿਲੀ ਵਾਰ ਘੰਟੀ ਅਣਸੁਣੀ ਚੀਖ ਵਾਂਗ ਵੱਜ-ਵੱਜ ਕੇ ਬੰਦ ਹੋ ਗਈ।

......

ਅਲਮਾਰੀ ਵਿਚ ਕੱਪੜਿਆਂ ਦੇ ਥੱਲੇ ਇਕ ਹੋਰ ਫ਼ਾਇਲ ਦੱਬੀ ਹੋਈ ਸੀ। ਪਰ ਸਾਲਾਂ ਤੋਂ ਛੂਹੀ ਉਹ ਵੀ ਨਹੀਂ ਸੀ ਗਈ। ਕੱਪੜੇ ਹਟਾ ਕੇ ਉਸ ਫ਼ਾਇਲ ਕੱਢ ਲਈ। ਮਟਮੈਲੇ ਕਾਗ਼ਜ਼ਾਂ ਦੇ ਥੱਲੇ ਤਿੰਨ ਰਸਾਲੇ ਸਨ। ਪਹਿਲਾ ਰਸਾਲਾ ਉਸ ਦੇ ਸਕੂਲ ਦਾ ਸੀ। ਰਸਾਲੇ ਦੇ ਕਾਗ਼ਜ਼ ਵਕਤ ਦੇ ਲੰਬੇ ਅੰਤਰਾਲ ਦੇ ਕਾਰਨ ਭੂਰੇ ਹੋ ਚੁੱਕੇ ਸਨ। ਇਸ ਰਸਾਲੇ ਵਿਚ ਉਸ ਦੀ ਪਹਿਲੀ ਰਚਨਾ ਛਪੀ ਸੀ। ਜਿਸ ਨੂੰ ਸਰਾਹਿਆ ਗਿਆ ਸੀ। ਹੈਡਮਾਸਟਰ ਸਾਹਿਬ ਨੇ ਉਸ ਨੂੰ ਬੁਲਾ ਕੇ ਸ਼ਾਬਾਸ਼ੀ ਦਿੰਦਿਆਂ ਆਖਿਆ ਸੀ- ''ਤੇਰੇ ਵਿਚ ਲਿਖਣ ਦੀ ਪ੍ਰਤਿਭਾ ਹੈ, ਇਹਨੂੰ ਅਜਾਇਆਂ ਨਾ ਜਾਣ ਦੇਈਂ।''

ਯੂਨੀਵਰਸਿਟੀ ਦੀ ਸਾਲਾਨਾ ਰਸਾਲੇ ਦੇ ਕੁੱਝ ਪੰਨੇ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਮਰਪਤ ਸਨ।

''ਯੂਨੀਵਰਸਿਟੀ ਦੇ ਹੀਰੇ'' ਵਿਦਿਆਰਥੀ ਸੰਪਾਦਕ ਨੇ ਉਨ੍ਹਾਂ ਪੇਜਾਂ ਦਾ ਸਿਰਲੇਖ ਰੱਖਿਆ ਸੀ। ਤੀਸਰੇ ਪੰਨੇ 'ਤੇ ਸੁਨੀਤੀ ਮਾਲਿਆ ਦੀ ਸਿਤਾਰ ਵਜਾਉਂਦੀ ਦੀ ਵੱਡੀ ਫ਼ੋਟੋ ਸੀ।

ਮਾਲਿਆ ਸਾਹਿਬ ਉਸ ਦੇ ਲੋਕਲ ਗਾਰਡੀਅਨ ਦੇ ਗੁਆਂਢ ਵਿਚ ਰਹਿੰਦੇ ਸਨ। ਸੁਨੀਤੀ ਉਨ੍ਹਾਂ ਦੀ ਇਕਲੋਤੀ ਬੇਟੀ ਸੀ। ਹਫ਼ਤੇ ਦੇ ਆਖ਼ੀਰ ਵਿਚ ਅਪਰਾਜਿਤਾ ਹੋਸਟਲ ਤੋਂ ਮਾਸੀ ਦੇ ਘਰ ਜਾਂਦੀ ਹੁੰਦੀ ਸੀ। ਸਵੇਰੇ ਲਾਨ ਵਿਚ ਬੈਠ ਕੇ ਚਾਹ ਪੀਂਦਿਆਂ ਸਿਤਾਰ ਦੇ ਮਿੱਠੇ ਸੁਰ ਸੁਣਾਈ ਦਿੰਦੇ ਸਨ।

ਇਕ ਦਿਨ ਉਸ ਦੇ ਮਾਸੜ ਜੀ ਨੇ ਪੁੱਛਿਆ ਸੀ। ''ਬੇਟਾ ਜਾਣਦੀ ਏਂ ਸੁਨੀਤੀ ਬੇਟੀ ਕਿਹੜੇ ਰਾਗ ਦਾ ਰਿਆਜ਼ ਕਰ ਰਹੀ ਏ?''

''ਨਹੀਂ। ਪਰ ਧੁਨ ਪਛਾਣਦੀ ਹਾਂ। ਜਾਗੋ ਮੋਹਨ ਪਿਆਰੇ ਜਾਗੋ।''

ਇਹ ਰਾਗ ਭੈਰਵ ਏ। ਅੰਮ੍ਰਿਤ ਵੇਲੇ ਦੇ ਰਾਗਾਂ ਵਿਚੋਂ ਇਕ। ਭੈਰਵ, ਜੋਗੀਆ, ਰਾਮਕਲੀ, ਲਲਿਤ ਸਵੇਰ ਵੇਲੇ ਦੇ ਰਾਗ ਨੇ।

''ਵਿਗਿਆਨ ਪੜ੍ਹਨ ਵਾਲਿਆਂ ਨੂੰ ਰਾਗ ਰਾਗਨੀਆਂ ਨਾਲ ਕੀ ਵਾਸਤਾ।'' ਮਾਸੀ ਜੀ ਨੇ ਉਸਦੇ ਬਚਾਅ ਵਿਚ ਕਿਹਾ ਸੀ।

''ਸੰਗੀਤ ਹੀ ਨਹੀਂ, ਲਿਖਣ ਵਾਲਿਆਂ ਨੂੰ ਇਤਿਹਾਸ, ਮਿਥਹਾਸ, ਫ਼ਿਲਾਸਫ਼ੀ ਤੇ ਰਾਜਨੀਤੀ ਦਾ ਵੀ ਕੁੱਝ ਗਿਆਨ ਹੋਣਾ ਚਾਹੀਦਾ ਹੈ।''

ਮਾਸੜ ਜੀ ਨੇ ਕਾਲਜ ਦੀ ਸਲਾਨਾ ਰਸਾਲੇ ਵਿਚ ਉਸ ਦੀ ਕਹਾਣੀ ਪੜ੍ਹੀ ਸੀ।

ਉਸ ਨੂੰ ਯਾਦ ਆਇਆ, ਜਦੋਂ ਪੋਸਟਗਰੈਜੂਏਸ਼ਨ ਕਰਕੇ ਘਰ ਆਈ ਸੀ ਤਾਂ ਉਸ ਨੂੰ ਪਤਾ ਲੱਗਾ ਸੀ ਕਿ ਸੁਨੀਤੀ ਮਾਲਿਆ ਉਸ ਦੇ ਪੇਕੇ ਸ਼ਹਿਰ ਹੀ ਵਿਆਹੀ ਗਈ ਹੈ।

ਮਾਸੀ ਤੋਂ ਪਤਾ ਲੈ ਕੇ ਉਹ ਸੁਨੀਤੀ ਨੂੰ ਮਿਲਣ ਗਈ ਸੀ।

ਨੌ ਸੈਕਟਰ ਵਿਚ ਛੇ ਕਨਾਲ ਦੀ ਵੱਡੀ ਕੋਠੀ। ਅਮੀਰ ਸਹੁਰਿਆਂ ਦੀ ਧੰਨ ਦੌਲਤ ਦਾ ਪ੍ਰਦਰਸ਼ਨ ਕਰਦੀ ਮੈਨੀਕਵੀਨ ਵਾਂਗ ਗਹਿਣਿਆਂ ਕੱਪੜਿਆਂ ਨਾਲ ਸਜੀ ਹੋਈ ਸੁਨੀਤੀ ਦੀਦੀ।

ਚਾਹ-ਪਾਣੀ ਦੇ ਦੌਰਾਨ ਜਦੋਂ ਉਸ ਨੇ ਸੁਨੀਤੀ ਕੋਲੋਂ ਪੁੱਛਿਆ ਸੀ, ''ਕਿਵੇਂ ਚੱਲ ਰਿਹਾ ਏ ਤੁਹਾਡਾ ਸਿਤਾਰ ਵਾਦਨ'' ਹੋਰ ਕਿੰਨੇ ਮਾਣ ਸਨਮਾਨ ਮਿਲੇ ਨੇ?

ਸੁਨੀਤੀ ਨੇ ਮਠਿਆਈ ਦੀ ਪਲੇਟ ਉਸ ਵੱਲ ਵਧਾਉਂਦਿਆਂ ਗੱਲ ਟਾਲ ਦਿੱਤੀ ਸੀ।

ਸ਼ਾਇਦ ਯਾਦਾਂ ਦਾ ਪਰਦਾ ਹਟਾ ਕੇ ਕੁੱਝ ਭੁੱਲੇ ਹੋਏ ਪਲ ਸੁਨੀਤੀ ਦੇ ਮਨ ਦੇ ਕੈਨਵਸ 'ਤੇ ਉਭਰ ਆਏ ਸਨ। ਕਿਸੇ ਹੋਰ ਨੇ ਵੇਖਿਆ ਹੋਵੇ ਜਾਂ ਨਾਂ, ਪਰ ਸੁਨੀਤੀ ਦੀਆਂ ਅੱਖਾਂ ਵਿਚ ਆਈ ਨਮੀ ਦੀ ਲਕੀਰ ਅਪਰਾਜਿਤਾ ਤੋਂ ਲੁਕ ਨਹੀਂ ਸਕੀ ਸੀ।

ਉਸ ਦੀਆਂ ਅੱਖਾਂ ਦੇ ਸਾਹਮਣੇ ਸੁਨੀਤੀ ਦੇ ਪੇਕੇ ਘਰ ਦੇ ਵੱਡੇ ਡਰਾਇੰਗ ਰੂਮ ਦੀ ਅਲਮਾਰੀ ਵਿਚ ਸਜਾ ਕੇ ਰੱਖੀਆਂ ਟ੍ਰੌਫ਼ੀਆਂ ਘੁੰਮ ਗਈਆਂ ਸਨ। ਜਿਨ੍ਹਾਂ ਨੂੰ ਉਸ ਦੇ ਮਾਤਾ ਪਿਤਾ ਬੜੇ ਮਾਨ ਨਾਲ ਮਹਿਮਾਨਾਂ ਨੂੰ ਦਿਖਾਉਂਦੇ ਸਨ।

ਜਦੋਂ ਉਹ ਵਾਪਸ ਆਉਣ ਲੱਗੀ ਸੀ ਤਾਂ ਸੁਨੀਤੀ ਉਸ ਦਾ ਹੱਥ ਫੜ ਕੇ ਕੋਠੀ ਦੇ ਪਿਛਲੇ ਪਾਸੇ ਬਣੀ ਅਨੈਕਸੀ ਵਿਚ ਲੈ ਗਈ ਸੀ। ਜਿੱਥੇ ਇਕ ਕਮਰੇ ਵਿਚ ਅਨਾਜ ਦੀਆਂ ਬੋਰੀਆਂ ਦੇ ਕੋਲ ਧੂੜ ਜੰਮੀ ਸਿਤਾਰ ਪਈ ਸੀ।

ਕੁੱਝ ਪਲ ਸਿਤਾਰ ਵੱਲ ਇੰਝ ਵੇਖ ਕੇ ਜਿਵੇਂ ਵਿਛੜਨ ਵਾਲੇ ਮਿੱਤਰ ਨੂੰ ਅਖੀਰਲੀ ਵਾਰ ਦੇਖੀਦਾ ਹੈ ਸੁਨੀਤੀ ਤੇਜ਼ੀ ਨਾਲ ਕਮਰੇ ਵਿਚੋਂ ਬਾਹਰ ਨਿਕਲ ਆਈ ਸੀ।

''ਚੱਲ ਇਕ-ਇਕ ਕੱਪ ਚਾਹ ਦਾ ਹੋਰ ਪੀਂਦੇ ਹਾਂ।'' ਬਿਨਾਂ ਕੁੱਝ ਕਹੇ ਉਸ ਦੀ ਆਵਾਜ਼ ਦੀ ਲਰਜ਼ ਨੇ ਸਭ ਕੁੱਝ ਕਹਿ ਦਿੱਤਾ ਸੀ, ਹੁਣ ਦੂਸਰੀ ਔਰਤ ਅਕਸਰ ਉਸ ਦੇ ਨਾਲ-ਨਾਲ ਰਹਿਣ ਲੱਗ ਪਈ ਸੀ।

......

''ਕਿਤੇ ਜਾ ਰਹੇ ਹੋ ਤੁਸੀਂ?''

ਪਤੀ ਨੂੰ ਸੂਟ ਕੇਸ ਵਿਚ ਕੱਪੜੇ ਰੱਖਦਿਆਂ ਦੇਖ ਕੇ ਉਸ ਪੁੱਛਿਆ। ਪਤੀ ਨੇ ਇੰਝ ਹੈਰਾਨੀ ਨਾਲ ਉਸ ਵੱਲ ਵੇਖਿਆ ਜਿਵੇਂ ਉਸ ਨੇ ਕੋਈ ਅਣਹੋਣੀ ਗੱਲ ਕਰ ਦਿੱਤੀ ਹੋਵੇ।

ਜਦੋਂ ਉਹ ਉਤਰ ਲਈ ਖੜ੍ਹੀ ਰਹੀ ਤਾਂ ਪਤੀ ਨੂੰ ਮਜਬੂਰਨ ਦੱਸਣਾ ਪਿਆ।

''ਮੈਂ ਕੁੱਝ ਦਿਨਾਂ ਲਈ ਮਨਾਲੀ ਜਾ ਰਿਹਾ ਹਾਂ।''

''ਮੈਂ ਮਨਾਲੀ ਜਾ ਰਿਹਾ ਹਾਂ।''

''ਮੈਂ ਸ਼ਿਮਲਾ ਜਾ ਰਿਹਾ ਹਾਂ।''

''ਮੈਂ ਗੋਆ ਜਾ ਰਿਹਾ ਹਾਂ।''

ਇਹ ਸਿਲਸਿਲਾ ਸਾਲਾਂ ਤੋਂ ਚੱਲ ਰਿਹਾ ਸੀ।

''ਕੱਲੇ ਜਾ ਰਹੇ ਹੋ?''

ਦੂਸਰਾ ਪ੍ਰਸ਼ਨ ਵੀ ਪਹਿਲੀ ਵਾਰ ਕੀਤਾ ਗਿਆ ਸੀ।

''ਨਹੀਂ। ਕਾਹਲੋਂ ਸਾਹਿਬ ਤੇ ਵਰਮਾ ਸਾਹਿਬ ਦੀ ਫ਼ੈਮਲੀ ਦੇ ਨਾਲ। ''

ਸ਼ਿੰਗਾਰ ਮੇਜ਼ ਸਾਫ਼ ਕਰਦੇ ਉਸ ਦੇ ਹੱਥ ਰੁਕ ਗਏ। ਉਸ ਨੇ ਸ਼ੀਸ਼ੇ ਵਿਚ ਆਪਣਾ ਅਕਸ ਦੇਖਿਆ। ਵਾਲ ਅਜੇ ਵੀ ਪਹਿਲਾਂ ਵਾਂਗ ਲੰਬੇ ਤੇ ਸੰਘਣੇ ਸਨ। ਹਾਂ ਇੱਕਾ-ਦੁੱਕਾ ਚਿੱਟੇ ਵਾਲ ਜ਼ਰੂਰ ਦਿਖਣ ਲੱਗ ਪਏ ਸਨ। ਪਰ ਅੱਖਾਂ ਦੁਆਲੇ ਕਾਲੇ ਘੇਰੇ ਤੇ ਮੱਥੇ ਤੇ ਉਭਰੀਆਂ ਲਕੀਰਾਂ ਨਵੀਆਂ ਸਨ।

ਅਟੈਚੀ ਕੇਸ ਵਿਚ ਸਮਾਨ ਰੱਖਦੇ ਪਤੀ ਦਾ ਬਿੰਬ ਵੀ ਸ਼ੀਸ਼ੇ ਵਿਚ ਦਿਸ ਰਿਹਾ ਸੀ। ਵਾਲ ਵਿਰਲੇ ਹੋ ਗਏ

ਸਨ। ਸ਼ਾਹੀ ਭੋਜਨ ਤੇ ਸ਼ਰਾਬ ਦੇ ਸ਼ੌਕ ਨੇ ਸ਼ਰੀਰ ਬੇਡੋਲ ਕਰ ਦਿੱਤਾ ਸੀ।

ਅਪਰਾਜਿਤਾ ਅਪਣੇ ਮਨ ਵਿਚ ਆਉਣ ਵਾਲੇ ਵਿਚਾਰਾਂ ਤੋਂ ਡਰ ਗਈ। ਬੇਟੇ ਦੀ ਅਵਾਜ਼ ਸੁਣ ਕੇ ਉਹ ਉਲਝੇ ਵਿਚਾਰਾਂ ਦੇ ਚੱਕਰਵਿਯੂ ਵਿਚੋਂ ਬਾਹਰ ਨਿਕਲੀ।

''ਮਾਂ ਮੈਨੂੰ ਕੁੱਝ ਹੋਰ ਪੈਸੇ ਚਾਹੀਦੇ ਨੇ। ਗੋਆ ਰੁਕਣ ਦਾ ਪ੍ਰੋਗਰਾਮ ਚਾਰ ਦਿਨਾਂ ਦਾ ਬਣ ਗਿਆ ਹੈ।''

ਇੰਜੀਨੀਅਰਿੰਗ ਦੇ ਦੂਸਰੇ ਸਾਲ ਵਿਚ ਪੜ੍ਹਦਾ ਵੱਡਾ ਬੇਟਾ ਅਪਣੇ ਕੁੱਝ ਦੋਸਤਾਂ ਨਾਲ ਨਵਾਂ ਸਾਲ ਮਨਾਉਣ ਜਾ ਰਿਹਾ ਸੀ। ਛੋਟਾ ਦੋ ਦਿਨ ਪਹਿਲਾਂ ਸਕੂਲ ਦੇ ਟ੍ਰਿਪ ਨਾਲ ਦੱਖਣ ਭਾਰਤ ਗਿਆ ਸੀ।

''ਪਿਤਾ ਕੋਲੋਂ ਕਿਉਂ ਨਹੀਂ ਪੈਸੇ ਲੈਂਦਾ?'' ਦੂਸਰੀ ਔਰਤ ਦੀ ਆਵਾਜ਼ ਉਸ ਤੋਂ ਸਿਵਾ ਹੋਰ ਕੋਈ ਨਹੀਂ ਸੁਣ ਸਕਦਾ। ਉਹ ਆਪ ਵੀ ਤਾਂ ਸਾਲਾਂ ਤੋਂ ਉਸ ਆਵਾਜ਼ ਨੂੰ ਸੁਣ ਕੇ ਵੀ ਅਣਸੁਣਿਆਂ ਕਰਦੀ ਰਹੀ ਹੈ। ਉਸ ਨੇ ਅਲਮਾਰੀ ਖੋਲ੍ਹ ਕੇ ਰੁਪਏ ਬੇਟੇ ਨੂੰ ਫੜਾਉਂਦਿਆਂ ਆਖਿਆ।

''ਜਬਲਪੁਰ ਲਈ ਦੋ ਟਿਕਟਾਂ ਬੁੱਕ ਕਰਵਾ ਦੇਈਂ। ਜਾਣ ਦੀ ਬਾਈ ਤਾਰੀਕ ਤੇ ਵਾਪਸੀ ਦੀ ਤਿੰਨ ਜਨਵਰੀ''

ਪਿਤਾ ਵੱਲ ਇਕ ਲੰਬਾ ਪਲ ਦੇਖ ਕੇ ਬੇਟਾ ਚਲਾ ਗਿਆ। ਅਟੈਚੀ ਬੰਦ ਕਰਦੇ ਪਤੀ ਨੇ ਉਸ ਵੱਲ ਦੇਖ ਕੇ ਗੰਭੀਰ ਆਵਾਜ਼ ਵਿਚ ਪੁੱਛਿਆ। ''ਕੌਣ ਜਾ ਰਿਹਾ ਏ ਜਬਲਪੁਰ?''

''ਮੈਂ''

''ਕੱਲਿਆਂ?''

''ਹਾਂ''

''ਉਥੇ ਸਭ ਠੀਕ ਤਾਂ ਹੈ?''

''ਉਸ ਦਾ ਜੀਅ ਕੀਤਾ ਕਹਿ ਦੇਵੇ, ਉਥੇ ਤਾਂ ਸਭ ਠੀਕ ਏ।''

''ਪਰ ਤੂੰ ਪਹਿਲਾਂ ਤਾਂ ਜਾਣ ਬਾਰੇ ਕੁੱਝ ਦੱਸਿਆ ਹੀ ਨਹੀਂ - ਪੁੱਛਿਆ ਵੀ ਨਹੀਂ। ਇੰਝ ਅਚਾਨਕ....।'' ਪਤੀ ਨੇ ਵਾਕ ਅਧੂਰਾ ਛੱਡ ਦਿੱਤਾ। ਪਰ ਉਸ ਵਿਚਲਾ ਅਰਥ ਪੂਰਾ ਸੀ।

ਵਿਆਹ ਤੋਂ ਬਾਅਦ ਉਸ ਨੂੰ ਕਦੇ ਜਬਲਪੁਰ ਜਾਣ ਦਾ ਮੌਕਾ ਹੀ ਨਹੀਂ ਸੀ ਮਿਲਿਆ। ਮਾਸੀ, ਮਾਂ ਦੀ ਚਚੇਰੀ ਭੈਣ ਟੈਲੀਫ਼ੋਨ 'ਤੇ ਗਿਲਾ ਕਰਦੀ - ''ਤੂੰ ਤਾਂ ਬੇਟਾ ਸਾਨੂੰ ਭੁੱਲ ਹੀ ਗਈ ਏਂ।''

ਮਾਸੀ ਦੇ ਪਰਿਵਾਰ ਤੇ ਉਥੇ ਰਹਿਣ ਵਾਲਿਆਂ, ਨਾਲ ਪੜ੍ਹੀਆਂ ਸਹੇਲੀਆਂ ਦੇ ਨਾਲ ਉਸ ਦਾ ਰਾਬਤਾ ਦੀਵਾਲੀ ਤੇ ਨਵੇਂ ਸਾਲ ਦੀਆਂ ਸ਼ੁੱਭ-ਕਾਮਨਾਵਾਂ ਤੱਕ ਹੀ ਸੀਮਿਤ ਹੋ ਗਿਆ ਸੀ।

......

ਉਹ ਟਰੰਕ ਵਿਚੋਂ ਸਾੜੀਆਂ ਕੱਢ ਰਹੀ ਸੀ। ਸਾੜੀਆਂ ਥੱਲਿਉਂ ਚੂਹੇ ਰੰਗ ਦਾ ਸ਼ਾਲ ਉਸ ਦੇ ਹੱਥ ਵਿਚ ਆ ਗਿਆ। ਇਹ ਸ਼ਾਲ ਪਿਛਲੇ ਸਾਲ ਦਲੀਪ ਚੀਮਾ ਉਸ ਲਈ ਕਸ਼ਮੀਰ ਤੋਂ ਲਿਆਈ ਸੀ। ਉਸ ਨੂੰ ਸ਼ਾਲ ਦਿੰਦਿਆਂ ਮਿਸੀਜ਼ ਚੀਮਾ ਦੇ ਬੋਲ ਹਉਮੇ 'ਚ ਭਿੱਜ ਗਏ ਹਨ। ਉਸ ਦਾ ਕਿਹਾ ਇਕ-ਇਕ ਸ਼ਬਦ ਅਪਰਾਜਿਤਾ ਨੂੰ ਯਾਦ ਏ।

''ਮੈਂ ਚੀਮਾ ਸਾਹਿਬ ਨੂੰ ਆਖਿਆ, ਆਪਾਂ ਹੀ ਇਕ ਸ਼ਾਲ ਲੈ ਚੱਲੀਏ, ਵਿਚਾਰੀ ਮਿਸੀਜ਼ ਕਪੂਰ ਵਾਸਤੇ। ਕਪੂਰ ਸਾਹਿਬ ਤਾਂ ਕਦੇ ਉਸ ਲਈ ਕੁੱਝ ਖ਼ਰੀਦਦੇ ਹੀ ਨਹੀਂ।''

ਵਿਚਾਰੀ ਸ਼ਬਦ ਉਸ ਨੂੰ ਅੰਦਰ ਤੱਕ ਲੂਹ ਗਿਆ ਸੀ। ਉਸ ਰਾਤ ਦੂਸਰੀ ਔਰਤ ਉਸ ਨੂੰ ਰੋਂਦਿਆਂ ਦੇਖਦੀ ਰਹੀ ਸੀ।

''ਤੂੰ ਚੁੱਪ ਕਿਉਂ ਏ? ਕੁੱਝ ਕਹਿੰਦੀ ਕਿਉਂ ਨਹੀਂ? ਕਿਉਂ ਮੈਂ ਵਿਚਾਰੀ ਹਾਂ? ਸੱਭ ਕੁੱਝ ਤਾਂ ਹੈ ਮੇਰੇ ਕੋਲ। ਇੱਜਤ, ਮਾਣ, ਚੰਗੀ ਨੌਕਰੀ, ਚੰਗੇ ਬੱਚੇ।''

''ਪਰ ਤੇਰੀ ਅਪਣੀ ਹੋਂਦ ਕਿੱਥੇ ਹੈ? ਅਪਰਾਜਿਤਾ ਕਿੱਥੇ ਹੈ? ਵਿਚਾਰੀ ਤੂੰ ਹੈਂ ਨਹੀਂ ਆਪ ਬਣ ਗਈ ਏਂ। ਤੂੰ ਜ਼ਿੰਮੇਦਾਰੀਆਂ ਸਾਰੀਆਂ ਚੁੱਕ ਲਈਆਂ। ਅਧਿਕਾਰ ਛੱਡਦੀ ਗਈ। ਨਜ਼ਰਅੰਦਾਜ਼ੀ, ਅਨਾਦਰ, ਸ਼ੋਸ਼ਣ ਸੱਭ ਚੁੱਪਚਾਪ ਸਹਿੰਦੀ ਰਹੀ। ਹੁਣ ਕੋਈ ਅਬਰਾਹਿਮ ਲਿੰਕਨ ਅਵਤਾਰ ਨਹੀਂ ਲਏਗਾ। ਸਦੀਆਂ ਤੋਂ ਚੱਲਦੀ ਆ ਰਹੀ ਮਾਨਸਿਕ ਗੁਲਾਮੀ ਤੋਂ ਤਾਂ ਆਪ ਹੀ ਮੁਕਤ ਹੋਣਾ ਪਵੇਗਾ। ਛੱਡ ਦੇ ਇਹੋ ਜਿਹੇ ਬੰਦੇ ਨੂੰ ਤਲਾਕ ਲੈ ਲੈ।''

ਤਲਾਕ ਸ਼ਬਦ ਹਥੌੜੇ ਵਾਂਗ ਵੱਜਦਾ ਰਿਹਾ, ਉਸਦੇ ਮਨ 'ਤੇ। ਕੀ ਇਹ ਹੀ ਸਮੱਸਿਆ ਦਾ ਹੱਲ ਏ?

''ਯੁੱਧ ਦੇ ਵੀ ਨਿਯਮ ਹੁੰਦੇ ਨੇ। ਮੈਦਾਨ ਛੱਡ ਕੇ ਭੱਜ ਜਾਓ ਜਾਂ ਡਟ ਕੇ ਲੜੋ।''

ਬੱਤੀ ਬਾਲ ਕੇ ਉਸ ਨੇ ਸੁੱਤੇ ਹੋਏ ਪਤੀ ਵੱਲ ਵੇਖਿਆ। ''ਕੌਣ ਏ ਇਹ ਇਨਸਾਨ? ਕੀ ਰਿਸ਼ਤਾ ਏ ਇਸ ਨਾਲ ਮੇਰਾ? ਕਿਉਂ ਅਧਿਕਾਰ ਏ ਇਸ ਨੂੰ ਮੇਰਾ ਸ਼ਰੀਰ ਛੂਹਣ ਦਾ?''

ਉਸ ਨੇ ਆਪਣਾ ਸਿਰਹਾਣਾ ਚੁੱਕਿਆ, ਬੱਤੀ ਬੁਝਾਈ ਤੇ ਜਾ ਕੇ ਲਿਵਿੰਗ ਰੂਮ ਵਿਚ ਸੌਂ ਗਈ।

ਅਗਲੇ ਦਿਨ ਉਸ ਦੀ ਨੀਂਦ ਸਵਖਤੇ ਖੁੱਲ ਗਈ। ਅੱਜ ਉਸ ਦਾ ਤਨ ਹੀ ਨਹੀਂ ਮਨ ਵੀ ਹਲਕਾ ਸੀ।

ਛੁੱਟੀਆਂ ਸ਼ੁਰੂ ਹੋਣ ਵਿਚ ਕੁੱਝ ਦਿਨ ਹੀ ਬਾਕੀ ਸਨ।

''ਵੱਡੇ ਦਿਨਾਂ ਦੀਆਂ ਛੁੱਟੀਆਂ ਥੋੜ੍ਹੀਆਂ ਹੁੰਦੀਆਂ ਨੇ। ਪਰ ਇਨ੍ਹਾਂ ਵਿਚ ਕਰਨ ਵਾਲੇ ਕੰਮ ਵੱਧ।

''ਰਜਾਈਆਂ ਦੇ ਨਵੇਂ ਗਿਲਾਫ਼ ਸਿਉਣੇ ਨੇ। ਚੌਲਾਂ ਵਿਚ ਸੁਸਰੀ ਪੈ ਗਈ ਏ। ਪਤਾ ਹੀ ਨਹੀਂ ਲੱਗਾ ਕਦੋਂ ਸਟੋਰ ਦੇ ਦਰਵਾਜ਼ੇ ਨੂੰ ਥੱਲਿਉਂ ਸਿਉਂਕ ਖਾ ਗਈ। ਬਾਹਰਲੇ ਗੇਟ ਕੋਲ ਲੱਗੀ ਬੋਗਨ ਬੇਲ ਦੀ ਕਟਿੰਗ ਜੇ ਕੋਲ ਖਲੋ ਕੇ ਨਾ ਕਰਵਾਈ ਤਾਂ ਮਾਲੀ ਅਨਾੜੀ ਨਾਈ ਵਾਂਗ ਉਸ ਨੂੰ ਕੱਟ ਦੇਵੇਗਾ।''

''ਗਿਲਟ। ਅਪਰਾਧ ਬੋਧ। ਪੰਜਵੇਂ ਦਹਾਕੇ ਵਿਚ ਜੰਮੀਆਂ ਔਰਤਾਂ ਦੀ ਬੱਸ ਇਹ ਹੀ ਤ੍ਰਾਸਦੀ ਏ। ਖੂਹ ਵਿਚੋਂ ਛਾਲ ਮਾਰ ਕੇ ਬਾਹਰ ਤਾਂ ਨਿਕੱਲ ਆਉਣਗੀਆਂ ਪਰ ਘੁੰਮਣਗੀਆਂ ਖੂਹ ਦੀ ਮੌਣ 'ਤੇ ਹੀ।'' ਦੂਜੀ ਔਰਤ ਫੇਰ ਸਾਹਮਣੇ ਆ ਕੇ ਖਲੋ ਗਈ।

......

ਉਹਨੇ ਕੱਪੜਿਆਂ ਵਾਲੀ ਅਲਮਾਰੀ ਖੋਲ੍ਹੀ। ਕੁੱਝ ਸਾੜੀਆਂ ਤੇ ਅਜੇ ਵੀ ਫਾਲ ਲੱਗਣ ਵਾਲੀ ਸੀ। ਨਵੇਂ ਕੱਪੜੇ ਪਾਉਣ ਨੂੰ ਉਸ ਦਾ ਜੀਅ ਹੀ ਨਹੀਂ ਸੀ ਕਰਦਾ। ਮਨ ਬੁੱਝ ਜਿਹਾ ਗਿਆ ਸੀ। ਫਿੱਕਾ-ਫਿੱਕਾ ਹੋ ਗਿਆ ਸੀ ਜੀਵਨ। ਪਲ-ਪਲ ਤਿਰਸਕਾਰ, ਬਿਨਾਂ ਕਾਰਨ, ਬਿਨਾਂ ਕਸੂਰ ਸਜ਼ਾ।

ਉਸ ਦੇ ਤੇ ਪਤੀ ਦੇ ਵਿਚਕਾਰ ਇਕ ਕੰਧ ਜਹੀ ਉਸਰ ਆਈ ਸੀ। ਸ਼ਾਇਦ ਉਸ ਦੀ ਪਹਿਲੀ ਇੱਟ ਉਸ ਦਿਨ ਰੱਖੀ ਗਈ ਸੀ ਜਿਸ ਦਿਨ ਉਸ ਨੇ ਨੌਕਰੀ ਕਰਨ ਦੀ ਗੱਲ ਕੀਤੀ ਸੀ। ਫਿਰ ਹੌਲੀ-ਹੌਲੀ ਇਹ ਕੰਧ ਉਚੀ ਤੇ ਅਭੇਦ ਹੁੰਦੀ ਗਈ।

ਜਦੋਂ ਉਸ ਨੂੰ ਪਹਿਲੀ ਤਨਖ਼ਾਹ ਮਿਲੀ ਤਾਂ ਪਤੀ ਨੇ ਘਰ ਦਾ ਖ਼ਰਚਾ ਦੇਣਾ ਬੰਦ ਕਰ ਦਿੱਤਾ। ਅਗਲੇ ਮਹੀਨੇ ਬੱਚਿਆਂ ਨੇ ਸਕੂਲ ਦੀ ਫ਼ੀਸ ਮੰਗੀ ਤਾਂ ਉਨ੍ਹਾਂ ਨੂੰ ਕਿਹਾ ਗਿਆ ''ਹੁਣ ਤੁਹਾਡੀ ਮਾਂ ਬਥੇਰਾ ਕਮਾਉਂਦੀ ਏ। ਉਸੇ ਕੋਲੋਂ ਫ਼ੀਸ ਲਿਆ ਕਰੋ।''

ਉਹ ਹੈਰਾਨ ਰਹਿ ਗਈ। ਕਦੇ-ਕਦੇ ਉਹ ਸੋਚਦੀ ''ਇੰਝ ਇਕੱਲਿਆਂ ਪਿਸੇ ਜਾਣ ਨਾਲੋਂ ਚੰਗਾ ਏ ਕਿ ਉਹ ਨੌਕਰੀ ਛੱਡ ਦੇਵੇ।''

''ਪਾਗ਼ਲ ਹੋ ਗਈ ਏਂ ਤੂੰ।'' ਦੂਜੀ ਔਰਤ ਅੱਗੇ ਆ ਖਲੋਂਦੀ।

''ਤੂੰ ਮਰਦ ਦੀ ਕੁੰਠਾ ਨਹੀਂ ਜਾਣਦੀ। ਉਹ ਕਦੇ ਵੀ ਸਹਿ ਨਹੀਂ ਸਕਦਾ ਕਿ ਪਤਨੀ ਉਸ ਤੋਂ ਇੱਕੀ ਹੋਵੇ। ਕਦਮ ਨਾਲ ਕਦਮ ਮਿਲਾ ਕੇ ਚੱਲਣ ਦੀ ਗੱਲ ਕਰਨਾ ਹੋਰ ਗੱਲ ਏ। ਪਰ ਆਦਮੀ ਚਾਹੁੰਦਾ ਇਹੀ ਏ ਕਿ ਔਰਤ ਉਸ ਦੇ ਪਿੱਛੇ-ਪਿੱਛੇ ਚੱਲੇ। ਪੂੰਛ ਹਿਲਾਉਂਦੀ ਚੱਲੇ ਤਾਂ ਉਸ ਦੇ ਹਊਮੇ ਨੂੰ ਜ਼ਿਆਦਾ ਸੰਤੁਸ਼ਟੀ ਮਿਲਦੀ ਏ। ਉਹ ਤੈਨੂੰ ਤੋੜਨ ਦੀ, ਝੁਕਾਉਣ ਦੀ ਹਰ ਕੋਸ਼ਿਸ਼ ਕਰੇਗਾ। ਯਾਦ ਏ ਡਾਕਟਰ ਗੌੜ ਨੇ ਫ਼ਾਈਨਲ ਦੇ ਇਮਤਿਹਾਨ ਤੋਂ ਪਹਿਲਾਂ ਕਿਹਾ ਸੀ-''ਇਹ ਤਾਂ ਸਾਧਾਰਨ ਪ੍ਰੀਖਿਆ ਏ, ਜੀਵਨ ਦੀ ਅਸਲੀ ਪ੍ਰੀਖਿਆ ਤਾਂ ਬਾਅਦ ਵਿਚ ਸ਼ੁਰੂ ਹੁੰਦੀ ਏ।''

ਇਕ ਦਿਨ ਕਾਲਜ ਵਿਚ ਵਨਸਪਤੀ ਵਿਭਾਗ ਵੱਲ ਜਾਂਦਿਆਂ ਉਸ ਦੀ ਸਤਿ ਸ੍ਰੀ ਅਕਾਲ ਦੇ ਉਤਰ ਵਿਚ ਪ੍ਰਕਾਸ਼ ਜੀ ਨੇ ਝਿਜਕਦੇ ਹੋਏ ਕਿਹਾ, ''ਮਿਸਜ਼ ਕਪੂਰ, ਬੁਰਾ ਨਾ ਮੰਨੋ ਤਾਂ ਇਕ ਗੱਲ ਕਹਾਂ।'' ਪ੍ਰਕਾਸ਼ ਬੜੀ ਸਾਊ ਲੈਕਚਰਾਰ ਸੀ। ਅਪਰਾਜਿਤਾ ਜਾਣਦੀ ਸੀ ਜੇ ਉਹ ਕੋਈ ਗੱਲ ਕਹੇਗੀ ਤਾਂ ਉਸਦੇ ਭਲੇ ਲਈ ਹੀ ਕਹੇਗੀ।''

''ਦੱਸੋ''

''ਇਸ ਹਫ਼ਤੇ ਤੁਸਾਂ ਇਹ ਸਾੜੀ ਤੀਜੀ ਵਾਰ ਰਿਪੀਟ ਕੀਤੀ ਏ।''

ਕਿੰਨੀ ਉਦਾਸ ਹੋ ਗਈ ਸੀ ਉਹ ਆਪਣੇ ਕੱਪੜਿਆਂ ਵੱਲ, ਆਪਣੇ ਜੀਵਨ ਵੱਲ, ਅਪਣੀ ਹੋਂਦ ਵੱਲ। ਅਗਲੇ ਦਿਨ ਉਸ ਨੇ ਮੋਰ ਪੰਖੀ ਰੰਗ ਦੀ ਗੁਲਾਬੀ ਬਾਡਰ ਵਾਲੀ ਕਾਂਜੀਵਰਮ ਦੀ ਸਾੜੀ ਕੱਢੀ। ਸਾੜੀ ਬੰਨ੍ਹ ਕੇ ਜਦੋਂ ਉਹ ਸ਼ੀਸ਼ੇ ਦੇ ਸਾਹਮਣੇ ਖੜ੍ਹੀ ਹੋਈ ਤਾਂ ਉਸ ਨੂੰ ਇੰਝ ਲੱਗਾ ਜਿਵੇਂ ਕਿਸੇ ਨੇ ਹੌਲੀ ਜਿਹੀ ਆਖਿਆ ਹੋਵੇ। ''ਹਾਏ ਸਵੀਟ ਹਾਰਟ''

ਐਡਰਾਨਾਲਿਨ ਦੀ ਵੱਡੀ ਡੋਜ਼। ਸਾਲਾਂ ਤੋਂ ਨਿਰਜੀਵ ਜਿਹਾ ਉਸ ਦਾ ਦਿਲ ਤੇਜ਼ੀ ਨਾਲ ਧੜਕਿਆ। ਉਸ ਨੂੰ ਇਕ ਭੁੱਲਿਆ ਹੋਇਆ ਚਿਹਰਾ ਯਾਦ ਆ ਗਿਆ। ਚਿਰਾਂ ਬਾਅਦ ਉਸ ਦੇ ਬੁੱਲਾਂ ਨੂੰ ਹਲਕੀ ਮੁਸਕਾਨ ਛੂਹ ਗਈ। ਹਰ ਕਿਸੇ ਨੂੰ ਜਿਉਣ ਲਈ ਇਕ ਮੁੱਠੀ ਅਸਮਾਨ ਚਾਹੀਦਾ ਹੈ। ਕਾਲਜ ਵਿਚ ਸਾਰਾ ਦਿਨ ਉਸ ਦਾ ਮਨ ਉਤਸ਼ਾਹਿਤ ਰਿਹਾ।

''ਮੈਮ! ਤੁਸੀਂ ਇਹੋ ਜਿਹੀਆਂ ਸਾੜ੍ਹੀਆਂ ਹੀ ਬੰਨ੍ਹਿਆ ਕਰੋ। ਤੁਹਾਡੇ 'ਤੇ ਗੂੜ੍ਹੇ ਰੰਗ ਬੜੇ ਫੱਬਦੇ ਨੇ।'' ਕੁੜੀਆਂ ਦੀਆਂ ਪ੍ਰਸ਼ੰਸਾ ਭਰੀਆਂ ਨਿਗਾਹਾਂ ਨੇ ਉਸ ਨੂੰ ਘੇਰੀ ਰੱਖਿਆ।

''ਕੀ ਗੱਲ ਏ ਭਾਈ। ਅੱਜ ਤਾਂ ਬੜੇ ਲਿਸ਼ਕਾਰੇ ਮਾਰ ਰਹੇ ਓ। ਜੀਜਾ ਜੀ ਲਿਆਏ ਨੇ ਇਹ ਸਾੜ੍ਹੀ?'' ਸਟਾਫ਼ ਰੂਮ ਵਿਚ ਚਾਹ ਪੀਂਦਿਆਂ ਮਿਸੀਜ਼ ਬਾਜਵਾ ਨੇ ਪੁੱਛਿਆ ਤਾਂ ਉਸ ਨੂੰ ਇੰਝ ਲੱਗਿਆ, ਉਦਾਸੀ, ਜਿਸ ਨੂੰ ਉਹ ਘਰ ਛੱਡ ਆਈ ਸੀ ਫਿਰ ਉਡ ਕੇ ਉਥੇ ਪਹੁੰਚ ਗਈ ਹੋਵੇ।

''ਨਹੀਂ। ਹੁਣ ਉਹ ਆਪਣੇ-ਆਪ ਨੂੰ ਉਦਾਸ ਨਹੀਂ ਹੋਣ ਦੇਵੇਗੀ। ਬਹੁਤ ਹੋ ਗਿਆ ਹੋਰਨਾਂ ਲਈ ਜਿਉਣਾ। ਹੁਣ ਉਹ ਉਹੀ ਕਰੇਗੀ ਜੋ ਉਸ ਨੂੰ ਬਹੁਤ ਪਹਿਲਾਂ ਕਰਨਾ ਚਾਹੀਦਾ ਸੀ। ਆਪਣੇ ਮਨ ਪਸੰਦ ਕੰਮਾਂ ਲਈ ਵੀ ਵਕਤ ਕੱਢਣਾ।

''ਬੁੱਝ ਜਾਣਾ, ਜੀਵਨ ਨਹੀਂ। ਜਿਉਣ ਵਾਸਤੇ ਜਿੱਥੋਂ ਊਰਜਾ ਮਿਲੇ ਲੈ ਲੈਣੀ ਚਾਹੀਦੀ ਹੈ।''

ਦੂਸਰੀ ਔਰਤ ਦੇ ਚੇਹਰੇ 'ਤੇ ਵੀ ਮੁਸਕਾਨ ਸੀ।

......

ਗੱਡੀ ਸਟੇਸ਼ਨ 'ਤੇ ਰੁਕੀ ਤਾਂ ਉਸ ਨੂੰ ਹੈਰਾਨੀ ਭਰੀ ਖੁਸ਼ੀ ਹੋਈ। ਮਾਸੀ-ਮਾਸੜ ਜੀ ਦੇ ਇਲਾਵਾ ਸਾਰੀ ਮਿੱਤਰ ਮੰਡਲੀ ਉਸ ਨੂੰ ਲੈਣ ਆਈ ਹੋਈ ਸੀ।

ਰਫਤ, ਅੰਜਲੀ, ਕਾਜਲ, ਡਾਲੀ ਤੋਂ ਇਲਾਵਾ ਦੂਬੇ, ਚੌਹਾਨ, ਅਮਿਤ ਤੇ ਕੌਸ਼ਲ ਵੀ ਸਨ।

ਮਾਸੀ ਜੀ ਨੇ ਉਸ ਨੂੰ ਕਲਾਵੇ ਵਿਚ ਲੈ ਲਿਆ। ਮਾਸੜ ਜੀ ਨੇ ਪਿਆਰ ਨਾਲ ਸਿਰ 'ਤੇ ਹੱਥ ਫੇਰਿਆ। ਸਹੇਲੀਆਂ ਨਾਲ ਗਲੇ ਮਿਲਾਈ, ਅੱਥਰੂ ਵਗਾਈ ਹੋ ਗਈ ਤਾਂ ਡਾਕਟਰ ਅਮਿਤ ਨੇ ਉਸ ਦੇ ਮੋਢੇ 'ਤੇ ਹੱਥ ਰੱਖਦਿਆਂ ਪੁੱਛਿਆ।

''ਕੀ ਹਾਲ ਏ ਤੁਹਾਡਾ?''

ਪਥਰਾਈਆਂ ਰੂਹਾਂ ਨੂੰ ਸੁਰਜੀਤ ਹੋਣ ਲਈ ਬੱਸ ਇਕ ਛੋਹ ਦੀ ਹੀ ਲੋੜ ਹੁੰਦੀ ਏ।

Laddi Padda Realtor

RE/MAX

Medallion Award Winner 2012



ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ

ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ
ਖ਼ਰੀਦਣ ਜਾਂ ਵੇਚਣ ਲਈ
ਭਰੋਸੇਮੰਦ ਰੀਐਲਟਰ ਲਾਡੀ
ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ

For Buying, Selling or Investing
Call Honest Realtor
Laddi Padda

lpadda08@gmail.com

MLS MULTIPLE LISTING SERVICE

REALTOR

Cell: 780-667-6767

2761 Hewes Way, Edmonton, AB T6L 6N5

Phone : 780-462-5000, Fax : 780-463-0188



# Matrimonial

## ਕੰਨਿਆ ਦੀ ਲੋੜ

Smart match for +2 in non medical, 2yr ASI Diploma of agriculture from Ludhiana university (1 yr experience in bayar company), Hotel management from institute of Gurdaspur, 3yr gratuation in BCA from GNDU, 1 yr PGDCA, 1yr B-Lip librarians, 2 yr M. Sc. Computer science continue from GNDU single boy, Height 5. 11 " feet. 11 acres Property for both brother's. Contact : 780 807 0375

---

ਕਨੇਡਾ ਵਿਚ ਪੱਕੇ ਤੌਰ 'ਤੇ ਰਹਿ ਰਹੀ ਭਾਰਤ ਤੋਂ ਜੀ.ਐਨ. ਤੇ ਐਮ.ਐਸ.ਈ. ਨਰਸਿੰਗ ਪਾਸ 29 ਸਾਲਾ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਨੇ ਮੈਡੀਕਲ ਆਫਿਸ ਅਸਿਟੈਂਟ ਦਾ ਕੋਰਸ ਵੀ ਕੀਤਾ ਹੋਇਆ ਹੈ। ਸੰਪਰਕ : 780-465-6604

---

ਜੱਟ ਸਿੱਖ ਪੂਨੀਆਂ 28 ਸਾਲ, ਕੱਦ 5'-7', ਪੜ੍ਹੇ ਲਿਖੇ, ਵੈਸ਼ਨੂੰ, ਡਿਪਲੋਮਾ ਹੋਲਡਰ, 15 ਏਕੜ ਜ਼ਮੀਨ, ਇੰਡੀਆ ਰਹਿੰਦੇ ਇਕਲੌਤੇ ਲੜਕੇ ਲਈ ਕਨੇਡੀਅਨ ਸਿਟੀਜਨ ਜਾਂ ਇੰਮੀਗ੍ਰਾਂਟ ਲੜਕੀ ਦੀ ਲੋੜ ਹੈ। ਮਾਂ-ਬਾਪ ਜਲਦੀ ਹੀ ਪੱਕੇ ਤੌਰ 'ਤੇ ਕਨੇਡਾ ਆ ਰਹੇ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ 780-236-1325 ਜਾਂ 98143-53113

----

ਆਪਣਾ ਬਿਜ਼ਨਸ ਕਰਨ ਵਾਲੇ ਯੂ.ਐਸ.ਏ. ਰਹਿੰਦੇ 34 ਸਾਲਾ, ਕੱਦ 5'11' ਕਲੀਨ ਸ਼ੇਵ ਲੜਕੇ ਲਈ ਲੜਕੀ

## ਕੰਨਿਆ ਦੀ ਲੋੜ

ਦੀ ਜ਼ਰੂਰਤ ਹੈ। ਭੈਣ ਕਨੇਡਾ ਵਿਚ ਸੈੱਟ ਹੈ। ਸੰਪਰਕ ਕਰੋ : 780-242-6563 ਜਾਂ ਈਮੇਲ ਕਰੋ : bhantgrewal@yahoo.co.uk

---

USA Citizen Jatt Sikh Sekhon 35yrs 5-10" well settled only son, running his own business. Looking for educated, nice & beautiful girl. Contact: 780-242-6563 or email bhantgrewal@yahoo.co.uk

---

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

---

Smart match for MBBS Handsome single boy, 6-11-1988, 5'-10'', father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is

## ਕੰਨਿਆ ਦੀ ਲੋੜ

CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

---

Seeking a suitable match for 22 years 6' Gupta ( Mahajan ) boy. Pursuing Master of Business Management in India. boy is totally teetotaler and well educated. caste no bar. his sister is well settled in Canada. contact no 780-761-3393.

---

Dhaliwal family 28 years, 5.9 " , fair colour, Canadian PR boy looking for smart girl jat Sikh ,Canadian , on student visa or from India . Please contact -ssmavi@live.com

## ਕੰਨਿਆ ਦੀ ਲੋੜ

Suitable match required for Jat-Sikh, Canadian Citizen, Engineer, 31 years, 6ft 2 in, clean shaven, doing well-paid Govt. job. Girl should be Canadian immigrant / citizen respecting family values. Please contact E mail: singhjrm13@gmail.com phone: 780-200-2647

ਕਨੇਡੀਅਨ ਸਿਟੀਜ਼ਨ, ਜੱਟ-ਸਿੱਖ, ਇੰਜਨੀਅਰ, 31 ਸਾਲਾ, 6 ਫੁਟ 2 ਇੰਚ, ਸਰਕਾਰੀ ਜੌਬ ਕਰਦੇ ਲੜਕੇ ਲਈ ਸੁਹਣੀ-ਸੁਨੱਖੀ, ਪੜ੍ਹੀ-ਲਿਖੀ, ਇਮੀਗਰੈਂਟ/ਸਿਟੀਜ਼ਨ ਪਰਿਵਾਰਕ ਸੁਭਾਅ ਵਾਲੀ ਲੜਕੀ ਦੀ ਲੋੜ ਹੈ। ਸੰਪਰਕ ਲਈ ਫੋਨ 780-200-2647 ਜਾਂ ਈ ਮੇਲ : **singhjrm13@gmail.com**

Dhillon Family 30 years old 5'5 nursing from India smart , intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

- - - - -

# Classified Plus




**City Estates**

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

011 91 98147 11263 or 011 91 98729 73304

**ਕਾਰਪੇਂਟਰ ਹੈਪਲਰ ਦੀ ਲੋੜ**

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ ਗੁਰਮੇਲ ਮਠਾੜੂ 780-990-9349 ਜਾਂ ਰਣਜੀਤ ਮਠਾੜੂ 780-907-9889 ਨਾਲ ਸੰਪਰਕ ਕਰੋ।

Email : info@westforkinteriors.com


# ਆਪਣੀਆਂ ਹੀ ਗੋਲੀਆਂ ਦੇ ਸ਼ਿਕਾਰ ਹੋ ਰਹੇ ਹਨ ਪੁਲੀਸ ਮੁਲਾਜ਼ਮ

## ਰਾਜਸੀ ਦਬਾਅ, ਨਫ਼ਰੀ ਘੱਟ ਤੇ ਡਿਊਟੀ ਵਾਧੂ

ਪਟਿਆਲਾ (ਨਦਬ) : ਪੰਜਾਬ ਪੁਲੀਸ ਕੋਲ ਮੌਜੂਦ ਸਰਕਾਰੀ ਹਥਿਆਰਾਂ ਦੇ 'ਅਚਾਨਕ' ਚੱਲਣ ਦੀਆਂ ਘਟਨਾਵਾਂ ਹੁਣ ਅਕਸਰ ਵਾਪਰਨ ਲੱਗੀਆਂ ਹਨ। ਪਟਿਆਲਾ ਵਿੱਚ ਕੁਝ ਦਿਨਾਂ ਵਿੱਚ 'ਅਚਾਨਕ' ਚੱਲੇ ਸਰਵਿਸ ਰਿਵਾਲਵਰਾਂ ਨੇ ਦੋ ਪੁਲੀਸ ਮੁਲਾਜ਼ਮਾਂ ਦੀ ਜਾਨ ਲੈ ਲਈ ਹੈ। ਸੀਆਈਏ ਸਟਾਫ ਪਟਿਆਲਾ ਵਿੱਚ ਤਾਇਨਾਤ 36 ਸਾਲਾ ਹੌਲਦਾਰ ਨਵਨਿੰਦਰ ਸਿੰਘ ਬਾਵਾ ਦੀ ਮੌਤ ਹੋਈ ਹੈ ਜਦੋਂ ਕਿ ਚਾਰ ਦਿਨ ਪਹਿਲਾਂ ਸਮਾਣਾ ਵਿੱਚ ਤਾਇਨਾਤ ਸੀਆਈਡੀ ਦੇ ਸਬ ਇੰਸਪੈਕਟਰ ਨਾਹਰ ਸਿੰਘ ਵੀ ਆਪਣੇ ਸਰਵਿਸ ਰਿਵਾਲਵਰ ਵਿੱਚੋਂ 'ਅਚਾਨਕ' ਚੱਲੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ। ਪਿਛਲੇ ਸਮੇਂ ਦੌਰਾਨ ਇਥੇ ਵਾਪਰੀਆਂ ਅਜਿਹੀਆਂ ਘਟਨਾਵਾਂ ਦੌਰਾਨ ਅੱਧੀ ਦਰਜਨ ਪੁਲੀਸ ਵਾਲੇ ਜਾਨ ਗੁਆ ਚੁੱਕੇ ਹਨ।

ਹੌਲਦਾਰ ਬਾਵਾ ਦੇ ਆਪਣੇ ਹੀ ਸਰਵਿਸ ਰਿਵਾਲਵਰ ਵਿਚੋਂ ਨਿਕਲ ਕੇ ਸਿਰ ਵਿੱਚ ਵੱਜੀ ਗੋਲੀ ਉਸ ਲਈ ਜਾਨਲੇਵਾ ਸਾਬਤ ਹੋਈ। ਥਾਣਾ ਕੋਤਵਾਲੀ ਪਟਿਆਲਾ ਅਧੀਨ ਇਲਾਕੇ ਵਿਚ ਵਾਪਰੀ ਇਸ ਘਟਨਾ ਬਾਰੇ ਥਾਣਾ ਮੁਖੀ ਜਸਵਿੰਦਰ ਟਿਵਾਣਾ ਨੇ ਕਿਹਾ ਕਿ ਜਦੋਂ ਬਾਵਾ ਡਿਊਟੀ ਬਾਅਦ ਕਾਰ ਰਾਹੀਂ ਆਪਣੇ ਗੁਰਬਖਸ਼ ਕਲੋਨੀ, ਪਟਿਆਲਾ ਸਥਿਤ ਘਰ ਜਾ ਰਿਹਾ ਸੀ ਤਾਂ ਉਸ ਦਾ ਲੜਕਾ ਵੀ ਨਾਲ ਸੀ। ਰਸਤੇ ਵਿੱਚ ਕਾਰ ਖਰਾਬ ਹੋ ਗਈ ਅਤੇ ਬਾਵਾ ਹੇਠਾਂ ਉਤਰਿਆ ਅਤੇ ਕਾਰ ਠੀਕ ਕਰਨ ਬਾਅਦ ਜਦੋਂ ਵਿੱਚ ਬੈਠਣ ਲੱਗਾ ਤਾਂ ਉਸ ਨੇ ਕਾਰ ਦੀ ਤਾਕੀ ਬੰਦ ਕੀਤੀ ਤਾਂ ਹੱਥ ਵਿੱਚ ਫੜਿਆ ਸਰਵਿਸ ਰਿਵਾਲਵਰ 'ਅਚਾਨਕ' ਚੱਲ ਗਿਆ ਅਤੇ ਇਸ ਵਿਚੋਂ ਨਿਕਲੀ ਗੋਲੀ ਉਸ ਦੇ ਸਿਰ ਵਿੱਚ ਵੱਜੀ। ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਸਬੰਧੀ ਧਾਰਾ 174 ਅਧੀਨ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

ਦੱਸਣਯੋਗ ਹੈ ਕਿ ਕਈ ਮਹੀਨੇ ਪਹਿਲਾਂ ਇਥੇ ਗੰਨਮੈਨ ਦੀ ਅਸਾਲਟ ਵਿੱਚੋਂ 'ਅਚਾਨਕ' ਚੱਲੀ ਗੋਲੀ ਨੇ ਐਸ.ਪੀ. ਪੱਧਰ ਦੇ ਇੱਕ ਅਫ਼ਸਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਨ੍ਹਾਂ ਦਿਨਾਂ ਵਿੱਚ ਹੀ ਇਥੇ ਪੁਲੀਸ ਲਾਈਨ ਵਿੱਚ ਇੱਕ ਪੁਲੀਸ ਮੁਲਾਜ਼ਮ ਦੀ ਸਰਕਾਰੀ ਹਥਿਆਰ ਵਿਚੋਂ ਨਿਕਲੀ ਗੋਲੀ ਨੇ ਜਾਨ ਲੈ ਲਈ ਸੀ। ਪਿਛਲੇ ਮਹੀਨੇ ਇੱਕ ਫੌਜੀ ਦੀ ਬਾਰ੍ਹਾਂ ਬੋਰ ਦੀ ਰਾਈਫਲ ਵਿਚੋਂ 'ਅਚਾਨਕ' ਗੋਲੀ ਚੱਲ ਗਈ ਸੀ ਤੇ ਉਸ ਦੀ ਜਾਨ ਚਲੀ ਗਈ ਸੀ। ਇਸ ਤਰ੍ਹਾਂ 'ਅਚਾਨਕ' ਚੱਲਦੇ ਹਥਿਆਰਾਂ ਨਾਲ ਮੁਲਾਜ਼ਮਾਂ ਦੀ ਮੌਤ ਦਾ ਵਰਤਾਰਾ ਅਧਿਕਾਰੀਆਂ ਦਾ ਧਿਆਨ ਮੰਗਦਾ ਹੈ। ਇੱਕ ਸੇਵਾਮੁਕਤ ਉੱਚ ਪੁਲੀਸ ਅਧਿਕਾਰੀ ਨੇ ਕਿਹਾ ਕਿ ਅੱਜ ਕੱਲ੍ਹ ਪੁਲੀਸ 'ਤੇ ਰਾਜਸੀ ਦਬਾਅ ਬਹੁਤ ਹੈ। ਨਫ਼ਰੀ ਘੱਟ ਹੋਣ ਅਤੇ ਵਧੇਰੇ ਡਿਊਟੀ ਦੇਣ ਕਾਰਨ ਵੀ ਪੁਲੀਸ ਮੁਲਾਜ਼ਮ ਥੱਕ ਹਾਰ ਜਾਂਦੇ ਹਨ ਅਤੇ ਅਜਿਹੇ ਵਿੱਚ ਪਰਿਵਾਰਕ ਸੰਤੁਲਨ ਵੀ ਵਿਗੜ ਜਾਂਦਾ ਹੈ। ਉਨ੍ਹਾਂ ਨੇ ਨਾ ਸਿਰਫ ਪੁਲੀਸ ਵਿੱਚ ਬਲਕਿ ਸਮੁੱਚੇ ਸਮਾਜ ਅੰਦਰ ਹੀ ਵਧਦੇ ਪਰਿਵਾਰਕ ਕਲੇਸ਼ ਨੂੰ ਦਬਾਅ ਦੇ ਕਾਰਨਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ।

### ਥਾਣੇ ਅੰਦਰ ਚੱਲੀਆਂ ਗੋਲੀਆਂ ਨਾਲ ਸਿਪਾਹੀ ਜ਼ਖ਼ਮੀ :

ਲੁਧਿਆਣਾ ਦੇ ਥਾਣਾ ਡਿਵੀਜ਼ਨ ਨੰਬਰ 2 ਵਿੱਚ ਦਿਨ ਚੜ੍ਹਦਿਆਂ ਹੀ ਥਾਣੇ ਅੰਦਰ ਗੋਲੀਆਂ ਚੱਲਣ ਨਾਲ ਦਹਿਸ਼ਤ ਵਾਲਾ ਮਾਹੌਲ ਪੈਦਾ ਹੋ ਗਿਆ। ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਉਣ ਤੋਂ ਬਾਅਦ ਪੂਰਾ ਮੁਹੱਲਾ ਘਰਾਂ ਵਿਚੋਂ ਬਾਹਰ ਆ ਗਿਆ। ਜਦੋਂ ਲੋਕ ਇੱਕਠੇ ਹੋ ਕੇ ਥਾਣੇ ਪਹੁੰਚੇ ਤਾਂ ਉਥੇ ਅਫ਼ਰਾ ਤਫ਼ਰੀ ਦਾ ਮਾਹੌਲ ਸੀ। ਥਾਣੇ ਵਿੱਚ ਕਿਸੇ ਨੇ ਹਮਲਾ ਨਹੀਂ ਬਲਕਿ ਥਾਣੇ ਦੇ ਸਿਪਾਹੀ ਦੀ ਕਾਰਬਾਈਨ ਤੋਂ ਗੋਲੀਆਂ ਚੱਲੀਆਂ ਸਨ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ ਸੀ। ਉਸ ਨੂੰ ਸੀਐਮਸੀ ਹਸਪਤਾਲ ਵਿੱਚ ਇਲਾਜ ਲਈ ਭੇਜ ਦਿੱਤਾ ਸੀ। ਮੁਲਾਜ਼ਮ ਦੇ ਢਿੱਡ ਵਿੱਚ ਤਿੰਨ ਗੋਲੀਆਂ ਲੱਗੀਆਂ ਹੋਈਆਂ ਹਨ। ਉਧਰ, ਗੋਲੀਆਂ ਕਿਵੇਂ ਚੱਲੀਆਂ ਹਨ, ਇਹ ਕਿਸੇ ਨੂੰ ਨਹੀਂ ਪਤਾ। ਪੁਲੀਸ ਇਹ ਪੜਤਾਲ ਕਰਨ ਵਿੱਚ ਲੱਗੀ ਹੋਈ ਹੈ ਕਿ ਉਸ ਨੇ ਗੋਲੀਆਂ ਖੁਦ ਚਲਾਈਆਂ ਹਨ ਜਾਂ ਫਿਰ ਉਸ ਕੋਲੋਂ ਅਚਾਨਕ ਚੱਲੀਆਂ ਹਨ। ਫੱਟੜ ਸਿਪਾਹੀ ਇੰਦਰਜੀਤ ਸਿੰਘ ਬਾਘਾਪੁਰਾਣਾ ਦਾ ਰਹਿਣ ਵਾਲਾ ਹੈ। ਉਹ 2010 ਵਿੱਚ ਬਤੌਰ ਸਿਪਾਹੀ ਭਰਤੀ ਹੋਇਆ ਸੀ। ਹੁਣ ਉਹ ਲੁਧਿਆਣਾ ਦੇ ਥਾਣਾ ਡਿਵੀਜ਼ਨ ਨੰਬਰ 2 ਵਿੱਚ ਤਾਇਨਾਤ ਹੈ।

# ਮਨ ਹੀ ਨਹੀਂ ਸਰੀਰ ਦੀਆਂ ਗੱਠਾਂ ਵੀ ਖੋਲ੍ਹ ਦਿੰਦੀ ਹੈ ਕਲਾ



**ਅਸਗਰ ਵਜਾਹਤ**

ਇਕ ਗ਼ਜ਼ਲ ਹੈ, 'ਚੁਪਕੇ ਚੁਪਕੇ ਰਾਤ ਦਿਨ ਆਂਸੂ ਬਹਾਨਾ ਯਾਦ ਹੈ...।' ਗ਼ਜ਼ਲਾਂ ਵਿਚ ਰੁਚੀ ਰੱਖਣ ਵਾਲਿਆਂ ਨੇ ਇਸ ਨੂੰ ਜ਼ਰੂਰ ਸੁਣਿਆ ਹੋਵੇਗਾ। ਇਸ ਦੇ ਸ਼ਾਇਰ ਹਨ ਹਸਰਤ ਮੋਹਾਨੀ। 1875 ਵਿਚ ਪੈਦਾ ਹੋਏ ਅਤੇ 1951 ਤਕ ਜਿਉਂਦੇ ਰਹੇ। ਇਹ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ 1921 ਵਿਚ ਕਾਂਗਰਸ ਦੇ ਸੰਮੇਲਨ ਵਿਚ ਪੂਰਨ ਸਵਰਾਜ ਦਾ ਪ੍ਰਸਤਾਵ ਰੱਖਿਆ ਸੀ। ਗਾਂਧੀ, ਉਦੋਂ ਇਹ ਪ੍ਰਸਤਾਵ ਨਹੀਂ ਚਾਹੁੰਦੇ ਸਨ, ਪਰ ਰਾਮ ਪ੍ਰਸਾਦ ਬਿਸਮਿਲ ਵਰਗੇ ਨੌਜਵਾਨ ਸੁਤੰਤਰਤਾ ਸੈਨਾਨੀ ਤੇ ਕਰਾਂਤੀਕਾਰੀਆਂ ਨੇ ਇਸ ਨੂੰ ਪਾਸ ਕਰਵਾ ਲਿਆ। ਮੋਹਾਨੀ ਸੰਵਿਧਾਨ ਸਭਾ ਦੇ ਵੀ ਮੈਂਬਰ ਸਨ। ਇਨ੍ਹਾਂ ਬਾਰੇ ਬੜੇ ਰੋਚਕ ਕਿੱਸੇ ਉਰਦੂ ਦੇ ਲੇਖਕ ਤੇ ਨਾਟਕਕਾਰ ਐਸ.ਐਮ. ਮੇਂਹਦੀ ਨੇ ਸੁਣਾਏ।

ਰਾਸ਼ਟਰੀ ਅੰਦੋਲਨ ਦੌਰਾਨ 1922-23 ਵਿਚ ਮੋਹਾਨੀ ਕਾਨਪੁਰ ਵਿਚ ਰਹਿੰਦੇ ਸਨ। ਰਾਸ਼ਟਰੀ ਅੰਦੋਲਨ ਬੜੇ ਜ਼ੋਰਾਂ 'ਤੇ ਸੀ। ਕਾਂਗਰਸ ਦੇ ਸਾਰੇ ਵੱਡੇ ਨੇਤਾ ਜੇਲ੍ਹਾਂ ਵਿਚ ਬੰਦ ਕਰ ਦਿੱਤੇ ਗਏ। ਨੌਜਵਾਨ ਅੰਦੋਲਨਕਾਰੀਆਂ ਸਾਹਮਣੇ ਸੰਕਟ ਸੀ ਕਿ ਹੁਣ ਉਹ ਕਿਸ ਨਾਲ ਸਲਾਹ-ਮਸ਼ਵਰਾ ਕਰਨ? ਲਿਹਾਜ਼ਾ ਇਹ ਮੋਹਾਨੀ ਦੇ ਘਰ ਪਹੁੰਚੇ। ਗਰਮੀ ਦੇ ਦਿਨ ਸਨ। ਦਰਵਾਜ਼ਾ ਖੜਕਾਣ 'ਤੇ ਮੋਹਾਨੀ ਸਾਹਮਣੇ ਆਏ। ਕਮਰ ਤੋਂ ਉਪਰ ਪਿੰਡਾ ਨੰਗਾ ਸੀ ਤੇ ਹੱਥ ਵਿਚ ਖਜੂਰ ਦਾ ਪੱਖਾ। ਵਿਦਿਆਰਥੀਆਂ ਨੇ ਆਉਣ ਦਾ ਉਦੇਸ਼ ਦੱਸਿਆ ਤਾਂ ਮੋਹਾਨੀ ਨੇ ਕਿਹਾ, 'ਦੇਖੋ ਮੇਰੇ ਘਰ ਵਿਚ ਲੱਕੜ ਖ਼ਤਮ ਹੋ ਗਈ ਹੈ ਤੇ ਮੈਂ ਲੱਕੜ ਲੈਣ ਲਈ ਟਾਲ ਜਾ ਰਿਹਾ ਹਾਂ। ਨਾਲ ਚੱਲੋ ਤਾਂ ਰਸਤੇ ਵਿਚ ਗੱਲ ਹੋ ਜਾਵੇਗੀ।' ਵਿਦਿਆਰਥੀ ਉਨ੍ਹਾਂ ਦੇ ਨਾਲ ਤੁਰ ਪਏ। ਉਹ ਉਥੇ ਗਏ ਲੱਕੜਾਂ ਤੁਲਵਾਈਆਂ ਤੇ ਗੱਟਾ ਮੋਢੇ 'ਤੇ ਰੱਖ ਲਿਆ ਅਤੇ ਵਾਪਸ਼ੀ ਸ਼ੁਰੂ ਹੋ ਗਈ। ਉੱਘੇ ਨੇਤਾ ਸਨ। ਰਾਹ ਵਿਚ ਲੋਕ ਦੁਆ-ਸਲਾਮ ਕਰ ਰਹੇ ਸਨ। ਗੱਲਾਂ ਕਰ ਰਹੇ ਸਨ। ਉਹ ਸਾਰਿਆਂ ਦਾ ਜਵਾਬ ਵੀ ਦਿੰਦੇ। ਵਿਦਿਆਰਥੀਆਂ ਨਾਲ ਗੱਲ ਕਰਦੇ ਕਰਦੇ ਘਰ ਆ ਗਏ। ਵਿਦਿਆਰਥੀਆਂ ਦਾ ਮਾਰਗ ਦਰਸ਼ਨ ਹੋ ਗਿਆ ਤੇ ਸਹਿਯੋਗ ਦਾ ਭਰੋਸਾ ਵੀ ਮਿਲ ਗਿਆ।

ਇਕ ਵਾਰ ਲਖਨਊ ਵਿਚ ਕੋਈ ਸੰਮੇਲਨ ਸੀ ਤੇ ਵਿਦਿਆਰਥੀ ਚਾਹੁੰਦੇ ਸਨ ਕਿ ਮੋਹਾਨੀ ਉਨ੍ਹਾਂ ਵਲੋਂ ਉਥੇ ਜਾਣ। ਉਨ੍ਹਾਂ ਕਿਹਾ, 'ਮੈਂ ਚਲਾ ਤਾਂ ਜਾਵਾਂ, ਪਰ ਉਥੇ ਜਾਣ ਲਈ ਮੇਰੇ ਕੋਲ ਪੈਸੇ ਨਹੀਂ। ਛੇ ਉਥੇ ਜਾਣ ਦੇ ਤੇ ਏਨੇ ਹੀ ਵਾਪਸੀ ਦੇ। ਸਟੇਸ਼ਨ ਤੋਂ ਸੰਮੇਲਨ ਵਾਲੀ ਥਾਂ 'ਤੇ ਜਾਣ ਲਈ ਦੋ ਆਨੇ ਦਾ ਤਾਂਗਾ ਕਰਨਾ ਪਏਗਾ। ਦੋ ਆਨੇ ਵਾਪਸੀ ਦੇ। ਇਸ ਤਰ੍ਹਾਂ ਸੋਲ੍ਹਾਂ ਆਨੇ ਦਾ ਖ਼ਰਚ ਹੈ।' ਮੁੰਡਿਆਂ ਨੇ ਚੰਦਾ ਕਰਕੇ ਸੋਲ੍ਹਾਂ ਆਨੇ ਇਕੱਠੇ ਕਰਕੇ ਉਨ੍ਹਾਂ ਨੂੰ ਦੇ ਦਿੱਤੇ। ਲਖਨਊ ਸੰਮੇਲਨ ਵਿਚ ਸ਼ਾਮਲ ਹੋ ਕੇ ਜਦੋਂ ਉਹ ਪਰਤੇ ਤਾਂ ਉਨ੍ਹਾਂ ਨੇ ਮੁੰਡਿਆਂ ਨੂੰ ਸੱਦ ਲਿਆ-'ਭਾਈ ਇਹ ਦੋ ਆਨੇ ਬਚੇ ਹਨ, ਇਹ ਤੁਸੀਂ

> **ਸਿਡਨੀ ਵਿਚ 'ਜਿਸ ਲਾਹੌਰ ਨਹੀਂ ਦੇਖਿਆ' ਨਾਟਕ ਦੇਖਣ ਆਈ ਇਕ ਔਰਤ ਦਾ ਆਈ-ਡਕਟ ਆਪਰੇਸ਼ਨ ਹੋਣਾ ਸੀ। ਉਸ ਦੇ ਹੰਝੂ ਸੁੱਕ ਗਏ ਸਨ ਪਰ ਨਾਟਕ ਦੇਖ ਕੇ ਉਹ ਐਨਾ ਰੋਈ ਕਿ ਆਪਰੇਸ਼ਨ ਦੀ ਲੋੜ ਹੀ ਨਾ ਪਈ**

ਵਾਪਸ ਲੈ ਲਓ।' ਮੁੰਡਿਆਂ ਨੇ ਪੁਛਿਆ ਕਿ 'ਇਹ ਦੋ ਆਨੇ ਕਿਵੇਂ ਬਚ ਗਏ?' ਉਨ੍ਹਾਂ ਕਿਹਾ ਕਿ ਸੰਮੇਲਨ ਤੋਂ ਬਾਅਦ ਮੋਤੀਲਾਲ ਨਹਿਰੂ ਨੇ ਆਪਣੀ ਕਾਰ ਰਾਹੀਂ ਉਨ੍ਹਾਂ ਨੂੰ ਸਟੇਸ਼ਨ 'ਤੇ ਛੱਡ ਦਿੱਤਾ ਸੀ। ਇਸ ਤਰ੍ਹਾਂ ਤਾਂਗੇ ਦੇ ਦੋ ਆਨੇ ਬਚ ਗਏ। ਮੋਹਾਨੀ ਹਰ ਸਾਲ ਹਜ ਕਰਨ ਜਾਂਦੇ ਸਨ। ਇਕ ਵਾਰ ਮੁੰਡਿਆਂ ਨੇ ਉਨ੍ਹਾਂ ਤੋਂ ਪੁਛਿਆ ਕਿ ਮੌਲਾਨਾ ਤੁਸੀਂ ਹਰ ਸਾਲ ਹੱਜ ਕਰਨ ਕਿਉਂ ਜਾਂਦੇ ਹੋ? ਉਨ੍ਹਾਂ ਕਿਹਾ, 'ਜਹਾਜ਼ 'ਤੇ ਮੈਨੂੰ ਕੌਮਾਂਤਰੀ ਸਰੋਤਾ ਮਿਲ ਜਾਂਦੇ ਹਨ। ਉਨ੍ਹਾਂ ਨਾਲ ਗੱਲਬਾਤ ਕਰਕੇ ਆਜ਼ਾਦੀ ਅੰਦੋਲਨ ਦਾ ਪ੍ਰਚਾਰ ਹੋ ਜਾਂਦਾ ਹੈ।' ਫੇਰ ਕੁਝ ਸ਼ਰਾਰਤੀ ਅੰਦਾਜ਼ ਵਿਚ ਬੋਲੇ ਕਿ ਜੇਕਰ ਕੋਈ ਹਸੀਨਾ ਦਿਸ ਗਈ ਤਾਂ ਸਾਲ ਭਰ ਗ਼ਜ਼ਲ ਲਿਖਣ ਦਾ ਇੰਤਜ਼ਾਮ ਹੋ ਜਾਂਦਾ ਹੈ।' ਅਜਿਹਾ ਸਿੱਧਾ-ਸੱਚਾ ਉਨ੍ਹਾਂ ਦਾ ਵਿਅਕਤੀਤਵ ਸੀ। ਅੱਜ ਸਾਡੀ ਲੀਡਰਸ਼ਿਪ ਦਾ ਧਿਆਨ ਇਸ ਗੱਲ 'ਤੇ ਹੈ ਕਿ ਉਹ ਕਿਵੇਂ ਦਿਖ ਰਿਹਾ ਹੈ। ਮੋਹਾਨੀ ਦਾ ਵਿਅਕਤੀਤਵ ਸਾਨੂੰ ਪ੍ਰੇਰਣਾ ਦਿੰਦਾ ਹੈ ਕਿ ਕਿਵੇਂ ਪਹਿਰਾਵਾ ਨਹੀਂ ਸਗੋਂ ਤੁਹਾਡੀ ਜੋ ਭੂਮਿਕਾ ਹੈ, ਸਮਝਦਾਰੀ ਹੈ, ਗਿਆਨ ਹੈ, ਉਹ ਵੱਡੀ ਚੀਜ਼ ਹੈ।

ਰਚਨਾਤਮਕਤਾ ਆਪਣੇ ਆਪ ਵਿਚ ਵੱਡੀ ਗੱਲ ਹੈ। ਇਸ ਵਿਚ ਉਮੀਦ ਹੈ, ਪ੍ਰੇਰਣਾ ਤਾਂ ਖੈਰ ਹੈ ਹੀ, ਸਭ ਕੁਝ ਹੈ। ਮੈਨੂੰ ਪੁਛਿਆ ਜਾਂਦਾ ਹੈ ਕਿ ਮੈਂ ਨਾਵਲ, ਕਹਾਣੀ, ਨਾਟਕ ਲਿਖੇ, ਯਾਦਾਂ, ਯਾਤਰਾਵਾਂ ਬਾਰੇ ਲਿਖਿਆ, ਯਾਤਰਾਵਾਂ ਕੀਤੀਆਂ। ਪੇਂਟਿੰਗ ਕੀਤੀ। ਡਾਕੂਮੈਂਟਰੀ ਫ਼ਿਲਮਾਂ ਬਣਾਈਆਂ। ਤੁਸੀਂ ਏਨੇ ਕੰਮਕਰਦੇ ਹੋ, ਇਹ ਕੀ ਮਾਮਲਾ ਹੈ? ਮੈਂ ਕਿਹਾ ਕਿ ਕੁਝ ਬੇਚੈਨ ਆਤਮਾਵਾਂ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਰਸਤੇ ਦੀ ਭਾਲ ਰਹਿੰਦੀ ਹੈ। ਉਹ ਕੋਈ ਪ੍ਰਯੋਗ ਕਰ ਕੇ ਰਸਤਾ ਭਾਲਦੇ ਰਹਿੰਦੇ ਹਨ। ਮੈਂ ਇਸੇ ਤਰ੍ਹਾਂ ਦੀ ਆਤਮਾ ਹਾਂ ਕਿ ਪਤਾ ਨਹੀਂ ਕਿੱਥੇ ਕੀ ਮਿਲ ਜਾਵੇ। ਇਹ ਆਪਣੇ ਸਮਾਜ ਨਾਲ ਸੰਵਾਦ ਦੀ ਕੋਸ਼ਿਸ਼ ਹੈ। ਲੋਕ ਮੈਨੂੰ ਕਹਿੰਦੇ ਹਨ ਕਿ ਤੁਸੀਂ ਏਨੀਆਂ ਕੌੜੀਆਂ ਗੱਲਾਂ ਕਿਉਂ ਕਹਿ ਦਿੰਦੇ ਹੋ ਕਿ ਲੋਕ ਭਲਾ-ਬੁਰਾ ਕਹਿੰਦੇ ਹਨ। ਗਾਲ੍ਹਾਂ ਦਿੰਦੇ ਹਨ। ਮੈਂ ਕਿਹਾ ਕਿ ਗਾਲ੍ਹਾਂ ਦੇਣ ਵਾਲੇ ਸਾਡੇ ਹੀ ਲੋਕ ਹਨ, ਦੂਸਰੇ ਨਹੀਂ। ਅਸੀਂ ਲੋਕ ਜੋ ਲੇਖਕ ਹਾਂ ਜਾਂ ਕਲਾ ਨਾਲ ਜਿਨ੍ਹਾਂ ਦਾ ਸਬੰਧ ਹੈ, ਸਾਨੂੰ ਉਸ ਤਰ੍ਹਾਂ ਕਿਸੇ ਨੂੰ ਖ਼ੁਸ਼ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਸਾਨੂੰ ਅਹੁਦਾ ਨਹੀਂ ਚਾਹੀਦਾ। ਪੈਸਾ ਨਹੀਂ ਚਾਹੀਦਾ। ਜੇਕਰ ਅਸੀਂ ਕੌੜੀ ਗੱਲ ਨਹੀਂ ਕਰਾਂਗੇ ਤਾਂ ਕੀ ਇਹ ਸਿਆਸਤਦਾਨ ਕਰਨਗੇ। ਉਹ ਇਹ ਕੰਮ ਨਹੀਂ ਕਰ ਸਕਦੇ। ਰਚਨਾਤਮਕਤਾ ਕਿਵੇਂ ਬਦਲਾਅ ਲਿਆਂਦੀ ਹੈ, ਇਸ ਦਾ ਉਦਾਹਰਣ ਹੈ ਮੇਰਾ ਨਾਟਕ 'ਜਿਸ ਲਾਹੌਰ ਨਹੀਂ ਦੇਖਿਆ'। ਗੱਲ ਹੈ 1985-86 ਦੀ। ਪਾਕਿਸਤਾਨ ਦੇ ਨਿਰਦੇਸ਼ਕ ਖਾਲਿਦ ਅਹਿਮਦ ਇਸ ਨੂੰ ਉਥੇ ਖੇਡਣਾ ਚਾਹੁੰਦੇ ਸਨ, ਪਰ ਕਰਾਚੀ ਪੁਲੀਸ ਕਮਿਸ਼ਨਰ ਨੇ ਆਗਿਆ ਨਾ ਦਿੱਤੀ। ਉਨ੍ਹਾਂ ਨੇ ਇਤਰਾਜ਼ ਜ਼ਾਹਰ ਕੀਤਾ ਕਿ ਇਸ ਵਿਚ ਤੁਸੀਂ ਮੌਲਵੀ ਦੀ ਹੱਤਿਆ ਦਿਖਾਈ ਹੈ ਤੇ ਦਰਅਸਲ ਇਹ ਇਸਲਾਮ ਦੀ ਹੱਤਿਆ ਹੈ। ਫਿਰ ਤੁਸੀਂ ਹਿੰਦੂ ਬੁੱਢੀ ਦੇ ਕਿਰਦਾਰ ਨੂੰ ਏਨਾ ਸਕਾਰਾਤਮਕ ਦਿਖਾਇਆ ਹੈ। ਏਨੀ ਚੰਗੀ ਤੇ ਏਨੀ ਲੋਕ ਪ੍ਰਿਯ। ਲਾਹੌਰ ਦੇ ਸਾਰੇ ਲੋਕ ਉਸ ਨੂੰ ਮਾਈ ਕਹਿੰਦੇ ਹਨ। ਸਨਮਾਨ ਦਿੰਦੇ ਹਨ। ਤੀਸਰੀ ਗੱਲ, ਲੇਖਕ ਪਾਕਿਸਤਾਨੀ ਨਹੀਂ ਹੈ, ਉਹ ਭਾਰਤੀ ਹੈ। ਖਾਲਿਦ ਅਹਿਮਦ ਨੇ ਕਰਾਚੀ ਸਥਿਤ ਜਰਮਨ ਦੂਤਾਵਾਸ ਦੇ ਗੋਥੇ ਸੈਂਟਰ 'ਤੇ ਨਾਟਕ ਦਾ ਮੰਚਨ ਕੀਤਾ, ਕਿਉਂਕਿ ਦੂਸਤਾਵਾਸ ਵਿਚ ਉਸ ਦੇਸ਼ ਦਾ ਕਾਨੂੰਨ ਚਲਦਾ ਹੈ। ਫਿਰ ਪਾਕਿਸਤਾਨੀ ਅਖ਼ਬਾਰਾਂ ਵਿਚ ਏਨੀਆਂ ਚੰਗੀਆਂ ਸਮੀਖਿਆਵਾਂ ਪ੍ਰਕਾਸ਼ਤ ਹੋਈਆਂ। ਇਕ ਅਖ਼ਬਾਰ ਨੇ ਤਾਂ ਲਿਖਿਆ ਕਿ ਇਹ ਨਾਟਕ ਧਾਰਮਕ ਸਹਿਣਸ਼ੀਲਤਾ 'ਤੇ ਆਧਾਰਤ ਹੈ, ਜਿਸ ਦੀ ਪਾਕਿਸਤਾਨ ਨੂੰ ਸਖ਼ਤ ਜ਼ਰੂਰਤ ਹੈ।

> **ਪਾਕਿਸਤਾਨ 'ਚ ਨਾਟਕ ਦੀ ਏਨੀ ਤਾਰੀਫ਼ ਹੋਈ ਕਿ ਅਖ਼ਬਾਰਾਂ ਨੇ ਲਿਖਿਆ ਕਿ ਅਜਿਹੀ ਸਹਿਣਸ਼ੀਲਤਾ ਦੀ ਜ਼ਰੂਰਤ ਪਾਕਿਸਤਾਨ ਨੂੰ ਹੈ, ਜਦਕਿ ਪੁਲੀਸ ਨੇ ਨਾਟਕ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ।**

ਸਿਡਨੀ ਵਿਚ ਸ਼ੋਅ ਸ਼ੁਰੂ ਹੋਇਆ ਤਾਂ ਬਾਅਦ ਵਿਚ ਨਾਟਕ ਦੀ ਡਾਇਰੈਕਟਰ ਨੇ ਮੈਨੂੰ ਦਰਸ਼ਕਾਂ ਦੀਆਂ ਪ੍ਰਤੀਕਿਰਿਆਵਾਂ ਦੇ ਈ-ਮੇਲ ਭੇਜੇ। ਇਕ ਵਿਅਕਤੀ ਨੇ ਲਿਖਿਆ ਸੀ ਕਿ ਉਸ ਦੀ ਪਤਨੀ ਦਾ ਆਈ-ਡਕਟ ਆਪਰੇਸ਼ਨ ਹੋਣ ਵਾਲਾ ਸੀ। ਅੱਖ ਵਿਚ ਜਦੋਂ ਪਾਣੀ ਨਹੀਂ ਆਉਂਦਾ ਤਾਂ ਅੱਖਾਂ ਸੁੱਕ ਜਾਂਦੀਆਂ ਹਨ, ਤਾਂ ਇਹ ਛੋਟਾ ਜਿਹਾ ਆਪਰੇਸ਼ਨ ਹੁੰਦਾ ਹੈ। ਪਰ ਤੁਹਾਡਾ ਨਾਟਕ ਦੇਖ ਕੇ ਮੇਰੀ ਪਤਨੀ ਬਹੁਤ ਰੋਈ। ਅਗਲੇ ਦਿਨ ਆਪਰੇਸ਼ਨ ਲਈ ਗਏ ਤਾਂ ਡਾਕਟਰ ਨੇ ਕਿਹਾ ਕਿ ਹੁਣ ਇਨ੍ਹਾਂ ਨੂੰ ਆਪਰੇਸ਼ਨ ਦੀ ਲੋੜ ਨਹੀਂ ਹੈ। ਅੱਖ ਦੀਆਂ ਨਸਾਂ ਆਪਰੇਸ਼ਨ ਨਾਲ ਖੋਲ੍ਹਣੀਆਂ ਸਨ, ਉਹ ਆਪਣੇ ਆਪ ਖੁੱਲ੍ਹ ਗਈਆਂ। ਕਲਾ ਦਾ ਅਸਰ ਮਨ ਦੀ ਹੀ ਨਹੀਂ, ਸਰੀਰ ਦੀਆਂ ਗੱਠਾਂ ਵੀ ਖੋਲ੍ਹ ਦਿੰਦਾ ਹੈ।

ਪਹਿਲਾ ਸ਼ੋਅ ਨਵੀਂ ਦਿੱਲੀ ਵਿਚ ਹਬੀਬ ਤਨਵੀਰ ਨੇ ਕੀਤਾ ਸੀ ਤਾਂ ਸਿੱਖ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਨੇ ਇਸ ਨੂੰ ਦੇਖਿਆ। ਬਾਅਦ ਵਿਚ ਉਹ ਆਏ ਅਤੇ ਮੈਨੂੰ ਤੇ ਹਬੀਬ ਸਾਹਿਬ ਨੂੰ ਬੋਲੇ ਕਿ ਤੁਹਾਨੂੰ ਲੋਕਾਂ ਨੂੰ ਪਤਾ ਨਹੀਂ ਹੈ ਕਿ ਤੁਸੀਂ ਕੀ ਕਰ ਦਿੱਤਾ ਹੈ। ਤੁਸੀਂ ਦੋਵੇਂ ਨਾ ਤਾਂ ਵੰਡ ਦੇ ਭੁਗਤਭੋਗੀ ਹੋ ਤੇ ਨਾ ਪੰਜਾਬ ਤੋਂ ਹੋ। ਫਿਰ ਵੀ ਤੁਸੀਂ ਜੋ ਕੰਮ ਕੀਤਾ, ਉਸ ਨੇ ਸਾਨੂੰ ਬਹੁਤ ਬੇਚੈਨ ਕਰ ਦਿੱਤਾ। ਨਾਟਕ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ। ਕੰਨੜ ਵਿਚ ਇਸ ਦੇ ਬਹੁਤ ਸਾਰੇ ਸ਼ੋਅ ਹੁੰਦੇ ਹਨ। ਮੈਂ ਕੰਨੜ ਭਾਸ਼ਾਈਆਂ ਨੂੰ ਪੁਛਿਆ ਕਿ ਤੁਹਾਡੇ ਲੋਕਾਂ ਦਾ ਤਾਂ ਇਹ ਯਥਾਰਥ ਨਹੀਂ ਹੈ। ਤੁਹਾਨੂੰ ਲੋਕਾਂ ਨੂੰ ਇਹ ਨਾਟਕ ਪਸੰਦ ਕਿਉਂ ਆਉਂਦਾ ਹੈ। ਕਹਿਣ ਲੱਗੇ ਦੇਖੋ, ਨਾਟਕ ਦਾ ਜੋ ਮਾਨਵੀ ਪੱਖ ਹੈ, ਉਹ ਸਾਨੂੰ ਆਕਰਸ਼ਤ ਕਰਦਾ ਹੈ। ਮਾਨਵੀ ਸਬੰਧ ਜਿਸ ਤਰ੍ਹਾਂ ਨਾਟਕ ਵਿਚ ਬਣਦੇ ਹਨ, ਉਸ ਤੋਂ ਸਿੱਧ ਹੁੰਦਾ ਹੈ ਕਿ ਭਾਸ਼ਾ, ਧਰਮ, ਭਗੋਲਿਕਤਾ ਖੇਤਰ ਤੇ ਇਨ੍ਹਾਂ ਸਾਰਿਆਂ ਤੋਂ ਉਪਰ ਹੈ ਮਾਨਵੀ ਸਬੰਧ। ਮਾਨਵਤਾ ਸਭ ਤੋਂ ਉਪਰ ਹੈ। ਭਾਸ਼ਾ, ਧਰਮ ਤੇ ਸਭਿਆਚਾਰ ਬਾਅਦ ਵਿਚ ਆਉਂਦੇ ਹਨ।

'ਦੈਨਿਕ ਭਾਸਕਰ' ਵਿਚੋਂ ਧੰਨਵਾਦ ਸਹਿਤ



# ਟਿੰਬਕਟੂ

## ਪਰਦੇ 'ਤੇ ਲਿਖੀ ਕਵਿਤਾ




ਬਰਦੀਪ ਭੱਠਲ
+91-98149-00082


ਅਫਰੀਕੀ ਨਿਰਦੇਸ਼ਕ ਅਬਦਰ-ਰਹਮਾਨੇ ਸਿਸਾਕੋ ਦੀ ਫਿਲਮ 'ਟਿੰਬਕਟੂ' ਵਿਚ ਅਫਰੀਕਾ 'ਚ ਕਹੀ ਜਾਂਦੀ ਇਸ ਲੋਕ ਕਹਾਵਤ ਦੀ ਸੱਚਾਈ ਸਾਕਾਰ ਹੁੰਦੀ ਨਜ਼ਰ ਆਉਂਦੀ ਹੈ। ਫ਼ਰਕ ਸਿਰਫ ਏਨਾ ਹੈ ਕਿ ਫਿਲਮ 'ਚ ਹਿਰਨ ਅਤੇ ਸ਼ੇਰ ਆਮ ਲੋਕਾਂ ਅਤੇ ਇਸਲਾਮੀ ਜੱਹਾਦੀਆਂ ਦੇ ਪ੍ਰਤੀਕ ਬਣ ਜਾਂਦੇ ਹਨ। ਇਥੋਂ ਤੱਕ ਕਿ ਸਿਸਾਕੋ ਦੀ ਅਜੋਕੇ ਇਸਲਾਮਕ ਜੱਹਾਦ ਜਾਂ ਦਹਿਸ਼ਤਪਸੰਦੀ ਦਾ ਕੱਚਾ ਚਿੱਠਾ ਫਰੋਲਦੀ ਇਸ ਫਿਲਮ ਦਾ ਆਰੰਭ ਹੀ ਜੱਹਾਦੀਆਂ ਵਲੋਂ ਮਾਸੂਮ ਹਿਰਨ ਦਾ ਗੋਲੀਆਂ ਚਲਾਉਂਦੇ ਹੋਏ ਪਿੱਛਾ ਕਰਨ ਨਾਲ ਹੁੰਦਾ ਹੈ। ਇਕ ਜੱਹਾਦੀ ਦੂਜਿਆਂ ਨੂੰ ਤਾੜਨਾ ਕਰਦਾ ਹੈ – "ਇਸ ਨੂੰ ਮਾਰੋ ਨਾ, ਇਸ ਨੂੰ ਭਜਾ-ਭਜਾ ਕੇ ਥਕਾ ਦਿਓ।"

ਇਹੀ ਉਨ੍ਹਾਂ ਦੀ ਵਿਚਾਰਧਾਰਾ ਹੈ, ਇਹੀ ਉਨ੍ਹਾਂ ਦਾ ਗੇਮ ਪਲਾਨ ਹੈ-ਲੋਕਾਂ ਨੂੰ ਸਰੀਰਕ ਅਤੇ ਜ਼ਿਹਨੀ ਤੌਰ 'ਤੇ ਤੋੜਨਾ, ਇਸ ਵਿੱਚ ਹੀ ਦਹਿਸ਼ਤਗਰਦੀ ਦੀ ਚੜ੍ਹਤ ਛੁਪੀ ਹੋਈ ਹੈ। ਫਿਲਮ ਦੇ ਅਗਲੇ ਸੀਨ 'ਚ ਜੱਹਾਦੀ ਲੱਕੜ ਦੀਆਂ ਬਣੀਆਂ ਪੁਰਾਤਨ ਅਫਰੀਕੀ ਪਗਾਨ ਮੂਰਤੀਆਂ 'ਤੇ ਨਿਸ਼ਾਨੇ ਲਾਉਂਦੇ ਦਿਖਾਏ ਜਾਂਦੇ ਹਨ। ਮਾਸੂਮ ਹਿਰਨ ਦਾ ਜਾਨ ਬਚਾਉਣ ਲਈ ਭੱਜਣਾ ਅਤੇ ਮੂਰਤੀਆਂ ਦੇ ਚੀਥੜੇ ਉੱਡਣਾ ਫਿਲਮ 'ਚ ਅੱਗੇ ਵਾਪਰਨ ਵਾਲੇ ਬਿਰਤਾਂਤ ਦਾ ਸਾਰ ਤੱਤ ਪੇਸ਼ ਕਰ ਜਾਂਦਾ ਹੈ। ਇਹ ਦ੍ਰਿਸ਼ ਉਸ ਹਿੰਸਕ ਖ਼ਤਰੇ ਵੱਲ ਇਸ਼ਾਰਾ ਕਰਦੇ ਹਨ ਜਿਸ ਦੀ ਮਾਰ ਹੇਠ ਕੁਦਰਤ, ਕਲਾ ਅਤੇ ਪੁਰਾਤਨ ਸੱਭਿਆਚਾਰ ਆਏ ਹੋਏ ਹਨ। ਫਿਲਮ ਦੀ ਕਹਾਣੀ ਪੱਛਮੀ ਅਫਰੀਕਾ ਦੇ ਦੇਸ਼ ਮਾਲੀ ਦੇ ਸ਼ਹਿਰ 'ਟਿੰਬਕਟੂ' 'ਚ ਵਾਪਰਦੀ ਹੈ। ਇਹ ਸ਼ਹਿਰ ਪੁਰਾਤਨ ਅਫਰੀਕੀ ਸੱਭਿਆਚਾਰ ਅਤੇ ਸਿੱਖਿਆ ਦਾ ਉੱਘਾ ਕੇਂਦਰ ਰਿਹਾ ਹੈ। ਯੂਨੈਸਕੋ ਵਲੋਂ ਇਸ ਨੂੰ ਵਰਲਡ ਹੈਰੀਟੇਜ਼ ਸਾਈਟ ਦਾ ਦਰਜਾ ਵੀ ਦਿੱਤਾ ਗਿਆ ਹੈ। ਇਹ ਸ਼ਹਿਰ ੧ ਅਪ੍ਰੈਲ 2012 ਨੂੰ ਨੈਸ਼ਨਲ ਮੂਵਮੈਂਟ ਫਾਰ ਦਾ ਲਿਬਰੇਸ਼ਨ ਆਫ ਅਜਾਵਾਦ (ਐਮ.ਐਨ.ਐਲ.ਏ) ਅਤੇ ਅਲ-ਕਾਇਦਾ ਨਾਲ ਸਬੰਧਤ ਜੱਥੇਬੰਦੀ ਅੰਸਰ ਦੀਨ ਦੇ ਕਬਜ਼ੇ ਹੇਠ ਆ ਗਿਆ ਸੀ। ਭਾਵੇਂ ਕੁਝ ਸਮੇਂ ਬਾਅਦ ਫਰਾਂਸਿਸੀ ਅਤੇ ਮਾਲੀ ਫੌਜਾਂ ਨੇ ਉਨ੍ਹਾਂ ਨੂੰ ਖਦੇੜ ਦਿੱਤਾ ਪਰ ਉਹ ਜਾਂਦੇ ਹੋਏ ਸ਼ਹਿਰ ਦੀਆਂ ਮਹਾਨ ਅਤੇ ਪੁਰਾਤਨ ਲਾਇਬਰੇਰੀਆਂ 'ਚੋਂ ਇਕ ਨੂੰ ਅੱਗ ਲਾ ਕੇ ਸਾੜ ਗਏ।

ਸਿਸਾਕੋ ਦੀ ਸੱਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਉਹ ਹਿੰਸਕ ਵਿਸ਼ੇ ਦੇ ਬਾਵਜੂਦ ਸਥਿਤੀ ਦੀ ਭਿਆਨਕਤਾ ਨੂੰ ਬਿਨਾ ਕਿਸੇ ਖ਼ੂਨ-ਖਰਾਬੇ ਦੇ ਬੜੇ ਸਹਿਜ ਅਤੇ ਸੁਹਿਰਦ ਢੰਗ ਨਾਲ ਪ੍ਰਤੀਕਾਤਮਕ ਰੂਪ ਵਿਚ ਪੇਸ਼ ਕਰਦਾ ਹੈ। ਇਸ ਨੂੰ ਪਰਦੇ 'ਤੇ ਲਿਖੀ ਕਵਿਤਾ ਵੀ ਕਿਹਾ ਜਾ ਸਕਦਾ ਹੈ। ਫਿਲਮ ਦੀ ਗਤੀ ਅਤੇ ਫੋਟੋਗਰਾਫੀ ਇਸ ਨੂੰ ਸਮੇਂ ਤੇ ਸਥਾਨ ਤੋਂ ਪਰੇ ਦੀ ਚੀਜ਼ ਬਣਾ ਦਿੰਦੇ ਹਨ। ਇਹ ਫਿਲਮ ਰਾਬਰਟ ਐਲਟਮੈਨ ਦੀ 'ਨੈਸ਼ਵਿਲੇ' ਅਤੇ ਰੋਬਰਟੈ ਰੋਜ਼ਾਲੀਨੀ ਦੀਆਂ ਜੰਗ ਅਧਾਰਤ ਫਿਲਮਾਂ ਦੀ ਲੜੀ ਨੂੰ ਅੱਗੇ ਤੋਰਦੀ ਜਾਪਦੀ ਹੈ।

ਫਿਲਮ ਧਾਰਮਕ ਜੱਹਾਦੀਆਂ ਦੀ ਧੌਂਸ ਅਤੇ ਦਮਨ ਦੇ ਸ਼ਿਕਾਰ ਸਥਾਨਕ ਲੋਕਾਂ ਦੀ ਰੋਜ਼ ਮਰ੍ਹਾ ਦੀ ਜਿੰਦਗੀ ਦੀ ਤਸਵੀਰਕਸ਼ੀ ਕਰਦੀ ਹੈ। ਵੱਖ-ਵੱਖ ਪਾਤਰ ਆਪਣੇ ਕੰਮ-ਧੰਦੇ ਲੱਗੇ ਨਜ਼ਰ ਆਉਂਦੇ ਹਨ। ਸ਼ਹਿਰ ਅਜੇ ਸ਼ਾਂਤ ਨਜ਼ਰ ਆਉਂਦਾ ਹੈ ਪਰ ਉਸ ਦੀਆਂ ਰਗਾਂ 'ਚ ਦਾਖ਼ਲ ਹੋਏ ਨਵੇਂ ਹਿੰਸਕ ਵਾਇਰਸ ਦਾ ਅੰਦੇਸ਼ਾ ਦਰਸ਼ਕਾਂ ਦੇ ਦਿਲ ਦੀਆਂ ਧੜਕਣਾਂ ਤੇਜ਼ ਕਰ ਦਿੰਦਾ ਹੈ। ਹੌਲੀ-ਹੌਲੀ ਇਹ ਵਾਇਰਸ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੰਦਾ ਹੈ ਅਤੇ ਸ਼ਹਿਰ ਦਾ ਰੰਗ ਪੀਲਾ ਪੈਣ ਲੱਗ ਜਾਂਦਾ ਹੈ। ਹਥਿਆਰਬੰਦ ਜੱਹਾਦੀਆਂ ਦੀਆਂ ਟੋਇਟਾ ਗੱਡੀਆਂ ਅਤੇ ਮੋਟਰ-ਸਾਈਕਲ ਸ਼ਹਿਰ 'ਚ ਦਨ-ਦਨਾਉਣ ਲੱਗਦੇ ਹਨ। ਸ਼ਰੀਆ ਕਾਨੂੰਨ ਦੇ ਨਾਂ ਹੇਠ ਧਾਰਮਕ ਫਤਵੇ ਜਾਰੀ ਹੋਣ ਲੱਗਦੇ ਹਨ। ਡਰ ਅਤੇ ਸਹਿਮ ਲੋਕਾਂ ਦੇ ਦਿਲਾਂ ਅਤੇ ਭੀੜੀਆਂ ਗਲੀਆਂ 'ਚ ਸ਼ਹਿ ਲਾ ਕੇ ਬੈਠ ਜਾਂਦਾ ਹੈ। ਕਿਸੇ ਵੀ ਆਮ ਨਾਗਰਿਕ ਦਾ ਆਮ ਲੰਘ ਰਿਹਾ ਦਿਨ ਖ਼ਤਰਨਾਕ ਢੰਗ ਨਾਲ ਬੇਆਰਾਮ ਹੋ ਸਕਦਾ ਹੈ।

ਜੱਹਾਦੀ ਲਾਊਡ-ਸਪੀਕਰਾਂ ਰਾਹੀਂ ਔਰਤਾਂ ਨੂੰ ਸਿਰ ਢਕਣ ਤੇ ਦਸਤਾਨੇ ਪਾਉਣ, ਮਰਦਾਂ ਨੂੰ ਘਰਾਂ ਅੱਗੇ ਵਿਹਲੇ ਨਾ ਬੈਠਣ, ਸਿਗਰਟ ਨਾ ਪੀਣ, ਫੁੱਟਬਾਲ ਨਾ ਖੇਡਣ ਅਤੇ ਸੰਗੀਤ ਨਾ ਵਜਾਉਣ ਜਿਹੇ ਫਤਵੇ ਜਾਰੀ ਕਰਦੇ ਹਨ। ਇਹ ਸਥਿਤੀ ਦਹਿਸ਼ਤੀ ਹੋਣ ਦੇ ਨਾਲ-ਨਾਲ ਵਿਅੰਗਮਈ ਵੀ ਬਣ ਜਾਂਦੀ ਹੈ। ਇਥੇ ਵੂਡੀ ਐਲਨ ਦੀ ਫਿਲਮ 'ਬਨਾਨਾਸ' ਦੇ ਅੰਤ 'ਤੇ ਸਫ਼ਲ ਹੋਈ ਲਾਤੀਨੀ ਅਮਰੀਕੀ ਕ੍ਰਾਂਤੀ ਦਾ ਨੇਤਾ ਯਾਦ ਆਉਂਦਾ ਹੈ ਜੋ ਲੋਕਾਂ ਨੂੰ ਕਹਿੰਦਾ ਹੈ ਕਿ ਹੁਣ ਤੋਂ ਸਰਕਾਰੀ ਭਾਸ਼ਾ ਸਵੀਡਸ਼ ਹੋਵੇਗੀ ਅਤੇ ਲੋਕ ਰੋਜ਼ ਆਪਣਾ ਕੱਛਾ ਬਦਲਣਗੇ ਅਤੇ ਇਸਨੂੰ ਬਾਹਰ ਪਹਿਨਣਗੇ ਤਾਂ ਜੋ ਤਸਦੀਕ ਹੋ ਸਕੇ।

ਇਸ ਧਰਤੀ, ਜਿੱਥੇ ਸਦੀਆਂ ਤੋਂ ਕਬੀਲੇ ਲੜਾਈਆਂ ਲੜਦੇ ਆਏ ਹਨ, ਦੇ ਬਾਸ਼ਿੰਦੇ ਇਹਨਾਂ ਫ਼ਤਵਿਆਂ ਨੂੰ ਸਿਰ ਝੁਕਾ ਕੇ ਮੰਨਣ ਦੀ ਥਾਂ ਆਪਣਾ ਬਣਦਾ-ਸਰਦਾ ਵਿਰੋਧ ਪ੍ਰਗਟ ਕਰਦੇ ਹਨ। ਮੱਛੀਆਂ ਵੇਚਣ ਵਾਲੀ ਕੁੜੀ ਗੁੱਸੇ ਵਿਚ ਜੱਹਾਦੀਆਂ ਨੂੰ ਦਸਤਾਨੇ ਪਾ ਕੇ ਮੱਛੀਆਂ ਵੇਚਣ ਦਾ ਢੰਗ ਪੁੱਛਦੀ ਹੈ ਅਤੇ ਆਪਣੇ ਹੱਥ ਹੀ ਵੱਢ ਦੇਣ ਲਈ ਆਖਦੀ ਹੈ। ਅੱਧਖੜ ਉਮਰ ਦਾ ਇਕ ਮਰਦ ਪੈਂਟ ਦੀਆਂ ਮੂਰ੍ਹੀਆਂ ਚੜ੍ਹਾਉਣ ਲਈ ਵਾਰ-ਵਾਰ ਕਹਿਣ 'ਤੇ ਪੈਂਟ ਲਾਹ ਕੇ ਹੀ ਮੋਢੇ 'ਤੇ ਧਰ ਲੈਂਦਾ ਹੈ। ਫੁੱਟਬਾਲ ਦੇ ਸ਼ੌਕੀਨ ਮੁੰਡੇ ਮੈਦਾਨ 'ਚ ਕਾਲਪਨਿਕ ਬਾਲ ਨਾਲ ਖੇਡਦੇ ਹਨ। ਬਿਨਾ ਬਾਲ ਦੇ ਇਕ ਦੂਜੇ ਨੂੰ ਪਾਸ ਦਿੰਦੇ ਅਤੇ ਗੋਲ ਕਰਕੇ ਖੁਸ਼ੀ ਮਨਾਉਂਦੇ ਮੁੰਡੇ ਬੇਸਿਰ-ਪੈਰ ਦੇ ਫ਼ਤਵਿਆਂ ਨੂੰ ਮਿੱਟੀ 'ਚ ਰੋਲਦੇ ਜਾਪਦੇ ਹਨ। ਇਹ ਸੀਨ ਅਜੋਕੇ ਸੰਸਾਰ ਸਿਨੇਮਾ ਦਾ ਹਾਸਿਲ ਕਿਹਾ ਜਾ ਸਕਦਾ ਹੈ।

ਫ਼ਤਵਿਆਂ ਦਾ ਉਲੰਘਣ ਕਰਨ 'ਤੇ ਕੋੜ੍ਹਿਆਂ ਦੀ ਸਜ਼ਾ ਦਿੱਤੀ ਜਾਂਦੀ ਹੈ – ਫੁੱਟਬਾਲ ਖੇਡਣ 'ਤੇ 20 ਕੋੜ੍ਹੇ, ਸੰਗੀਤ ਸੁਣਨ 'ਤੇ 40 ਕੋੜ੍ਹੇ, ਮਾਪਿਆਂ ਦੀ ਹਾਜ਼ਰੀ ਤੋਂ ਬਿਨਾ ਨੌਜਵਾਨ ਮੁੰਡੇ-ਕੁੜੀਆਂ ਦੇ ਇੱਕਠੇ ਹੋਣ 'ਤੇ 20 ਕੋੜ੍ਹੇ ਹੋਰ। ਇਕ ਹੋਰ ਦ੍ਰਿਸ਼ ਜੱਹਾਦੀਆਂ ਵਲੋਂ ਕਲਾ ਅਤੇ ਨਿੱਜੀ ਆਜ਼ਾਦੀ ਦਾ ਗਲ ਘੁੱਟਣ ਦਾ ਬਿਰਤਾਂਤ ਸਿਰਜਦਾ ਹੈ। ਕੁਝ ਨੌਜਵਾਨ ਮੁੰਡੇ-ਕੁੜੀਆਂ ਇੱਕਠੇ ਹੋ ਕੇ ਸੰਗੀਤ ਵਜਾਉਂਦੇ ਅਤੇ ਗੀਤ ਗਾਉਂਦੇ ਹਨ। ਫੜ੍ਹੇ ਜਾਣ 'ਤੇ ਗੀਤ ਗਾ ਰਹੀ ਕੁੜੀ ਨੂੰ 40 ਕੋੜ੍ਹਿਆਂ ਦੀ ਸਜ਼ਾ ਮਿਲਦੀ ਹੈ। ਕੋੜ੍ਹੇ ਮਾਰੇ ਜਾਣ ਦੌਰਾਨ ਵੀ ਉਹ ਗੀਤ ਗਾਈ ਜਾਂਦੀ ਹੈ। ਕੋੜ੍ਹਿਆਂ ਦੀ ਗਿਣਤੀ ਅਤੇ ਤੇਜ਼ੀ ਉਸਦੇ ਗੀਤ ਨੂੰ ਹੋਰ ਜਾਨ ਬਖ਼ਸ਼ਦੇ ਹਨ। ਉਸਦਾ ਗੀਤ ਪੀੜ ਸਹਿਣ ਅਤੇ ਆਪਣੇ ਜਿਉਂਦੇ ਹੋਣ ਦੀ ਜ਼ਾਮਨੀ ਦੇਣ ਦਾ ਜਰੀਆ ਬਣ ਜਾਂਦਾ ਹੈ। ਇੱਥੇ ਬ੍ਰਤੋਲਤ ਬ੍ਰੈਖਤ ਦੇ ਸ਼ਬਦ ਯਾਦ ਆਉਂਦੇ ਹਨ :-

ਕੀ ਹਨੇਰੇ ਵੇਲਿਆਂ ਵਿਚ ਵੀ ਗੀਤ ਗਾਏ ਜਾਣਗੇ।
ਹਾਂ ਗਾਏ ਜਾਣਗੇ, ਹਨੇਰੇ ਵੇਲਿਆਂ ਦੇ ਗੀਤ।

ਫਿਲਮ ਜੱਹਾਦੀਆਂ ਦਾ ਦੋਹਰਾ ਕਿਰਦਾਰ ਵੀ ਸਾਹਮਣੇ ਲਿਆਉਂਦੀ ਹੈ ਅਤੇ ਸਪਸ਼ਟ ਕਰਦੀ ਹੈ ਕਿ ਧਾਰਮਕ ਜੱਹਾਦ ਦੇ ਨਾਂ ਹੇਠ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਜੱਹਾਦੀਆਂ ਦਾ ਆਪਣਾ ਕੋਈ ਧਰਮ ਜਾਂ ਕਾਨੂੰਨ ਨਹੀਂ ਹੈ। ਫੁੱਟਬਾਲ 'ਤੇ ਪਾਬੰਦੀ ਲਾਉਣ ਵਾਲੇ ਜੱਹਾਦੀ ਫੁੱਟਬਾਲ ਖਿਡਾਰੀ ਜ਼ਿਦਾਨ ਅਤੇ ਬਾਰਸੀਲੋਨਾ ਕਲੱਬ ਦੀਆਂ ਕਮੀਆਂ-ਪੇਸ਼ੀਆਂ ਬਾਰੇ ਬਹਿਸ ਕਰਦੇ ਹਨ। ਜੱਹਾਦੀਆਂ ਦਾ ਸਰਗਣਾ ਅਬਦੁਰ ਕਰੀਮ ਆਪ ਲੁਕ ਕੇ ਸਿਗਰਟ ਪੀਂਦਾ ਹੈ ਅਤੇ ਇਕ ਵਿਆਹੀ ਤੀਵੀਂ 'ਤੇ ਬੁਰੀ ਨਜ਼ਰ ਰੱਖਦਾ ਹੈ। ਜੱਹਾਦੀ ਸਫੀਆ ਨਾਂ ਦੀ ਕੁੜੀ ਦਾ ਵਿਆਹ ਉਸ ਦੇ ਮਾਪਿਆਂ ਦੇ ਵਿਰੋਧ ਦੇ ਬਾਵਜੂਦ ਇਕ ਜੱਹਾਦੀ ਨਾਲ ਕਰ ਦਿੰਦੇ ਹਨ। ਕੁੜੀਆਂ ਨੂੰ ਅਗਵਾ ਕਰਨ ਅਤੇ ਜਬਰੀ ਵਿਆਹ ਵਰਗੇ ਕਾਰਿਆਂ ਲਈ ਉਹ ਸ਼ਰੀਆ ਕਾਨੂੰਨ ਦੀ ਵਿਆਖਿਆ ਆਪਣੀ ਮਰਜ਼ੀ ਅਨੁਸਰ ਕਰਦੇ ਹਨ।

ਫਿਲਮ ਦਾ ਕੋਈ ਰਵਾਇਤੀ ਪਲਾਟ ਨਹੀਂ ਹੈ। ਛੋਟੀਆਂ-ਛੋਟੀਆਂ ਘਟਨਾਵਾਂ ਅਤੇ ਪਾਤਰਾਂ ਰਾਹੀਂ ਦਹਿਸ਼ਤ ਦਾ ਮਾਹੌਲ ਸਿਰਜਿਆ ਗਿਆ ਹੈ। ਮੁੱਖ ਪਾਤਰ ਕਿਦਾਨ ਨਾਂ ਦਾ ਪਸ਼ੂ ਪਾਲਕ ਹੈ ਜੋ ਸ਼ਹਿਰ ਤੋਂ ਬਾਹਰ ਆਪਣੀ ਪਤਨੀ ਸਤੀਮਾ ਅਤੇ 12 ਸਾਲ ਦੀ ਧੀ ਤੋਇਆ ਨਾਲ ਇਕ ਝੁੱਗੀ 'ਚ ਰਹਿੰਦਾ ਹੈ ਅਤੇ ਪਸ਼ੂ ਪਾਲ ਕੇ ਗੁਜ਼ਾਰਾ ਕਰਦਾ ਹੈ। ਇਕ ਦਿਨ ਉਸ ਦੀ ਇਕ ਗਾਂ ਸ਼ਹਿਰੋਂ ਬਾਹਰ ਬਣੇ ਛੱਪੜ 'ਚ ਇਕ ਮਛੇਰੇ ਦੇ ਮੱਛੀਆਂ ਫੜਨ ਲਈ ਲਾਏ ਜਾਲ ਨੂੰ ਤੋੜ ਦਿੰਦੀ ਹੈ। ਮਛੇਰਾ ਗੁੱਸੇ 'ਚ ਆ ਕੇ ਗਾਂ ਮਾਰ ਦਿੰਦਾ ਹੈ ਅਤੇ ਬਾਅਦ 'ਚ ਕਿਦਾਨ ਨਾਲ ਹੋਏ ਝਗੜੇ 'ਚ ਗੋਲੀ ਲੱਗਣ ਨਾਲ ਮਾਰਿਆ ਜਾਂਦਾ ਹੈ। ਜੱਹਾਦੀ ਕਿਦਾਨ ਨੂੰ ਆਪ ਬਣਾਈ ਜ਼ੇਲ੍ਹ 'ਚ ਡੱਕ ਦਿੰਦੇ ਹਨ ਅਤੇ 'ਬਲੱਡ ਮਨੀ' 'ਚ 40 ਗਾਵਾਂ ਦੇਣ ਜਾਂ ਸਜ਼ਾ ਭੁਗਤਣ ਦੀ ਸ਼ਰਤ ਰੱਖਦੇ ਹਨ। ਗਾਵਾਂ ਨਾ ਦੇ ਸਕਣ 'ਤੇ ਉਸ ਨੂੰ ਜਨਤਕ ਤੌਰ 'ਤੇ ਮਾਰਨ ਦਾ ਐਲਾਨ ਹੋ ਜਾਂਦਾ ਹੈ ਜਿਸ ਦੌਰਾਨ ਮੱਚੀ ਭਗਦੜ 'ਚ ਉਹ ਪਤਨੀ ਸਤੀਮਾ ਸਮੇਤ ਮਾਰਿਆ ਜਾਂਦਾ ਹੈ। ਫਿਲਮ ਦਿਖਾਉਂਦੀ ਹੈ ਕਿ ਕਿਵੇਂ ਆਮ ਹਾਲਾਤਾਂ 'ਚ ਆਪੇ ਸੁਲਝ ਜਾਣ ਵਾਲੇ ਆਮ ਝਗੜੇ ਅਣਮਨੁੱਖੀ ਨਿਜ਼ਾਮ ਅਧੀਨ ਵੱਡੀਆਂ ਤ੍ਰਾਸਦੀਆਂ 'ਚ ਬਦਲ ਜਾਂਦੇ ਹਨ। ਅਨਾਥ ਹੋਈ ਧੀ ਤੋਇਆ ਟਿੰਬਕਟੂ ਦੇ ਭਵਿੱਖ ਦਾ ਪ੍ਰਤੀਕ ਹੈ ਜੋ ਹੁਣ ਜੱਹਾਦੀਆਂ ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਗਿਆ ਹੈ। ਫਿਲਮ ਦੇ ਅੰਤ 'ਚ ਤੋਇਆ ਦੇ ਬਦਹਵਾਸ ਹੋ ਕੇ ਭੱਜਣ ਨੂੰ ਸ਼ੁਰੂ 'ਚ ਮਾਸੂਮ ਹਿਰਨ ਦੀ ਜਾਨ ਬਚਾਉਣ ਲਈ ਲਾਈ ਦੌੜ ਨਾਲ ਮੇਲ ਕੇ ਵੇਖਿਆ ਜਾ ਸਕਦਾ ਹੈ।

ਮਾਲੀ 'ਚ ਜਨਮੇ ਪਰ ਹੁਣ ਫਰਾਂਸ 'ਚ ਰਹਿ ਰਹੇ ਸਿਸਾਕੋ ਦੀ ਫਿਲਮ ਧਰਮ ਨੂੰ ਗਲਤ ਰੰਗਤ ਨਹੀਂ ਦਿੰਦੀ ਸਗੋਂ ਧਰਮ ਦੇ ਨਾਂ ਹੇਠ ਘਿਣਾਉਣੇ ਕਾਰੇ ਕਰਨ ਵਾਲਿਆਂ ਦੇ ਕਾਲੇ ਚਿੱਠਿਆਂ ਦਾ ਰਾਜ਼ ਖੋਲ੍ਹਦੀ ਹੈ। ਸ਼ਹਿਰ ਦੀ ਮਸਜਿਦ ਦਾ ਇਮਾਮ ਰੱਬ ਦੀ ਰਜ਼ਾ 'ਚ ਰਹਿਣ ਵਾਲਾ ਦਿਆਲੂ ਆਦਮੀ ਹੈ। ਉਹ ਜੱਹਾਦੀਆ ਵਲੋਂ ਮਸਜਿਦ 'ਚ ਹਥਿਆਰ ਅਤੇ ਜੁੱਤੀਆਂ ਸਮੇਤ ਆਉਣ 'ਤੇ ਉਹਨਾਂ ਦੀ ਲਾਹ-ਪਾਹ ਵੀ ਕਰਦਾ ਹੈ ਅਤੇ ਧਰਮ ਦੀਆਂ ਚੰਗੀਆਂ ਗੱਲਾਂ ਦਾ ਪਾਠ ਪੜ੍ਹਾ ਕੇ ਸ਼ਰਮਸਾਰ ਵੀ ਕਰਦਾ ਹੈ। ਫਿਲਮ ਦੇ ਇਕ ਸੰਵਾਦ 'ਚ ਵੀ ਕਿਹਾ ਗਿਆ ਹੈ ਕਿ ਧਰਮ ਮੰਨਣ ਵਾਲੇ ਇੱਕੋ ਸਰੀਰ ਦੇ ਦੋ ਹਿੱਸੇ ਹਨ ਇਕ ਨੂੰ ਸੱਟ ਮਾਰੋਗੇ ਤਾਂ ਦਰਦ ਦੂਜੇ ਨੂੰ ਵੀ ਹੋਵੇਗਾ। ਜਿਵੇਂ ਕਿ ਫਿਲਮ 'ਚ ਵਿਖਾਇਆ ਗਿਆ ਹੈ ਕਿ ਹਿੰਸਾ ਕਰਨ ਵਾਲੇ ਅਤੇ ਸਹਿਣ ਵਾਲੇ ਇੱਕੋ ਧਰਮ ਦੇ ਬੰਦੇ ਹਨ।

ਭਾਵੇਂ ਇਹ ਘਟਨਾਕ੍ਰਮ ਮਾਲੀ 'ਚ ਵਾਪਰਦਾ ਹੈ ਪਰ ਅਜੋਕੇ ਹਾਲਾਤ 'ਚ ਇਹ ਥਾਂ, ਇਰਾਕ, ਸੀਰੀਆ, ਮੱਧ-ਏਸ਼ੀਆ ਜਾਂ ਦੱਖਣੀ -ਏਸ਼ੀਆ ਕੋਈ ਵੀ ਹੋ ਸਕਦੀ ਹੈ, ਇਥੋਂ ਤੱਕ ਕਿ 1980-90ਵਿਆਂ ਦਾ ਪੰਜਾਬ ਵੀ। ਫਿਲਮ ਦੇ ਜੱਹਾਦੀ ਅਲ-ਕਾਇਦਾ, ਆਈ. ਐਸ., ਤਾਲਿਬਾਨ, ਲਸ਼ਕਰ-ਏ-ਤੋਇਬਾ ਜਾਂ ਹਮਸ ਵਰਗੀ ਕਿਸੇ ਵੀ ਜੱਥੇਬੰਦੀ ਨਾਲ ਸਬੰਧਤ ਹੋ ਸਕਦੇ ਹਨ। ਫਿਲਮ ਅਜੋਕੇ ਧਾਰਮਕ ਜੱਹਾਦਾਂ ਦੀਆਂ ਅੰਦਰੂਨੀ ਪਰਤਾਂ ਖੋਲ੍ਹਦੀ ਹੈ। ਮਾਲੀ ਇਕ ਸ਼ਾਂਤੀ ਪਸੰਦ ਦੇਸ਼ ਹੈ ਜਿੱਥੇ ਪੁਰਾਣੇ ਸਮਿਆਂ ਤੋਂ ਹੀ ਧਾਰਮਕ ਸਹਿਣਸ਼ੀਲਤਾ ਅਤੇ ਧਰਮ-ਨਿਰੱਪਖ ਜਮਹੂਰੀਅਤ ਦਾ ਬੋਲ-ਬਾਲਾ ਰਿਹਾ ਹੈ। ਇਥੇ ਆਏ ਜੱਹਾਦੀ ਦੂਜੇ ਮੁਲਕਾਂ ਤੋਂ ਆਏ ਹਨ ਜਿਹੜੇ ਮੁਕਾਮੀ ਭਾਸ਼ਾ ਨਾ ਬੋਲਕੇ ਅਰਬੀ, ਫਰਾਂਸਿਸੀ ਅਤੇ ਅੰਗਰੇਜ਼ੀ ਬੋਲਦੇ ਹਨ। ਸਿਸਾਕੋ ਨੂੰ ਫਿਲਮ ਬਣਾਉਣ ਦੀ ਪ੍ਰੇਰਨਾ 2012 'ਚ ਅਕੀਲਹੱਕ ਨਾਮੀ ਸ਼ਹਿਰ 'ਚ ਵਾਪਰੀ ਇਕ ਸੱਚੀ ਘਟਨਾ ਤੋਂ ਮਿਲੀ ਸੀ ਜਿਸ ਵਿਚ ਵਿਆਹ-ਬਾਹਰੇ ਸਬੰਧਾਂ ਕਾਰਨ ਇਕ ਨੌਜਵਾਨ ਜੋੜੇ ਨੂੰ ਜਨਤਕ ਤੌਰ 'ਤੇ ਪੱਥਰ ਮਾਰ ਕੇ ਮਾਰ ਦਿੱਤਾ ਗਿਆ ਸੀ।

ਫਿਲਮ ਦੇ ਸਿਨਮੈਟੋਗ੍ਰਾਫਰ ਸਫੀਅਨ-ਅਲ-ਫਾਨੀ ਨੇ ਰੇਤ ਦੇ ਟਿੱਬਿਆਂ ਅਤੇ ਸ਼ਹਿਰ ਦੀਆ ਭੀੜੀਆਂ ਗਲੀਆਂ ਨੂੰ ਬੜੀ ਖ਼ੂਬਸੂਰਤੀ ਨਾਲ ਫਿਲਮਾਇਆ ਹੈ। ਇਕ 'ਲਾਂਗ ਸ਼ਾਟ' 'ਚ ਟਿੱਬਿਆਂ ਦਰਮਿਆਨ ਬਣੀ ਝੀਲ ਨੂੰ ਹੱਦ ਦਰਜੇ ਦੀ ਖ਼ੂਬਸੂਰਤੀ ਨਾਲ ਵਿਖਾ ਕੇ ਡੇਵਿਡ ਲੀਨ ਦੀਆਂ ਫਿਲਮਾਂ ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਰੇਤ ਅਤੇ ਭੀੜੀਆਂ ਗਲੀਆਂ ਬਿੰਬਾਂ ਵਜੋਂ ਪੇਸ਼ ਹੋਈਆਂ ਹਨ। ਰੇਤ 'ਚ ਤੁਰਦਿਆਂ ਆਪਣਾ ਸੰਤੁਲਨ ਬਣਾਈ ਰੱਖਣਾ ਬਹੁਤ ਔਖਾ ਹੋ ਜਾਂਦਾ ਹੈ – ਲੋਕਾਂ ਲਈ ਵੀ, ਜਾਨਵਰਾਂ ਲਈ ਵੀ ਅਤੇ ਜੱਹਾਦੀਆਂ ਲਈ ਵੀ। ਭੀੜੀਆਂ ਗਲੀਆਂ ਸਰੀਰਿਕ ਅਤੇ ਸਿਆਸੀ ਭੁੱਲ-ਭੁਲਈਆ ਹਨ ਜਿਨ੍ਹਾਂ 'ਚ ਆਮ ਲੋਕ ਬੁਰੀ ਤਰ੍ਹਾਂ ਫਸੇ ਜਾਪਦੇ ਹਨ। ਇਹ ਫਿਲਮ ਪਿਛਲੇ ਆਸਕਰ ਐਵਾਰਡਾਂ ਦੀ ਵਿਦੇਸ਼ੀ ਭਾਸ਼ਾਵਾਂ ਦੀਆ ਫਿਲਮਾਂ ਦੀ ਸ਼੍ਰੇਣੀ ਦੇ ਆਖਿਰੀ ਗੇੜ ਤੱਕ ਪਹੁੰਚ ਚੁੱਕੀ ਹੈ ਅਤੇ ਸੱਤ ਸੀਜ਼ਰ ਐਵਾਰਡ ਜਿੱਤ ਚੁੱਕੀ ਹੈ। ਇਹ ਜ਼ਿੰਦਗੀ, ਕਵਿਤਾ ਤੇ ਕਲਾ ਦੀ ਬਾਤ ਪਾਉਂਦੀ ਹੈ ਅਤੇ ਅਬਦਰ-ਰਹਿਮਾਨੇ ਸਿਸਾਕੋ ਦੇ ਦਿਲ 'ਚੋਂ ਉੱਠੀ ਹੂਕ ਹੈ।

Royal
Royal
Executive Homes
Executive Homes

## New Project by Royal Executive Homes in Beaumont

## Walkout Lots for Sale




**4501 50 AVE BEAUMONT**

- Excellent Location
- Close To all Amenities
- Transit Access
- Close to 50th Street
- Affordable Prices

**SALES CONTACT :**

# 780-965-7390

# ਮੌਰਗੇਜ ਦੇ ਵਧੀਆ ਰੇਟ ਅਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ



**Amar Vig**
780-466-1985
Mortgage Specialist



**Jody Vig**
780-485-8700
Manager

## BEST MORTGAGE RATES
## BEST SERVICE

2014 PROFIT 500 CANADA'S FASTEST-GROWING COMPANIES



Dominion Lending Centres, they're a beauty!

They'll get the banks competing for your mortgage business.

CMP CANADIAN MORTGAGE AWARDS WINNER 2014

- PURCHASE • REFINANCE • PRE-APPROVAL
- FIRST TIME HOME BUYERS • NEW TO CANADA
- SELF EMPLOYED • INVESTMENT PROPERTY
- COMMERCIAL FINANCING • EQUIPMENT LEASING

**100% FINANCING AVAILABLE***

DOMINION LENDING CENTRES
Mortgage Force

Independently Owned and Operated

**780-466-9898**
Unit 12, 3908-97 Street Edmonton T6E 6N2

* Some Conditions Apply

# JAY'S TRAVEL LTD.

FOR ALL YOUR WORLDWIDE TRAVEL NEEDS
BEST SERVICE WITH DISCOUNTED PRICES

- VACATION PACKAGE • AIR TICKETS • TOUR
- HOTEL • CAR • CRUISE

**Authorised Agent For :-**
Lufthansa, Qatar, Emirates, Gulf Airways, Jet Airways, Kuwait, Emirates
Air Canada, West Jet, Eva Airways, China Airline, Air China, Singapore Airline

3655-99 STREET EDMONTON ALBERTA, CANADA T6E 6K5
TEL : (780) 461-6666 FAX : (780) 450-8683 Email : anil@incentre.net

# HARPREET GILL
MORTGAGE SPECIALIST

Helping you buy your home is our first priorty
*Professional, trusted, experienced*

ਆਪਣੇ ਨਵੇਂ ਜਾਂ ਪੁਰਾਣੇ ਘਰ 'ਤੇ ਮੌਰਗੇਜ਼, ਲਾਈਨ ਆਫ਼ ਕਰੈਡਿਟ ਜਾਂ ਕੰਨਸਟਰਕਸ਼ਨ ਮੌਰਗੇਜ਼ ਲੈਣ ਵਾਸਤੇ

**HARPREET GILL**

ਪਾਸੋਂ ਆਪਣੀ ਮੌਰਗੇਜ਼ ਪਹਿਲਾਂ ਹੀ ਮਨਜ਼ੂਰ ਕਰਵਾਉ। ਪੁਰਾਣੇ ਘਰਾਂ ਤੇ ਰੀਫ਼ਾਇਨੈਂਸ ਵੀ ਮਿਲ ਸਕਦੀ ਹੈ ਅਤੇ ਘੱਟ ਤੋਂ ਘੱਟ ਰੇਟ 'ਤੇ ਮੌਰਟਗੇਜ਼ ਲੈ ਕੇ ਦਿੰਦੇ ਹਨ।

**MORTGAGE FOR**
- Self Employed
- Construction
- Self Built
- New Immigrants
- Equity Program

RBC Royal Bank



harpreet.k.gilll@rbc.com Cell : (780) 993-3029



Student Discount

Child upto 12 years is
**FREE**
(must be accompanied by a guardian or parent)

# INDO CANADIAN BUS & VAN TRANSPORTATION LTD.

*Daily Service From*
**Edmonton-Calgary-Edmonton**



Seniors Discount

SPECIAL CALGARY TO EDMONTON FARE $50 ONLY

Edmonton : 780-991-4837 | Red Deer (Head Office) : 587-991-2929 | Calgary : 403-968-7950 | OFFICE HOURS FOR BOOKING 7.00 AM - 8.00 PM